

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

Twenty-Fifth Year of Publication

ਨਿਊਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 11; March 16, 2024 20451 N. Plum Grove Rd., Palatine, IL 60074 Ph:847-359-0746, Fax:847-705-9388

# ਸਿਆਸਤ ਬਦਲਣ ਲਈ ਭਾਜਪਾ ਦਾ ਇਕ ਹੋਰ ਕਦਮ

## ਨਾਗਰਿਕਤਾ ਸੋਧ ਐਕਟ ਲਾਗੂ ਕੀਤਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਨਾਗਰਿਕਤਾ ਸੋਧ ਐਕਟ (ਸੀ.ਏ.ਏ.) 2019 ਪੂਰੇ ਦੇਸ਼ ਵਿਚ ਲਾਗੂ ਕਰ ਦਿੱਤਾ ਹੈ। ਵਿਵਾਦਿਤ ਕਾਨੂੰਨ ਹਾਲਾਂਕਿ ਚਾਰ ਸਾਲ ਪਹਿਲਾਂ ਹੀ ਪਾਸ ਹੋ ਗਿਆ ਸੀ ਪਰ ਮੋਦੀ ਸਰਕਾਰ ਨੇ ਐਕਟ ਦੇ ਨੇਮ ਹੁਣ ਨੋਟੀਫਾਈ ਕੀਤੇ ਹਨ। ਇਸ ਕਾਨੂੰਨ ਦੇ ਅਮਲ ਵਿਚ ਆਉਣ ਨਾਲ ਪਾਕਿਸਤਾਨ, ਬੰਗਲਾਦੇਸ਼ ਤੇ ਅਫ਼ਗਾਨਿਸਤਾਨ ਤੋਂ ਆਏ ਗੈਰ-ਮੁਸਲਿਮ ਪਰਵਾਸੀਆਂ- ਹਿੰਦੂਆਂ, ਸਿੱਖਾਂ, ਜੈਨ, ਬੋਧੀ, ਪਾਰਸੀ ਤੇ ਇਸਾਈਆਂ- ਲਈ ਭਾਰਤੀ ਨਾਗਰਿਕਤਾ ਹਾਸਲ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਇਹ ਐਕਟ ਲਾਗੂ ਕਰ ਕੇ ਮੋਦੀ ਸਰਕਾਰ ਨੇ ਹਿੰਦੂ ਰਾਸ਼ਟਰ ਵੱਲ ਇਕ ਕਦਮ ਹੋਰ ਵਧਾ ਲਿਆ ਹੈ।




ਚੇਤੇ ਰਹੇ ਕਿ ਦੇਸ਼ ਦੀ ਸੰਸਦ ਵਿਚ ਸੀ.ਏ.ਏ. ਦਸੰਬਰ 2019 ਵਿਚ ਪਾਸ ਹੋ ਗਿਆ ਸੀ ਤੇ ਰਾਸ਼ਟਰਪਤੀ ਨੇ ਇਸ ਨੂੰ ਰਸਮੀ ਮਨਜ਼ੂਰੀ ਵੀ ਦੇ ਦਿੱਤੀ ਪਰ ਦੇਸ਼ ਦੇ ਕਈ ਹਿੱਸਿਆਂ ਵਿਚ ਐਕਟ ਖਿਲਾਫ਼ ਹੋਏ ਰੋਸ ਪ੍ਰਦਰਸ਼ਨਾਂ ਤੇ ਕਈ ਵਿਰੋਧੀ ਪਾਰਟੀਆਂ ਵੱਲੋਂ ਕਾਨੂੰਨ ਨੂੰ 'ਪੱਖਪਾਤੀ' ਦੱਸਣ ਮਗਰੋਂ ਸਰਕਾਰ ਨੇ ਨੇਮ ਨੋਟੀਫਾਈ ਕਰਨ ਤੋਂ ਹੱਥ ਪਿਛਾਂਹ ਖਿਚ ਲਏ। ਨੇਮਾਂ ਦੀ ਅਣਹੋਂਦ ਵਿਚ ਨਾਗਰਿਕਤਾ ਸੋਧ ਐਕਟ ਹੁਣ ਤੱਕ ਅਮਲ ਵਿਚ ਨਹੀਂ ਆਇਆ।


ਉਧਰ, ਕਾਂਗਰਸ ਨੇ ਦਾਅਵਾ ਕੀਤਾ ਕਿ ਨਾਗਰਿਕਤਾ ਸੋਧ ਐਕਟ ਦੇ ਨੇਮ ਨੋਟੀਫਾਈ ਕਰਨ ਦੀ ਟਾਈਮਿੰਗ ਸਪਸ਼ਟ ਰੂਪ ਵਿਚ ਖਾਸ ਕਰ ਕੇ ਪੱਛਮੀ ਬੰਗਾਲ ਤੇ ਅਸਾਮ ਵਿਚ ਅਗਾਮੀ ਲੋਕ ਸਭਾ ਚੋਣਾਂ ਦੇ ਧਰੁਵੀਕਰਨ ਦੀ ਕੋਸ਼ਿਸ਼ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਚੋਣ ਬਾਂਡ ਦੇ ਮਸਲੇ 'ਤੇ ਦਿਖਾਈ ਸਖ਼ਤੀ ਮਗਰੋਂ ਮੋਦੀ ਸਰਕਾਰ ਦਾ ਇਹ ਐਲਾਨ 'ਸੁਰਖੀਆਂ ਦੇ ਪ੍ਰਬੰਧਨ' ਦੀ ਇਕ ਹੋਰ ਕੋਸ਼ਿਸ਼ ਹੈ। ਨੇਮ ਨੋਟੀਫਾਈ ਕਰਨ ਦੇ ਅਮਲ ਨੂੰ ਨੌਂ ਵਾਰ ਅੱਗੇ ਪਾਇਆ ਗਿਆ, ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਦੀ ਟਾਈਮਿੰਗ ਤੋਂ ਸਪਸ਼ਟ ਹੈ ਕਿ ਇਹ ਸਭ ਕੁਝ ਖਾਸ ਕਰ ਕੇ ਪੱਛਮੀ ਬੰਗਾਲ ਤੇ ਅਸਾਮ ਵਿਚ ਚੋਣਾਂ ਦੇ ਧਰੁਵੀਕਰਨ ਦੀ ਕੋਸ਼ਿਸ਼ ਹੈ।

ਸੰਸਦੀ ਕੰਮ ਬਾਰੇ ਕਿਤਾਬਚੇ ਮੁਤਾਬਕ ਕਿਸੇ ਵੀ ਕਾਨੂੰਨ ਬਾਰੇ ਨੇਮ ਰਾਸ਼ਟਰਪਤੀ ਦੀ ਮਨਜ਼ੂਰੀ ਦੇ ਛੇ ਮਹੀਨਿਆਂ ਅੰਦਰ ਘੜਨੇ ਹੁੰਦੇ ਹਨ ਜਾਂ ਫਿਰ ਸਰਕਾਰ ਨੂੰ ਲੋਕ ਸਭਾ ਤੇ ਰਾਜ ਸਭਾ ਵਿਚ ਮਤਹਿਤ ਕਾਨੂੰਨ ਬਾਰੇ ਕਮੇਟੀਆਂ ਤੋਂ ਮਿਆਦ ਵਿਚ ਵਾਧੇ ਦੀ ਮੰਗ ਕਰਨੀ ਹੁੰਦੀ ਹੈ। ਸਾਲ 2020 ਤੋਂ ਗ੍ਰਹਿ ਮੰਤਰਾਲੇ ਵੱਲੋਂ ਨੇਮ ਘੜਨ ਲਈ ਸੰਸਦੀ ਕਮੇਟੀ ਤੋਂ ਨਿਯਮਤ ਵਕਫ਼ੇ 'ਤੇ ਮਿਆਦ ਵਿਚ ਵਾਧੇ ਦੀ ਪ੍ਰਵਾਨਗੀ ਲਈ ਜਾ ਰਹੀ ਹੈ। ਨਾਗਰਿਕਤਾ ਸੋਧ ਐਕਟ ਵਿਰੋਧੀ ਪ੍ਰਦਰਸ਼ਨਾਂ ਜਾਂ ਪੁਲਿਸ ਕਾਰਵਾਈ ਵਿਚ ਹੁਣ ਤੱਕ 100 ਤੋਂ ਵੱਧ ਵਿਅਕਤੀ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਿਛਲੇ ਸਾਲ 27 ਦਸੰਬਰ 2023 ਨੂੰ ਕਿਹਾ ਸੀ ਕਿ ਕੋਈ ਵੀ ਸੀ.ਏ.ਏ. ਨੂੰ ਲਾਗੂ ਕਰਨ ਤੋਂ ਨਹੀਂ ਰੋਕ ਸਕਦਾ ਕਿਉਂਕਿ ਇਹ ਦੇਸ਼ ਦਾ ਕਾਨੂੰਨ ਹੈ। ਮਮਤਾ ਬੈਨਰਜੀ ਦੀ ਅਗਵਾਈ ਵਾਲੀ ਟੀ.ਐਮ.ਸੀ. ਵੱਲੋਂ ਸ਼ੁਰੂਆਤ ਤੋਂ ਹੀ ਸੀ.ਏ.ਏ.

*(ਬਾਕੀ ਸਫਾ 6 'ਤੇ)*

# ਹਰਿਆਣਾ ਵਿਚ ਭਾਜਪਾ ਦਾ ਨਵਾਂ ਦਾਅ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੇ ਹਰਿਆਣਾ ਵਿਚ ਵੱਡਾ ਦਾਅ ਖੇਡਿਆ ਹੈ। ਭਾਜਪਾ ਨੇ ਮਨੋਹਰ ਲਾਲ ਖੱਟਰ ਨੂੰ ਕੁਰਸੀ ਤੋਂ ਲਾਹ ਕੇ ਨਾਇਬ ਸਿੰਘ ਸੈਣੀ ਨੂੰ ਹਰਿਆਣਾ ਦਾ ਨਵਾਂ ਮੁੱਖ ਮੰਤਰੀ ਬਣਾ ਦਿੱਤਾ ਹੈ।




ਖੱਟਰ ਨੇ ਸੂਬੇ ਵਿਚ ਭਾਜਪਾ ਦੀ ਭਾਈਵਾਲ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਵਿਚ ਫੁੱਟ ਪੈਣ ਤੋਂ ਕੁਝ ਘੰਟੇ ਪਹਿਲਾਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਦੂਜੇ ਪਾਸੇ ਹਰਿਆਣਾ ਦੇ ਉਪ ਮੁੱਖ ਮੰਤਰੀ ਅਤੇ ਜੇ.ਜੇ.ਪੀ. ਨੇਤਾ ਦੁਸ਼ਯੰਤ ਚੌਟਾਲਾ ਨੂੰ ਵੱਡਾ ਝਟਕਾ ਲੱਗਾ ਜਿਸ ਦੇ ਪੰਜ ਵਿਧਾਇਕਾਂ ਨੇ ਦਿੱਲੀ ਵਿਚ ਬੁਲਾਈ ਗਈ ਮੀਟਿੰਗ ਵਿਚ ਸ਼ਮੂਲੀਅਤ ਨਹੀਂ ਕੀਤੀ ਅਤੇ ਭਾਜਪਾ ਦੇ ਹੱਕ ਵਿਚ ਖੜ੍ਹ ਗਏ। ਦੱਸਿਆ ਜਾ ਰਿਹਾ ਹੈ ਕਿ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਲਈ ਸੀਟਾਂ ਦੀ ਵੰਡ ਨੂੰ ਲੈ ਕੇ ਮਤਭੇਦਾਂ ਤੋਂ ਬਾਅਦ ਭਾਜਪਾ-ਜੇ.ਜੇ.ਪੀ. ਗਠਜੋੜ ਟੁੱਟਿਆ। ਜੇ.ਜੇ.ਪੀ. ਹਰਿਆਣਾ ਵਿਚ 1-2 ਸੀਟਾਂ ਦੀ ਮੰਗ ਕਰ ਰਹੀ ਸੀ ਜਦਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਤੇ ਸੂਬਾਈ ਸੰਗਠਨ ਸਾਰੀਆਂ 10 ਸੰਸਦੀ ਸੀਟਾਂ 'ਤੇ ਚੋਣ ਲੜਨ ਦੇ ਹੱਕ ਵਿਚ ਹਨ। ਦੁਸ਼ਯੰਤ ਚੌਟਾਲਾ ਨੇ ਦਿੱਲੀ ਵਿਚ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਡਾ ਨਾਲ ਮੁਲਾਕਾਤ ਕੀਤੀ ਅਤੇ ਅਗਲੇ ਹੀ ਦਿਨ ਜੇ.ਜੇ.ਪੀ. ਨੇ ਗੱਠਜੋੜ ਤੋਂ ਵੱਖ ਹੋਣ ਦਾ ਫੈਸਲਾ ਕਰ ਲਿਆ।

ਉਧਰ, ਵਿਰੋਧੀ ਧਿਰਾਂ ਦਾਅਵਾ ਕਰ ਰਹੀਆਂ ਹਨ ਕਿ ਭਾਜਪਾ ਅਤੇ ਜੇ.ਜੇ.ਪੀ. ਨੇ ਰਣਨੀਤੀ ਤਹਿਤ ਗੱਠਜੋੜ ਤੋੜਨ ਦਾ ਡਰਾਮਾ ਕੀਤਾ ਹੈ ਕਿਉਂਕਿ ਭਗਵਾ ਧਿਰ ਦੀ ਟੇਕ ਓ.ਬੀ.ਸੀ. ਵੋਟ ਬੈਂਕ ਉਤੇ ਰਹੀ ਹੈ, ਜਦ ਕਿ ਜੇ.ਜੇ.ਪੀ. ਜਾਟ ਵੋਟ ਆਸਰੇ ਖੜ੍ਹੀ ਹੋਈ ਹੈ। ਸੈਣੀ ਨੂੰ ਮੁੱਖ ਮੰਤਰੀ ਬਣਾ ਕੇ ਭਾਜਪਾ ਜਿਥੇ ਲੋਕ ਸਭਾ ਚੋਣਾਂ ਵਿਚ ਓ.ਬੀ.ਸੀ. ਵੋਟ ਬੈਂਕ ਮਜ਼ਬੂਤ ਕਰੇਗੀ, ਉਥੇ ਜੇ.ਜੇ.ਪੀ. ਕਾਂਗਰਸ ਅਤੇ ਆਮ ਆਦਮੀ ਪਾਰਟੀ ਗੱਠਜੋੜ ਦੇ ਜਾਟ ਵੋਟ ਬੈਂਕ ਨੂੰ ਖੋਰਾ ਲਾਉਣ ਦਾ ਕੰਮ ਕਰੇਗੀ।

ਹਰਿਆਣਾ ਵਿਚ ਓ.ਬੀ.ਸੀ. ਵੋਟ ਬੈਂਕ 22.2 ਫੀਸਦੀ ਜਾਟ ਵੋਟਰਾਂ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਓ.ਬੀ.ਸੀ. ਵੋਟਰ ਕੁੱਲ ਆਬਾਦੀ ਦਾ 21 ਫੀਸਦੀ ਹਨ। ਭਾਜਪਾ ਹਰਿਆਣਾ ਵਿਚ ਹਮੇਸ਼ਾ ਗੈਰ-ਜਾਟ ਰਾਜਨੀਤੀ ਕਰਦੀ ਰਹੀ ਹੈ ਅਤੇ ਸੈਣੀ ਨੂੰ ਮੁੱਖ ਮੰਤਰੀ ਚੁਣ ਕੇ ਪਾਰਟੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਭਵਿੱਖ ਵਿਚ ਵੀ ਇਸੇ ਰਸਤੇ 'ਤੇ ਚੱਲੇਗੀ। ਨਾਇਬ ਸਿੰਘ ਸੈਣੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਨਾਲ ਜੁੜੇ ਹਨ। ਉਹ 6 ਮਹੀਨੇ ਤੱਕ ਮੁੱਖ ਮੰਤਰੀ ਬਣੇ ਰਹਿਣਗੇ ਅਤੇ ਇਸ ਦੌਰਾਨ ਮੌਜੂਦਾ ਵਿਧਾਨ ਸਭਾ ਦਾ ਕਾਰਜਕਾਲ ਪੂਰਾ ਹੋ ਜਾਵੇਗਾ; ਭਾਵ ਨਾਇਬ ਸੈਣੀ ਬਿਨਾਂ ਵਿਧਾਇਕ ਬਣੇ ਆਪਣੀ ਸਰਕਾਰ ਦਾ ਕਾਰਜਕਾਲ ਪੂਰਾ ਕਰਨਗੇ। ਪਾਰਟੀ ਨੇ 27 ਅਕਤੂਬਰ 2023 ਨੂੰ ਜਾਟ ਭਾਈਚਾਰੇ ਤੋਂ ਆਉਣ ਵਾਲੇ ਓਮਪ੍ਰਕਾਸ਼ ਧਨਖੜ ਨੂੰ ਹਟਾ ਕੇ ਨਾਇਬ ਸੈਣੀ ਨੂੰ ਹਰਿਆਣਾ ਭਾਜਪਾ ਦਾ

*(ਬਾਕੀ ਸਫਾ 6 'ਤੇ)*



Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

Advertisement
Space is available
Contact: 847-359-0746

ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਯਾਦਗਾਰੀ ਹੋ ਨਿੱਬੜਿਆ ਫਰਿਜ਼ਨੋ ਵਿਖੇ ਕਰਵਾਇਆ 'ਮਾਸਟਰ ਜੀ' ਸ਼ੋਅ

**ਫਰਿਜ਼ਨੋ:** ਰਾਬਤਾ ਪ੍ਰੋਡਕਸ਼ਨ ਵੱਲੋਂ ਰਾਣਾ ਰਣਬੀਰ ਅਤੇ ਰਾਜਵੀਰ ਬੋਪਾਰਾਏ ਦਾ ਮਸ਼ਹੂਰ ਸ਼ੋਅ "ਮਾਸਟਰ ਜੀ" ਫਰਿਜ਼ਨੋ ਦੇ ਵੈਟਰਨ ਆਡੀਟੋਰੀਅਮ ਵਿਖੇ ਕਰਵਾਇਆ ਗਿਆ। ਦਰਸ਼ਕਾਂ ਦੀ ਭਰਵੀਂ ਹਾਜ਼ਰੀ, ਪਿੰਨ ਪੁਆਇੰਟ ਸਾਈਲੈਂਸ, ਹਰੇਕ ਸੀਨ 'ਤੇ ਵੱਜਦੀਆਂ ਤਾੜੀਆਂ, ਸ਼ੋਅ ਦੀ ਸਫਲਤਾ ਦਰਸਾ ਰਹੀਆਂ ਸਨ।

ਇਸ ਸ਼ੋਅ ਨੂੰ ਅਮਰੀਕਾ ਵਿਚ ਲਿਆਉਣ ਦਾ ਸਿਹਰਾ ਹਾਈਪ ਐਂਟਰਟੇਨਮੈਂਟ ਵਾਲੇ ਲੱਖੀ ਗਿੱਲ ਨਿਊਯਾਰਕ ਵਾਲਿਆ ਸਿਰ ਜਾਂਦਾ ਹੈ। ਸ਼ੋਅ ਦੌਰਾਨ ਅਦਾਕਾਰਾ ਕਿੰਮੀ ਵਰਮਾ ਨੇ ਖਾਸ ਤੌਰ 'ਤੇ ਹਾਜ਼ਰੀ ਲਵਾਈ। ਕਾਂਗਰਸ ਲਈ ਚੋਣ ਲੜ ਰਹੇ ਮਾਈਕਲ ਮਹਾਰ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ। ਬਿਕਰਮ ਦੀ ਭੰਗੜੇ ਦੀ ਟੀਮ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਸਟੇਜ ਸੰਚਾਲਨ ਜੋਤ ਰਣਜੀਤ ਕੌਰ ਨੇ ਕੀਤਾ। ਸਤੀਸ਼ ਗੁਲਾਟੀ ਵਲੋਂ ਲਾਈ ਰਾਣਾ ਰਣਬੀਰ ਦੀਆਂ ਕਿਤਾਬਾਂ ਦੀ ਪ੍ਰਦਰਸ਼ਨੀ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਰਹੀ। ਸ਼ੋਅ ਦੌਰਾਨ ਗੁਰਬਖਸ਼ ਸਿੰਘ ਸਿੱਧੂ, ਕਮਲਜੀਤ ਬੈਨੀਪਾਲ, ਜੋਤ ਰਣਜੋਤ ਕੌਰ ਦੀਆਂ ਸਾਥਣਾਂ ਨੇ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਈ।



ਪੀਸੀਏ ਅਤੇ ਆਈ ਕੇ ਪੀ (ਇੰਡੀਆ ਕਬਾਬ ਪਲੇਸ) ਵਾਲਿਆਂ ਨੇ ਸ਼ੋਅ ਨੂੰ ਕਾਮਯਾਬ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ। ਗੀਤਕਾਰ ਤੇ ਗਾਇਕ ਹੈਪੀ ਰਾਏਕੋਟੀ ਨੇ ਸ਼ੋਅ ਵਿਚ ਉਚੇਚੇ ਤੌਰ 'ਤੇ ਹਾਜ਼ਰੀ ਭਰੀ। ਇਸ ਸ਼ੋਅ ਦੌਰਾਨ ਦਰਸ਼ਕ ਇਹ ਮਹਿਸੂਸ ਕਰ ਰਹੇ ਸਨ ਕਿ ਹਰ ਸੀਨ ਵਿਚ ਉਨ੍ਹਾਂ ਦੀ ਗੱਲ ਹੀ ਹੋ ਰਹੀ ਹੈ। ਰੋਜ਼ਮਰਾ ਦੀਆਂ ਮੁਸ਼ਕਲਾਂ ਵਿਚ ਘਿਰਿਆ ਹਰ ਮਨੁੱਖ ਇਹ ਸ਼ੋਅ ਵੇਖ ਕੇ ਸੰਤੁਸ਼ਟ ਮਹਿਸੂਸ ਕਰ ਰਿਹਾ ਸੀ। ਸੱਠ ਸਾਲ ਦਾ ਬਜ਼ੁਰਗ ਵੀ ਕਹਿ ਰਿਹਾ ਸੀ ਕਿ ਉਹ ਇਸ ਸ਼ੋਅ ਵਿਚੋਂ ਕੁਝ ਸਿੱਖ ਕੇ ਜਾ ਰਿਹਾ ਹੈ। ਡਿਪਰੈਸ਼ਨ ਦੇ ਦੌਰ ਵਿਚ ਇਹ ਸ਼ੋਅ ਦਰਸ਼ਕਾਂ ਲਈ ਇੱਕ ਟੌਨਿਕ ਮਹਿਸੂਸ ਹੋ ਰਿਹਾ ਸੀ।

ਇਹ ਸ਼ੋਅ ਉਦਾਸ ਚਿਹਰਿਆਂ 'ਤੇ ਰੌਣਕ ਪਰਤਾਉਂਦਾ ਮਹਿਸੂਸ ਹੋਇਆ ਤੇ ਦਰਸ਼ਕ ਇਸ ਸ਼ੋਅ ਤੋਂ ਸੰਤੁਸ਼ਟ ਨਜ਼ਰ ਆਏ। ਅਖੀਰ ਅਮਿੱਟ ਪੈੜਾਂ ਛੱਡਦਾ, ਹਰੇਕ ਦੀਆਂ ਆਸਾਂ 'ਤੇ ਖਰਾ ਉਤਰਦਾ ਇਹ ਸ਼ੋਅ ਯਾਦਗਾਰੀ ਹੋ ਨਿੱਬੜਿਆ।

*-ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ*



# ਨਿਊ ਮੈਕਸੀਕੋ 'ਚ ਵਾਪਰੇ ਟਰੱਕ ਹਾਦਸੇ ਦੌਰਾਨ ਦੋ ਪੰਜਾਬੀ ਨੌਜਵਾਨਾਂ ਦੀ ਮੌਤ

**ਕੈਲੀਫੋਰਨੀਆ:** ਨਿਊ ਮੈਕਸੀਕੋ 'ਚ ਵਾਪਰੇ ਟਰੱਕ ਹਾਦਸੇ ਵਿੱਚ ਦੋ ਪੰਜਾਬੀ ਟਰੱਕ ਡਰਾਈਵਰਾ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਦੀ ਪਛਾਣ ਸੁਖਜਿੰਦਰ ਸਿੰਘ (25) ਪੁੱਤਰ ਸਰੂਪ ਸਿੰਘ ਅਤੇ ਸਿਮਰਨਜੀਤ ਸਿੰਘ (23) ਪੁੱਤਰ ਰਵਿੰਦਰ ਸਿੰਘ ਵਜੋਂ ਹੋਈ ਹੈ,ਇਹ ਦੋਵੇਂ ਨੌਜਵਾਨ ਦਸੂਹਾ ਦੇ ਪਿੰਡ ਟੇਰਕਿਆਣਾ ਦੇ ਰਹਿਣ ਵਾਲੇ ਸਨ ਅਤੇ ਰੋਜ਼ੀ-ਰੋਟੀ ਕਮਾਉਣ ਲਈ ਦੋ ਸਾਲ ਪਹਿਲਾਂ ਅਮਰੀਕਾ ਗਏ ਸਨ, ਦੋਵੇਂ ਨੌਜਵਾਨ ਇਕੱਠੇ ਟੀਮ ਵਿੱਚ ਅਮਰੀਕਾ 'ਚ ਟਰੱਕ ਚਲਾਉਣ ਦਾ ਕੰਮ ਕਰਦੇ ਸਨ ਅਤੇ ਕੈਲੀਫੋਰਨੀਆ ਤੋਂ ਨਿਊ ਮੈਕਸੀਕੋ ਵੱਲ ਨੂੰ ਜਾ ਰਹੇ ਸਨ। ਇਸ ਦੌਰਾਨ ਜਦੋਂ ਇਹ ਦੋਵੇਂ ਨੌਜਵਾਨ ਹਾਈਵੇਅ ਨੰਬਰ 144 'ਤੇ ਪਹੁੰਚੇ ਤਾਂ ਗਲਤ ਸਾਈਡ ਤੋਂ ਆ ਰਹੇ ਇਕ ਟਰੱਕ ਨਾਲ ਉਨ੍ਹਾਂ ਦਾ ਐਕਸੀਡੈਂਟ ਹੋ ਗਿਆ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਤਕਰੀਬਨ ਛੇ ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਉਨ੍ਹਾਂ ਨੂੰ ਇਸ ਵਿੱਚੋਂ ਕੱਢਿਆ ਗਿਆ ਅਤੇ ਇਨ੍ਹਾਂ ਦੋਵੇਂ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੁਖਜਿੰਦਰ ਸਿੰਘ ਤਿੰਨ ਭੈਣਾਂ



ਦਾ ਇਕਲੌਤਾ ਭਰਾ ਸੀ ਅਤੇ ਸੁਖਜਿੰਦਰ ਸਿੰਘ ਦੇ ਪਿਤਾ ਵੀ ਖੇਤੀਬਾੜੀ ਕਰਦੇ ਹਨ। ਸਿਮਰਨਜੀਤ ਸਿੰਘ ਵੀ ਪਰਿਵਾਰ ਦਾ ਇਕਲੌਤਾ ਪੁੱਤਰ ਸੀ,ਸਿਮਰਨਜੀਤ ਸਿੰਘ ਦੇ ਪਿਤਾ ਵੀ ਖੇਤੀਬਾੜੀ ਕਰਦੇ ਹਨ।

# ਸੈਨ ਹੋਜ਼ੇ ਵਿਚ ਨਾਟਕ 'ਜ਼ਫ਼ਰਨਾਮਾ' ਦਾ ਅਗਲਾ ਸ਼ੋਅ 16 ਮਾਰਚ ਨੂੰ

ਪੰਜਾਬ ਲੋਕ ਰੰਗ ਵੱਲੋਂ ਸੁਰਿੰਦਰ ਸਿੰਘ ਧਨੋਆ ਦੇ ਨਵੇਂ ਨਾਟਕ "ਜ਼ਫ਼ਰਨਾਮਾ" ਦਾ ਅਗਲਾ ਸ਼ੋਅ ਸੈਨਹੋਜੇ ਸ਼ਹਿਰ ਵਿਚ ਗੁਰਦੁਆਰਾ ਸਾਹਿਬ ਨੂੰ ਜਾਂਦੀ ਸੜਕ ਉੱਪਰ ਸਥਿਤ Mt Pleasant High School ਦੇ ਥੀਏਟਰ ਵਿਚ 16 ਮਾਰਚ ਦੀ ਸ਼ਾਮ ਨੂੰ ਹੋ ਰਿਹਾ ਹੈ। ਸਿੱਖ ਇਤਿਹਾਸ ਨਾਲ ਵਾਬਸਤਾ ਅਹਿਮ ਘਟਨਾਵਾਂ 'ਤੇ ਆਧਾਰਿਤ ਇਹ ਨਾਟਕ ਦੇਖਣੋਂ ਨਾ ਖੁੰਝਣਾਂ। ਤੁਸੀਂ ਇਸ ਨਾਟਕ ਦਾ ਆਨੰਦ ਮਾਣੋਗੇ। ਬਹੁਤ ਸਾਰੀ ਨਵੀਂ ਜਾਣਕਾਰੀ ਮਿਲੇਗੀ ਅਤੇ ਵੱਖਰੇ ਨਜ਼ਰੀਏ ਤੋਂ ਇਤਿਹਾਸ ਨੂੰ ਦੇਖਣ ਦਾ ਮੌਕਾ ਮਿਲੇਗਾ। ਤੁਸੀਂ ਹੇਠਲੇ ਇਸ਼ਤਿਹਾਰ ਉੱਪਰ ਲਿਖੇ ਫੋਨ ਨੰਬਰ 'ਤੇ ਆਪਣੀ ਟਿਕਟ ਬੁੱਕ ਕਰਵਾ ਸਕਦੇ ਹੋ। ਜੇ ਕੋਈ ਦਿੱਕਤ ਆਏ ਤਾਂ ਸੁਰਿੰਦਰ ਧਨੋਆ ਜੀ ਨਾਲ ਜਾਂ ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨਾਲ ਸੰਪਰਕ ਕਰ ਸਕਦੇ ਹੋ।




# ਲਾਹੌਰ: ਵਰਲਡ ਪੰਜਾਬੀ ਕਾਨਫ਼ਰੰਸ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸਾਹਿਤਕਾਰਾਂ ਤੇ ਕਾਲਕਾਰਾਂ ਵਲੋਂ ਸ਼ਮੂਲੀਅਤ

**ਲਾਹੌਰ:** ਪੰਜਾਬੀ ਸੱਭਿਆਚਾਰ ਦੀ ਚੜ੍ਹਦੀ ਕਲਾ ਵਾਸਤੇ ਕਾਇਮ ਕੀਤੇ ਗਏ ਪੰਜਾਬ ਇੰਸਟੀਚਿਊਟ ਆਫ਼ ਲੈਂਗੂਏਜ਼ ਆਰਟ ਐਂਡ



ਕਲਚਰ (ਪਿਲਾਕ) ਵਿਚ ਬੀਤੇ ਦਿਨੀਂ ਵਰਲਡ ਪੰਜਾਬੀ ਕਾਨਫ਼ਰੰਸ ਕਰਵਾਈ ਗਈ। ਇਸ ਵਿਚ ਦੁਨੀਆਂ ਦੇ ਵੱਖ-ਵੱਖ ਮੁਲਕਾਂ ਤੋਂ ਸਾਹਿਤਕਾਰਾਂ ਤੇ ਕਲਾਕਾਰਾਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਵਿਚ ਚੜ੍ਹਦੇ ਪੰਜਾਬ (ਭਾਰਤੀ ਪੰਜਾਬ), ਲਹਿੰਦੇ ਪੰਜਾਬ (ਪਾਕਿਸਤਾਨੀ ਪੰਜਾਬ) ਤੇ ਤੀਜੇ ਪੰਜਾਬ (ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਰਹਿਣ ਵਾਲੇ ਪੰਜਾਬੀ) ਤੋਂ ਉਚੇਚੇ ਤੌਰ 'ਤੇ ਪੁੱਜੇ



ਸਾਹਿਤਕਾਰਾਂ ਤੇ ਕਲਾਕਾਰਾਂ ਨੇ ਆਪਣੇ ਵਿਚਾਰ ਰੱਖੇ। ਇਸ ਸਮਾਗਮ ਵਿਚ ਦੁਨੀਆਂ ਭਰ ਵਿਚ ਪੰਜਾਬੀਆਂ ਨੂੰ ਦਰਪੇਸ਼ ਮਸਲਿਆਂ ਅਤੇ ਖ਼ਾਸ ਕਰਕੇ ਪੰਜਾਬੀ ਬੋਲੀ, ਗੁਰਮੁਖੀ, ਸ਼ਾਹਮੁਖੀ ਸਬੰਧੀ ਵਿਚਾਰਾਂ ਕੀਤੀਆਂ। ਕਾਨਫ਼ਰੰਸ ਦੀ ਸਟੇਜ ਦੀ ਸ਼ਾਨ ਵਧਾਉਣ ਵਾਸਤੇ ਡਾ. ਹਰਜਿੰਦਰ ਸਿੰਘ ਦਿਲਗੀਰ ਨਾਰਵੇ, ਤ੍ਰਿਵੇਦੀ ਸਿੰਘ (ਯੂ.ਕੇ.), ਦਲਬੀਰ ਸਿੰਘ ਕਥੂਰੀਆ (ਕੈਨੇਡਾ), ਗੁਰਚਰਨ ਸਿੰਘ ਬਨਵੈਤ (ਕੈਨੇਡਾ), ਕੇਸਰ ਸਿੰਘ ਧਾਲੀਵਾਲ (ਯੂ.ਕੇ.), ਜਰਨੈਲ ਸਿੰਘ (ਕੈਨੇਡਾ) ਆਦਿ ਮੌਜੂਦ ਸਨ। ਕਾਨਫ਼ਰੰਸ ਵਿਚ ਮੀਆਂ ਆਸਿਫ਼, ਮੀਆਂ ਰਸ਼ੀਦ, ਸੁਹੇਲ ਮੁਮੋਕਾ, ਇਰਫ਼ਾਨ ਪੰਜਾਬੀ, ਡਾਕਟਰ ਖ਼ਾਕਾਨ ਹੈਦਰ ਗ਼ਾਜ਼ੀ (ਡਾਇਰੈਕਟਰ ਪਿਲਾਕ), ਪ੍ਰੋ. ਡਾਕਟਰ ਜਮੀਲ ਅਹਿਮਦ ਪਾਲ, ਇਲੀਆਸ ਘੁੰਮਣ, ਪ੍ਰੋ. ਡਾਕਟਰ ਅਕਬਰ ਗ਼ਾਜ਼ੀ, ਕਾਂਜੀ ਰਾਮ (ਚੇਅਰਮੈਨ ਪੰਜਾਬ ਹਿੰਦੂ ਕੌਂਸਲ), ਜ਼ਾਹਿਰ ਭੱਟੀ, ਹੁਸੈਨ ਭੱਟੀ, ਬੀਨਸ਼ ਫ਼ਾਤਿਮਾ (ਡਾਇਰੈਕਟਰ ਜਨਰਲ ਪਿਲਾਕ) ਤੇ ਸ਼ਫ਼ਾਤ ਅਲੀ (ਡਿਪਟੀ ਡਾਇਰੈਕਟਰ ਪਿਲਾਕ) ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਸਮਾਗਮ ਵਿਚ ਸਟੇਜ ਸਕੱਤਰ ਦੀ ਸੇਵਾ ਮੀਆਂ ਆਸਿਫ਼ ਅਤੇ ਯੂਸਫ਼ ਪੰਜਾਬੀ ਨੇ ਬਖ਼ੂਬੀ ਨਿਭਾਈ। ਕਾਨਫ਼ਰੰਸ ਦਾ ਇੰਤਜ਼ਾਮ 'ਪੰਜਾਬੀ ਮੁਹਾਜ਼' ਪਾਕਿਸਤਾਨ ਅਤੇ 'ਵਿਸ਼ਵ ਪੰਜਾਬੀ ਸਭਾ' ਕੈਨੇਡਾ ਵੱਲੋਂ ਕੀਤਾ ਗਿਆ।

**ਚਰਨਜੀਤ ਸਿੰਘ ਗੁਮਟਾਲਾ ਦੀ ਕਿਤਾਬ ਲੋਕ ਅਰਪਣ:** ਸਮਾਗਮ ਦੌਰਾਨ ਚਰਨਜੀਤ ਸਿੰਘ ਗੁਮਟਾਲਾ ਦੀ ਪੁਸਤਕ "ਕਿੱਸਾ ਹੀਰ ਦਮੋਦਰ" ਲੋਕ ਅਰਪਣ ਕੀਤੀ ਗਈ। ਅਮਰੀਕਾ ਨਿਵਾਸੀ ਡਾ. ਅਜੀਤ ਸਿੰਘ ਦੀ ਪੁਸਤਕ 'ਗੁਰਮੁਖਿ ਖੋਜਤ ਭਏ ਉਦਾਸੀ' (ਸਿੱਧ ਗੋਸਟਿ) ਨੂੰ ਵੀ ਲੋਕ ਅਰਪਣ ਕੀਤਾ ਗਿਆ। ਸਮਾਗਮ ਤੋਂ ਮਗਰੋਂ ਅਲਮੀ ਪੰਜਾਬੀ ਮਹਾਜ਼ ਵਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ।


# ਸਕੂਲੀ ਵਿਦਿਆਰਥੀਆਂ ਉਪਰ ਗੋਲੀਬਾਰੀ, 8 ਜ਼ਖਮੀ

**ਫਿਲਾਡੈਲਫੀਆ:** ਉੱਤਰ ਪੂਰਬ ਫਿਲਾਡੈਲਫੀਆ (ਪੈਨਸਿਲਵਾਨੀਆ) ਵਿਚ ਛੁੱਟੀ ਤੋਂ ਬਾਅਦ ਬੱਸ ਦੀ ਉਡੀਕ ਕਰ ਰਹੇ ਸਕੂਲੀ ਵਿਦਿਆਰਥੀਆਂ ਉਪਰ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਬਾਰੀ ਵਿਚ 8 ਵਿਦਿਆਰਥੀ ਜ਼ਖਮੀ ਹੋਏ ਹਨ। ਪੁਲਿਸ ਕਮਿਸ਼ਨਰ ਕੈਵਿਨ ਬੈਥਲ ਨੇ ਕਿਹਾ ਕਿ ਦੁਪਹਿਰ ਬਾਅਦ 3 ਵਜੇ ਦੇ ਕਰੀਬ 15 ਤੋਂ 17 ਸਾਲਾਂ ਦੇ ਵਿਦਿਆਰਥੀ ਬੱਸ ਸਟਾਪ ਉਪਰ ਬੱਸ ਦੀ ਉਡੀਕ ਕਰ ਰਹੇ ਸਨ, ਜਦੋਂ 3 ਅਣਪਛਾਤੇ ਵਿਅਕਤੀ ਇਕ ਕਾਰ ਵਿਚ ਆਏ ਤੇ ਉਨ੍ਹਾਂ ਨੇ ਵਿਦਿਆਰਥੀਆਂ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਘੱਟੋ-ਘੱਟ 30 ਗੋਲੀਆਂ ਚਲਾਈਆਂ ਤੇ ਦੌੜ ਗਏ। ਉਨ੍ਹਾਂ ਕਿਹਾ ਕਿ ਇਕ 16 ਸਾਲਾ ਵਿਦਿਆਰਥੀ ਦੇ 9 ਗੋਲੀਆਂ ਵੱਜੀਆਂ ਹਨ ਜਿਸ ਦੀ ਹਾਲਤ ਗੰਭੀਰ ਹੈ ਜਦਕਿ ਬਾਕੀਆਂ ਦੇ ਲੱਤਾਂ, ਬਾਹਾਂ, ਪਿੱਠ ਤੇ ਸਰੀਰ ਦੇ ਉਪਰਲੇ ਹਿੱਸਿਆਂ ਵਿਚ ਗੋਲੀਆਂ ਵੱਜੀਆਂ ਹਨ। ਇਨ੍ਹਾਂ ਸਾਰਿਆਂ ਦੀ ਹਾਲਤ ਸਥਿਰ ਹੈ।

# ਸੁਰਜੀਤ ਵਿਮੈੱਨ ਹਾਕੀ ਗੋਲਡ ਕੱਪ ਲਈ 'ਗਾਖਲ ਗਰੁੱਪ' ਦੇਵੇਗਾ 2.57 ਲੱਖ ਦੇ ਇਨਾਮ

## ਸੁਰਜੀਤ ਹਾਕੀ ਸਟੇਡੀਅਮ ਜਲੰਧਰ 'ਚ 5 ਤੋਂ 7 ਅਪ੍ਰੈਲ ਤੱਕ ਹੋ ਰਿਹੈ ਕੁੜੀਆਂ ਦਾ ਸ਼ਾਨਦਾਰ ਹਾਕੀ ਟੂਰਨਾਮੈਂਟ

**ਜਲੰਧਰ:** ਸਮਾਜ ਸੇਵੀ ਕਾਰਜਾਂ ਲਈ ਗਤੀਸ਼ੀਲ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ) ਨੇ ਖੇਡਾਂ ਦੇ ਖੇਤਰ ਵਿਚ ਇਕ ਹੋਰ ਸਮਾਜ ਸੇਵੀ ਪੁਲਾਂਘ ਪੁੱਟਦਿਆਂ 5 ਤੋਂ 7 ਅਪ੍ਰੈਲ ਤੱਕ ਜਲੰਧਰ ਦੇ ਸੁਰਜੀਤ ਹਾਕੀ ਸਟੇਡੀਅਮ ਬਰਲਟਨ ਪਾਰਕ 'ਚ ਕਰਵਾਏ ਜਾ ਰਹੇ ਸੁਰਜੀਤ 5 ਐੱਸ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਨਨਕਾਣਾ ਸਾਹਿਬ ਨਾਲ ਜੋੜਿਆ ਜਿੱਥੇ ਉਨ੍ਹਾਂ ਨੂੰ ਹਾਲ ਹੀ ਵਿਚ ਨਕਦ ਇਨਾਮ ਭੇਟ ਕਰਨ ਦੀ ਸੇਵਾ ਮਿਲੀ ਹੈ। ਉਨ੍ਹਾਂ ਸਮੂਹ ਦੁਨੀਆਂ 'ਚ ਵਸਦੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਖੇਡਾਂ ਅਤੇ ਵਿੱਦਿਆ ਨਾਲ ਜ਼ਰੂਰ ਜੋੜ ਕੇ ਰੱਖੋ ਤਾਂ ਹੀ ਅਸੀਂ ਨਰੋਏ ਸਮਾਜ ਦੀ ਸਿਰਜਣਾ ਕਰਨ ਵਿਚ ਯੋਗਦਾਨ ਪਾ ਸਕਾਂਗੇ।





ਅਮੋਲਕ ਸਿੰਘ ਗਾਖਲ | ਇਕਬਾਲ ਸਿੰਘ ਸੰਧੂ | ਇਕਬਾਲ ਸਿੰਘ ਗਾਖਲ

ਵਿਮੈੱਨ ਹਾਕੀ ਗੋਲਡ ਕੱਪ-2024 ਦੇ ਜੇਤੂਆਂ ਲਈ 2.57 ਲੱਖ ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਦੱਸਣਯੋਗ ਹੈ ਕਿ ਇਸ ਟੂਰਨਾਮੈਂਟ ਦਾ ਪਹਿਲਾ ਇਨਾਮ 1 ਲੱਖ ਰੁਪਏ, ਦੂਜਾ ਇਨਾਮ 75 ਹਜ਼ਾਰ ਰੁਪਏ, ਤੀਜਾ 51 ਹਜ਼ਾਰ ਅਤੇ ਚੌਥਾ 31 ਹਜ਼ਾਰ ਰੁਪਏ ਹੋਵੇਗਾ।

ਇਸ ਸਬੰਧੀ ਗੱਲ ਕਰਦਿਆਂ ਗਾਖਲ ਗਰੁੱਪ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਗਾਖਲ ਗਰੁੱਪ ਦੀ ਕੋਸ਼ਿਸ਼ ਹੈ ਕਿ ਨਵੀਂ ਪੀੜ੍ਹੀ ਨੂੰ ਖੇਡਾਂ ਅਤੇ ਵਿੱਦਿਆ ਨਾਲ ਜੋੜਿਆ ਜਾਵੇ। ਉਨ੍ਹਾਂ ਸੁਰਜੀਤ ਹਾਕੀ ਸੁਸਾਇਟੀ ਜਲੰਧਰ ਦੇ ਸੀ.ਈ.ਓ. ਇਕਬਾਲ ਸਿੰਘ ਸੰਧੂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਸੁਰਜੀਤ ਹਾਕੀ ਸੁਸਾਇਟੀ ਜਲੰਧਰ ਤੋਂ ਇਲਾਵਾ

ਸੁਰਜੀਤ ਹਾਕੀ ਸੁਸਾਇਟੀ ਜਲੰਧਰ ਦੇ ਸੀ.ਈ.ਓ. ਸ. ਇਕਬਾਲ ਸਿੰਘ ਸੰਧੂ ਨੇ ਦੱਸਿਆ ਕਿ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ ਵਲੋਂ ਸੁਰਜੀਤ ਹਾਕੀ ਯਾਦਗਾਰੀ ਸਾਲਾਨਾ ਟੂਰਨਾਮੈਂਟ ਲਈ ਵੀ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ ਵਲੋਂ ਪਿਛਲੇ 15 ਸਾਲ ਤੋਂ 5 ਲੱਖ ਰੁਪਏ ਦਾ ਪਹਿਲਾ ਇਨਾਮ ਦਿੱਤਾ ਜਾ ਰਿਹਾ ਹੈ ਅਤੇ ਅੱਗੇ ਤੋਂ ਵੀ ਦੇਣ ਦਾ ਉਨ੍ਹਾਂ ਦਾ ਵਾਅਦਾ ਹੈ। ਉਨ੍ਹਾਂ ਕਿਹਾ ਕਿ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ ਦਾ ਧੰਨਵਾਦ ਕਰਦਿਆਂ ਅਰਦਾਸ ਕਰਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਇਸ ਪਰਿਵਾਰ ਉੱਤੇ ਮਿਹਰ ਭਰਿਆ ਹੱਥ ਹਮੇਸ਼ਾ ਰੱਖਣ ਤਾਂ ਜੋ ਉਹ ਇਸੇ ਤਰ੍ਹਾਂ ਸਮਾਜ ਸੇਵਾ ਕਰਦੇ ਰਹਿਣ।

# ਲਾਹੌਰ ਵਿਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਸਾਹਿਤਕਾਰਾਂ ਦਾ ਸ਼ਾਨਦਾਰ ਇਕੱਠ

**ਲਾਹੌਰ:** ਇੱਥੇ 'ਪੰਜਾਬ ਹਾਊਸ' ਵਿਚ ਦੋਹਾਂ ਪੰਜਾਬਾਂ ਦੀ 'ਮੁਹੱਬਤਾਂ ਦੀ ਸਾਂਝ' ਨਾਂ ਹੇਠ ਸ਼ਾਨਦਾਰ ਸਮਾਗਮ ਹੋਇਆ ਜਿਸ ਵਿਚ ਚੜ੍ਹਦੇ ਪੰਜਾਬ, ਲਹਿੰਦੇ ਪੰਜਾਬ ਤੇ ਤੀਜੇ ਪੰਜਾਬ ਸਮਾਗਮ ਦੀ ਸ਼ੁਰੂਆਤ ਨਦੀਮ ਰਜ਼ਾ ਨੇ ਕੀਤੀ ਤੇ ਸਟੇਜ ਸਕੱਤਰ ਦੀ ਸੇਵਾ ਪ੍ਰੋ. ਡਾਕਟਰ ਕਲਿਆਣ ਸਿੰਘ ਕਲਿਆਣ ਨੇ ਨਿਭਾਈ। ਸਮਾਗਮ ਦੀ ਪ੍ਰਧਾਨਗੀ ਇਲਿਆਸ ਘੁੰਮਣ



(ਪਰਵਸੀ ਪੰਜਾਬੀ) ਦੇ ਦਰਜਨਾਂ ਸਾਹਿਤਕਾਰਾਂ ਨੇ ਹਿੱਸਾ ਲਿਆ। ਇਸ ਸਮਾਗਮ ਵਿਚ ਕਵੀ ਦਰਬਾਰ ਵੀ ਕੀਤਾ ਗਿਆ। ਇਸ ਕਵੀ ਦਰਬਾਰ ਵਿਚ ਬਾਬਾ ਨਜ਼ਮੀ, ਡਾ. ਨਬੀਲਾ ਰਹਿਮਾਨ, ਸਿਮਰਨ ਅਕਸ, ਸ਼ਬਦੀਸ਼, ਅਜ਼ੀਮ ਸ਼ੇਖ਼ਰ, ਬਲਵਿੰਦਰ ਸੰਧੂ, ਅਨੀਤਾ ਸ਼ਬਦੀਸ਼, ਤਰਸਪਾਲ ਕੌਰ, ਹਰਵਿੰਦਰ ਸਿੰਘ, ਬਲਵਿੰਦਰ ਸੰਧੂ, ਜਸਵਿੰਦਰ ਰੀਤਾਂ ਯੂ.ਕੇ., ਡਾ. ਗੁਰਦੀਪ ਕੌਰ ਆਦਿ ਨੇ ਆਪਣਾ ਕਲਾਮ ਪੇਸ਼ ਕੀਤਾ।

ਨੇ ਕੀਤੀ। ਮੁੱਖ ਮਹਿਮਾਨਾਂ ਵਿਚ ਪ੍ਰੋ. ਸਤਵੰਤ ਕੌਰ (ਸਕੱਤਰ ਜਨਰਲ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ), ਡਾ. ਹਰਜਿੰਦਰ ਸਿੰਘ ਦਿਲਗੀਰ ਨਾਰਵੇ, ਡਾ. ਚਰਨਜੀਤ ਸਿੰਘ ਗੁਮਟਾਲਾ ਯੂ.ਐਸ. ਏ, ਡਾ. ਰਤਨ ਸਿੰਘ ਢਿੱਲੋਂ ਹਰਿਆਣਾ (ਭਾਰਤ) ਆਦਿ ਵੀ ਸ਼ਾਮਿਲ ਸਨ। ਸਮਾਗਮ ਤੋਂ ਮਗਰੋਂ ਮੁਦੱਸਰ ਇਕਬਾਲ ਬੱਟ ਚੇਅਰਮੈਨ ਪੰਜਾਬੀ ਮੀਡੀਆ ਗਰੁੱਪ ਵਲੋਂ ਸ਼ਾਨਦਾਰ ਡਿਨਰ ਦਾ ਪ੍ਰਬੰਧ ਕੀਤਾ ਗਿਆ ਸੀ।

# ਸਾਬਕਾ ਅੰਬੈਸਡਰ ਤਰਨਜੀਤ ਸਿੰਘ ਸੰਧੂ ਨੇ ਆਪਣੇ ਪਿੰਡ 'ਚ ਮਨਾਇਆ ਮਹਿਲਾ ਦਿਵਸ

**ਅੰਮ੍ਰਿਤਸਰ:** ਅਮਰੀਕਾ ਵਿਚ ਭਾਰਤੀ ਰਾਜਦੂਤ ਰਹੇ ਸ. ਤਰਨਜੀਤ ਸਿੰਘ ਸੰਧੂ ਨੇ ਅੰਮ੍ਰਿਤਸਰ ਨਜ਼ਦੀਕ ਪਿੰਡ ਖਾਨ ਕੋਟ ਵਿਚ ਆਪਣੇ ਗ੍ਰਹਿ ਵਿਖੇ ਪਿੰਡ ਦੀਆਂ ਮਹਿਲਾਵਾਂ ਦੀ ਸ਼ਮੂਲੀਅਤ ਨਾਲ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ। ਉਨ੍ਹਾਂ ਆਪਣੇ ਦਿਲ ਦੀਆਂ ਗੱਲਾਂ ਸਭ ਨਾਲ ਸਾਂਝੀਆਂ ਕੀਤੀਆਂ ਅਤੇ ਸਮਾਜ ਨੂੰ ਔਰਤ ਨੂੰ ਸਤਿਕਾਰ, ਬਰਾਬਰ ਦੇ ਮੌਕੇ ਦੇਣ ਅਤੇ ਵਿਕਾਸ ਵਿਚ ਭਾਈਵਾਲ ਬਣਾਉਣ ਦਾ ਹੋਕਾ ਦਿੱਤਾ। ਉਨ੍ਹਾਂ ਵੱਲੋਂ ਪੇਂਡੂ ਔਰਤਾਂ ਉਨ੍ਹਾਂ ਨੂੰ ਸੈਂਕੜੇ ਸੂਟ ਤੋਹਫ਼ੇ ਵਜੋਂ ਦਿੱਤੇ।

ਪ੍ਰੋ. ਸਰਚਾਂਦ ਸਿੰਘ ਅਨੁਸਾਰ ਇਸ ਮੌਕੇ ਉਨ੍ਹਾਂ ਆਪਣੀ ਮਾਤਾ ਸ਼੍ਰੀਮਤੀ ਜਗਜੀਤ ਕੌਰ ਸੰਧੂ ਦੀਆਂ ਯਾਦਾਂ ਨਾਲ ਸਾਂਝ ਪਾਉਂਦਿਆਂ ਭਾਵਕ ਲਹਿਜ਼ੇ ਵਿਚ ਕਿਹਾ ਕਿ ਉਹ ਅੱਜ ਜੋ ਕੁਝ ਵੀ ਹਨ, ਉਹ ਮਾਤਾ ਜੀ ਦੀ ਸਿੱਖਿਆ ਤੇ ਪੜ੍ਹਾਈ ਦੀ ਦੇਣ ਹਨ। ਉਨ੍ਹਾਂ ਪਿੰਡ ਦੀਆਂ ਔਰਤਾਂ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਮੇਰੀ ਮਾਤਾ ਵੀ ਤੁਹਾਡੇ ਵਾਂਗ ਸਨ, ਪਰ ਉਨ੍ਹਾਂ ਪੜ੍ਹਾਈ ਦੀ ਅਹਿਮੀਅਤ ਨੂੰ ਸਮਝਿਆ ਅਤੇ ਪਿੰਡ ਤੋਂ ਬਾਹਰ ਨਿਕਲ ਕੇ ਪੜ੍ਹਾਈ ਕੀਤੀ। ਅਮਰੀਕਾ ਤੋਂ ਡਾਕਟਰੇਟ ਕਰਨ ਤੋਂ ਬਾਅਦ ਦੇਸ਼ ਪਰਤ ਕੇ ਅੰਮ੍ਰਿਤਸਰ ਵਿਚ ਸਰਕਾਰੀ ਕਾਲਜ ਫ਼ਾਰ ਵਿਮੈਨ ਵਿਖੇ ਸੇਵਾ ਕਰਦਿਆਂ ਪ੍ਰਿੰਸੀਪਲ ਵਜੋਂ ਸੇਵਾਮੁਕਤ ਹੋਏ।

ਸਰਦਾਰ ਸੰਧੂ ਨੇ ਇਸ ਗਲ 'ਤੇ ਜ਼ੋਰ ਦਿੱਤਾ ਕਿ ਬੱਚਿਆਂ ਨੂੰ ਨਾ ਪੜ੍ਹਾਉਣ ਵਾਲੇ ਲੋਕ ਬੱਚਿਆਂ ਦੇ ਦੋਸ਼ੀ ਅਤੇ ਉਨ੍ਹਾਂ ਦਾ ਨੁਕਸਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਸਿਹਤਮੰਦ ਸਮਾਜ ਲਈ ਔਰਤ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ। ਔਰਤ 'ਚ ਸਮਾਜ ਨੂੰ ਉਪਰ ਚੁੱਕਣ ਦੀ ਸਮਰੱਥਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਔਰਤਾਂ ਨੂੰ ਬਰਾਬਰੀ ਅਤੇ ਸਤਿਕਾਰ ਦਿਵਾਉਣ ਲਈ ਵਚਨਬੱਧ ਹਨ। ਉਨ੍ਹਾਂ ਨੇ ਮਹਿਲਾ ਦਿਵਸ 'ਤੇ ਕੇਂਦਰ ਸਰਕਾਰ ਵੱਲੋਂ ਐੱਲ ਪੀ ਜੀ ਗੈਸ ਸਿਲੰਡਰਾਂ ਦੀਆਂ ਕੀਮਤਾਂ 'ਚ 100 ਰੁਪਏ ਦੀ ਕਟੌਤੀ ਕਰਦਿਆਂ ਦੇਸ਼ ਭਰ ਦੇ ਲੱਖਾਂ ਘਰਾਂ 'ਤੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤਕ ਘੱਟ ਕੀਤਾ ਹੈ।

# Matrimonials

## ਲੜਕੀ ਦੀ ਲੋੜ ਹੈ

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA.

05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com

05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**

02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

## ਲੜਕੇ ਦੀ ਲੋੜ ਹੈ

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 29 ਸਾਲ, 5'5" ਡੈਂਟਿਸਟ, ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਡਾਕਟਰ ਜਾਂ ਇੰਜਨੀਅਰ ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਚਾਹਵਾਨ 224-422-4773 'ਤੇ ਸੰਪਰਕ ਕਰਨ।

11-14

ਅਮਰੀਕਾ ਸਿਟੀਜ਼ਨ ਜੱਟ ਸਿੱਖ ਲੜਕੀ, ਉਮਰ 31 ਸਾਲ, 5'7" ਆਰ.ਐਨ/ ਬੀ.ਐਸ.ਐਨ. ਲਈ ਵਧੀਆ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਸਿਟੀਜ਼ਨ, ਗਰੀਨ ਕਾਰਡ ਹੋਲਡਰ ਜਾਂ ਐਚ1 ਬੀ ਵੀਜ਼ਾ ਹੋਲਡਰ, ਪੜ੍ਹੇ-ਲਿਖੇ, ਲੜਕੇ ਦੀ ਜ਼ਰੂਰਤ ਹੈ। ਲੜਕੀ ਦਾ ਸਾਰਾ ਪਰਿਵਾਰ ਸ਼ਿਕਾਗੋ ਵਿਚ ਵਧੀਆ ਸਥਾਪਿਤ ਹੈ। ਇਲੀਨੋਇ ਤੇ ਨਾਲ ਲੱਗਦੀਆਂ ਸਟੇਟਾਂ ਨੂੰ ਪਹਿਲ। ਚਾਹਵਾਨ 224-361-1456 'ਤੇ ਸੰਪਰਕ ਕਰਨ।

11-14

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5'5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 'ਤੇ ਸੰਪਰਕ ਕਰਨ। ਈਮੇਲ: gurtejsingh1991us@gmail.com

06-09

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com.

02-05

# ਲਹਿੰਦੇ ਪੰਜਾਬ ਨੂੰ ਮਿਲਿਆ ਪਹਿਲਾ ਸਿੱਖ ਮੰਤਰੀ

**ਲਾਹੌਰ:** ਤਿੰਨ ਵਾਰ ਵਿਧਾਇਕ ਚੁਣੇ ਸਰਦਾਰ ਰਮੇਸ਼ ਸਿੰਘ ਅਰੋੜਾ ਨੇ ਲਹਿੰਦੇ ਪੰਜਾਬ ਦੀ ਮਰੀਅਮ ਸਰਕਾਰ ਵਿਚ ਸੂਬਾਈ ਮੰਤਰੀ ਵਜੋਂ ਹਲਫ਼ ਲਿਆ ਹੈ। ਉਹ ਦੇਸ਼ ਵੰਡ ਮਗਰੋਂ ਲਹਿੰਦੇ ਪੰਜਾਬ ਵਿਚ ਕੈਬਨਿਟ ਮੰਤਰੀ ਬਣਨ ਵਾਲੇ ਪਹਿਲੇ ਸਿੱਖ ਹਨ। ਲਾਹੌਰ ਵਿਚ ਗਵਰਨਰ ਹਾਊਸ ਵਿਚ ਰੱਖੇ ਸਮਾਗਮ ਦੌਰਾਨ ਅਰੋੜਾ ਨੇ ਮੰਤਰੀ ਵਜੋਂ ਹਲਫ਼ ਲਿਆ। ਅਰੋੜਾ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਦੇ ਪ੍ਰਧਾਨ ਵੀ ਹਨ। ਰੋਜ਼ਨਾਮਚਾ ਡਾਅਨ ਦੀ ਰਿਪੋਰਟ ਮੁਤਾਬਕ ਅਰੋੜਾ ਨੂੰ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਦੀ ਕੈਬਨਿਟ ਵਿਚ ਘੱਟ ਗਿਣਤੀਆਂ ਬਾਰੇ ਮੰਤਰਾਲੇ ਦਾ ਚਾਰਜ ਦਿੱਤਾ ਗਿਆ ਹੈ।



ਸਾਬਕਾ ਵਜ਼ੀਰੇ ਆਜ਼ਮ ਨਵਾਜ਼ ਸ਼ਰੀਫ਼ ਦੀ ਅਗਵਾਈ ਵਾਲੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਪਾਰਟੀ ਨਾਲ ਸਬੰਧਤ ਅਰੋੜਾ ਨੇ 8 ਫਰਵਰੀ ਨੂੰ ਹੋਈਆਂ ਚੋਣਾਂ ਵਿਚ ਮਿਲੀ ਜਿੱਤ ਨਾਲ ਲਾਹੌਰ ਸੂਬਾਈ ਅਸੈਂਬਲੀ ਵਿਚ ਆਪਣੇ ਤੀਜੇ ਕਾਰਜਕਾਲ ਲਈ ਵਾਪਸੀ ਕੀਤੀ ਹੈ। ਨਾਰੋਵਾਲ ਜ਼ਿਲ੍ਹੇ ਨਾਲ ਸਬੰਧਤ ਰਮੇਸ਼ ਸਿੰਘ ਅਰੋੜਾ 2013 ਵਿਚ ਪੰਜਾਬ ਸੂਬਾਈ ਅਸੈਂਬਲੀ ਲਈ ਹਲਫ਼ ਲੈਣ ਵਾਲੇ ਪਹਿਲੇ ਸਿੱਖ ਮੈਂਬਰ ਸਨ। ਪੰਜਾਬ ਦੇ ਈਸਾਈ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਇਕ ਹੋਰ ਮੈਂਬਰ ਖਲਿਲ ਤਾਹਿਰ ਸਿੰਧੂ ਨੂੰ ਵੀ ਪੰਜਾਬ ਕੈਬਨਿਟ ਵਿਚ ਸ਼ਾਮਲ ਕੀਤਾ ਗਿਆ ਹੈ। ਸਿੰਧੂ ਨੂੰ ਮਨੁੱਖੀ ਅਧਿਕਾਰਾਂ ਬਾਰੇ ਮੰਤਰਾਲਾ ਦਿੱਤਾ ਗਿਆ ਹੈ।

ਲਹਿੰਦੇ ਪੰਜਾਬ 'ਚ ਮੰਤਰੀ ਬਣਾਏ ਜਾਣ ਮਗਰੋਂ ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਾਲੇ ਅਟਾਰੀ-ਵਾਹਗਾ ਸਰਹੱਦ ਰਾਹੀਂ ਦੁਵੱਲੇ ਵਪਾਰ ਦੀ ਬਹਾਲੀ ਲਈ ਯਤਨ ਤੇਜ਼ ਕਰਨਗੇ। ਫੋਨ 'ਤੇ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਉਹ ਪਾਕਿਸਤਾਨ ਵਿਚ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹਨ ਅਤੇ ਉਨ੍ਹਾਂ ਵਿਚ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਦੋਵੇਂ ਪਾਸਿਆਂ 'ਚ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੇ ਉਪਰਾਲੇ ਵੀ ਕੀਤੇ ਜਾਣਗੇ।

## ਜਥੇਦਾਰ ਅਤੇ ਧਾਮੀ ਵੱਲੋਂ ਰਮੇਸ਼ ਸਿੰਘ ਅਰੋੜਾ ਨੂੰ ਵਧਾਈ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਰਮੇਸ਼ ਸਿੰਘ ਅਰੋੜਾ ਨੂੰ ਲਹਿੰਦੇ ਪੰਜਾਬ ਦੇ ਘੱਟ-ਗਿਣਤੀਆਂ ਬਾਰੇ ਮੰਤਰੀ ਬਣਾਏ ਜਾਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਪਾਕਿਸਤਾਨ ਦੇ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ ਹੈ। ਰਮੇਸ਼ ਸਿੰਘ ਅਰੋੜਾ ਨੂੰ ਹਾਲ ਹੀ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਵੀ ਨਿਯੁਕਤ ਕੀਤਾ ਗਿਆ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ੍ਰੀ ਅਰੋੜਾ ਸਿੱਖ ਭਾਈਚਾਰੇ ਵਿੱਚੋਂ ਪਾਕਿਸਤਾਨ ਦੇ ਮੰਤਰੀ ਬਣਨ ਵਾਲੇ ਪਹਿਲੇ ਸ਼ਖ਼ਸ ਹਨ।

## ਜੇਲ੍ਹ 'ਚੋਂ ਰਿਹਾਅ ਹੋਣ ਪਿੱਛੋਂ ਜਥੇਦਾਰ ਨਾਲ ਮੁਲਾਕਾਤ

**ਅੰਮ੍ਰਿਤਸਰ:** ਪਿਛਲੇ 28 ਸਾਲਾਂ ਤੋਂ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਬੰਦ ਅਤੇ ਹੁਣ ਜ਼ਮਾਨਤ 'ਤੇ ਰਿਹਾਅ ਹੋਏ ਤਿੰਨ ਬੰਦੀ ਸਿੰਘਾਂ ਇੰਜੀਨੀਅਰ ਗੁਰਮੀਤ ਸਿੰਘ ਪਟਿਆਲਾ, ਲਖਵਿੰਦਰ ਸਿੰਘ ਲੱਖਾ ਅਤੇ ਸ਼ਮਸ਼ੇਰ ਸਿੰਘ ਉਕਸੀ ਜੱਟਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਜਥੇਦਾਰ ਵੱਲੋਂ ਸਕੱਤਰੇਤ ਵਿਚ ਤਿੰਨਾਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਸੰਘਰਸ਼ਸ਼ੀਲ ਸਿੰਘਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਖੜ੍ਹੇ ਹਨ। ਉਨ੍ਹਾਂ ਆਖਿਆ ਕਿ ਜਿਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਕਾਨੂੰਨੀ ਲੜਾਈ ਲੜੀ ਜਾ ਰਹੀ ਹੈ, ਉਨ੍ਹਾਂ ਵਿਚ ਇਹ ਤਿੰਨ ਨੌਜਵਾਨ ਵੀ ਸ਼ਾਮਲ ਹਨ।

# ਦਰਬਾਰ ਸਾਹਿਬ ਕੰਪਲੈਕਸ 'ਚ ਸ਼ਹੀਦੀ ਗੈਲਰੀ ਸੰਗਤ ਨੂੰ ਅਰਪਣ ਕੀਤੀ

**ਅੰਮ੍ਰਿਤਸਰ:** ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਉਤੇ ਹੋਏ ਫ਼ੌਜੀ ਹਮਲੇ ਦੇ ਸ਼ਹੀਦਾਂ ਦੀ ਯਾਦ ਵਿਚ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਦਮਦਮੀ ਟਕਸਾਲ ਵੱਲੋਂ ਬਣਾਈ ਗਈ ਸ਼ਹੀਦੀ ਗੈਲਰੀ ਅਰਦਾਸ ਉਪਰੰਤ ਸੰਗਤ ਨੂੰ ਅਰਪਣ ਕੀਤੀ ਗਈ। ਇਸ ਗੈਲਰੀ ਵਿਚ ਫੌਜੀ ਹਮਲੇ ਦੌਰਾਨ ਸ਼ਹੀਦ ਹੋਏ 370 ਸਿੰਘਾਂ ਦੀਆਂ ਤਸਵੀਰਾਂ ਸਥਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਕੁਝ ਦੀਆਂ ਤਸਵੀਰਾਂ ਰਹਿ ਗਈਆਂ ਹਨ।

ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲਿਆਂ ਸਬੰਧੀ 20 ਮਿੰਟ ਦੀ ਦਸਤਾਵੇਜ਼ੀ ਦਿਖਾਉਣ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਗੈਲਰੀ ਵਿਚ ਜੂਨ 1984 ਫੌਜੀ ਹਮਲੇ ਸਮੇਂ ਨੁਕਸਾਨੇ ਗਏ ਸ੍ਰੀ ਅਕਾਲ ਤਖ਼ਤ ਦੀ ਇਮਾਰਤ ਦਾ ਇਕ ਮਾਡਲ ਵੀ ਸਥਾਪਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਦਮਦਮੀ ਟਕਸਾਲ ਵੱਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸ਼ਹੀਦੀ ਯਾਦਗਾਰ ਵੀ ਸਥਾਪਤ ਕੀਤੀ ਗਈ ਸੀ। ਹੁਣ ਇਸੇ ਯਾਦਗਾਰ ਦੇ ਹੇਠਾਂ ਸ਼ਹੀਦੀ ਗੈਲਰੀ ਸਥਾਪਤ ਕੀਤੀ ਗਈ ਹੈ। ਸ਼ਹੀਦੀ ਗੈਲਰੀ ਸੰਗਤ ਨੂੰ ਸਮਰਪਿਤ ਕਰਨ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਪੰਥ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।



ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ਼ਹੀਦੀ ਗੈਲਰੀ ਉਨ੍ਹਾਂ ਸ਼ਹੀਦਾਂ ਦੀ ਸਦੀਵੀ ਯਾਦਗਾਰ ਹੈ ਜਿਨ੍ਹਾਂ ਨੇ '84 ਦੇ ਘੱਲੂਘਾਰੇ ਸਮੇਂ ਸ਼ਹਾਦਤਾਂ ਪ੍ਰਾਪਤ ਕੀਤੀਆਂ ਸਨ। ਇਹ ਯਾਦਗਾਰ ਆਉਣ ਵਾਲੀ ਪੀੜ੍ਹੀ ਨੂੰ ਇਸ ਘੱਲੂਘਾਰੇ ਦੌਰਾਨ ਵਾਪਰੇ ਦੁਖਾਂਤ ਦੇ ਨਾਲ-ਨਾਲ ਸ਼ਹੀਦਾਂ ਬਾਰੇ ਵੀ ਜਾਣਕਾਰੀ ਦੇਵੇਗੀ ਅਤੇ ਪ੍ਰੇਰਨਾ ਸਰੋਤ ਬਣੇਗੀ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਸਮੇਂ ਪਰਿਕਰਮਾ ਵਿਚ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਦੇ ਨਜ਼ਦੀਕ ਇਸ ਸ਼ਹੀਦੀ ਗੈਲਰੀ ਵਿਚ ਵੀ ਜ਼ਰੂਰ ਆਉਣ। ਸ੍ਰੀ ਧਾਮੀ ਨੇ ਕਿਹਾ ਕਿ ਅਜ਼ਾਦੀ ਤੋਂ ਪਹਿਲਾਂ ਸਮੇਂ ਦੀਆਂ ਹਕੂਮਤਾਂ ਨੇ ਕਈ ਵਾਰ ਸਿੱਖ ਗੁਰਧਾਮਾਂ 'ਤੇ ਹਮਲੇ ਕੀਤੇ ਪਰ ਅਜ਼ਾਦੀ ਤੋਂ ਬਾਅਦ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਸ੍ਰੀ ਅਕਾਲ ਤਖ਼ਤ 'ਤੇ ਹਮਲਾ ਕਰਵਾ ਕੇ ਵੱਡੀ ਗਿਣਤੀ ਸਿੱਖਾਂ ਨੂੰ ਸ਼ਹੀਦ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰਾਂ ਅੱਜ ਵੀ ਲੁਕਵੇਂ ਢੰਗ ਨਾਲ ਸ੍ਰੀ ਅਕਾਲ ਤਖ਼ਤ ਦੇ ਸਿਧਾਂਤ ਨੂੰ ਕਮਜ਼ੋਰ ਕਰਨ ਲਈ ਯਤਨਸ਼ੀਲ ਹਨ ਜਿਸ ਦੇ ਟਾਕਰੇ ਲਈ ਕੌਮ ਨੂੰ ਇਕਜੁੱਟ ਹੋਣ ਦੀ ਲੋੜ ਹੈ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਸ਼ਹੀਦੀ ਗੈਲਰੀ ਵਿਚ ਘੱਲੂਘਾਰੇ ਦੌਰਾਨ ਧਰਮ ਦੀ ਰੱਖਿਆ ਲਈ ਸ਼ਹਾਦਤਾਂ ਦੇਣ ਵਾਲੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਤਸਵੀਰਾਂ ਵੀ ਲਗਾਈਆਂ ਗਈਆਂ ਹਨ।

# ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਵੀਡੀਓ ਫੁਟੇਜ ਸਾਹਮਣੇ ਆਈ

**ਓਟਵਾ:** ਖਾਲਿਸਤਾਨ ਪੱਖੀ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਕਥਿਤ ਵੀਡੀਓ ਫੁਟੇਜ ਸਾਹਮਣੇ ਆਈ ਹੈ ਜਿਸ ਵਿਚ ਹਥਿਆਰਬੰਦ ਵਿਅਕਤੀ ਨਿੱਝਰ ਨੂੰ ਗੋਲੀਆਂ ਮਾਰਦੇ ਹੋਏ ਨਜ਼ਰ ਆ ਰਹੇ ਹਨ। ਇਹ ਜਾਣਕਾਰੀ ਕੈਨੇਡਾ ਆਧਾਰਤ ਸੀ.ਬੀ.ਸੀ. ਨਿਊਜ਼ ਦੀ ਇਕ ਰਿਪੋਰਟ 'ਚ ਦਿੱਤੀ ਗਈ।

ਨਿੱਝਰ ਜਿਸ ਨੂੰ ਭਾਰਤ ਦੀ ਕੌਮੀ ਜਾਂਚ ਏਜੰਸੀ (ਐਨ.ਆਈ.) ਨੇ 2020 ਵਿਚ ਅਤਿਵਾਦੀ ਐਲਾਨਿਆ ਸੀ, ਦੀ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਇਕ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲਦੇ ਸਮੇਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਸੀ.ਬੀ.ਸੀ. ਨਿਊਜ਼ ਨੇ ਕਿਹਾ ਕਿ ਇਹ ਵੀਡੀਓ ਫੁਟੇਜ 'ਦਿ ਫਿਫਥ ਅਸਟੇਟ' ਤੋਂ ਪ੍ਰਾਪਤ ਹੋਈ ਹੈ ਅਤੇ ਇਕ ਤੋਂ ਵੱਧ ਸੂਤਰਾਂ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ ਹੈ। ਇਹ ਹਮਲੇ ਨੂੰ 'ਬਹੁਤ ਜ਼ਿਆਦਾ ਤਾਲਮੇਲ ਵਾਲਾ' ਦੱਸਿਆ ਗਿਆ ਹੈ ਜਿਸ ਵਿਚ ਛੇ ਵਿਅਕਤੀ ਅਤੇ ਦੋ ਵਾਹਨ ਸ਼ਾਮਲ ਸਨ।



ਦੱਸਣਯੋਗ ਹੈ ਕਿ ਗੁਰੂ ਨਾਨਕ ਸਿੱਖ ਗੁਰਦੁਆਰਾ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਦੀ ਕਥਿਤ ਨਿਸ਼ਾਨਾ ਬਣਾ ਕੇ ਕੀਤੀ ਹੱਤਿਆ ਕਾਰਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਵਿਚ ਭਾਰਤ ਸਰਕਾਰ ਦਾ ਹੱਥ ਹੋਣ ਦਾ ਦੋਸ਼ ਲਾਇਆ ਸੀ ਪਰ ਭਾਰਤ ਨੇ ਇਸ ਦਾਅਵੇ ਦਾ ਖੰਡਨ ਕੀਤਾ ਸੀ। ਇਸ ਮਗਰੋਂ ਕੈਨੇਡਾ-ਭਾਰਤ ਦੁਵੱਲੇ ਕੂਟਨੀਤਕ ਸਬੰਧਾਂ 'ਚ ਵਿਗਾੜ ਪੈਦਾ ਹੋ ਗਿਆ ਸੀ।

ਵੀਡੀਓ ਫੁਟੇਜ 'ਚ ਹਰਦੀਪ ਸਿੰਘ ਨਿੱਝਰ ਆਪਣੇ ਪਿਕਅੱਪ ਟਰੱਕ 'ਤੇ ਗੁਰਦੁਆਰੇ ਦੀ ਪਾਰਕਿੰਗ 'ਚੋਂ ਨਿਕਲਦਾ ਹੋਇਆ ਦਿਖਾਈ ਦੇ ਰਿਹਾ ਹੈ। ਸੀ.ਬੀ.ਸੀ. ਨਿਊਜ਼ ਦੀ ਖ਼ਬਰ ਮੁਤਾਬਕ ਜਦੋਂ ਉਹ ਨਿਕਾਸੀ ਦੁਆਰ 'ਤੇ ਪਹੁੰਚਿਆ ਤਾਂ ਸਾਹਮਣੇ ਤੋਂ ਆਈ ਸਫ਼ੈਦ ਕਾਰ ਨੇ ਟਰੱਕ ਨੂੰ ਰੋਕ ਲਿਆ। ਉਸ ਵਿਚੋਂ ਦੋ ਵਿਅਕਤੀ ਨਿਕਲੇ ਅਤੇ ਨਿੱਝਰ ਨੂੰ ਗੋਲੀਆਂ ਮਾਰਨ ਮਗਰੋਂ ਟੋਯੋਟਾ ਕੈਮਰੀ ਕਾਰ 'ਚ ਫਰਾਰ ਹੋ ਗਏ।

ਦੋ ਵਿਅਕਤੀਆਂ ਜਿਹੜੇ ਘਟਨਾ ਦਾ ਵਾਪਰਨ ਮੌਕੇ ਨੇੜਲੇ ਮੈਦਾਨ 'ਚ ਫੁਟਬਾਲ ਖੇਡ ਰਹੇ ਸਨ, ਨੇ ਖੁਲਾਸਾ ਕੀਤਾ ਕਿ ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਉਹ ਉਥੇ ਪਹੁੰਚੇ ਅਤੇ ਹਮਲਾਵਰਾਂ ਦਾ ਪਿੱਛਾ ਕੀਤਾ। ਭੁਪਿੰਦਰਜੀਤ ਸਿੰਘ ਨੇ 'ਦਿ ਫਿਫਥ ਅਸਟੇਟ' ਨੂੰ ਦੱਸਿਆ ਕਿ ਉਸ ਨੇ ਨਿੱਝਰ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਭੁਪਿੰਦਰਜੀਤ ਮੁਤਾਬਕ, "ਮੈਂ ਉਸ ਨੂੰ ਹਿਲਾ ਕੇ ਦੇਖਿਆ। ਉਹ ਬੇਹੋਸ਼ ਸੀ ਤੇ ਉਸ ਦੇ ਸਾਹ ਬੰਦ ਹੋ ਗਏ ਸਨ।" ਮਲਕੀਤ ਸਿੰਘ ਕਿਹਾ ਕਿ ਉਸ ਨੇ ਦੋ ਵਿਅਕਤੀਆਂ ਦਾ ਪਿੱਛਾ ਕੀਤਾ ਪਰ ਉਹ ਉਥੇ ਪਹੁੰਚੀ ਟੋਯੋਟਾ ਕੈਮਰੀ 'ਚ ਬੈਠ ਕੇ ਫਰਾਰ ਹੋ ਗਏ, ਜਿਸ ਵਿਚ ਤਿੰਨ ਹੋਰ ਵਿਅਕਤੀ ਬੈਠੇ ਹੋਏ ਸਨ। ਦੂਜੇ ਪਾਸੇ ਘਟਨਾ ਦੇ ਨੌਂ ਮਹੀਨਿਆਂ ਬਾਅਦ ਵੀ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਨਿੱਝਰ ਕਤਲ ਮਾਮਲੇ 'ਚ ਹਾਲੇ ਤੱਕ ਕਿਸੇ ਸ਼ੱਕੀ ਦਾ ਨਾਮ ਪਤਾ ਨਹੀਂ ਲਾ ਸਕੀ ਤੇ ਨਾ ਹੀ ਇਸ ਸਬੰਧੀ ਕੋਈ ਗ੍ਰਿਫ਼ਤਾਰੀ ਹੋਈ ਹੈ।

## ਜਥੇਦਾਰ ਨੇ ਡਿਬਰੂਗੜ੍ਹ ਮਾਮਲੇ ਬਾਰੇ ਛੇ ਮੈਂਬਰੀ ਕਮੇਟੀ ਬਣਾਈ

**ਅੰਮ੍ਰਿਤਸਰ:** ਡਿਬਰੂਗੜ੍ਹ ਵਿਚ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਨਾਲ ਜੇਲ੍ਹ ਵਿਚ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਉਨ੍ਹਾਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਵਾਉਣ ਦੀ ਮੰਗ ਬਾਰੇ ਸਰਕਾਰ ਨਾਲ ਰਾਬਤਾ ਕਰਨ ਦੀ ਕਾਰਵਾਈ ਲਈ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਛੇ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਸੇ ਦੌਰਾਨ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਨੌਜਵਾਨਾਂ ਦੇ ਮਾਪਿਆਂ ਅਤੇ ਹੋਰਨਾਂ ਨੇ ਜਥੇਦਾਰ ਨਾਲ ਮੁਲਾਕਾਤ ਕੀਤੀ। ਇਸ ਮਗਰੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਬ-ਕਮੇਟੀ ਦਾ ਗਠਨ ਕਰਦਿਆਂ ਦੱਸਿਆ ਕਿ ਇਹ ਸਬ-ਕਮੇਟੀ ਤੁਰਤ ਕਾਰਜ ਆਰੰਭ ਕਰੇਗੀ।

# ਪਾਲੀ ਭੁਪਿੰਦਰ, ਹਰਵਿੰਦਰ ਤੇ ਗੁਰਪ੍ਰੀਤ ਖਾਲਸਾ ਨੂੰ ਸੰਗੀਤ ਨਾਟਕ ਅਕਾਦਮੀ ਐਵਾਰਡ

**ਨਵੀਂ ਦਿੱਲੀ:** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸਾਲ 2022 ਤੇ 2023 ਲਈ ਪੰਜਾਬ ਤੋਂ ਪਾਲੀ ਭੁਪਿੰਦਰ ਸਿੰਘ, ਹਰਵਿੰਦਰ ਕੁਮਾਰ ਸ਼ਰਮਾ ਅਤੇ ਗੁਰਪ੍ਰੀਤ ਸਿੰਘ ਖਾਲਸਾ ਸਮੇਤ ਮੰਚੀ ਕਲਾਵਾਂ (ਪਰਫਾਰਮਿੰਗ ਆਰਟਸ) ਦੇ ਵੱਖ-ਵੱਖ ਖੇਤਰਾਂ ਦੇ ਕੁੱਲ 94 ਕਲਾਕਾਰਾਂ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਵੰਡੇ।

ਪਾਲੀ ਭੁਪਿੰਦਰ ਸਿੰਘ ਨੂੰ ਬਤੌਰ ਨਾਟਕਕਾਰ ਰੰਗਮੰਚ ਦੇ ਖੇਤਰ 'ਚ ਪਾਏ ਯੋਗਦਾਨ ਬਦਲੇ, ਹਰਵਿੰਦਰ ਕੁਮਾਰ ਸ਼ਰਮਾ ਨੂੰ ਹਿੰਦੁਸਤਾਨੀ ਸਾਜ਼ ਸੰਗੀਤ ਅਤੇ ਗੁਰਪ੍ਰੀਤ ਸਿੰਘ ਖਾਲਸਾ ਨੂੰ ਸਿੱਖ ਮਾਰਸ਼ਲ ਆਰਟਸ ਗਤਕਾ ਦੇ ਖੇਤਰ 'ਚ ਪਾਏ ਯੋਗਦਾਨ ਬਦਲੇ ਸਾਲ 2023 ਦਾ ਪੁਰਸਕਾਰ ਦਿੱਤਾ ਗਿਆ ਹੈ। ਰਾਸ਼ਟਰਪਤੀ ਨੇ ਨਾਲ ਹੀ ਸੱਤ ਮਸ਼ਹੂਰ ਕਲਾਕਾਰਾਂ ਨੂੰ ਸੰਗੀਤ ਨਾਟਕ ਅਕਾਦਮੀ ਫੈਲੋਸ਼ਿਪ ਵੀ ਦਿੱਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਮੁਰਮੂ ਨੇ ਭਾਰਤੀ ਸੱਭਿਆਚਾਰਕ ਵਿਰਾਸਤ 'ਚ ਮੰਚੀ ਕਲਾਵਾਂ ਦੀ ਭੂਮਿਕਾ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ, "ਪ੍ਰਾਚੀਨ ਕਾਲ ਤੋਂ ਹੀ ਭਾਰਤੀ ਸੰਸਕ੍ਰਿਤੀ 'ਚ ਕਲਾ ਦੇ ਵੱਖ-ਵੱਖ ਰੂਪਾਂ ਨੂੰ ਉੱਚਾ ਸਥਾਨ ਦਿੱਤਾ ਗਿਆ ਹੈ। ਭਰਤ ਮੁਨੀ ਦੇ ਨਾਟਯ ਸ਼ਾਸਤਰ ਨੂੰ ਵੇਦਾਂ ਦੇ ਬਰਾਬਰ ਦਰਜਾ ਦਿੰਦਿਆਂ ਇਸ ਨੂੰ ਪੰਜਵਾਂ ਵੇਦ ਕਿਹਾ ਗਿਆ ਹੈ। ਉਨ੍ਹਾਂ ਦੇ ਨਾਟਯ ਸ਼ਾਸਤਰ 'ਚ ਕਲਾ ਦੀ ਜੋ ਵਿਆਖਿਆ ਮਿਲਦੀ ਹੈ, ਉਹ ਦੁਨੀਆ ਦੇ ਕਿਸੇ ਹੋਰ ਗ੍ਰੰਥ 'ਚ ਨਹੀਂ ਮਿਲਦੀ।" ਉਨ੍ਹਾਂ ਕਿਹਾ ਕਿ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਹਨ ਜਦੋਂ ਕਲਾਕਾਰਾਂ ਨੇ ਆਪਣੀ ਕਲਾ ਦੀ ਵਰਤੋਂ ਸਮਾਜ ਦੀ ਭਲਾਈ ਲਈ ਕੀਤੀ। ਉਹ ਆਪਣੀ ਕਲਾ ਰਾਹੀਂ ਸਮਾਜ ਨੂੰ ਜਾਗਰੂਕ ਕਰਦੇ ਰਹੇ ਹਨ। ਸਾਡੀ ਕਲਾ ਭਾਰਤ ਦੀ ਸੂਖਮ ਤਾਕਤ ਦੀ ਸਭ ਤੋਂ ਵੱਡੀ ਮਿਸਾਲ ਹੈ। ਇਹੀ ਕਾਰਨ ਹੈ ਕਿ ਇਹ ਭਾਰਤ ਦੀ ਵਿਦੇਸ਼ ਨੀਤੀ ਦਾ ਹਿੱਸਾ ਹੈ।



ਰਾਸ਼ਟਰਪਤੀ ਨੇ ਅਕਾਦਮੀ ਦੀ ਫੈਲੋਸ਼ਿਪ ਤੇ ਐਵਾਰਡ ਹਾਸਲ ਕਰਨ ਵਾਲੇ ਕਲਾਕਾਰਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਉਹ ਆਪਣੀਆਂ ਕਲਾ ਦੀਆਂ ਵੰਨਗੀਆਂ ਅਤੇ ਸੰਗੀਤ ਤੇ ਨਾਟਕ ਰਾਹੀਂ ਭਾਰਤੀ ਕਲਾ ਦੀ ਰਵਾਇਤ ਨੂੰ ਅਮੀਰ ਬਣਾਉਣਾ ਜਾਰੀ ਰੱਖਣਗੇ।

ਇਸ ਮੌਕੇ ਲੋਕ ਗੀਤਕਾਰ ਤੇ ਲੇਖਕ ਵਿਨਾਇਕ ਖੇਡੇਕਰ, ਵੀਣਾ ਵਾਦਕ ਆਰ ਵਿਸ਼ਵੇਸ਼ਵਰਮ, ਕਥਕ ਨ੍ਰਿੱਤਕਾ ਸੁਨੈਨਾ ਹਜ਼ਾਰੀਲਾਲ, ਕੁਚੀਪੁੜੀ ਨ੍ਰਿੱਤਕ ਜੋੜਾ ਰਾਜਾ ਰੈਡੀ ਤੇ ਰਾਧਾ ਰੈਡੀ, ਰੰਗਮੰਚ ਨਿਰਦੇਸ਼ਕ ਦੁਲਾਲ ਰੋਏ ਅਤੇ ਨਾਟਕਕਾਰ ਡੀ.ਪੀ ਸਿਨਹਾ ਨੂੰ ਸੰਗੀਤ ਨਾਟਕ ਅਕਾਦਮੀ ਫੈਲੋਸ਼ਿਪ ਦਿੱਤੀ ਗਈ। ਇਸੇ ਤਰ੍ਹਾਂ ਜੰਮੂ ਕਸ਼ਮੀਰ ਤੋਂ ਅਬਦੁੱਲ ਗੱਫਾਰ ਡਾਰ ਕਨੀਹਮੀ, ਹਿਮਾਚਲ ਪ੍ਰਦੇਸ਼ ਤੋਂ ਕ੍ਰਿਸ਼ਨ ਲਾਲ ਸਹਿਗਲ ਅਤੇ ਹਰਿਆਣਾ ਤੋਂ ਹਰਵਿੰਦਰ ਸਿੰਘ ਨੂੰ ਵੀ ਅਕਾਦਮੀ ਪੁਰਸਕਾਰ ਦਿੱਤਾ ਗਿਆ।

# ਮਾਨ ਸਰਕਾਰ ਵੱਲੋਂ 10 ਹਜ਼ਾਰ ਕਰੋੜ ਮਾਲੀਆ ਇਕੱਠਾ ਕਰਨ ਦਾ ਟੀਚਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਵਿੱਤੀ ਵਰ੍ਹੇ 2024-25 ਲਈ ਨਵੀਂ ਆਬਕਾਰੀ ਨੀਤੀ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਨਵੀਂ ਨੀਤੀ ਅਨੁਸਾਰ ਦਰਾਮਦ ਕੀਤੀ ਜਾਣ ਵਾਲੀ ਵਿਦੇਸ਼ੀ ਸ਼ਰਾਬ ਦੀਆਂ ਕੀਮਤਾਂ ਵਿਚ ਕਟੌਤੀ ਹੋਵੇਗੀ ਜਦੋਂ ਕਿ ਦੇਸੀ ਸ਼ਰਾਬ ਦੇ ਭਾਅ ਵਿਚ ਕੋਈ ਵਾਧਾ ਨਹੀਂ ਹੋਵੇਗਾ।



ਪੰਜਾਬ ਸਰਕਾਰ ਨੇ ਵਿੱਤੀ ਵਰ੍ਹੇ 2024-25 ਵਿਚ ਆਬਕਾਰੀ ਤੋਂ 10 ਹਜ਼ਾਰ ਕਰੋੜ ਰੁਪਏ ਮਾਲੀਆ ਇਕੱਠਾ ਕਰਨ ਦਾ ਟੀਚਾ ਮਿਥਿਆ ਹੈ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਾਧੂ ਮਾਲੀਆ ਜੁਟਾਉਣ ਤੇ ਦੇਸੀ ਸ਼ਰਾਬ ਦੀ ਲੋੜੀਂਦੀ ਮਾਤਰਾ ਯਕੀਨੀ ਬਣਾਉਣ ਲਈ ਵਿੱਤੀ ਵਰ੍ਹੇ 2024-25 ਵਿਚ ਦੇਸੀ ਸ਼ਰਾਬ (ਪੀ.ਐਮ.ਐਲ.) ਦੇ ਕੋਟੇ ਵਿਚ ਪਿਛਲੇ ਸਾਲ ਨਾਲੋਂ ਤਿੰਨ ਫੀਸਦੀ ਭਾਵ 8.286 ਕਰੋੜ ਪਰੂਫ ਲਿਟਰ ਦਾ ਵਾਧਾ ਕੀਤਾ ਗਿਆ ਹੈ ਅਤੇ ਸਾਲ 2024-25 ਵਿਚ ਦੇਸੀ ਸ਼ਰਾਬ ਦੇ ਭਾਅ ਨਹੀਂ ਵਧਾਏ ਜਾਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਕੇਂਦਰੀ ਪੁਲਿਸ ਸੰਗਠਨਾਂ ਨੂੰ ਰਾਹਤ ਦਿੰਦੇ ਹੋਏ ਐੱਲ-1 ਦੀ ਲਾਇਸੈਂਸ ਫੀਸ ਪੰਜ ਲੱਖ ਰੁਪਏ ਤੋਂ ਘਟਾ ਕੇ 25000 ਰੁਪਏ ਕਰ ਦਿੱਤੀ ਗਈ ਹੈ। ਉਧਰ, ਦਰਾਮਦ ਵਿਦੇਸ਼ੀ ਸ਼ਰਾਬ (ਆਈ.ਐਫ.ਐਲ.) ਦੀਆਂ ਕੀਮਤਾਂ ਵੀ ਘਟਣਗੀਆਂ। ਇਸ ਤੋਂ ਇਲਾਵਾ ਸਕਿਓਰਟੀ ਦੀ ਰਾਸ਼ੀ ਵੀ 17 ਫੀਸਦੀ ਤੋਂ ਘਟਾ ਕੇ 15 ਫੀਸਦੀ ਕਰ ਦਿੱਤੀ ਗਈ ਹੈ। ਸ੍ਰੀ ਚੀਮਾ ਨੇ ਕਿਹਾ ਕਿ ਬੀਤੇ ਦੋ ਸਾਲਾਂ ਦੌਰਾਨ ਕਰ ਤੇ ਆਬਕਾਰੀ ਵਿਭਾਗ ਵੱਲੋਂ ਸ਼ੁਰੂ ਕੀਤੇ ਗਏ ਸੁਧਾਰਾਂ ਨੂੰ ਜਾਰੀ ਰੱਖਦਿਆਂ ਪ੍ਰਚੂਨ ਵਿਕਰੀ ਲਾਇਸੈਂਸ ਐੱਲ-2 ਤੇ ਐੱਲ-14 ਏ ਦੀ ਤਾਜ਼ਾ ਅਲਾਟਮੈਂਟ ਡਰਾਅ ਰਾਹੀਂ ਕੀਤੀ ਜਾਵੇਗੀ। ਦੂਜੇ ਪਾਸੇ ਲਾਇਸੈਂਸਾਂ ਲਈ ਸਮੂਹ ਦਾ ਆਕਾਰ ਘਟਾ ਦਿੱਤਾ ਗਿਆ ਹੈ ਅਤੇ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਇਕ ਅਨੁਕੂਲ ਲਾਇਸੈਂਸ ਫੀਸ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਲ 2024-25 ਲਈ ਗਰੁੱਪਾਂ ਦੀ ਗਿਣਤੀ 172 ਤੋਂ ਵਧਾ ਕੇ 232 ਕਰ ਦਿੱਤੀ ਗਈ ਹੈ। ਇਸ ਦੇ ਨਾਲ ਹੀ ਗਰੁੱਪ ਦਾ ਆਕਾਰ 15 ਫ਼ੀਸਦ ਘੱਟ ਜਾਂ ਵੱਧ ਦੇ ਅੰਤਰ ਨਾਲ 35 ਕਰੋੜ ਰੁਪਏ ਰੱਖਿਆ ਗਿਆ ਹੈ। ਪ੍ਰਚੂਨ ਆਈ.ਐਮ.ਐਫ.ਐਲ. ਤੇ ਆਈ.ਐਫ.ਐਲ. ਪਾਸ ਜਾਰੀ ਕਰਨ ਲਈ 200 ਰੁਪਏ ਪ੍ਰਤੀ ਪਰੂਫ ਲਿਟਰ ਅਤੇ ਪ੍ਰਚੂਨ ਬੀਅਰ ਪਾਸ ਜਾਰੀ ਕਰਨ ਸਮੇਂ 50 ਰੁਪਏ ਪ੍ਰਤੀ ਬਲਕ ਲਿਟਰ ਲਾਇਸੈਂਸ ਫੀਸ ਰੱਖੀ ਗਈ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਨਕਲੀ ਸ਼ਰਾਬ ਦੇ ਮੁੱਦੇ ਨਾਲ ਨਜਿੱਠਣ ਲਈ ਇਸ ਨੀਤੀ ਤਹਿਤ ਆਬਕਾਰੀ ਇੰਸਪੈਕਟਰਾਂ ਦੀ ਨਿਗਰਾਨੀ ਹੇਠ ਹੋਏ ਸਮਾਗਮ ਤੋਂ ਬਾਅਦ ਮੈਰਿਜ ਪੈਲੇਸਾਂ ਵਿਚ ਵਰਤੀਆਂ ਜਾਂਦੀਆਂ ਸ਼ਰਾਬ ਦੀਆਂ ਬੋਤਲਾਂ ਨੂੰ ਤੋੜਨਾ ਲਾਜ਼ਮੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਾਰ ਲਾਇਸੈਂਸ ਧਾਰਕਾਂ ਨੂੰ ਹੁਣ ਗਾਹਕਾਂ ਲਈ ਸਵੈ-ਇੱਛਤ ਅਲਕੋਹਲ ਦੇ ਪੱਧਰ ਦੇ ਮੁਲਾਂਕਣ ਲਈ ਅਲਕੋਮੀਟਰ ਪ੍ਰਦਾਨ ਕਰਨੇ ਹੋਣਗੇ ਅਤੇ 'ਸੁਰੱਖਿਅਤ ਰਹੋ-ਸ਼ਰਾਬ ਪੀ ਕੇ ਗੱਡੀ ਨਾ ਚਲਾਓ' ਵਰਗੇ ਜ਼ਿੰਮੇਵਾਰ ਢੰਗ ਨਾਲ ਸ਼ਰਾਬ ਪੀਣ ਦੇ ਨਾਅਰੇ ਨੂੰ ਉਤਸ਼ਾਹਿਤ ਕਰਨ ਵਾਲੇ ਸੁਨੇਹੇ ਵੀ ਲਗਾਉਣੇ ਪੈਣਗੇ। ਦੱਸਣਯੋਗ ਹੈ ਕਿ ਪਿਛਲੀ ਕਾਂਗਰਸ ਸਰਕਾਰ ਦੌਰਾਨ ਆਬਕਾਰੀ ਮਾਲੀਆ ਤੋਂ ਕੁਲੈਕਸ਼ਨ ਮਹਿਜ਼ 6151 ਕਰੋੜ ਰੁਪਏ ਹੋਈ ਸੀ। ਮੰਤਰੀ ਮੰਡਲ ਨੇ ਪੰਜਾਬ ਵਿਚ ਅਨਾਜ ਦੀ ਢੋਆ-ਢੁਆਈ ਲਈ 'ਦਿ ਪੰਜਾਬ ਫੂਡ ਗਰੇਨਜ਼ ਟਰਾਂਸਪੋਰਟੇਸ਼ਨ ਪਾਲਿਸੀ-2024' ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤੋਂ ਇਲਾਵਾ ਦੋ ਕਰੋੜ ਰੁਪਏ ਤੱਕ ਦਾ ਕਾਰੋਬਾਰ ਕਰਨ ਵਾਲੇ ਵਪਾਰੀਆਂ ਨੂੰ ਵੀ ਸਿਹਤ ਬੀਮਾ ਯੋਜਨਾ ਦਾ ਲਾਭ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ ਜਦਕਿ ਇਸ ਤੋਂ ਪਹਿਲਾਂ ਇਹ ਲਾਭ ਇਕ ਕਰੋੜ ਰੁਪਏ ਤੱਕ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਮਿਲਦਾ ਸੀ। ਇਸ ਫੈਸਲੇ ਨਾਲ ਸੂਬੇ ਦੇ ਇਕ ਲੱਖ ਵਪਾਰੀਆਂ ਨੂੰ ਲਾਭ ਮਿਲੇਗਾ। ਇਸ ਤਰ੍ਹਾਂ ਇਸ ਯੋਜਨਾ ਤਹਿਤ ਇਨ੍ਹਾਂ ਵਪਾਰੀਆਂ ਨੂੰ ਪੰਜ ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ। ਮੰਤਰੀ ਮੰਡਲ ਨੇ ਵੈਟ ਦੀ ਅਦਾਇਗੀ ਲਈ ਯਕਮੁਸ਼ਤ ਨਿਪਟਾਰਾ ਸਕੀਮ-2023 (ਓ.ਟੀ.ਐਸ) ਦੀ ਮਿਆਦ 31 ਮਾਰਚ 2024 ਤੋਂ ਵਧਾ ਕੇ 30 ਜੂਨ 2024 ਕਰ ਦਿੱਤੀ ਹੈ। ਇਸ ਸਕੀਮ ਤਹਿਤ ਵਪਾਰੀਆਂ ਪਾਸੋਂ 41,814 ਅਰਜ਼ੀਆਂ ਰਾਹੀਂ 47.50 ਕਰੋੜ ਰੁਪਏ ਇਕੱਤਰ ਹੋਏ ਹਨ ਜਦਕਿ ਸਾਲ 2021 ਦੌਰਾਨ ਓ.ਟੀ.ਐਸ. ਰਾਹੀਂ ਸਿਰਫ਼ 4.37 ਕਰੋੜ ਰੁਪਏ ਇਕੱਤਰ ਹੋਏ ਸਨ ਅਤੇ ਓ.ਟੀ.ਐੱਸ-2 ਰਾਹੀਂ ਮਹਿਜ਼ 4.93 ਕਰੋੜ ਰੁਪਏ ਇਕੱਠੇ ਹੋਏ ਸਨ।

## ਮੈਡੀਕਲ ਅਫਸਰਾਂ ਦੀਆਂ ਅਸਾਮੀਆਂ ਦੀ ਪ੍ਰਵਾਨਗੀ

**ਚੰਡੀਗੜ੍ਹ:** ਮੰਤਰੀ ਮੰਡਲ ਨੇ ਪੰਜਾਬ ਵਾਸੀਆਂ ਨੂੰ ਨਿਰਵਿਘਨ ਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਮੈਡੀਕਲ ਅਫਸਰਾਂ (ਜਨਰਲ) ਦੀਆਂ 189 ਅਸਾਮੀਆਂ ਬਹਾਲ ਕਰਨ ਅਤੇ ਮੈਡੀਕਲ ਅਫਸਰ (ਜਨਰਲ) ਦੀਆਂ 1390 ਅਸਾਮੀਆਂ ਹੋਰ ਸਿਰਜਣ ਦੀ ਪ੍ਰਵਾਨਗੀ ਵੀ ਦਿੱਤੀ ਹੈ। ਮੈਡੀਕਲ ਅਫਸਰ (ਜਨਰਲ) ਦੀਆਂ 1940 ਖਾਲੀ ਅਸਾਮੀਆਂ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਥਾਂ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼, ਫ਼ਰੀਦਕੋਟ ਰਾਹੀਂ ਭਰਿਆ ਜਾਵੇਗਾ।

## ਜਾਖੜ ਵੱਲੋਂ ਅਕਾਲੀ ਦਲ ਨਾਲ ਗੱਠਜੋੜ ਦੀ ਹਮਾਇਤ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦੀ ਹਮਾਇਤ ਕਰਦਿਆਂ ਪੰਜਾਬ ਵਿਚ ਅਗਲੀਆਂ ਲੋਕ ਸਭਾ ਚੋਣਾਂ ਲਈ ਚੋਣ ਮੁਹਿੰਮ ਦਾ ਬਿਗਲ ਵਜਾ ਦਿੱਤਾ ਹੈ। ਜਾਖੜ ਨੇ 'ਸੰਕਲਪ ਪੱਤਰ' ਦੀ ਤਿਆਰੀ ਲਈ ਲੋਕਾਂ ਤੋਂ ਸੁਝਾਅ ਲੈਣ ਲਈ ਪਿੰਡਾਂ-ਸ਼ਹਿਰਾਂ ਵਾਸਤੇ ਵੈਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਚੇਤੇ ਰਹੇ ਕਿ ਸੁਨੀਲ ਜਾਖੜ ਨੇ 2 ਮਾਰਚ ਨੂੰ ਲੋਕਾਂ ਦੀ ਇੱਛਾ ਦੇ ਹਵਾਲੇ ਨਾਲ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦੀ ਹਮਾਇਤ ਕੀਤੀ ਸੀ।



ਉਨ੍ਹਾਂ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਸੰਘਵਾਦ ਵਿਚ ਖੇਤਰੀ ਪਾਰਟੀਆਂ ਦੀ ਅਹਿਮ ਭੂਮਿਕਾ ਹੈ ਜਿਨ੍ਹਾਂ ਵੱਲੋਂ ਕਿਸੇ ਖ਼ਾਸ ਖ਼ਿੱਤੇ ਦੇ ਲੋਕਾਂ ਦੀਆਂ ਭਾਵਨਾਵਾਂ ਤੇ ਇੱਛਾਵਾਂ ਦੀ ਤਰਜਮਾਨੀ ਕੀਤੀ ਜਾਂਦੀ ਹੈ। ਪੰਜਾਬ ਇਕ ਘੱਟ ਗਿਣਤੀ ਦਾ ਪ੍ਰਤੀਨਿਧ ਸੂਬਾ ਹੈ ਜਿਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲੋਕ ਦੇਖਣਾ ਚਾਹੁੰਦੇ ਹਨ ਤਾਂ ਕਿ ਕੇਂਦਰ 'ਚ ਉਨ੍ਹਾਂ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਰੱਖਿਆ ਜਾ ਸਕੇ। ਸ੍ਰੀ ਜਾਖੜ ਨੇ ਪੰਜਾਬ ਲੀਡਰਸ਼ਿਪ ਤਰਫ਼ੋਂ ਆਪਣੀ ਸਿਆਸੀ ਭਾਵਨਾ ਦਰਸਾ ਦਿੱਤੀ ਹੈ ਜਿਸ ਤੋਂ ਜਾਪਦਾ ਹੈ ਕਿ ਜਲਦ ਅਕਾਲੀ ਦਲ ਤੇ ਭਾਜਪਾ ਦਰਮਿਆਨ ਗੱਠਜੋੜ ਹੋਣ ਦੀ ਖ਼ਬਰ ਸਾਹਮਣੇ ਆ ਸਕਦੀ ਹੈ। ਉਨ੍ਹਾਂ ਕਿਹਾ ਕਿ 'ਆਪ' ਤੇ ਕਾਂਗਰਸ ਤਾਂ ਆਪਸ ਵਿਚ ਮਿਲ ਗਏ ਹਨ ਜਿਸ ਕਰਕੇ ਲੋਕ ਇਨ੍ਹਾਂ ਨੂੰ ਨਕੇਲ ਪਾਉਣ ਵਾਸਤੇ ਨਵੇਂ ਗੱਠਜੋੜ ਵੱਲ ਦੇਖ ਰਹੇ ਹਨ ਜਿਸ ਸਬੰਧੀ ਆਖ਼ਰੀ ਫ਼ੈਸਲਾ ਪਾਰਟੀ ਹਾਈ ਕਮਾਨ ਨੇ ਲੈਣਾ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਤਰਫ਼ੋਂ ਸੂਬੇ ਵਿਚ 13 ਸੀਟਾਂ ਵਾਸਤੇ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਦੇ ਆਮ ਲੋਕਾਂ ਨੂੰ ਫਿਰੌਤੀਆਂ ਦੇ ਫ਼ੋਨ ਖੜਕ ਰਹੇ ਹਨ ਜਦਕਿ ਕਾਂਗਰਸੀਆਂ ਨੂੰ ਵਿਜੀਲੈਂਸ ਦੇ ਫੋਨ ਡਰਾ ਰਹੇ ਹਨ। ਜਾਖੜ ਨੇ ਕਿਹਾ ਕਿ ਕਾਂਗਰਸ ਨੇ ਤਾਂ ਪੰਜਾਬ ਵਿਚ 'ਆਪ' ਸਰਕਾਰ ਅੱਗੇ ਗੋਡੇ ਟੇਕ ਦਿੱਤੇ ਹਨ। ਕਿਸਾਨ ਅੰਦੋਲਨ ਦੇ ਸੰਦਰਭ ਵਿਚ ਜਾਖੜ ਨੇ ਕਿਹਾ ਕਿ ਕਿਸਾਨ ਲੀਡਰਸ਼ਿਪ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਘੋਲ ਲਈ ਨਾ ਵਰਤਣ। ਉਨ੍ਹਾਂ ਇਹ ਵੀ ਦੱਸਿਆ ਕਿ ਮੋਦੀ ਦੀ ਗਾਰੰਟੀ ਵਾਲਾ 'ਸੰਕਲਪ ਪੱਤਰ' ਪੰਜਾਬ ਵਿਚ ਤਿਆਰ ਕਰਨ ਵਾਸਤੇ ਪਿੰਡਾਂ ਵਿਚ ਦੋ-ਦੋ ਵੈਨਾਂ ਭੇਜੀਆਂ ਜਾ ਰਹੀਆਂ ਹਨ ਅਤੇ ਲੋਕਾਂ ਤੋਂ ਸੁਝਾਓ ਲਏ ਜਾਣਗੇ। ਸੁਝਾਓ ਪੇਟੀਆਂ ਵਿਚ ਲੋਕ ਆਪਣੇ ਮਸ਼ਵਰੇ ਪਾ ਸਕਣਗੇ।

## ਬਿਜਲੀ ਲੋਡ ਵਧਾਉਣ ਲਈ ਨਵੀਂ ਯੋਜਨਾ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਲਈ ਮੋਟਰਾਂ ਦਾ ਲੋਡ ਵਧਾਉਣ ਵਾਸਤੇ ਸਵੈ ਘੋਸ਼ਣਾ ਸਕੀਮ (ਵੀ.ਡੀ.ਐਸ.) ਦਾ ਐਲਾਨ ਕੀਤਾ ਹੈ ਜਿਸ ਤਹਿਤ ਕਿਸਾਨ ਰਿਆਇਤੀ ਦਰਾਂ 'ਤੇ ਆਪਣੀਆਂ ਖੇਤੀ ਮੋਟਰਾਂ ਦਾ ਬਿਜਲੀ ਲੋਡ ਵਧਾ ਸਕਣਗੇ। 'ਐਕਸ' ਉਤੇ ਪੋਸਟ ਸਾਂਝੀ ਕਰਕੇ ਉਨ੍ਹਾਂ ਸਕੀਮ ਬਾਰੇ ਜਾਣਕਾਰੀ ਦਿੱਤੀ। ਸਰਕਾਰ ਨੇ ਇਸ ਤੋਂ ਪਹਿਲਾਂ 9 ਜੂਨ 2022 ਨੂੰ ਵੀ ਇਹ ਸਕੀਮ ਐਲਾਨੀ ਸੀ ਤੇ ਉਸ ਵੇਲੇ ਸੂਬੇ ਦੇ 1.96 ਲੱਖ ਕਿਸਾਨਾਂ ਨੇ ਮੋਟਰਾਂ ਦਾ ਕਰੀਬ 8 ਲੱਖ ਬੀ.ਐਚ.ਪੀ. ਲੋਡ ਵਧਾਇਆ ਸੀ, ਜਿਸ ਨਾਲ ਕਿਸਾਨਾਂ ਦੀ ਕਰੀਬ 180 ਕਰੋੜ ਦੀ ਬੱਚਤ ਹੋਈ ਸੀ।



ਯੋਜਨਾ ਅਨੁਸਾਰ ਖੇਤੀ ਮੋਟਰਾਂ ਦਾ ਲੋਡ ਵਧਾਉਣ ਵਾਸਤੇ ਕਿਸਾਨਾਂ ਤੋਂ ਹੁਣ ਪਹਿਲਾਂ ਤੋਂ ਤੈਅ ਸਰਵਿਸ ਕੁਨੈਕਸ਼ਨ ਚਾਰਜ 4750 ਰੁਪਏ ਦੀ ਥਾਂ 2500 ਰੁਪਏ ਪ੍ਰਤੀ ਹਾਰਸ ਪਾਵਰ ਲਏ ਜਾਣਗੇ, ਸਕਿਓਰਿਟੀ 400 ਰੁਪਏ ਪ੍ਰਤੀ ਹਾਰਸ ਪਾਵਰ ਦੀ ਥਾਂ 200 ਰੁਪਏ ਪ੍ਰਤੀ ਹਾਰਸ ਪਾਵਰ ਹੋਵੇਗੀ। ਘਰੇਲੂ ਖ਼ਪਤਕਾਰ ਨੂੰ ਵੀ ਇਸ ਸਕੀਮ ਦਾ ਲਾਭ ਮਿਲੇਗਾ। ਘਰੇਲੂ ਖਪਤਕਾਰਾਂ ਤੋਂ ਹੁਣ ਦੋ ਕਿਲੋਵਾਟ ਤੱਕ 450 ਰੁਪਏ ਦੀ ਥਾਂ 225 ਰੁਪਏ ਪ੍ਰਤੀ ਕਿਲੋਵਾਟ ਲਏ ਜਾਣਗੇ। ਦੋ ਕਿਲੋਵਾਟ ਤੋਂ ਸੱਤ ਕਿਲੋਵਾਟ ਤੱਕ ਪ੍ਰਤੀ ਕਿਲੋਵਾਟ ਇੱਕ ਹਜ਼ਾਰ ਰੁਪਏ ਤੋਂ 500 ਰੁਪਏ, 7 ਤੋਂ 50 ਕਿਲੋਵਾਟ ਤੱਕ ਪ੍ਰਤੀ ਕਿਲੋਵਾਟ 1500 ਤੋਂ ਘਟਾ ਕੇ 750 ਰੁਪਏ, 50 ਤੋਂ 100 ਕਿਲੋਵਾਟ ਕੇ.ਵੀ.ਕੇ. ਤੱਕ ਪ੍ਰਤੀ ਕਿਲੋਵਾਟ 1750 ਰੁਪਏ ਤੋਂ ਘਟਾ ਕੇ 875 ਰੁਪਏ ਪ੍ਰਤੀ ਕਿਲੋਵਾਟ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਹੀ 7 ਕਿਲੋਵਾਟ ਤੱਕ ਵਾਲੇ ਵਪਾਰਕ ਖਪਤਕਾਰਾਂ ਲਈ ਪ੍ਰਤੀ ਕਿਲੋਵਾਟ ਰਾਸ਼ੀ ਇਕ ਹਜ਼ਾਰ ਤੋਂ ਘਟਾ ਕੇ 500 ਰੁਪਏ ਕਰ ਦਿੱਤੀ ਹੈ।

## ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਸਰਕਾਰ ਨੂੰ ਰਿਕਾਰਡ ਆਮਦਨ

**ਚੰਡੀਗੜ੍ਹ:** ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਸਰਕਾਰ ਦੇ ਖਜ਼ਾਨੇ ਵਿਚ ਹਰ ਸਾਲ ਵਾਧਾ ਹੋ ਰਿਹਾ ਹੈ। 2023-24 ਵਿਚ ਪਿਛਲੇ ਤਿੰਨ ਵਿੱਤੀ ਸਾਲਾਂ ਦੇ ਮੁਕਾਬਲੇ ਰਜਿਸਟਰੀਆਂ ਤੋਂ ਸਰਕਾਰ ਨੂੰ ਰਿਕਾਰਡ ਆਮਦਨ ਹੋਈ ਹੈ।

ਜਿੰਪਾ ਨੇ ਦੱਸਿਆ ਕਿ 2023-24 ਫਰਵਰੀ ਤੱਕ ਖਜ਼ਾਨੇ ਵਿਚ 3912.67 ਕਰੋੜ ਰੁਪਏ ਆ ਚੁੱਕੇ ਹਨ; ਮਾਰਚ ਦੀ ਆਮਦਨ ਇਸ ਵਿਚ ਹਾਲੇ ਜੁੜਨੀ ਹੈ। ਵਿੱਤੀ ਸਾਲ 2022-23 ਵਿਚ ਇਹੀ ਆਮਦਨ 3515.27 ਕਰੋੜ ਰੁਪਏ ਸੀ ਜਦਕਿ 2021-22 ਵਿਚ ਸਰਕਾਰ ਨੂੰ 3299.35 ਕਰੋੜ ਰੁਪਏ ਦੀ ਆਮਦਨ ਹੋਈ ਸੀ। ਉਨ੍ਹਾਂ ਕਿਹਾ ਕਿ ਇਹ ਆਮਦਨ ਇਸ ਸਾਲ ਹੋਰ ਵਧਣ ਦੀ ਸੰਭਾਵਨਾ ਹੈ ਕਿਉਂਕਿ ਮੁੱਖ ਮੰਤਰੀ ਨੇ ਐਨ.ਓ.ਸੀ. ਦੀ ਸ਼ਰਤ ਹਟਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੇ ਕੰਮਕਾਜ ਸਬੰਧੀ ਸ਼ਿਕਾਇਤ ਹੈਲਪਲਾਈਨ ਨੰਬਰ 8184900002 'ਤੇ ਦਰਜ ਕੀਤੀ ਜਾ ਸਕਦੀ ਹੈ। ਪਰਵਾਸੀ ਭਾਰਤੀ ਆਪਣੀ ਲਿਖਤੀ ਸ਼ਿਕਾਇਤ 9464100168 ਉਤੇ ਦਰਜ ਕਰਵਾ ਸਕਦੇ ਹਨ।

# ਮੁੱਖ ਮੰਤਰੀ ਦੀ ਕੋਠੀ ਵੱਲ ਵਧਦੇ ਏਡਿਡ ਸਕੂਲਾਂ ਦੇ ਮੁਲਾਜ਼ਮਾਂ ਦੀ ਖਿੱਚ-ਧੂਹ

**ਸੰਗਰੂਰ:** ਏਡਿਡ ਸਕੂਲਾਂ ਦੇ ਪੰਜਾਬ ਭਰ ਤੋਂ ਪੁੱਜੇ ਅਣਏਡਿਡ ਮੁਲਾਜ਼ਮਾਂ ਨੇ ਮੁੱਖ ਮੰਤਰੀ ਦੀ ਕੋਠੀ ਅੱਗੇ ਰੋਸ ਧਰਨਾ ਦਿੱਤਾ ਅਤੇ ਮੰਗਾਂ ਪੂਰੀਆਂ ਨਾ ਕੀਤੇ ਜਾਣ ਦੇ ਰੋਸ ਵਜੋਂ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਖਿੱਚ-ਧੂਹ ਵੀ ਹੋਈ ਪਰ ਪੁਲਿਸ ਨੇ ਉਨ੍ਹਾਂ ਨੂੰ ਅੱਗੇ ਨਾ ਵਧਣ ਦਿੱਤਾ।



ਜਾਣਕਾਰੀ ਅਨੁਸਾਰ ਵੱਖ-ਵੱਖ ਜ਼ਿਲ੍ਹਿਆਂ ਤੋਂ ਪੁੱਜੇ ਏਡਿਡ ਸਕੂਲਾਂ ਦੇ ਅਣਏਡਿਡ ਮੁਲਾਜ਼ਮ ਕੌਮੀ ਮਾਰਗ-7 ਦੇ ਪਟਿਆਲਾ ਬਾਈਪਾਸ ਓਵਰਬ੍ਰਿਜ ਨੇੜੇ ਇਕੱਠੇ ਹੋਏ, ਜਿਥੇ ਉਨ੍ਹਾਂ ਰੋਸ ਰੈਲੀ ਕੀਤੀ। ਇਸ ਮਗਰੋਂ ਰੋਸ ਮਾਰਚ ਕਰਦੇ ਹੋਏ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਗੇਟ ਕੋਲ ਪੁੱਜੇ ਜਿਥੇ ਪਹਿਲਾਂ ਤੋਂ ਤਾਇਨਾਤ ਪੁਲਿਸ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਿਆ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਕਾਰ ਖਿੱਚ-ਧੂਹ ਹੋਈ। ਅੱਗੇ ਨਾ ਵਧਣ ਦੇਣ 'ਤੇ ਪ੍ਰਦਰਸ਼ਨਕਾਰੀਆਂ ਨੇ ਉਥੇ ਹੀ ਧਰਨਾ ਆਰੰਭ ਦਿੱਤਾ।

ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਨਿਰਭੈ ਸਿੰਘ, ਮੀਤ ਪ੍ਰਧਾਨ ਸੁਖਚੈਨ ਸਿੰਘ ਗੁਰਦਾਸਪੁਰ ਅਤੇ ਸੂਬਾ ਪ੍ਰੈੱਸ ਸਕੱਤਰ ਵਰਿੰਦਰ ਸਿੰਘ ਸੰਗਰੂਰ ਨੇ ਕਿਹਾ ਕਿ 31 ਜਨਵਰੀ ਨੂੰ ਯੂਨੀਅਨ ਦੀ ਕੈਬਨਿਟ ਸਬ-ਕਮੇਟੀ ਨਾਲ ਮੀਟਿੰਗ ਹੋਈ ਸੀ ਜਿਸ ਦੌਰਾਨ ਸਿੱਖਿਆ ਵਿਭਾਗ ਨੂੰ ਅਣਏਡਿਡ ਸਟਾਫ਼ ਦਾ ਪੂਰਾ ਡਾਟਾ ਇਕੱਤਰ ਕਰਨ ਲਈ ਕਿਹਾ ਗਿਆ ਸੀ ਪਰ ਸਿੱਖਿਆ ਵਿਭਾਗ ਵੱਲੋਂ ਅਣਏਡਿਡ ਸਟਾਫ਼ ਦੀ ਸਿਰਫ ਗਿਣਤੀ ਹੀ ਮੰਗੀ ਗਈ ਤੇ ਮੰਗਾਂ ਨੂੰ ਗੰਭੀਰਤਾ ਨਾਲ ਲੈ ਕੇ ਹੱਲ ਨਹੀਂ ਕੀਤਾ ਗਿਆ ਜਿਸ ਕਾਰਨ ਰੋਹ ਵਿਚ ਆਏ ਅਣਏਡਿਡ ਮੁਲਾਜ਼ਮਾਂ ਨੂੰ ਸੰਘਰਸ਼ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਏਡਿਡ ਸਕੂਲਾਂ ਦੀ ਗਿਣਤੀ 484 ਸੀ, ਜੋ ਹੁਣ ਘੱਟ ਕੇ 437 ਰਹਿ ਗਈ ਹੈ। ਇਨ੍ਹਾਂ ਸਕੂਲਾਂ ਵਿਚ ਢਾਈ ਲੱਖ ਦੇ ਕਰੀਬ ਵਿਦਿਆਰਥੀ ਪੜ੍ਹਦੇ ਹਨ। ਇਨ੍ਹਾਂ ਸਕੂਲਾਂ ਵਿਚ ਲੰਮੇ ਸਮੇਂ ਤੋਂ ਸਟਾਫ਼ ਸਿਰਫ਼ ਨਿਗੂਣੀਆਂ ਤਨਖਾਹਾਂ 'ਤੇ ਸੇਵਾਵਾਂ ਨਿਭਾਅ ਰਿਹਾ ਹੈ, ਪਰ ਵਾਰ-ਵਾਰ ਮੀਟਿੰਗਾਂ ਹੋਣ ਦੇ ਬਾਵਜੂਦ ਸਟਾਫ਼ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ।

## ਮੁੱਖ ਮੰਤਰੀ ਦੇ ਝੂਠੇ ਦਾਅਵਿਆਂ ਕਾਰਨ ਟੈਂਕੀਆਂ 'ਤੇ ਚੜ੍ਹੇ ਅਧਿਆਪਕ: ਬਾਜਵਾ

**ਚੰਡੀਗੜ੍ਹ:** ਕਾਂਗਰਸ ਪਾਰਟੀ ਦੇ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ 168 ਡੀ.ਪੀ.ਆਈ. ਅਧਿਆਪਕਾਂ ਦੀ ਹਮਾਇਤ ਕਰਦਿਆਂ ਕਿਹਾ ਕਿ ਅਧਿਆਪਕਾਂ ਨੇ ਟੈਂਕੀਆਂ 'ਤੇ ਚੜ੍ਹ ਕੇ ਮੁੱਖ ਮੰਤਰੀ ਵੱਲੋਂ ਵਿਧਾਨ ਸਭਾ ਵਿੱਚ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਝੂਠੇ ਦਾਅਵਿਆਂ ਦਾ ਪਰਦਾਫਾਸ਼ ਕਰ ਦਿੱਤਾ ਹੈ। ਸ੍ਰੀ ਬਾਜਵਾ ਨੇ ਸੂਬਾ ਸਰਕਾਰ 'ਤੇ ਡੀ.ਪੀ.ਆਈ. ਦੇ 168 ਅਧਿਆਪਕਾਂ ਨਾਲ ਧੋਖਾ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਕੋਲ ਨਿਯੁਕਤੀਆਂ ਤੇ ਸਕੂਲ ਅਲਾਟਮੈਂਟ ਪੱਤਰ ਹਨ ਪਰ 'ਆਪ' ਸਰਕਾਰ ਉਨ੍ਹਾਂ ਨੂੰ ਸਕੂਲਾਂ ਵਿਚ ਦਾਖ਼ਲ ਹੋਣ ਦੀ ਆਗਿਆ ਨਹੀਂ ਦੇ ਰਹੀ ਇਸੇ ਕਰਕੇ ਅਧਿਆਪਕ ਧੂਰੀ ਵਿਧਾਨ ਸਭਾ ਹਲਕੇ ਵਿਚ ਪਾਣੀ ਦੀ ਟੈਂਕੀ 'ਤੇ ਚੜ੍ਹ ਗਏ ਹਨ।

**Punjab Times**

**Established in 2000**
**25thYear in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਧਾਨ ਸਭਾ 'ਚ ਪੇਸ਼ ਤਿੰਨ ਰਿਪੋਰਟਾਂ ਨੇ ਕਰੋੜਾਂ ਦੇ ਘਪਲਿਆਂ ਦੇ ਪਾਜ ਉਧੇੜੇ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਪੇਸ਼ ਤਿੰਨ ਰਿਪੋਰਟਾਂ ਨੇ ਕਰੋੜਾਂ ਰੁਪਏ ਦੇ ਘਪਲਿਆਂ ਦੇ ਪਾਜ ਉਧੇੜ ਦਿੱਤੇ। ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਰਿਪੋਰਟ ਪੇਸ਼ ਕੀਤੀ ਜਿਸ ਵਿਚ ਸਿੱਧੀ ਅਫਸਰਸ਼ਾਹੀ 'ਤੇ ਉਂਗਲ ਚੁੱਕੀ ਗਈ ਹੈ।

ਇਸ ਰਿਪੋਰਟ ਨਾਲ ਸਹਿਕਾਰਤਾ ਵਿਭਾਗ ਦੀਆਂ ਨਾਕਾਮੀਆਂ ਅਤੇ ਖਜ਼ਾਨੇ ਦੀ ਲੁੱਟ ਨੂੰ ਲੈ ਕੇ ਪਿਛਲੀਆਂ ਸਰਕਾਰਾਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਗਿਆ। ਗੁਰਪ੍ਰੀਤ ਬਣਾਂਵਾਲੀ ਨੇ ਰਿਪੋਰਟ ਪੇਸ਼ ਕਰਦਿਆਂ ਪੰਜਾਬ ਖੇਤੀ ਵਿਕਾਸ ਬੈਂਕਾਂ, ਮਾਰਕਫੈਡ ਅਤੇ ਸਹਿਕਾਰੀ ਅਦਾਰਿਆਂ ਵਿਚ ਹੋਈ ਅਣਗਹਿਲੀ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਕਰੋੜਾਂ ਦੇ ਘਪਲਿਆਂ 'ਤੇ ਅਫਸਰਸ਼ਾਹੀ ਨੇ ਪਰਦਾ ਪਾਈ ਰੱਖਿਆ। ਰਿਪੋਰਟਾਂ ਦੇ ਬਾਵਜੂਦ ਕਿਤੇ ਪੁਲਿਸ ਕੇਸ ਦਰਜ ਨਹੀਂ ਹੋਇਆ। ਜੇ ਕੇਸ ਦਰਜ ਹੋਇਆ, ਉਥੇ ਚਲਾਨ ਪੇਸ਼ ਨਹੀਂ ਹੋਇਆ। ਗੋਦਾਮਾਂ ਵਿਚੋਂ ਅਨਾਜ ਚੋਰੀ ਦੇ ਮਾਮਲਿਆਂ ਵਿਚ ਸਿਰਫ ਚੌਕੀਦਾਰਾਂ 'ਤੇ ਕਾਰਵਾਈ ਕਰਕੇ ਪੱਲਾ ਝਾੜਿਆ ਗਿਆ ਅਤੇ ਜ਼ਿੰਮੇਵਾਰ ਅਫਸਰਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਖੇਤੀ ਵਿਕਾਸ ਬੈਂਕਾਂ ਵੱਲੋਂ ਕਰਜ਼ਾ ਦੇਣ ਮੌਕੇ ਜੋ ਜ਼ਮੀਨ ਗਿਰਵੀ ਕਰਨ ਦੀ ਮਾਲ ਮਹਿਕਮੇ ਵਿਚ ਐਂਟਰੀ ਪਵਾਈ ਗਈ, ਉਨ੍ਹਾਂ ਵਿਚੋਂ ਪੰਜ ਹਜ਼ਾਰ ਐਂਟਰੀਆਂ ਹੀ ਗਾਇਬ ਹਨ। ਐਂਟਰੀਆਂ ਗਾਇਬ ਹੋਣ ਦਾ ਮਤਲਬ ਹੈ ਕਿ ਪੰਜ ਹਜ਼ਾਰ ਏਕੜ ਜ਼ਮੀਨ ਬੈਂਕਾਂ ਕੋਲ ਗਿਰਵੀ ਸੀ, ਉਹ ਹੁਣ ਰਿਲੀਜ਼ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਅਧਿਕਾਰੀ ਆਖਦੇ ਹਨ ਕਿ ਇਕ ਹਜ਼ਾਰ ਐਂਟਰੀ ਮੁੜ ਸੁਰਜੀਤ ਕਰ ਲਈ ਗਈ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਐਂਟਰੀਆਂ ਗਾਇਬ ਹੋਣ ਨਾਲ ਕਰਜ਼ਾ ਡੁੱਬ ਜਾਣਾ ਹੈ। ਇਹ ਵੀ ਕਿਹਾ ਕਿ ਜਿਨ੍ਹਾਂ ਸਰਕਾਰੀ ਮੁਲਾਜ਼ਮਾਂ ਨੇ ਸਹਿਕਾਰੀ ਬੈਂਕਾਂ ਤੋਂ ਕਰਜ਼ੇ ਲਏ ਹੋਏ ਹਨ, ਉਨ੍ਹਾਂ ਨੇ ਕਰਜ਼ੇ ਨਹੀਂ ਮੋੜੇ ਅਤੇ ਇਸ ਦੇ ਬਾਵਜੂਦ ਖੇਤੀ ਵਿਕਾਸ ਬੈਂਕਾਂ ਨੇ ਮੁਲਾਜ਼ਮਾਂ ਤੋਂ ਵਸੂਲੀ ਲਈ ਕੋਈ ਕਦਮ ਨਹੀਂ ਚੁੱਕਿਆ। ਉਨ੍ਹਾਂ ਕਿਹਾ ਕਿ ਕੇਂਦਰੀ ਖੁਰਾਕ ਮੰਤਰਾਲੇ ਵੱਲੋਂ ਸੀ.ਸੀ.ਐਲ. ਵਿਚ ਆਏ ਫਰਕ ਨੂੰ ਲੈ ਕੇ ਜੋ 31 ਹਜ਼ਾਰ ਕਰੋੜ ਦੇ ਬਕਾਇਆਂ ਨੂੰ ਕਰਜ਼ੇ ਵਿਚ ਤਬਦੀਲ ਕੀਤਾ ਗਿਆ, ਉਸ ਵਿਚ ਵੱਡਾ ਗੋਲਮਾਲ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਫਰਕ ਵਾਲੀ ਮੂਲ ਰਾਸ਼ੀ 12 ਹਜ਼ਾਰ ਕਰੋੜ ਸੀ ਜਿਸ 'ਤੇ 19 ਹਜ਼ਾਰ ਕਰੋੜ ਵਿਆਜ ਪਾਇਆ ਗਿਆ। ਤਤਕਾਲੀ ਸਰਕਾਰ ਨੇ 31 ਹਜ਼ਾਰ ਕਰੋੜ ਰੁਪਏ ਨੂੰ ਕਰਜ਼ੇ ਵਿਚ ਤਬਦੀਲ ਕਰਾ ਲਿਆ। ਇਸ ਲਿਹਾਜ਼ ਨਾਲ ਪੰਜਾਬ ਸਰਕਾਰ 'ਤੇ ਸਮੁੱਚੀ ਰਾਸ਼ੀ ਉਤਾਰਨ ਤੱਕ 63 ਹਜ਼ਾਰ ਕਰੋੜ ਦਾ ਬੋਝ ਪੈ ਜਾਣਾ ਹੈ।

## ਭਾਜਪਾ ਹੁਣ ਪੰਜਾਬ ਸਰਕਾਰ ਤੋੜਨਾ ਚਾਹੁੰਦੀ: ਕੇਜਰੀਵਾਲ

**ਮੁਹਾਲੀ:** ਆਮ ਆਦਮੀ ਪਾਰਟੀ (ਆਪ) ਮੁਖੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਭਾਜਪਾ 'ਅਪਰੇਸ਼ਨ ਲੋਟਸ' ਤਹਿਤ ਪੰਜਾਬ ਸਰਕਾਰ ਨੂੰ ਤੋੜਨਾ ਚਾਹੁੰਦੀ ਹੈ।

ਮੁਹਾਲੀ ਵਿਚ 'ਆਪ' ਦੀ ਚੋਣ ਮੁਹਿੰਮ ਦੇ ਆਗਾਜ਼ ਮੌਕੇ ਕੇਜਰੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਬਿਨਾਂ ਵਜ੍ਹਾ ਤੰਗ-ਪ੍ਰੇਸ਼ਾਨ ਕਰਨ ਲਈ ਜਾਂਚ ਏਜੰਸੀਆਂ ਨੂੰ ਵਰਤ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਹੁਣ 'ਅਪਰੇਸ਼ਨ ਲੋਟਸ' ਤਹਿਤ ਪੰਜਾਬ ਸਰਕਾਰ ਨੂੰ ਤੋੜਨ ਲਈ ਹਰ ਹੀਲਾ ਵਰਤ ਰਹੀ ਹੈ। ਕੇਂਦਰ ਖ਼ਿਲਾਫ਼ ਬੋਲਣ ਦੀ ਹਿੰਮਤ ਕਰਨ ਵਾਲੇ ਵਿਰੋਧੀ ਆਗੂ ਦੇ ਘਰ ਈ.ਡੀ. ਭੇਜ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ 'ਆਪ' ਦੀ ਚੋਣ ਮੁਹਿੰਮ ਦੌਰਾਨ ਪੰਜਾਬ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਵਿਚ ਕੀਤੇ ਕੰਮਾਂ ਦਾ ਵੇਰਵਾ ਵੀ ਤਿਆਰ ਕੀਤਾ ਗਿਆ ਹੈ। ਇਨ੍ਹਾਂ ਦੀ ਮਦਦ ਨਾਲ ਪਾਰਟੀ ਸਿੱਧੇ ਤੌਰ 'ਤੇ ਲੋਕਾਂ ਨਾਲ ਜੁੜਨ ਦੀ ਕੋਸ਼ਿਸ਼ ਕਰੇਗੀ।

## ਅਕਾਲੀ ਦਲ ਨਾਲ ਗੱਠਜੋੜ ਬਾਰੇ ਹਾਈਕਮਾਂਡ ਦਾ ਫੈਸਲਾ ਮਨਜ਼ੂਰ ਹੋਵੇਗਾ: ਅਸ਼ਵਨੀ ਸ਼ਰਮਾ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਤੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਭਾਜਪਾ ਨੇ ਲੋਕ ਸਭਾ ਚੋਣਾਂ ਲਈ 13 ਸੀਟਾਂ 'ਤੇ ਤਿਆਰੀਆਂ ਕਰ ਲਈਆਂ ਹਨ। 13 ਸੀਟਾਂ ਲਈ 231 ਉਮੀਦਵਾਰ ਅੱਗੇ ਆਏ ਹਨ। ਉਨ੍ਹਾਂ ਕਿਹਾ ਕਿ ਜਦੋਂਕਿ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਬਾਰੇ ਫੈਸਲਾ ਪਾਰਟੀ ਹਾਈਕਮਾਂਡ ਵੱਲੋਂ ਲਿਆ ਜਾਵੇਗਾ। ਗੱਠਜੋੜ ਬਾਰੇ ਪਾਰਟੀ ਹਾਈਕਮਾਂਡ ਦਾ ਫੈਸਲਾ ਉਨ੍ਹਾਂ ਨੂੰ ਮਨਜ਼ੂਰ ਹੋਵੇਗਾ।

ਉਨ੍ਹਾਂ ਕਿਹਾ ਕਿ ਦੇਸ਼ ਵਿਚ ਇੰਡੀਆ ਗੱਠਜੋੜ ਦੇ ਨਾਮ ਉਤੇ 'ਆਪ' ਤੇ ਕਾਂਗਰਸ ਲੋਕਾਂ ਨੂੰ ਗੁਮਰਾਹ ਕਰ ਰਹੀਆਂ ਹਨ, ਜੋ ਕਿ ਦਿੱਲੀ, ਹਰਿਆਣਾ, ਗੁਜਰਾਤ ਵਿਚ ਇਕੱਠੇ ਚੋਣਾਂ ਲੜ ਰਹੀਆਂ ਹਨ, ਪਰ ਪੰਜਾਬ ਵਿਚ ਵੱਖ-ਵੱਖ ਹੋ ਕੇ ਚੋਣਾਂ ਲੜੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ 'ਆਪ' ਤੇ ਕਾਂਗਰਸ ਦੀਆਂ ਗੱਲਾਂ ਵਿਚ ਨਹੀਂ ਆਉਣਗੇ।

ਸ੍ਰੀ ਸ਼ਰਮਾ ਨੇ ਕਿਹਾ ਕਿ 'ਆਪ' ਨੇ ਕਿਸਾਨਾਂ ਨੂੰ ਐਮ.ਐਸ.ਪੀ. ਦੇਣ ਦਾ ਵਾਧਾ ਕੀਤਾ ਸੀ, ਉਹ ਪੂਰਾ ਨਹੀਂ ਕੀਤਾ। ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ। ਦਿਨ ਦਿਹਾੜੇ ਨੌਜਵਾਨਾਂ ਦੇ ਕਤਲ ਹੋ ਰਹੇ ਹਨ। ਇਸ ਕਰਕੇ ਲੋਕਾਂ ਦੇ ਮਨਾਂ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿਚ ਪੰਜਾਬ ਦਾ ਵਪਾਰੀ ਵਰਗ ਪੰਜਾਬ ਵਿਚੋਂ ਬਾਹਰ ਜਾ ਰਿਹਾ ਹੈ।

## ਉੱਘੇ ਸਾਹਿਤਕਾਰ ਡਾ. ਕਰਨਜੀਤ ਸਿੰਘ ਦੇਹਾਂਤ

**ਨਵੀਂ ਦਿੱਲੀ:** ਪੰਜਾਬੀ ਦੇ ਉੱਘੇ ਸਾਹਿਤਕਾਰ, ਕਵੀ ਤੇ ਅਨੁਵਾਦਕ ਡਾ. ਕਰਨਜੀਤ ਸਿੰਘ ਦਾ ਦਿੱਲੀ ਦੇ ਵਸੰਤ ਕੁੰਜ ਵਿਚਲੇ ਘਰ ਵਿਚ ਦੇਹਾਂਤ ਹੋ ਗਿਆ। ਡਾ. ਕਰਨਜੀਤ ਸਿੰਘ ਦਾ ਸਸਕਾਰ ਲੋਧੀ ਰੋਡ ਸ਼ਮਸ਼ਾਨਘਾਟ ਵਿਚ ਪਰਿਵਾਰਕ ਮੈਂਬਰਾਂ ਤੇ ਨੇੜਲਿਆਂ ਦੀ ਹਾਜ਼ਰੀ ਵਿਚ ਕਰ ਦਿੱਤਾ ਗਿਆ। ਉਨ੍ਹਾਂ ਦਾ ਜਨਮ 12 ਅਪਰੈਲ, 1930 ਨੂੰ ਪੱਟੀ ਜ਼ਿਲ੍ਹਾ ਤਰਨ ਤਾਰਨ ਵਿਚ ਹੋਇਆ ਸੀ। ਉਹ 1957 ਤੋਂ ਲੈ ਕੇ 1961 ਤੱਕ ਲੋਕ ਲਿਖਾਰੀ ਸਭਾ ਅੰਮ੍ਰਿਤਸਰ ਦੇ ਜਨਰਲ ਸਕੱਤਰ ਰਹੇ ਅਤੇ ਬਾਅਦ ਵਿਚ ਪੰਜਾਬੀ ਲੇਖਕ ਸਭਾ ਦਿੱਲੀ ਦੇ ਸੰਸਥਾਪਕਾਂ ਵਿਚ ਵੀ ਸ਼ੁਮਾਰ ਰਹੇ। ਉਨ੍ਹਾਂ ਪਹਿਲਾਂ ਦੋ ਕਾਵਿ ਸੰਗ੍ਰਹਿ 'ਰਿਸ਼ਤੇ' ਅਤੇ 'ਫੁੱਲ ਵੀ ਅੰਗਿਆਰ' ਲਿਖੇ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਸਾਹਿਤਕ ਹਸਤੀਆਂ ਨਾਲ ਮੁਲਾਕਾਤਾਂ ਦੀਆਂ ਦੋ ਕਿਤਾਬਾਂ 'ਕਲਮ ਦੀ ਅੱਖ' ਅਤੇ 'ਜਿਨ੍ਹਾਂ ਪਛਾਤਾ ਸੱਚ' ਬਹੁਤ ਮਕਬੂਲ ਹੋਈਆਂ। ਆਖਰੀ ਸਾਲਾਂ ਵਿਚ ਉਨ੍ਹਾਂ ਨੇ ਆਪਣੀ ਜੀਵਨ ਕਹਾਣੀ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਲਿਖਿਆ ਜਿਨ੍ਹਾਂ ਦੇ ਨਾਂ 'ਮੈਂ ਭੋਲਾਵਾ ਪਗ ਦਾ', 'ਹਾਸ਼ੀਏ ਦੀ ਇਬਾਰਤ' ਅਤੇ 'ਏਨੀ ਮੇਰੀ ਬਾਤ' ਹਨ। ਉਹ ਆਪਣੇ ਪਿੱਛੇ ਚਾਰ ਬੇਟੀਆਂ ਤੇ ਦੋ ਬੇਟੇ ਛੱਡ ਗਏ ਹਨ।

## ਐਨ.ਆਈ.ਏ. ਦੇ ਪੰਜਾਬ ਸਣੇ 4 ਰਾਜਾਂ 'ਚ ਛਾਪੇ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ) ਨੇ ਅਤਿਵਾਦੀਆਂ ਅਤੇ ਗੈਂਗਸਟਰਾਂ ਵਿਚਾਲੇ ਗਠਜੋੜ ਖ਼ਿਲਾਫ਼ ਕਾਰਵਾਈ ਕਰਦਿਆਂ ਚਾਰ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਛਾਪੇਮਾਰੀ ਕੀਤੀ। ਇਸ ਮਾਮਲੇ ਵਿਚ ਐਨ.ਆਈ.ਏ. ਵੱਲੋਂ ਪੰਜਾਬ, ਹਰਿਆਣਾ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿਚ 30 ਥਾਵਾਂ 'ਤੇ ਵੱਡੇ ਪੱਧਰ 'ਤੇ ਛਾਪੇਮਾਰੀ ਕੀਤੀ ਗਈ।

## ਸਿਆਸਤ ਬਦਲਣ ਲਈ ਭਾਜਪਾ ਦਾ ਇਕ ਹੋਰ ਕਦਮ

***(ਪਹਿਲੇ ਸਫੇ ਦੀ ਬਾਕੀ)***

ਦਾ ਵਿਰੋਧ ਕੀਤਾ ਜਾ ਰਿਹਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਤੇ ਪੱਛਮੀ ਬੰਗਾਲ ਦੀਆਂ ਅਸੈਂਬਲੀ ਚੋਣਾਂ ਵਿਚ ਭਾਜਪਾ ਨੇ ਵਿਵਾਦਿਤ ਸੀ.ਏ.ਏ. ਨੂੰ ਆਪਣੇ ਪ੍ਰਮੁੱਖ ਚੋਣ ਵਾਅਦੇ ਵਜੋਂ ਉਭਾਰਿਆ ਸੀ। ਭਾਜਪਾ ਆਗੂਆਂ ਦਾ ਮੰਨਣਾ ਹੈ ਕਿ ਬੰਗਾਲ ਵਿਚ ਭਾਜਪਾ ਦੇ ਉਭਾਰ ਦਾ ਮੁੱਖ ਕਾਰਨ ਸੀ.ਏ.ਏ. ਹੈ। ਪਿਛਲੇ ਦੋ ਸਾਲਾਂ ਵਿਚ 30 ਤੋਂ ਵੱਧ ਜ਼ਿਲ੍ਹਾ ਮੈਜਿਸਟਰੇਟਾਂ ਤੇ 9 ਰਾਜਾਂ ਦੇ ਗ੍ਰਹਿ ਸਕੱਤਰਾਂ ਨੂੰ ਨਾਗਰਿਕਤਾ ਐਕਟ 1955 ਤਹਿਤ ਅਫ਼ਗ਼ਾਨਿਸਤਾਨ, ਬੰਗਲਾਦੇਸ਼ ਤੇ ਪਾਕਿਸਤਾਨ ਤੋਂ ਆਏ ਹਿੰਦੂਆਂ, ਸਿੱਖਾਂ, ਬੋਧੀਆਂ, ਜੈਨ, ਪਾਰਸੀਆਂ ਤੇ ਈਸਾਈਆਂ ਨੂੰ ਨਾਗਰਿਕਤਾ ਦੇਣ ਦੇ ਅਖਤਿਆਰ ਦਿੱਤੇ ਗਏ ਹਨ।

ਗ੍ਰਹਿ ਮਾਮਲਿਆਂ ਬਾਰੇ ਮੰਤਰਾਲੇ ਦੀ 2021-22 ਦੀ ਸਾਲਾਨਾ ਰਿਪੋਰਟ (1 ਅਪਰੈਲ 2021 ਤੋਂ 31 ਦਸੰਬਰ 2021 ਤੱਕ) ਮੁਤਾਬਕ ਉਪਰੋਕਤ ਤਿੰਨ ਮੁਲਕਾਂ ਦੇ ਗੈਰ-ਮੁਸਲਿਮ ਘੱਟ ਗਿਣਤੀ ਭਾਈਚਾਰਿਆਂ ਨਾਲ ਸਬੰਧਤ ਕੁੱਲ 1414 ਵਿਦੇਸ਼ੀ ਨਾਗਰਿਕਾਂ ਨੂੰ ਨਾਗਰਿਕਤਾ ਐਕਟ 1955 ਤਹਿਤ ਰਜਿਸਟਰੇਸ਼ਨ ਜਾਂ ਕੁਦਰਤੀ ਤੌਰ 'ਤੇ ਭਾਰਤੀ ਨਾਗਰਿਕਤਾ ਦਿੱਤੀ ਗਈ ਹੈ।

## ਇਟਲੀ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਬਟਾਲਾ:** ਪਿੰਡ ਤਤਲਾ ਦੇ ਨੌਜਵਾਨ ਪਰਮਪ੍ਰੀਤ ਸਿੰਘ (26) ਦੀ ਇਟਲੀ ਵਿਚ ਕਰੰਟ ਲੱਗਣ ਕਾਰਨ ਮੌਤ ਹੋ ਗਈ। ਉਹ ਰੋਜ਼ੀ ਰੋਟੀ ਲਈ ਕੁਝ ਸਾਲ ਪਹਿਲਾਂ ਇਟਲੀ ਗਿਆ ਸੀ ਜਿੱਥੇ ਉਹ ਟਰਾਲਾ ਚਲਾਉਂਦਾ ਸੀ। ਮ੍ਰਿਤਕ ਦੇ ਪਿਤਾ ਦੇਵਾ ਸਿੰਘ ਸਣੇ ਹੋਰ ਪਰਿਵਾਰਕ ਮੈਂਬਰਾਂ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮ੍ਰਿਤਕ ਪਰਮਪ੍ਰੀਤ ਦੀ ਲਾਸ਼ ਪਿੰਡ ਲਿਆਉਣ ਲਈ ਚਾਰਾਜੋਈ ਕੀਤੀ ਜਾਵੇ। ਦੇਵਾ ਸਿੰਘ ਅਨੁਸਾਰ ਉਸ ਦਾ ਪੁੱਤਰ ਜਦੋਂ ਟਰਾਲਾ ਖ਼ਾਲੀ ਕਰਨ ਲੱਗਿਆ ਤਾਂ ਅਚਾਨਕ ਉਪਰ ਤੋਂ ਲੰਘ ਰਹੀਆਂ ਤਾਰਾਂ ਨਾਲ ਟਕਰਾ ਗਿਆ। ਟਰਾਲੇ ਵਿਚ ਕਰੰਟ ਆਉਣ ਕਾਰਨ ਉਸ ਦੀ ਮੌਤ ਹੋ ਗਈ। ਪੀੜਤ ਪਰਿਵਾਰ ਅਨੁਸਾਰ ਪਰਮਪ੍ਰੀਤ ਦਾ ਦੋ ਸਾਲ ਪਹਿਲਾਂ ਵਿਆਹ ਹੋਇਆ ਸੀ। ਉਸ ਦੀ ਇਕ ਧੀ ਹੈ।

## ਹਰਿਆਣਾ ਵਿਚ ਭਾਜਪਾ ਦਾ ਨਵਾਂ ਦਾਅ

***(ਪਹਿਲੇ ਸਫੇ ਦੀ ਬਾਕੀ)***

ਪ੍ਰਧਾਨ ਬਣਾਇਆ ਸੀ।

ਹਰਿਆਣਾ ਵਿਚ 90 ਵਿਧਾਨ ਸਭਾ ਸੀਟਾਂ ਹਨ। ਇਨ੍ਹਾਂ ਵਿਚ 41 ਭਾਜਪਾ, 30 ਕਾਂਗਰਸ, 10 ਜੇ.ਜੇ.ਪੀ, ਇਕ ਇਨੈਲੋ, ਇਕ ਐਚ.ਐਲ.ਪੀ. ਤੇ 7 ਆਜ਼ਾਦ ਸ਼ਾਮਲ ਹਨ। ਬਹੁਮਤ ਲਈ 46 ਸੀਟਾਂ ਦੀ ਲੋੜ ਹੈ। ਜੇ.ਜੇ.ਪੀ. ਤੋਂ ਵੱਖ ਹੋਣ ਪਿੱਛੋਂ ਭਾਜਪਾ ਕੋਲ 41, 7 ਆਜ਼ਾਦ ਤੇ ਇਕ ਐਚ.ਐਲ.ਪੀ. ਵਿਧਾਇਕ ਦਾ ਸਮਰਥਨ ਹੈ। ਇਸ ਤੋਂ ਇਲਾਵਾ ਭਾਜਪਾ ਨੇ ਆਪਣੀ ਭਾਈਵਾਲ ਰਹੀ ਜੇ.ਜੇ.ਪੀ. ਦੇ 5 ਵਿਧਾਇਕ ਵੀ ਆਪਣੇ ਵੱਲ ਖਿੱਚ ਲਏ ਹਨ।

ਚੇਤੇ ਰਹੇ ਕਿ ਇਸ ਸਮੇਂ ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਵਿਚ ਅੰਦੋਲਨ ਖੜ੍ਹਾ ਹੋ ਰਿਹਾ ਹੈ ਅਤੇ ਜਾਟ ਵੋਟ ਭਾਜਪਾ ਤੋਂ ਖਾਸਾ ਨਾਰਾਜ਼ ਹੈ। ਇਹ ਵੀ ਗੱਲ ਸਾਹਮਣੇ ਆਈ ਹੈ ਕਿ ਪਿਛਲੇ ਵਾਰ ਹਰਿਆਣਾ ਦੀਆਂ ਸਾਰੀਆਂ 10 ਸੰਸਦੀ ਸੀਟਾਂ ਉਤੇ ਚੋਣ ਜਿੱਤਣ ਵਾਲੀ ਭਾਜਪਾ ਲਈ ਇਸ ਵਾਰ ਲੋਕ ਸਭਾ ਚੋਣਾਂ ਵੱਡੀ ਚੁਣੌਤੀ ਹੋਣਗੀਆਂ। ਇਹੀ ਕਾਰਨ ਹੈ ਕਿ ਕਾਂਗਰਸ ਅਤੇ ਆਪ ਨਾਲ ਸਿੱਧੀ ਟੱਕਰ ਲੈਣ ਦੀ ਥਾਂ ਭਾਜਪਾ ਇਸ ਵਾਰ ਵੋਟਾਂ ਦੇ ਜੋੜ-ਤੋੜ ਵਿਚ ਜੁਟੀ ਹੋਈ ਹੈ। ਭਾਜਪਾ ਦੀ ਇਹ ਰਣਨੀਤੀ ਓ.ਬੀ.ਸੀ. ਵੋਟ ਬੈਂਕ ਨੂੰ ਇਸ ਪਾਸੇ ਭੁਗਤਾਉਣ ਦੀ ਜਾਪ ਰਹੀ ਹੈ।

ਭਗਵਾ ਧਿਰ ਨੂੰ ਜਾਟ ਵੋਟ ਤੋਂ ਪਹਿਲਾਂ ਹੀ ਕੋਈ ਉਮੀਦ ਨਹੀਂ ਹੈ, ਇਸ ਲਈ ਜੇਕਰ ਜੇ.ਜੇ.ਪੀ. ਵੱਖ ਹੋ ਕੇ ਸਾਰੀਆਂ 10 ਸੀਟਾਂ ਉਤੇ ਚੋਣ ਲੜਦੀ ਹੈ ਕਿ ਤਾਂ ਉਹ ਕਾਂਗਰਸ-ਆਪ ਗੱਠਜੋੜ ਦੇ ਵੋਟ ਬੈਂਕ (ਜਾਟ) ਨੂੰ ਖੋਰਾ ਲਾਉਣ ਵਿਚ ਸਫਲ ਹੋ ਸਕਦੀ ਹੈ।

## ਬਾਜਵਾ ਨੇ ਭਗਵੰਤ ਮਾਨ ਦੀ ਚੋਣ ਲੜਨ ਦੀ ਚੁਣੌਤੀ ਕਬੂਲੀ

**ਚੰਡੀਗੜ੍ਹ:** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਲੋਕ ਸਭਾ ਚੋਣਾਂ ਲੜਨ ਸਬੰਧੀ ਮੁੱਖ ਮੰਤਰੀ ਦੀ ਚੁਣੌਤੀ ਨੂੰ ਕਬੂਲਦਿਆਂ ਭਗਵੰਤ ਮਾਨ ਖ਼ਿਲਾਫ਼ ਲੋਕ ਸਭਾ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਸ੍ਰੀ ਬਾਜਵਾ ਨੇ ਪੰਜਾਬ ਵਿਧਾਨ ਸਭਾ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਲੋਕ ਸਭਾ ਚੋਣ ਲੜਨ ਦੇ ਇੱਛੁਕ ਨਹੀਂ ਹਨ, ਜੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਕਿਸੇ ਵੀ ਲੋਕ ਸਭਾ ਹਲਕੇ ਤੋਂ ਚੋਣ ਲੜਦੇ ਹਨ ਤਾਂ ਉਹ ਉਨ੍ਹਾਂ ਵਿਰੁੱਧ ਚੋਣ ਜ਼ਰੂਰ ਲੜਨਗੇ। ਉਨ੍ਹਾਂ ਭਾਜਪਾ ਤੇ ਅਕਾਲੀ ਦਲ ਗੱਠਜੋੜ ਨੂੰ ਪਤੀ-ਪਤਨੀ ਵਾਲਾ ਰਿਸ਼ਤਾ ਦੱਸਿਆ ਜੋ ਚੋਣਾਂ ਸਮੇਂ ਇਕੱਠੇ ਹੋ ਜਾਂਦੇ ਹਨ, ਬਾਅਦ ਵਿਚ ਵੱਖ-ਵੱਖ ਹੋ ਜਾਂਦੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ

ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ

ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਲੋਕ ਸਭਾ ਚੋਣਾਂ: ਕੇਂਦਰੀ ਬਲਾਂ ਦੀਆਂ 25 ਕੰਪਨੀਆਂ ਪੰਜਾਬ ਪੁੱਜੀਆਂ

**ਚੰਡੀਗੜ੍ਹ:** ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕੇਂਦਰੀ ਸੁਰੱਖਿਆ ਦਸਤੇ ਪੰਜਾਬ ਪੁੱਜਣੇ ਸ਼ੁਰੂ ਹੋ ਗਏ ਹਨ। ਹਾਲਾਂਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਚੋਣਾਂ ਦਾ ਐਲਾਨ ਕੀਤਾ ਜਾਣਾ ਬਾਕੀ ਹੈ ਪਰ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਹੀ ਚੋਣਾਂ ਦੀ ਤਿਆਰੀ ਵਿੱਢ ਦਿੱਤੀ ਗਈ ਹੈ। ਮੁੱਢਲੇ ਪੜਾਅ 'ਤੇ ਕੇਂਦਰੀ ਪੁਲਿਸ ਬਲਾਂ ਦੀਆਂ 25 ਕੰਪਨੀਆਂ ਪੰਜਾਬ ਪੁੱਜੀਆਂ ਹਨ। ਭਾਰਤੀ ਚੋਣ ਕਮਿਸ਼ਨ ਨੇ ਵੱਖ-ਵੱਖ ਸੂਬਿਆਂ ਲਈ ਕੇਂਦਰੀ ਸੁਰੱਖਿਆ ਬਲਾਂ ਦੀ ਨਫ਼ਰੀ ਮਨਜ਼ੂਰ ਕੀਤੀ ਹੈ ਜਿਸ ਤਹਿਤ ਪੰਜਾਬ ਲਈ ਕੇਂਦਰੀ ਬਲਾਂ ਦੀਆਂ 252 ਕੰਪਨੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਜਦਕਿ ਗੁਆਂਢੀ ਸੂਬੇ ਰਾਜਸਥਾਨ 'ਚ 200 ਕੰਪਨੀਆਂ ਦੀ ਤਾਇਨਾਤੀ ਹੋਣੀ ਹੈ। ਦੇਸ਼ ਵਿਚ ਪੱਛਮੀ ਬੰਗਾਲ ਲਈ ਸਭ ਤੋਂ ਵੱਧ 920 ਕੰਪਨੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ।




ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਕੇਂਦਰੀ ਬਲਾਂ ਦੀ ਤਾਇਨਾਤੀ ਨੂੰ ਅਹਿਮੀਅਤ ਦਿੱਤੀ ਗਈ ਹੈ। ਪੰਜਾਬ ਵਿਚ ਪੁੱਜੇ ਕੇਂਦਰੀ ਸੁਰੱਖਿਆ ਦਸਤਿਆਂ ਵਿਚ ਬੀ.ਐਸ.ਐਫ. ਦੀਆਂ 15 ਕੰਪਨੀਆਂ, ਸੀ.ਆਰ.ਪੀ.ਐਫ. ਦੀਆਂ ਪੰਜ ਕੰਪਨੀਆਂ ਅਤੇ ਆਈ.ਟੀ.ਬੀ.ਪੀ. ਦੀਆਂ ਪੰਜ ਕੰਪਨੀਆਂ ਸ਼ਾਮਲ ਹਨ। ਇਕ ਕੰਪਨੀ ਵਿਚ 100 ਸੁਰੱਖਿਆ ਮੁਲਾਜ਼ਮ ਹੁੰਦੇ ਹਨ। ਇਸ ਲਿਹਾਜ਼ ਨਾਲ ਸੂਬੇ ਵਿਚ ਕੇਂਦਰੀ ਬਲਾਂ ਦੇ 2500 ਮੁਲਾਜ਼ਮ ਪੁੱਜ ਗਏ ਹਨ ਜਿਨ੍ਹਾਂ ਨੂੰ ਜ਼ਿਲ੍ਹਿਆਂ ਵਿਚ ਭੇਜਿਆ ਜਾਣਾ ਬਾਕੀ ਹੈ। ਦੂਜੇ ਪਾਸੇ ਪੁਲਿਸ ਵੱਲੋਂ ਵੀ ਚੋਣਾਂ ਦੇ ਮੱਦੇਨਜ਼ਰ ਸਰਗਰਮੀ ਵਿੱਢਣ ਦੀ ਤਿਆਰੀ ਹੈ। ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲੀਸ (ਸਪੈਸ਼ਲ ਡੀ.ਜੀ.ਪੀ.) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਪੰਜਾਬ ਵਿਚ 25 ਕੰਪਨੀਆਂ ਕੇਂਦਰੀ ਸੁਰੱਖਿਆ ਬਲਾਂ ਦੀਆਂ ਪੁੱਜੀਆਂ ਹਨ ਜਿਨ੍ਹਾਂ ਨੂੰ ਸੂਬੇ ਦੇ ਅਤਿ ਸੰਵੇਦਨਸ਼ੀਲ ਅਤੇ ਸੰਵੇਦਨਸ਼ੀਲ ਜ਼ਿਲ੍ਹਿਆਂ ਵਿਚ ਤਾਇਨਾਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੰਵੇਦਨਸ਼ੀਲ ਖੇਤਰਾਂ ਦੀ ਮੈਪਿੰਗ ਵੀ ਕੀਤੀ ਜਾ ਰਹੀ ਹੈ ਤਾਂ ਜੋ ਆਮ ਚੋਣਾਂ ਤੋਂ ਪਹਿਲਾਂ ਕਿਸੇ ਵੀ ਅਣਸੁਖਾਵੀਂ ਸਥਿਤੀ ਤੋਂ ਬਚਾਅ ਲਈ ਹੋਰ ਬਲਾਂ ਨੂੰ ਤਾਇਨਾਤ ਕੀਤਾ ਜਾ ਸਕੇ। ਅਰਪਿਤ ਸ਼ੁਕਲਾ ਨੇ ਸਾਰੇ ਸੀਪੀਜ਼/ਐਸ.ਐਸ.ਪੀਜ਼. ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿਚ ਸਮਾਜ ਵਿਰੋਧੀ ਅਨਸਰਾਂ 'ਤੇ ਨਜ਼ਰ ਰੱਖਣ ਤੇ ਆਮ ਲੋਕਾਂ ਵਿਚ ਭਰੋਸਾ ਪੈਦਾ ਕਰਨ ਲਈ ਫਲੈਗ ਮਾਰਚ ਕੱਢਣ ਲਈ ਕਿਹਾ ਹੈ।

## ਪੰਜਾਬ ਵਿਚ ਸਾਰੀਆਂ ਸੀਟਾਂ 'ਤੇ ਹਾਰੇਗੀ 'ਆਪ': ਖਹਿਰਾ

**ਮੁਹਾਲੀ:** ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਅਗਾਮੀ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ 13 ਦੀਆਂ 13 ਸੀਟਾਂ ਉਤੇ 'ਆਪ' ਬੁਰੀ ਤਰ੍ਹਾਂ ਹਾਰੇਗੀ। 'ਆਪ' ਨਾਲ ਗੱਠਜੋੜ ਬਾਰੇ ਉਨ੍ਹਾਂ ਕਿਹਾ ਕਿ ਭਾਜਪਾ ਖ਼ਿਲਾਫ਼ ਕੌਮੀ ਪੱਧਰ ਉਤੇ 'ਇੰਡੀਆ ਗੱਠਜੋੜ' ਬਣਿਆ ਹੈ ਪਰ ਉਹ (ਖਹਿਰਾ) ਪੰਜਾਬ ਨੂੰ ਜਵਾਬਦੇਹ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦਾ 'ਆਪ' ਨਾਲ ਗੱਠਜੋੜ ਨਹੀਂ ਬਲਕਿ ਲੱਠ-ਜੋੜ ਹੈ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਤੇ ਵਰਕਰਾਂ 'ਤੇ ਰੋਜ਼ਾਨਾ ਡਾਂਗਾਂ ਵਰ੍ਹਾਈਆਂ ਜਾ ਰਹੀਆਂ ਹਨ। ਕਾਂਗਰਸੀ ਵਿਧਾਇਕਾਂ ਸਣੇ ਸਰਪੰਚਾਂ-ਪੰਚਾਂ ਵਿਰੁੱਧ ਬਦਲਾਖੋਰੀ ਦੀ ਭਾਵਨਾ ਨਾਲ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

## ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ਜਿੱਤੇਗੀ ਭਾਜਪਾ: ਜਾਖੜ



**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਬਾਰੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਸੂਬਾ ਚੋਣ ਕਮੇਟੀ ਦੇ ਆਗੂਆਂ ਨਾਲ ਚੰਡੀਗੜ੍ਹ ਪਾਰਟੀ ਦਫ਼ਤਰ ਵਿਚ ਮੀਟਿੰਗ ਕੀਤੀ ਗਈ। ਸ੍ਰੀ ਜਾਖੜ ਨੇ ਕਿਹਾ ਕਿ ਭਾਜਪਾ ਸੂਬੇ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਜਿੱਤ ਹਾਸਲ ਕਰੇਗੀ। ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਸ੍ਰੀ ਜਾਖੜ ਨੇ ਕਿਹਾ ਕਿ ਅੱਜ ਪੰਜਾਬ ਦਾ ਹਰ ਵਰਗ 'ਆਪ' ਤੇ ਕਾਂਗਰਸ ਗੱਠਜੋੜ ਤੋਂ ਨਿਰਾਸ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ 'ਆਪ' ਤੇ ਕਾਂਗਰਸ ਦੀ ਭਾਈਵਾਲੀ ਖ਼ਿਲਾਫ਼ ਹਨ ਤੇ ਉਹ ਲੋਕ ਸਭਾ ਚੋਣਾਂ ਵਿਚ ਦੋਵਾਂ ਪਾਰਟੀਆਂ ਨੂੰ ਸਬਕ ਸਿਖਾਉਣ ਲਈ ਤਿਆਰ ਹਨ ਜੋ ਚੋਣ ਜ਼ਾਬਤਾ ਲੱਗਦੇ ਹੀ 'ਆਪ' ਤੇ ਕਾਂਗਰਸ ਵਿਰੁੱਧ ਖੁੱਲ੍ਹ ਕੇ ਸਾਹਮਣੇ ਆਉਣਗੇ।

# ਜੇ ਚੋਣ ਲੜਿਆ ਤੋਂ ਅੰਮ੍ਰਿਤਸਰ ਤੋਂ ਹੀ ਲੜਾਂਗਾ: ਨਵਜੋਤ ਸਿੱਧੂ

**ਪਟਿਆਲਾ:** ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੱਧੂ ਨੇ ਆਖਿਆ ਕਿ ਅੰਮ੍ਰਿਤਸਰ ਵਾਸੀਆਂ ਨਾਲ ਉਸ ਨੇ ਵਾਅਦਾ ਕੀਤਾ ਸੀ ਕਿ ਜੇਕਰ ਉਹ ਚੋਣ ਲੜੇਗਾ ਤਾਂ ਸਿਰਫ਼ ਅੰਮ੍ਰਿਤਸਰ ਤੋਂ ਹੀ ਲੜੇਗਾ।



ਉਨ੍ਹਾਂ ਕਿਹਾ ਕਿ ਵਿਰੋਧੀਆਂ ਵੱਲੋਂ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ 'ਤੇ ਗ਼ੌਰ ਨਾ ਕੀਤੀ ਜਾਵੇ ਸਗੋਂ ਉਸ ਵੱਲੋਂ ਕੀਤੇ ਵਾਅਦੇ ਵੱਲ ਧਿਆਨ ਦਿੱਤਾ ਜਾਵੇ। ਇਸ ਦੇ ਨਾਲ ਹੀ ਨਵਜੋਤ ਸਿੱਧੂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਜਵਾਬ ਦਿੰਦਿਆਂ ਕਿਹਾ ਕਿ ਉਹ ਮੁੱਦਿਆਂ ਤੋਂ ਧਿਆਨ ਭਟਕਾਉਣ ਦੀ ਥਾਂ ਸਿੱਧੀ ਤੇ ਸਪਸ਼ਟ ਗੱਲ ਕਰਨ। ਸਿੱਧੂ ਨੇ ਕਿਹਾ ਕਿ ਜਦੋਂ ਉਸ ਨੂੰ ਅੰਮ੍ਰਿਤਸਰ ਤੋਂ ਚੋਣ ਲੜਨ ਲਈ ਕਿਹਾ ਗਿਆ ਸੀ ਤਾਂ ਉਸ ਵੇਲੇ ਉਸ ਨੇ ਹਲਕਾ ਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਸਿਰਫ਼ ਅੰਮ੍ਰਿਤਸਰ ਤੋਂ ਹੀ ਚੋਣ ਲੜੇਗਾ ਕਿਉਂਕਿ ਅੰਮ੍ਰਿਤਸਰ ਉਸ ਦੀ ਕਰਮ ਭੂਮੀ ਹੈ ਤੇ ਗੁਰੂ ਦਾ ਦਰ ਹੈ। ਜੇਕਰ ਉਹ ਅੰਮ੍ਰਿਤਸਰ ਤੋਂ ਚੋਣ ਨਹੀਂ ਲੜੇਗਾ ਤਾਂ ਕਿਤੋਂ ਵੀ ਚੋਣ ਨਹੀਂ ਲੜੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਟਿਕਟ ਨਹੀਂ ਮੰਗਦਾ ਨਾ ਹੀ ਉਸ ਨੂੰ ਕੋਈ ਲਾਲਚ ਹੈ, ਉਹ ਤਾਂ ਪੰਜਾਬ ਦੀ ਸੇਵਾ ਕਰਨੀ ਚਾਹੁੰਦਾ ਹੈ।

ਸ੍ਰੀ ਸਿੱਧੂ ਨੇ ਦੁਹਰਾਇਆ ਕਿ ਭਗਵੰਤ ਮਾਨ ਨੂੰ ਪੁੱਛੋ ਕਿ ਉਨ੍ਹਾਂ ਉਸ (ਸਿੱਧੂ) ਦੇ ਡਿਪਟੀ ਸੀ.ਐੱਮ. ਵਜੋਂ ਕਾਂਗਰਸ ਵਿਚ ਸ਼ਾਮਲ ਹੋਣ ਦੀ ਪੇਸ਼ਕਸ਼ ਕੀਤੀ ਸੀ ਜਾਂ ਨਹੀਂ। ਇਸ ਤੋਂ ਇਲਾਵਾ ਉਸ (ਸਿੱਧੂ) ਨੂੰ ਆਮ ਆਦਮੀ ਪਾਰਟੀ ਦਾ ਸੀ.ਐੱਮ. ਚਿਹਰਾ ਬਣਾ ਕੇ ਤੇ ਆਪ ਡਿਪਟੀ ਸੀ.ਐਮ. ਬਣ ਕੇ ਕੰਮ ਕਰਨ ਬਾਰੇ ਵੀ ਕਿਹਾ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਮੁੱਦਿਆਂ 'ਤੇ ਗੱਲ ਕੀਤੀ ਜਾਵੇ।

# ਭਾਜਪਾ ਦੇ ਪੰਜਾਬ ਪ੍ਰਤੀ ਰਵੱਈਏ 'ਤੇ ਕੈਪਟਨ ਤੇ ਜਾਖੜ ਦੀ ਚੁੱਪ 'ਤੇ ਸਵਾਲ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਿਆਸੀ ਆਗੂਆਂ ਵੱਲੋਂ ਲੋਕਾਂ ਦਾ ਪੈਸਾ ਖਾ ਕੇ ਬਣਾਏ ਗਏ ਵੱਡੇ-ਵੱਡੇ ਪੈਲੇਸ, ਮਹਿਲ ਅਤੇ ਰਿਜ਼ੌਰਟਾਂ 'ਤੇ ਜਲਦ ਹੀ ਬੁਲਡੋਜ਼ਰ ਚੱਲਣਗੇ। ਉਨ੍ਹਾਂ ਕਿਹਾ ਕਿ ਗ਼ਲਤ ਢੰਗ ਨਾਲ ਬਣਾਈਆਂ ਇਮਾਰਤਾਂ ਨੂੰ ਢਹਿ-ਢੇਰੀ ਕਰ ਦਿੱਤਾ ਜਾਵੇਗਾ।

ਉਨ੍ਹਾਂ ਕਸਬਾ ਚੀਮਾ ਵਿਚ 'ਵਿਕਾਸ ਕ੍ਰਾਂਤੀ ਰੈਲੀ' ਨੂੰ ਸੰਬੋਧਨ ਕਰਦਿਆਂ ਸੰਗਰੂਰ ਜ਼ਿਲ੍ਹੇ ਨੂੰ 869 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਤੋਹਫ਼ਾ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਾਸੀਆਂ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਇਨ੍ਹਾਂ ਆਗੂਆਂ ਨੂੰ ਕੋਈ ਹੱਥ ਪਾ ਲਵੇਗਾ। ਉਨ੍ਹਾਂ ਆਖਿਆ ਕਿ ਇਨ੍ਹਾਂ ਵੱਡੇ-ਵੱਡੇ ਮਹਿਲਾਂ, ਪੈਲੇਸਾਂ, ਫਾਰਮ ਹਾਊਸਾਂ ਤੇ ਰਿਜ਼ੌਰਟਾਂ ਨੂੰ ਢਾਹ ਕੇ ਇਸ ਦਾ ਪੈਸਾ ਲੋਕਾਂ ਦੀ ਭਲਾਈ ਲਈ ਖਰਚਿਆ ਜਾਵੇਗਾ। ਉਨ੍ਹਾਂ ਆਖਿਆ ਕਿ ਇਨ੍ਹਾਂ ਲੀਡਰਾਂ ਨੂੰ ਉਨ੍ਹਾਂ ਦੇ ਗੁਨਾਹਾਂ ਲਈ ਸਬਕ ਸਿਖਾਇਆ ਜਾਵੇਗਾ। ਮੁੱਖ ਮੰਤਰੀ ਨੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਮਨਪ੍ਰੀਤ ਬਾਦਲ ਅਤੇ ਹੋਰ ਆਗੂਆਂ 'ਤੇ ਵਰ੍ਹਦਿਆਂ ਕਿਹਾ ਕਿ ਇਹ ਪੰਜਾਬ ਦੇ ਹੋ ਕੇ ਵੀ ਪੰਜਾਬ ਦੇ ਹੱਕ ਦੀ ਗੱਲ ਨਹੀਂ ਕਰਦੇ ਅਤੇ ਪੰਜਾਬ ਦੇ ਮੁੱਦਿਆਂ



'ਤੇ ਚੁੱਪ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ 8 ਹਜ਼ਾਰ ਕਰੋੜ ਤੋਂ ਵੱਧ ਰੁਪਏ ਦੇ ਫੰਡਾਂ ਨੂੰ ਗ਼ਲਤ ਤਰੀਕੇ ਨਾਲ ਰੋਕ ਰੱਖਿਆ ਹੈ। ਇਨ੍ਹਾਂ 'ਚੋਂ 5500 ਕਰੋੜ ਰੁਪਏ ਦੇ ਰੂਰਲ ਡਿਵੈਲਪਮੈਂਟ ਫੰਡ ਕੈਪਟਨ ਦੀਆਂ ਗ਼ਲਤੀਆਂ ਕਾਰਨ ਰੋਕ ਰੱਖੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਪੰਜਾਬ ਨਾਲ ਬੇਇਨਸਾਫ਼ੀ ਕਰ ਰਿਹਾ ਹੈ ਜਦਕਿ ਇਹ ਆਗੂ ਭਾਜਪਾ ਦੇ ਗੁਣ ਗਾ ਰਹੇ ਹਨ। ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੀ ਅਕਾਲੀ ਦਲ 'ਚ ਘਰ ਵਾਪਸੀ 'ਤੇ ਵਿਅੰਗ ਕੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਢੀਂਡਸਾ ਪਰਿਵਾਰ ਨੇ ਅਕਾਲੀ ਦਲ ਵਿੱਚ 'ਘਰ ਵਾਪਸੀ' ਹੋਣ ਦਾ ਦਾਅਵਾ ਕੀਤਾ ਹੈ ਪਰ ਹੁਣ ਇਹ ਕਦੇ ਵੀ ਆਮ ਲੋਕਾਂ ਦਾ ਦਿਲ ਨਹੀਂ ਜਿੱਤ ਸਕਦੇ।

ਸ੍ਰੀ ਮਾਨ ਨੇ ਕਿਹਾ ਕਿ ਸੂਬੇ ਦਾ ਖ਼ਜ਼ਾਨਾ ਕਦੇ ਵੀ ਖਾਲੀ ਨਹੀਂ ਰਿਹਾ ਪਰ ਪਹਿਲਾਂ ਦੇ ਸਿਆਸੀ ਆਗੂਆਂ ਨੇ ਲੋਕਾਂ ਦੀ ਭਲਾਈ ਲਈ ਕੋਈ ਉਪਰਾਲਾ ਨਹੀਂ ਕੀਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ 13-0 ਨਾਲ ਜਿਤਾ ਦੇਣ, ਇਸ ਤੋਂ ਬਾਅਦ ਉਨ੍ਹਾਂ ਦੀ ਭਲਾਈ ਲਈ ਹੋਰ ਸਕੀਮਾਂ ਲਿਆਂਦੀਆਂ ਜਾਣਗੀਆਂ।

# ਸਾਬਕਾ ਕਾਂਗਰਸੀ ਵਿਧਾਇਕ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀਪੀ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ 'ਆਪ' ਵਿਚ ਸ਼ਾਮਲ ਹੋ ਗਏ ਹਨ। ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਏ। ਜੀਪੀ 2017 ਵਿਚ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਬੱਸੀ ਪਠਾਣਾਂ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ।



ਇਸ ਤੋਂ ਬਾਅਦ ਉਨ੍ਹਾਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਹਲਕੇ ਤੋਂ ਚੋਣ ਲੜੀ ਪਰ ਸਫਲ ਨਹੀਂ ਹੋਏ ਸਨ। ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਜੀਪੀ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਫਤਹਿਗੜ੍ਹ ਸਾਹਿਬ ਵਿਚ 'ਆਪ' ਨੂੰ ਹੁਲਾਰਾ ਮਿਲੇਗਾ। ਜੀਪੀ ਆਪਣੇ ਵੱਡੀ ਗਿਣਤੀ ਸਮਰਥਕਾਂ ਨਾਲ 'ਆਪ' ਵਿਚ ਸ਼ਾਮਲ ਹੋਏ। ਜੀਪੀ ਨੇ ਕਿਹਾ ਕਿ ਕਾਂਗਰਸ ਛੱਡਣ ਦਾ ਮੁੱਖ ਕਾਰਨ ਪਾਰਟੀ ਵਿਚ ਅਨੁਸ਼ਾਸਨ ਦੀ ਕਮੀ ਹੈ। ਉਹ ਮੁੱਖ ਮੰਤਰੀ ਭਗਵੰਤ ਮਾਨ ਦੇ ਕੰਮ ਤੋਂ ਪ੍ਰਭਾਵਿਤ ਹੋ ਕੇ 'ਆਪ' ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ 'ਆਪ' ਨੇ ਸੂਬੇ ਵਿਚ ਕਈ ਕੰਮ ਕਰਵਾਏ ਹਨ ਜਿਸ ਕਰ ਕੇ ਅੱਜ ਆਮ ਆਦਮੀ 'ਆਪ' ਬਾਰੇ ਹੀ ਗੱਲ ਕਰਦਾ ਹੈ। ਪੱਤਰਕਾਰਾਂ ਨੇ ਮੰਤਰੀ ਨੂੰ ਪੁੱਛਿਆ ਕਿ ਕੀ ਪਾਰਟੀ ਜੀਪੀ ਨੂੰ ਫਤਹਿਗੜ੍ਹ ਸਾਹਿਬ ਲੋਕ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਬਣਾਏਗੀ ਤਾਂ ਮੀਤ ਹੇਅਰ ਨੇ ਕਿਹਾ ਕਿ ਟਿਕਟ ਦੇਣ ਦਾ ਫੈਸਲਾ 'ਆਪ' ਦੀ ਰਾਜਸੀ ਮਾਮਲਿਆਂ ਦੀ ਕਮੇਟੀ ਹੀ ਕਰੇਗੀ ਜਿਸ ਬਾਰੇ ਆਖ਼ਰੀ ਫੈਸਲਾ ਪਾਰਟੀ ਹਾਈ ਕਮਾਨ ਦਾ ਹੋਵੇਗਾ।

# ਅਨਮੋਲ ਗਗਨ ਨੂੰ 'ਵਿਮੈਨ ਟੂਰਿਜ਼ਮ ਮਨਿਸਟਰ ਆਫ ਯੀਅਰ' ਐਵਾਰਡ

**ਚੰਡੀਗੜ੍ਹ:** ਜਰਮਨੀ ਦੀ ਰਾਜਧਾਨੀ ਬਰਲਿਨ ਵਿਚ ਹੋਏ ਸੈਰ ਸਪਾਟਾ ਸਨਅਤ ਨਾਲ ਸਬੰਧਤ ਕੌਮਾਂਤਰੀ ਪੱਧਰ ਦੇ ਸਮਾਗਮ ਦੌਰਾਨ ਸੈਰ ਸਪਾਟੇ ਦੇ ਖੇਤਰ ਵਿਚ ਸ਼ਲਾਘਾਯੋਗ ਭੂਮਿਕਾ ਨਿਭਾਉਣ ਲਈ ਪੰਜਾਬ ਦੀ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ 'ਵਿਮੈਨ ਟੂਰਿਜ਼ਮ ਮਨਿਸਟਰ ਆਫ਼ ਯੀਅਰ' ਖਿਤਾਬ ਜਿੱਤਿਆ ਹੈ।

ਇਸ ਤੋਂ ਇਲਾਵਾ ਪੰਜਾਬ ਰਾਜ ਨੇ ਫਾਰਮ ਤੇ ਰੂਰਲ ਟੂਰਿਜ਼ਮ ਐਵਾਰਡ ਜਿੱਤਣ 'ਚ ਵੀ ਸਫ਼ਲਤਾ ਹਾਸਲ ਕੀਤੀ ਹੈ। ਇੰਟਰਨੈਸ਼ਨਲ ਟੂਰਿਜ਼ਮ ਬੋਰਿਸ ਬਰਲਿਨ (ਆਈ.ਟੀ.ਬੀ. ਬਰਲਿਨ) ਅਤੇ ਦਿ ਪੈਸੇਫਿਕ ਏਰੀਆ ਟਰੈਵਲ ਰਾਈਟਰਜ਼ ਐਸੋਸੀਏਸ਼ਨ (ਪਾਟਵਾ) ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਇਸ ਤਿੰਨ ਰੋਜ਼ਾ ਸਮਾਗਮ ਵਿਚ ਦੁਨੀਆ ਭਰ ਤੋਂ ਸੈਰ ਸਪਾਟਾ ਸਨਅਤ ਨਾਲ ਜੁੜੀਆਂ ਕੰਪਨੀਆਂ ਤੇ ਸੰਸਥਾਵਾਂ ਨੇ ਭਾਗ ਲਿਆ। ਇਸ ਮੌਕੇ ਅਨਮੋਲ ਗਗਨ ਮਾਨ ਨੇ ਕਿਹਾ ਕਿ



ਪੰਜਾਬ 'ਚ ਸੈਰ ਸਪਾਟਾ ਸਨਅਤ ਸਬੰਧੀ ਕਾਫੀ ਸੰਭਾਵਨਾਵਾਂ ਹਨ।

# ਭਗਵੰਤ ਮਾਨ ਨੇ ਕਾਂਗਰਸ 'ਚ ਆਉਣ ਲਈ ਮੇਰੇ ਕੋਲ ਪਹੁੰਚ ਕੀਤੀ ਸੀ: ਨਵਜੋਤ ਸਿੱਧੂ

**ਚੰਡੀਗੜ੍ਹ:** ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਦਾਅਵਾ ਕੀਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕਾਂਗਰਸ ਵਿਚ ਸ਼ਾਮਲ ਹੋਣ ਦੀ ਇੱਛਾ ਜਤਾਉਂਦਿਆਂ ਉਨ੍ਹਾਂ ਨਾਲ ਸੰਪਰਕ ਕੀਤਾ ਸੀ।

ਇੱਕ ਇੰਟਰਵਿਊ ਦੌਰਾਨ ਸ੍ਰੀ ਸਿੱਧੂ ਨੂੰ ਪੁੱਛਿਆ ਗਿਆ ਸੀ ਕਿ ਇਹ ਅਫਵਾਹਾਂ ਚੱਲ ਰਹੀਆਂ ਹਨ ਕਿ ਉਹ ਭਾਜਪਾ ਵਿਚ ਸ਼ਾਮਲ ਹੋ ਸਕਦੇ ਹਨ ਤੇ ਭਾਜਪਾ ਨੇ ਉਨ੍ਹਾਂ (ਸਿੱਧੂ) ਨਾਲ ਸੰਪਰਕ ਵੀ ਕੀਤਾ ਹੈ।

ਸ੍ਰੀ ਸਿੱਧੂ ਦੇ ਦਾਅਵੇ 'ਤੇ ਭਗਵੰਤ ਮਾਨ ਦੀ ਕੋਈ ਪ੍ਰਤੀਕਿਰਿਆ ਨਹੀਂ ਆਈ। ਸ੍ਰੀ ਸਿੱਧੂ ਨੇ ਕਿਹਾ, "ਮੈਂ ਤੁਹਾਨੂੰ ਇਕ ਗੱਲ ਦੱਸ ਸਕਦਾ ਹਾਂ ਕਿ ਮੇਰੇ ਕੋਲ ਕਿਸ ਨੇ ਸੰਪਰਕ ਕੀਤਾ ਸੀ। ਭਗਵੰਤ ਮਾਨ ਸਾਹਿਬ ਮੇਰੇ ਕੋਲ ਆਏ ਸਨ। ਜੇ ਉਹ ਕਹਿਣ ਤਾਂ ਮੈਂ ਉਨ੍ਹਾਂ ਨੂੰ ਉਹ ਜਗ੍ਹਾ ਵੀ ਦੱਸਾਂਗਾ ਜਿੱਥੇ ਉਹ ਮਿਲੇ ਸਨ।"

ਉਨ੍ਹਾਂ ਦਾਅਵਾ ਕੀਤਾ ਕਿ ਭਗਵੰਤ ਮਾਨ ਨੇ ਉਸ ਨੂੰ ਭਾਅਜੀ ਕਹਿੰਦਿਆਂ ਕਿਹਾ ਕਿ ਜੇਕਰ ਉਹ ਉਸ ਨੂੰ ਕਾਂਗਰਸ ਵਿਚ ਸ਼ਾਮਲ ਕਰ ਲੈਣ ਤਾਂ ਉਹ ਉਨ੍ਹਾਂ ਦਾ (ਸਿੱਧੂ) ਡਿਪਟੀ ਬਣਨ ਲਈ ਤਿਆਰ ਹਨ। ਇਸ ਤੋਂ ਇਲਾਵਾ ਜੇਕਰ ਉਹ (ਸਿੱਧੂ) ਆਮ ਆਦਮੀ ਪਾਰਟੀ ਵਿਚ ਸ਼ਾਮਲ ਹੁੰਦੇ ਹਨ ਤਾਂ ਵੀ ਉਹ (ਭਗਵੰਤ ਮਾਨ) ਉਨ੍ਹਾਂ ਦੇ ਡਿਪਟੀ ਬਣਨ ਲਈ ਤਿਆਰ ਹਨ। ਸ੍ਰੀ ਸਿੱਧੂ ਨੇ ਕਿਹਾ ਕਿ ਉਨ੍ਹਾਂ ਭਗਵੰਤ ਮਾਨ ਨੂੰ ਕਿਹਾ ਕਿ ਉਸ ਦਾ ਕਾਂਗਰਸ ਵਿਚ ਸਵਾਗਤ ਹੈ ਪਰ ਇਸ ਲਈ ਉਸ ਨੂੰ ਦਿੱਲੀ ਵਿਚ ਕਾਂਗਰਸ ਹਾਈ ਕਮਾਨ ਨਾਲ ਗੱਲ ਕਰਨੀ ਚਾਹੀਦੀ ਹੈ ਪਰ ਇਸ ਤੋਂ ਬਾਅਦ ਮਾਮਲੇ 'ਤੇ ਕਦੇ ਗੱਲ ਨਹੀਂ ਹੋਈ। ਸ੍ਰੀ ਸਿੱਧੂ ਨੇ ਆਖਿਆ ਕਿ ਉਨ੍ਹਾਂ ਦਾ ਮਕਸਦ ਪੰਜਾਬ ਦੇ ਲੋਕਾਂ ਦੀ ਸੇਵਾ ਕਰਨਾ ਹੈ।

# ਕੇਂਦਰ ਨਾਲ ਸਿੱਧੇ ਟਕਰਾਅ ਤੋਂ ਪਿੱਛੇ ਹਟੀਆਂ ਕਿਸਾਨ ਜਥੇਬੰਦੀਆਂ



**ਪਟਿਆਲਾ:** ਦਿੱਲੀ ਅੰਦੋਲਨ ਦੌਰਾਨ ਮੰਨੀਆਂ ਗਈਆਂ ਮੰਗਾਂ ਲਾਗੂ ਕਰਵਾਉਣ ਲਈ 'ਦਿੱਲੀ ਚੱਲੋ' ਦੇ ਬੈਨਰ ਹੇਠ ਅੰਦੋਲਨ ਕਰ ਰਹੇ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਨਾਲ ਟਕਰਾਅ ਨਾ ਕਰਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਨੌਜਵਾਨ ਸ਼ੁਭਕਰਨ ਸਿੰਘ ਬੱਲ੍ਹੋ ਦੀ ਮੌਤ ਕਾਰਨ ਲਿਆ ਗਿਆ ਹੈ।

ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਟਕਰਾਅ ਦੌਰਾਨ ਆਪਣੇ ਬੰਦੇ ਮਰਵਾਉਣ ਦੀ ਥਾਂ ਉਹ ਸਬਰ ਅਤੇ ਸੰਤੋਖ ਨਾਲ ਹੀ ਇਹ ਲੜਾਈ ਲੜਨਗੇ। ਇਸ ਦੇ ਚੱਲਦਿਆਂ ਕਿਸਾਨ ਦਿੱਲੀ ਦੀ ਥਾਂ ਇਹ ਅੰਦੋਲਨ ਹੁਣ ਹਰਿਆਣਾ ਦੀਆਂ ਬਰੂੰਹਾਂ 'ਤੇ ਲੜਨਗੇ। ਟਰੈਕਟਰ ਟਰਾਲੀਆਂ ਨੂੰ ਕਿਸਾਨੀ ਦਾ ਅਹਿਮ ਹਿੱਸਾ ਦੱਸਦਿਆਂ ਉਨ੍ਹਾਂ ਕਿਹਾ ਕਿ ਹਕੂਮਤ ਟਰੈਕਟਰਾਂ ਨੂੰ ਟੈਂਕਰ ਦੱਸ ਰਹੀ ਹੈ ਪਰ ਉਹ ਆਪਣੇ ਟਰੈਕਟਰ ਟਰਾਲੀਆਂ 'ਤੇ ਹੀ ਦਿੱਲੀ ਜਾਣਗੇ। ਇਸ ਲਈ ਭਾਵੇਂ ਉਨ੍ਹਾਂ ਨੂੰ ਲੰਮਾ ਸੰਘਰਸ਼ ਕਿਉਂ ਨਾ ਲੜਨਾ ਪਵੇ ਪਰ ਉਹ ਦਿੱਲੀ ਵੱਲ ਉਦੋਂ ਹੀ ਕੂਚ ਕਰਨਗੇ ਜਦੋਂ ਹਕੂਮਤ ਖੁਦ ਆਪਣੇ ਹੱਥੀਂ ਬਾਰਡਰਾਂ 'ਤੇ ਲਾਈਆਂ ਗਈਆਂ ਰੋਕਾਂ ਖੋਲ੍ਹੇਗੀ। ਇਹ ਐਲਾਨ ਸਰਵਣ ਸਿੰਘ ਪੰਧੇਰ ਨੇ ਸ਼ੰਭੂ ਬਾਰਡਰ 'ਤੇ ਮਨਾਏ ਗਏ ਕੌਮਾਂਤਰੀ ਮਹਿਲਾ ਦਿਵਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਸ੍ਰੀ ਪੰਧੇਰ ਨੇ ਕਿਹਾ ਕਿ ਹੁਣ ਦੇਖਣਾ ਹੈ ਕਿ ਹਕੂਮਤ ਕਿੰਨਾ ਕੁ ਚਿਰ ਇਹ ਬਾਰਡਰ ਬੰਦ ਕਰ ਕੇ ਰੱਖੇਗੀ।

ਖਨੌਰੀ ਬਾਰਡਰ 'ਤੇ ਚੱਲ ਰਹੇ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕੇਂਦਰ ਦੀ ਭਾਜਪਾ ਸਰਕਾਰ ਖ਼ਿਲਾਫ਼ ਤਿੱਖੇ ਸ਼ਬਦੀ ਹਮਲੇ ਕੀਤੇ ਅਤੇ ਕਿਸਾਨਾਂ ਨੂੰ ਮੰਗਾਂ ਦੀ ਪ੍ਰਾਪਤੀ ਤੱਕ ਮੋਰਚੇ 'ਤੇ ਡਟੇ ਰਹਿਣ ਦਾ ਸੱਦਾ ਦਿੱਤਾ। ਹਰਿਆਣਾ ਦੇ ਕਿਸਾਨ ਆਗੂ ਅਭਿਮੰਨਿਊ ਕੋਹਾੜ ਅਤੇ ਹੋਰ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਐਮ.ਐਸ.ਪੀ. ਗਾਰੰਟੀ ਕਾਨੂੰਨ ਦੇ ਮੁੱਦੇ 'ਤੇ ਗੰਭੀਰ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਐਮ.ਐਸ.ਪੀ. ਨੂੰ ਕਾਨੂੰਨੀ ਗਾਰੰਟੀ ਮਿਲਣ ਨਾਲ ਦੇਸ਼ ਦੀ ਅਰਥ ਵਿਵਸਥਾ ਮਜ਼ਬੂਤ ਹੋਵੇਗੀ ਅਤੇ ਸਰਕਾਰ ਨੂੰ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਇਕ ਪਾਸੇ ਕੇਂਦਰ ਸਰਕਾਰ ਆਤਮ ਨਿਰਭਰ ਭਾਰਤ ਦਾ ਨਾਅਰਾ ਦਿੰਦੀ ਹੈ ਜਦਕਿ ਦੂਜੇ ਪਾਸੇ 1 ਲੱਖ 41 ਹਜ਼ਾਰ ਕਰੋੜ ਦੀਆਂ ਖਾਦਾਂ, ਤੇਲ ਅਤੇ ਦਾਲਾਂ ਬਾਹਰ ਮੰਗਵਾਉਂਦੀ ਹੈ। ਜਾਣਕਾਰੀ ਅਨੁਸਾਰ ਕਿਸਾਨ ਆਪਣੀਆਂ ਮੰਗਾਂ ਮਨਵਾਉਣ ਲਈ ਬਾਰਡਰਾਂ 'ਤੇ ਡਟੇ ਹੋਏ ਹਨ।

## ਕੇਂਦਰ ਐਮ.ਐਸ.ਪੀ. ਦੀ ਜ਼ਿੰਮੇਵਾਰੀ ਤੋਂ ਨਾ ਭੱਜੇ: ਡੱਲੇਵਾਲ

**ਚੰਡੀਗੜ੍ਹ:** ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕੇਂਦਰ ਨੂੰ ਅਪੀਲ ਕੀਤੀ ਹੈ ਕਿ ਉਹ ਸਾਰੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਦੇਣ ਦੀ ਆਪਣੀ ਜ਼ਿੰਮੇਵਾਰੀ ਤੋਂ ਨਾ ਭੱਜੇ। ਡੱਲੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਪਾਮ ਆਇਲ ਦੀ ਦਰਾਮਦ ਉਤੇ ਤਾਂ 1.38 ਲੱਖ ਕਰੋੜ ਰੁਪਏ ਖਰਚ ਕਰ ਰਹੀ ਹੈ ਪਰ ਕਿਸਾਨਾਂ ਨੂੰ ਉਨ੍ਹਾਂ ਦੀਆਂ ਸਾਰੀਆਂ ਫਸਲਾਂ 'ਤੇ ਐਮ.ਐਸ.ਪੀ. ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜਣਾ ਚਾਹੀਦਾ।

# ਹਾਈ ਕੋਰਟ ਵੱਲੋਂ ਕਿਸਾਨ ਸ਼ੁਭਕਰਨ ਦੀ ਮੌਤ ਦੀ ਨਿਆਇਕ ਜਾਂਚ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਮਹੀਨੇ ਖਨੌਰੀ ਬਾਰਡਰ 'ਤੇ ਹਰਿਆਣਾ ਦੇ ਸੁਰੱਖਿਆ ਮੁਲਾਜ਼ਮਾਂ ਅਤੇ ਪ੍ਰਦਰਸ਼ਨਕਾਰੀ ਕਿਸਾਨਾਂ ਦਰਮਿਆਨ ਹੋਈ ਝੜਪ ਦੌਰਾਨ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਹੋਣ ਦੇ ਮਾਮਲੇ ਦੀ ਨਿਆਇਕ ਜਾਂਚ ਦੇ ਹੁਕਮ ਦਿੱਤੇ ਹਨ।

ਕਾਰਜਕਾਰੀ ਚੀਫ਼ ਜਸਟਿਸ ਜੀ.ਐਸ. ਸੰਧਾਵਾਲੀਆ ਅਤੇ ਜਸਟਿਸ ਲਪਿਤਾ ਬੈਨਰਜੀ ਵੱਲੋਂ ਕਿਸਾਨਾਂ ਦੇ ਅੰਦੋਲਨ ਨਾਲ ਸਬੰਧਤ ਪਟੀਸ਼ਨਾਂ 'ਤੇ ਸੁਣਵਾਈ ਕੀਤੀ ਜਾ ਰਹੀ ਸੀ। ਐਡਵੋਕੇਟ ਉਦੈ ਪ੍ਰਤਾਪ ਸਿੰਘ ਜੋ ਕਿ ਇਸ ਮਾਮਲੇ ਵਿਚ ਪਟੀਸ਼ਨਰ ਵੀ ਹਨ, ਨੇ ਕਿਹਾ ਕਿ ਅਦਾਲਤ ਨੇ ਸ਼ੁਭਕਰਨ ਸਿੰਘ ਦੀ ਮੌਤ ਦੇ ਮਾਮਲੇ ਵਿਚ ਨਿਆਇਕ ਜਾਂਚ ਦੇ ਹੁਕਮ ਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਹ ਜਾਂਚ ਹਾਈ ਕੋਰਟ ਦੇ ਸੇਵਾਮੁਕਤ ਜੱਜ ਅਤੇ ਪੰਜਾਬ ਤੇ ਹਰਿਆਣਾ ਦੇ ਏ.ਡੀ.ਜੀ.ਪੀ. ਰੈਂਕ ਦੇ ਦੋ ਅਧਿਕਾਰੀਆਂ ਵੱਲੋਂ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ 21 ਫਰਵਰੀ ਨੂੰ ਪੰਜਾਬ-ਹਰਿਆਣਾ ਦੀ ਹੱਦ ਖਨੌਰੀ ਬਾਰਡਰ 'ਤੇ ਹੋਈ ਝੜਪ ਵਿਚ ਜਿੱਥੇ ਬਠਿੰਡਾ ਜ਼ਿਲ੍ਹੇ ਦੇ ਰਹਿਣ ਵਾਲੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ (21) ਦੀ ਮੌਤ ਹੋ ਗਈ ਸੀ, ਉਥੇ ਹੀ 12 ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਏ ਸਨ। ਇਹ ਘਟਨਾ ਉਸ ਵੇਲੇ ਵਾਪਰੀ ਸੀ ਜਦੋਂ ਕੁਝ ਪ੍ਰਦਰਸ਼ਨਕਾਰੀ ਕਿਸਾਨ ਬੈਰੀਕੇਡਾਂ ਵੱਲ ਵਧਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਸੁਰੱਖਿਆ ਮੁਲਾਜ਼ਮਾਂ ਵੱਲੋਂ ਉਨ੍ਹਾਂ ਨੂੰ ਬੈਰੀਕੇਡ ਟੱਪਣ ਅਤੇ ਦਿੱਲੀ ਵੱਲ ਕੂਚ ਕਰਨ ਤੋਂ ਰੋਕਿਆ ਜਾ ਰਿਹਾ ਸੀ। ਇਸ ਮਾਮਲੇ ਵਿਚ ਪੰਜਾਬ ਸਰਕਾਰ ਪਹਿਲਾਂ ਹੀ ਕਤਲ ਕੇਸ ਸਬੰਧੀ ਇਕ ਜ਼ੀਰੋ ਐਫ.ਆਈ.ਆਰ. ਦਰਜ ਕਰ ਚੁੱਕੀ ਹੈ।

# ਵਖਰੇਵੇਂ ਛੱਡ ਕੇ ਕਿਸਾਨੀ ਹਿੱਤਾਂ ਲਈ ਇੱਕਜੁਟ ਹੋਣ ਦਾ ਸੱਦਾ

**ਸੰਗਰੂਰ:** ਭਾਕਿਯੂ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਦੇ ਆਗੂਆਂ ਨੂੰ ਤਿੰਨ ਨੁਕਤਿਆਂ ਵਾਲਾ ਪੱਤਰ ਦਿੱਤਾ ਗਿਆ ਹੈ। ਇਸ ਵਿਚ ਕਿਸਾਨੀ ਮੋਰਚਾ ਮੁੜ ਸੁਰਜੀਤ ਕਰਨ ਲਈ ਤਿੰਨ ਗੱਲਾਂ 'ਤੇ ਧਿਆਨ ਕੇਂਦਰਿਤ ਕਰਨ ਲਈ ਕਿਹਾ ਗਿਆ ਹੈ। ਪਹਿਲੀ ਗੱਲ 26 ਜਨਵਰੀ ਦੀ ਗਲਤੀ ਦਾ ਅਹਿਸਾਸ ਕਰਨਾ, ਦੂਜਾ ਜਗਜੀਤ ਸਿੰਘ ਡੱਲੇਵਾਲ ਨੇ ਸੰਯੁਕਤ ਕਿਸਾਨ ਮੋਰਚਾ ਤੋੜ ਕੇ ਦੂਜਾ ਮੋਰਚਾ ਕਿਉਂ ਬਣਾਇਆ, ਇਸ ਗ਼ਲਤੀ ਦਾ ਅਹਿਸਾਸ ਕਰਨਾ, ਤੀਜਾ ਉਨ੍ਹਾਂ ਗੱਲਾਂ ਦਾ ਧਿਆਨ ਰੱਖੋ ਜਿਨ੍ਹਾਂ ਨਾਲ ਦਿੱਲੀ ਕਿਸਾਨ ਅੰਦੋਲਨ ਜਿੱਤਿਆ ਸੀ, ਮੋਰਚੇ ਵਿਚ ਫਿਰਕਾਪ੍ਰਸਤ, ਹੁੱਲੜਬਾਜ਼ੀ ਅਤੇ ਰਾਜਸੀ ਧਿਰਾਂ ਨੂੰ ਪਾਸੇ ਰੱਖ ਕੇ ਲੜਾਈ ਲੜੀ ਜਾਵੇ। ਸ੍ਰੀ ਉਗਰਾਹਾਂ ਸਥਾਨਕ ਅਨਾਜ ਮੰਡੀ 'ਚ ਚਾਰ ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰ ਦੀ ਭਾਜਪਾ ਸਰਕਾਰ ਖ਼ਿਲਾਫ਼ ਉਲੀਕੇ ਰੋਸ ਮੁਜ਼ਾਹਰੇ ਦੌਰਾਨ ਇਕੱਠ ਨੂੰ ਸੰਬੋਧਨ ਕਰ ਰਹੇ ਸਨ।



ਸ੍ਰੀ ਉਗਰਾਹਾਂ ਨੇ ਕਿਹਾ ਕਿ ਜੇ ਇਹ ਤਿੰਨ ਨੁਕਤੇ ਪ੍ਰਵਾਨ ਨਹੀਂ ਤਾਂ ਘੱਟੋ-ਘੱਟ ਪ੍ਰੋਗਰਾਮ 'ਤੇ ਸਹਿਮਤੀ ਕੀਤੀ ਜਾਵੇ। ਇਸ ਲਈ ਵੀ ਤਿੰਨ ਵੱਖਰੇ ਨੁਕਤੇ ਭੇਜੇ ਗਏ ਹਨ। ਪਹਿਲਾ, ਆਪਸੀ ਵਖਰੇਵੇਂ ਪਾਸੇ ਰੱਖ ਕੇ ਸੰਘਰਸ਼ ਕੀਤਾ ਜਾਵੇ, ਦੂਜਾ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਆਪਸੀ ਤਾਲਮੇਲ ਰਾਹੀਂ ਕਿਸਾਨੀ ਲਹਿਰ ਦੀ ਤਾਕਤ ਨਾਲ ਸਾਂਝਾ ਘੋਲ ਅੱਗੇ ਵਧਾਇਆ ਜਾਵੇ ਅਤੇ ਭਾਜਪਾ ਵੱਲ ਨਿਸ਼ਾਨਾ ਸਾਧਿਆ ਜਾਵੇ, ਤੀਜਾ ਚੋਣ ਜ਼ਾਬਤੇ ਤੋਂ ਬਾਅਦ ਕਿਸਾਨੀ ਮੰਗਾਂ 'ਤੇ ਜ਼ੋਰਦਾਰ ਪ੍ਰਚਾਰ ਕਰਕੇ ਭਾਜਪਾ ਨੂੰ ਘੋਰ ਨਿਖੇੜੇ ਦੀ ਹਾਲਤ ਵਿੱਚ ਸੁੱਟ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਵਖਰੇਵੇਂ ਛੱਡ ਕੇ ਕਿਸਾਨੀ ਹਿੱਤਾਂ ਲਈ ਇੱਕਜੁਟ ਹੋਇਆ ਜਾਵੇ। ਉਨ੍ਹਾਂ ਕਿਹਾ ਕਿ ਸਾਥੀਓ ਕਿਸਾਨ ਜਥੇਬੰਦੀਆਂ ਦੇ ਪੈਰਾਂ ਹੇਠੋਂ ਮਿੱਟੀ ਕੱਢਣ ਦੀ ਬਜਾਏ ਲੜਾਈ ਭਾਜਪਾ ਵਿਰੁੱਧ ਕੇਂਦਰਿਤ ਕਰੋ। ਬਾਰਡਰਾਂ 'ਤੇ ਬੈਠ ਕੇ ਜਿੱਤ-ਹਾਰ ਕਿਸਾਨੀ ਲਹਿਰ ਦੀ ਹੋਣੀ ਹੈ, ਨਾ ਕਿ ਕਿਸੇ ਜਥੇਬੰਦੀ ਦੀ ਹੋਣੀ ਹੈ।

# ਕਿਸਾਨ ਸੰਘਰਸ਼ ਦੌਰਾਨ ਬਾਰਡਰਾਂ ਉਤੇ ਗਰਜੀਆਂ ਬੀਬੀਆਂ



**ਪਟਿਆਲਾ:** ਕਿਸਾਨੀ ਸੰਘਰਸ਼ ਦੌਰਾਨ ਸ਼ੰਭੂ, ਢਾਬੀਗੁੱਜਰਾਂ ਅਤੇ ਖਨੌਰੀ ਬਾਰਡਰਾਂ 'ਤੇ ਮਨਾਏ ਗਏ 'ਕੌਮਾਂਤਰੀ ਮਹਿਲਾ ਦਿਵਸ' ਵਿਚ ਬੀਬੀਆਂ ਨੇ ਉਤਸ਼ਾਹ ਨਾਲ ਸ਼ਿਰਕਤ ਕੀਤੀ। ਬਾਰਡਰਾਂ 'ਤੇ ਲੋਕਾਂ ਦੀ ਗਿਣਤੀ ਆਮ ਦਿਨਾਂ ਨਾਲੋਂ ਦੁੱਗਣੀ ਤੋਂ ਵੀ ਵੱਧ ਸੀ। ਬਾਰਡਰਾਂ 'ਤੇ ਮਨਾਏ ਗਏ ਕੌਮਾਂਤਰੀ ਮਹਿਲਾ ਦਿਵਸ ਦੌਰਾਨ ਮੋਰਚੇ ਦੀ ਅਗਵਾਈ ਕਰ ਰਹੇ ਕਿਸਾਨ ਆਗੂਆਂ ਨੇ ਇਸ ਕਿਸਾਨ ਘੋਲ 'ਚ ਮਹਿਲਾਵਾਂ ਦੀ ਬਰਾਬਰ ਭਾਗੀਦਾਰੀ ਰੱਖਣ ਦਾ ਫੈਸਲਾ ਕੀਤਾ ਹੈ।

ਇਹ ਐਲਾਨ ਕਰਦਿਆਂ ਕਿਸਾਨ ਨੇਤਾ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਬੀਬੀਆਂ ਨੂੰ ਬਰਾਬਰੀ ਦੇ ਹੱਕ ਦੇਣ ਵਾਲੀਆਂ ਗੱਲਾਂ ਅਕਸਰ ਹੀ ਕੀਤੀਆਂ ਤਾਂ ਜਾਂਦੀਆਂ ਹਨ ਪਰ ਅਮਲ ਘੱਟ ਹੀ ਹੁੰਦਾ ਹੈ। ਇਸ ਦੌਰਾਨ ਫੈਸਲਾ ਕੀਤਾ ਗਿਆ ਕਿ ਕਣਕ ਦੀ ਵਾਢੀ ਮੌਕੇ ਕਿਸਾਨੀ ਸੰਘਰਸ਼ ਦੀ ਕਮਾਨ ਮੁੱਖ ਤੌਰ 'ਤੇ ਬੀਬੀਆਂ ਦੇ ਹਵਾਲੇ ਹੀ ਕੀਤੀ ਜਾਵੇ। ਇਸੇ ਦੌਰਾਨ ਜਗਜੀਤ ਡੱਲੇਵਾਲ, ਸੁਰਜੀਤ ਫੂਲ, ਜਸਵਿੰਦਰ ਲੌਂਗੋਵਾਲ, ਮਨਜੀਤ ਘੁਮਾਣਾ ਸਮੇਤ ਕਈ ਹੋਰ ਕਿਸਾਨਾਂ ਨੇ ਵੀ ਇਸ ਫੈਸਲੇ ਦੀ ਪ੍ਰੋੜ੍ਹਤਾ ਕੀਤੀ। ਖਨੌਰੀ ਬਾਰਡਰ 'ਤੇ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਦੇ ਪ੍ਰਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਦੋਵੇਂ ਬਾਰਡਰਾਂ 'ਤੇ ਔਰਤਾਂ ਦਾ ਇਕੱਠ ਸਿਰਫ਼ ਕੌਮਾਂਤਰੀ ਮਹਿਲਾ ਦਿਵਸ ਤੱਕ ਸੀਮਤ ਨਹੀਂ ਸੀ ਸਗੋਂ ਆਜ਼ਾਦੀ ਦੇ ਅੰਦੋਲਨਾਂ ਅਤੇ ਦਿੱਲੀ ਕਿਸਾਨ ਅੰਦੋਲਨ 'ਚ ਔਰਤਾਂ ਦੀ ਅਹਿਮ ਭੂਮਿਕਾ ਰਹੀ ਹੈ। ਮਾਈ ਭਾਗੋ ਅਤੇ ਰਾਣੀ ਝਾਂਸੀ ਦਾ ਜ਼ਿਕਰ ਕਰਦਿਆਂ ਸ੍ਰੀ ਡੱਲੇਵਾਲ ਨੇ ਕਿਹਾ ਕਿ ਔਰਤਾਂ ਦੇ ਸੰਘਰਸ਼ ਦਾ ਇਤਿਹਾਸ ਸਭ ਦੇ ਸਾਹਮਣੇ ਹੈ। ਉਨ੍ਹਾਂ ਦਾਅਵਾ ਕੀਤਾ ਕਿ ਔਰਤਾਂ ਦੇ ਕਿਸਾਨ ਸੰਘਰਸ਼ ਵਿਚ ਕੁੱਦਣ ਨਾਲ ਅਸੀਂ ਜ਼ਰੂਰ ਜਿੱਤਾਂਗੇ। ਸ੍ਰੀ ਡੱਲੇਵਾਲ ਨੇ ਪੰਜਾਬ ਸਰਕਾਰ 'ਤੇ ਕੇਂਦਰ ਦੇ ਦਬਾਅ ਹੇਠ ਹੋਣ ਦਾ ਦੋਸ਼ ਲਾਉਂਦਿਆਂ ਕਿਹਾ ਕਿ 13, 14 ਅਤੇ 21 ਫਰਵਰੀ ਨੂੰ ਹਰਿਆਣਾ ਪੁਲਿਸ ਦੇ ਹਮਲਿਆਂ 'ਚ ਜ਼ਖ਼ਮੀ ਹੋਏ 200 ਕਿਸਾਨਾਂ ਦੀ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਐਮ.ਐਲ.ਆਰ. ਨਹੀਂ ਕੱਟੀ ਗਈ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਜ਼ਖ਼ਮੀ ਕਿਸਾਨਾਂ ਦੀ ਜ਼ਿੰਮੇਵਾਰੀ ਲਏ ਅਤੇ ਆਰਥਿਕ ਮਦਦ ਦਿੱਤੀ ਜਾਵੇ।

# ਸ਼ਿਲਾਂਗ ਦੀ ਸਿੱਖ ਕਲੋਨੀ ਨੇੜੇ ਧਮਾਕੇ ਕਾਰਨ ਤਣਾਅ



**ਅੰਮ੍ਰਿਤਸਰ:** ਉੱਤਰ ਪੂਰਬੀ ਰਾਜ ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਵਿਚ ਸਿੱਖ ਭਾਈਚਾਰੇ ਦੀ ਅਬਾਦੀ ਨੇੜੇ ਹੋਏ ਧਮਾਕੇ ਨੇ ਉਥੇ ਰਹਿੰਦੇ ਸਿੱਖ ਭਾਈਚਾਰੇ ਨੂੰ ਮੁੜ ਚਿੰਤਾ ਵਿਚ ਪਾ ਦਿੱਤਾ ਹੈ। ਇਹ ਬੰਬ ਧਮਾਕਾ ਸਿੱਖ ਭਾਈਚਾਰੇ ਦੀ ਰਿਹਾਇਸ਼ੀ ਅਬਾਦੀ ਹਰੀਜਨ ਕਲੋਨੀ ਨੇੜੇ ਹੋਇਆ।

ਹਰੀਜਨ ਪੰਚਾਇਤ ਕਮੇਟੀ ਦੇ ਸਕੱਤਰ ਅਤੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ ਨੇ ਦੱਸਿਆ ਕਿ ਇਸ ਘਟਨਾ ਵਿਚ ਜ਼ਖਮੀ ਹੋਏ ਵਿਅਕਤੀ ਦੀ ਸ਼ਨਾਖ਼ਤ ਲੱਖਣ ਸਿੰਘ ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਆਮ ਲੋਕ ਮਹਿਸੂਸ ਕਰ ਰਹੇ ਹਨ ਕਿ ਇਹ ਧਮਾਕਾ ਉਨ੍ਹਾਂ ਨੂੰ ਇੱਥੋਂ ਇਸ ਕਲੋਨੀ ਵਿਚੋਂ ਉਜਾੜਨ ਦੀ ਯੋਜਨਾ ਦਾ ਹੀ ਇਕ ਹਿੱਸਾ ਹੈ। ਸਿੱਖ ਭਾਈਚਾਰਾ ਕਈ ਸਾਲਾਂ ਤੋਂ ਇਸ ਕਲੋਨੀ ਵਿਚ ਆਬਾਦ ਹੈ ਪਰ ਮੌਜੂਦਾ ਸਮੇਂ ਦੌਰਾਨ ਸਿੱਖ ਭਾਈਚਾਰੇ ਨੂੰ ਇੱਥੋਂ ਕਲੋਨੀ ਵਿਚੋਂ ਬਾਹਰ ਕੱਢਣ ਦੀ ਯੋਜਨਾ ਹੈ। ਇਸ ਤੋਂ ਪਹਿਲਾਂ ਹਾਈ ਕੋਰਟ ਸਿੱਖ ਭਾਈਚਾਰੇ ਦੇ ਹੱਕ ਵਿਚ ਫੈਸਲਾ ਦੇ ਚੁੱਕੀ ਹੈ ਜਿਸ ਨੂੰ ਹੁਣ ਹਾਈ ਕੋਰਟ ਦੇ ਡਬਲ ਬੈਂਚ ਕੋਲ ਚੁਣੌਤੀ ਦਿੱਤੀ ਹੋਈ ਹੈ। ਇਸ ਤੋਂ ਪਹਿਲਾਂ ਵੀ ਸਿੱਖਾਂ ਨੂੰ ਇਸ ਬਸਤੀ ਵਿਚੋਂ ਉਜਾੜਨ ਦਾ ਯਤਨ ਕੀਤਾ ਜਾ ਚੁੱਕਾ ਹੈ। ਉਥੋਂ ਦੀ ਇਕ ਦਹਿਸ਼ਤਗਰਦ ਜਥੇਬੰਦੀ ਵੱਲੋਂ ਸਿੱਖ ਭਾਈਚਾਰੇ ਨੂੰ ਇਹ ਬਸਤੀ ਖਾਲੀ ਕਰਨ ਦੀ ਧਮਕੀ ਵੀ ਦਿੱਤੀ ਜਾ ਚੁੱਕੀ ਹੈ।

# ਕਿਸਾਨ ਜਥੇਬੰਦੀਆਂ ਨੇ ਪੰਜਾਬ ਭਰ 'ਚ ਰੇਲ ਗੱਡੀਆਂ ਰੋਕੀਆਂ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਰੇਲ ਗੱਡੀਆਂ ਰੋਕਣ ਸਬੰਧੀ ਦਿੱਤੇ ਸੱਦੇ ਦੀ ਹਮਾਇਤ ਵਿਚ ਪੰਜ ਹੋਰ ਕਿਸਾਨ ਜਥੇਬੰਦੀਆਂ ਨੇ ਪੰਜਾਬ ਵਿਚ 10 ਥਾਵਾਂ ਉਤੇ ਰੇਲ ਗੱਡੀਆਂ ਰੋਕੀਆਂ। ਇਨ੍ਹਾਂ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ), ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ (ਧਨੇਰ), ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ ਮਾਲਵਾ (ਹਰੀਕੇ) ਤੇ ਭਾਰਤੀ ਕਿਸਾਨ ਯੂਨੀਅਨ ਦੁਆਬਾ ਸ਼ਾਮਲ ਹਨ। ਇਨ੍ਹਾਂ ਧਰਨਿਆਂ ਦੀ ਅਗਵਾਈ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ, ਮਨਜੀਤ ਸਿੰਘ ਧਨੇਰ, ਡਾ. ਦਰਸ਼ਨਪਾਲ, ਮਲੂਕ ਸਿੰਘ ਹਰੀਕੇ ਅਤੇ ਹਰਬੰਸ ਸਿੰਘ ਸੰਘਾ ਨੇ ਕੀਤੀ।

ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਤੇ ਡਾ. ਦਰਸ਼ਨਪਾਲ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਬਠਿੰਡਾ ਜੰਕਸ਼ਨ, ਮਾਨਸਾ, ਬਰਨਾਲਾ, ਸੰਗਰੂਰ, ਹੁਸ਼ਿਆਰਪੁਰ, ਵੱਲਾ ਫਾਟਕ ਅੰਮ੍ਰਿਤਸਰ, ਪਟਿਆਲਾ ਛਾਉਣੀ, ਅਜੀਤਵਾਲ ਮੋਗਾ, ਮੰਡੀ ਅਹਿਮਦਗੜ੍ਹ, ਲੁਧਿਆਣਾ ਤੇ ਜਲਾਲਾਬਾਦ, ਪੱਛਮੀ ਫਾਜ਼ਿਲਕਾ 'ਚ ਵੱਡੀ ਗਿਣਤੀ ਕਿਸਾਨਾਂ ਨੇ ਰੇਲਵੇ ਟਰੈਕ ਜਾਮ ਕੀਤੇ। ਇਸ ਮੌਕੇ ਵੱਡੀ ਗਿਣਤੀ ਵਿਚ ਔਰਤਾਂ ਤੇ ਨੌਜਵਾਨਾਂ ਸਮੇਤ ਹਜ਼ਾਰਾਂ ਕਿਸਾਨਾਂ-ਮਜ਼ਦੂਰਾਂ ਨੇ ਸ਼ਮੂਲੀਅਤ ਕੀਤੀ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਭਾਜਪਾ ਸਰਕਾਰ ਨੇ ਸ਼ਾਂਤਮਈ ਢੰਗ ਨਾਲ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਲਾਠੀਆਂ, ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕਰਕੇ ਕਿਸਾਨਾਂ ਦੀ ਜਮਹੂਰੀ ਹੱਕ ਖੋਹਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਪਟਿਆਲਾ 'ਚ ਧਰਨੇ ਦੀ ਅਗਵਾਈ ਕਰਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾਈ ਪ੍ਰਧਾਨ ਅਤੇ 32 ਜਥੇਬੰਦੀਆਂ 'ਤੇ ਆਧਾਰਤ ਐਸ.ਕੇ.ਐਮ. ਦੇ ਮੈਂਬਰ ਡਾ. ਦਰਸ਼ਨਪਾਲ ਨੇ ਸਾਰੀਆਂ ਕਿਸਾਨ ਧਿਰਾਂ ਨੂੰ ਇਕਜੁੱਟ ਹੋਣ ਦਾ ਹੋਕਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਐਸ.ਕੇ.ਐਮ. (ਗੈਰਸਿਆਸੀ) ਅਤੇ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਸ਼ੰਭੂ ਅਤੇ ਢਾਬੀਗੁੱਜਰਾਂ ਬਾਰਡਰਾਂ 'ਤੇ ਲੜੇ ਜਾ ਰਹੇ ਅੰਦੋਲਨ ਦੇ ਸਬੰਧ 'ਚ ਐਸ.ਕੇ.ਐਮ. ਵੱਲੋਂ ਏਕਾ ਯਕੀਨੀ ਬਣਾਉਣ ਲਈ 6 ਮੈਂਬਰੀ ਏਕਤਾ ਕਮੇਟੀ ਵੀ ਗਠਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਏਕੇ 'ਚ ਬੜੀ ਬਰਕਤ ਹੈ। ਇਸ ਕਰਕੇ ਨਵਾਂ ਅੰਦੋਲਨ ਵੀ ਏਕੇ ਨਾਲ ਲੜਨਾ ਚਾਹੀਦਾ ਹੈ।

# ਨੌਜਵਾਨਾਂ ਨੂੰ ਯੂਕਰੇਨ ਜੰਗ 'ਚ ਧੱਕਣ ਦੇ ਮਾਮਲੇ 'ਤੇ ਫਿਕਰਮੰਦੀ ਵਧੀ

**ਚੰਡੀਗੜ੍ਹ:** ਰੂਸ ਵੱਲੋਂ ਯੂਕਰੇਨ ਨਾਲ ਜੰਗ ਲਈ ਭਾਰਤੀ ਨੌਜਵਾਨਾਂ ਨੂੰ ਬੰਦੀ ਬਣਾ ਕੇ ਰੂਸੀ ਫ਼ੌਜ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਸਾਲਾਂਬੱਧੀ ਜੇਲ੍ਹਾਂ ਵਿਚ ਰੱਖਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਇਸ ਸਬੰਧੀ ਦੀਨਾਨਗਰ ਦੇ ਇਕ ਪਰਿਵਾਰ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮਦਦ ਮੰਗੀ ਹੈ। ਦੀਨਾਨਗਰ ਦੇ ਪਿੰਡ ਅਵਾਂਖਾ ਵਾਸੀ ਨਵਦੀਪ ਕੌਰ ਨੇ ਦੱਸਿਆ ਕਿ ਉਸ ਦਾ ਭਰਾ ਰਵਨੀਤ ਸਿੰਘ ਕਰੀਬ ਚਾਰ ਮਹੀਨੇ ਪਹਿਲਾਂ ਇਕ ਏਜੰਟ ਰਾਹੀਂ ਸੈਲਾਨੀ ਵੀਜ਼ੇ 'ਤੇ ਰੂਸ ਗਿਆ ਸੀ। ਰਵਨੀਤ ਉਥੇ ਰਹਿੰਦੇ ਦੀਨਾਨਗਰ ਦੇ ਪਿੰਡ ਜੰਡੇਆ ਦੇ ਇਕ ਹੋਰ ਨੌਜਵਾਨ ਵਿਕਰਮ ਸਿੰਘ ਨਾਲ ਬਾਹਰ ਕਿਤੇ ਘੁੰਮਣ ਨਿਕਲ ਗਿਆ ਜਿਸ ਦੌਰਾਨ ਰੂਸੀ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਰੂਸੀ ਫ਼ੌਜ ਦੇ ਹਵਾਲੇ ਕਰ ਦਿੱਤਾ। ਉਥੇ ਉਨ੍ਹਾਂ ਨੂੰ ਯੂਕਰੇਨ ਨਾਲ ਜੰਗ ਲਈ ਜ਼ਬਰਦਸਤੀ ਫ਼ੌਜ ਵਿਚ ਭਰਤੀ ਹੋਣ ਲਈ ਆਖਿਆ ਗਿਆ। ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਜੇਲ੍ਹ ਵਿਚ ਡੱਕਣ ਦੀ ਧਮਕੀ ਦਿੱਤੀ ਗਈ। ਪੀੜਤ ਪਰਿਵਾਰ ਨੇ ਕਿਹਾ ਕਿ ਉਹ ਸਦਮੇ ਵਿਚ ਹੈ ਅਤੇ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਕਿਵੇਂ ਆਪਣੇ ਲੜਕੇ ਨੂੰ ਬਚਾ ਕੇ ਵਾਪਸ ਲਿਆਉਣ।



ਰੂਸ-ਯੂਕਰੇਨ ਜੰਗ ਵਿਚ ਧੱਕੇ ਪੰਜਾਬੀ ਨੌਜਵਾਨਾਂ ਵਿਚ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਬਲਾਚੌਰ ਸਬ ਡਿਵੀਜ਼ਨ ਦੇ ਪਿੰਡ ਗਰਲੌਂ ਬੇਟ ਦਾ ਨਰੈਣ ਸਿੰਘ (21) ਵੀ ਸ਼ਾਮਲ ਹੈ। ਉਸ ਦੇ ਪਿਤਾ ਗੁਰਬੰਤ ਸਿੰਘ ਅਤੇ ਮਾਤਾ ਗੁਰਮੀਤ ਕੌਰ ਨੇ ਦੱਸਿਆ ਕਿ ਨਵਾਂ ਸਾਲ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਨਰੈਣ ਸਿੰਘ ਆਪਣੇ ਦੋਸਤਾਂ ਨਾਲ ਸੈਲਾਨੀ ਵੀਜ਼ੇ 'ਤੇ ਰੂਸ ਗਿਆ ਸੀ। ਮਾਪਿਆਂ ਨੂੰ ਇਹ ਵੀ ਨਹੀਂ ਪਤਾ ਕਿ ਉਸ ਨੂੰ ਕਿਹੜੇ ਟਰੈਵਲ ਏਜੰਟ ਨੇ ਕਿੰਨੇ ਪੈਸਿਆਂ ਵਿਚ ਭੇਜਿਆ ਹੈ। ਨਰੈਣ ਸਿੰਘ ਉਨ੍ਹਾਂ ਤੋਂ ਸਿਰਫ 6,000 ਰੁਪਏ ਲੈ ਕੇ ਗਿਆ ਸੀ। ਉਨ੍ਹਾਂ ਦੱਸਿਆ ਕਿ ਸਾਲ 2023 ਵਿਚ ਪਹਿਲਾਂ ਵੀ ਕੁਝ ਦਿਨਾਂ ਲਈ ਨਰੈਣ ਸਿੰਘ ਸੈਲਾਨੀ ਵੀਜ਼ੇ 'ਤੇ ਜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਨਰੈਣ ਦੱਸਦਾ ਸੀ ਕਿ ਉਸ ਦੇ ਦੋਸਤ ਰਲ-ਮਿਲ ਕੇ ਖਰਚਾ ਕਰਕੇ ਜਾ ਰਹੇ ਹਨ। ਉਨ੍ਹਾਂ ਭਰੇ ਮਨ ਨਾਲ ਦੱਸਿਆ ਕਿ ਹੁਣ ਨਰੈਣ ਸਿੰਘ ਦਾ ਫੋਨ ਆਇਆ ਸੀ ਅਤੇ ਉਹ ਬਹੁਤ ਡਰਿਆ ਹੋਇਆ ਸੀ। ਉਸ ਨੇ ਦੱਸਿਆ ਕਿ ਉਨ੍ਹਾਂ ਨੂੰ ਪਹਿਲਾਂ ਬਹੁਤ ਤੰਗ ਕੀਤਾ ਗਿਆ ਅਤੇ ਬਾਅਦ ਵਿਚ ਫੌਜ ਹਵਾਲੇ ਕਰ ਦਿੱਤਾ ਗਿਆ ਅਤੇ ਧੱਕੇ ਨਾਲ ਫੌਜ ਦੀ ਸਿਖਲਾਈ ਦਿੱਤੀ ਗਈ ਅਤੇ ਉਨ੍ਹਾਂ ਨੂੰ ਰੂਸ-ਯੂਕਰੇਨ ਜੰਗ ਵਿਚ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

## ਵਿਧਾਨ ਸਭਾ 'ਚ ਗੂੰਜਿਆ ਰੂਸ 'ਚ ਫਸੇ ਪੰਜਾਬੀਆਂ ਦਾ ਮੁੱਦਾ

**ਚੰਡੀਗੜ੍ਹ:** ਰੂਸ ਗਏ ਪੰਜਾਬੀ ਨੌਜਵਾਨਾਂ ਨੂੰ ਯੂਕਰੇਨ ਜੰਗ ਵਿਚ ਧੱਕੇ ਜਾਣ ਦਾ ਮੁੱਦਾ ਪੰਜਾਬ ਵਿਧਾਨ ਸਭਾ ਦੇ ਸਿਫ਼ਰ ਕਾਲ ਦੌਰਾਨ ਉਭਰਿਆ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਸ਼ੁਰੂ ਵਿਚ ਹੀ ਕਿਹਾ ਕਿ ਪੰਜਾਬੀ ਨੌਜਵਾਨਾਂ ਨੂੰ ਜਬਰੀ ਜੰਗ ਵਿਚ ਧੱਕ ਦਿੱਤੇ ਜਾਣਾ ਚਿੰਤਾ ਦਾ ਵਿਸ਼ਾ ਹੈ ਅਤੇ ਪੰਜਾਬ ਸਰਕਾਰ ਨੂੰ ਫੌਰੀ ਇਹ ਮਾਮਲਾ ਕੇਂਦਰ ਸਰਕਾਰ ਕੋਲ ਚੁੱਕਣਾ ਚਾਹੀਦਾ ਹੈ। ਇਸ ਦੇ ਜਵਾਬ ਵਿਚ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਕੇਂਦਰ ਨਾਲ ਪਹਿਲਾਂ ਹੀ ਰਾਬਤਾ ਕਾਇਮ ਕਰ ਲਿਆ ਹੈ ਅਤੇ ਰੂਸ ਵਿਚਲੇ ਭਾਰਤੀ ਸਫ਼ਾਰਤਖ਼ਾਨੇ ਨਾਲ ਵੀ ਤਾਲਮੇਲ ਕੀਤਾ ਗਿਆ ਹੈ।

## ਰੂਸੀ ਫੌਜ 'ਚ ਸ਼ਾਮਲ ਭਾਰਤੀ ਨਾਗਰਿਕ ਦੀ ਜੰਗ 'ਚ ਮੌਤ

ਨੌਕਰੀ ਦੇ ਬਹਾਨੇ ਰੂਸੀ ਫੌਜ ਵਿਚ ਸ਼ਾਮਲ ਕੀਤੇ ਗਏ ਭਾਰਤੀ ਨਾਗਰਿਕ ਮੁਹੰਮਦ ਅਫਸਾਨ ਦੀ ਯੂਕਰੇਨ ਖ਼ਿਲਾਫ਼ ਜੰਗ ਦੌਰਾਨ ਮੌਤ ਹੋ ਗਈ ਹੈ। ਰੂਸ ਸਥਿਤ ਭਾਰਤੀ ਸਫ਼ਾਰਤਖਾਨੇ ਨੇ ਇਹ ਜਾਣਕਾਰੀ ਦਿੱਤੀ। ਐਕਸ 'ਤੇ ਪੋਸਟ 'ਚ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਮੁਹੰਮਦ ਅਫਸਾਨ ਦੇ ਪਰਿਵਾਰ ਤੇ ਰੂਸੀ ਅਧਿਕਾਰੀਆਂ ਨਾਲ ਸੰਪਰਕ 'ਚ ਹੈ ਅਤੇ ਅੰਬੈਸੀ ਵੱਲੋਂ ਅਫਸਾਨ ਦੀ ਦੇਹ ਭਾਰਤ ਭੇਜਣ ਦੀਆਂ ਕੋਸ਼ਿਸ਼ ਕੀਤੀਆਂ ਜਾ ਰਹੀਆਂ ਹਨ।

**ਨਵੀਂ ਦਿੱਲੀ:** ਭਾਰਤੀ ਨਾਗਰਿਕਾਂ ਨੂੰ ਵਿਦੇਸ਼ ਵਿਚ ਚੰਗੀਆਂ ਨੌਕਰੀਆਂ ਦਾ ਲਾਲਚ ਦੇ ਕੇ ਰੂਸ-ਯੂਕਰੇਨ ਜੰਗ ਵਿਚ ਜਬਰੀ ਧੱਕਣ ਦੀਆਂ ਘਟਨਾਵਾਂ ਦਰਮਿਆਨ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਸ ਨੇ ਮਾਸਕੋ ਕੋਲ ਇਹ ਮਸਲਾ ਜ਼ੋਰਦਾਰ ਢੰਗ ਨਾਲ ਉਠਾਇਆ ਹੈ। ਜੰਗ ਦੇ ਮੈਦਾਨ ਵਿਚ ਭੇਜੇ ਭਾਰਤੀ ਨਾਗਰਿਕਾਂ ਨੂੰ ਜਲਦੀ ਹੀ ਖਲਾਸੀ ਮਿਲ ਜਾਵੇਗੀ ਤੇ ਉਨ੍ਹਾਂ ਦੀ ਘਰ ਵਾਪਸੀ ਯਕੀਨੀ ਬਣਾਈ ਜਾਵੇਗੀ। ਰੂਸੀ ਫੌਜ ਵੱਲੋਂ ਯੂਕਰੇਨ ਖ਼ਿਲਾਫ਼ ਜੰਗ ਲੜਨ ਲਈ ਮਜਬੂਰ ਕੀਤੇ ਭਾਰਤੀ ਨਾਗਰਿਕਾਂ ਵਿਚ ਪੰਜਾਬ ਤੇ ਹਰਿਆਣਾ ਦੇ ਨੌਜਵਾਨ ਵੀ ਸ਼ਾਮਲ ਦੱਸੇ ਜਾਂਦੇ ਹਨ।

## ਭਾਰਤੀ ਚੋਣ ਕਮਿਸ਼ਨ ਨੇ 7 ਉਮੀਦਵਾਰ ਅਯੋਗ ਐਲਾਨੇ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਨੇ ਵੱਖ-ਵੱਖ ਹੁਕਮਾਂ ਰਾਹੀਂ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਲੜਨ ਵਾਲੇ 7 ਉਮੀਦਵਾਰਾਂ ਨੂੰ ਅਯੋਗ ਐਲਾਨਿਆ ਹੈ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਮਾਨਸਾ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਜੀਵਨ ਦਾਸ ਬਾਵਾ, ਤਰੁਣਵੀਰ ਸਿੰਘ ਆਹਲੂਵਾਲੀਆ ਤੇ ਵੇਦ ਬਲਵੰਤ ਅਤੇ ਫਾਜ਼ਿਲਕਾ ਜ਼ਿਲ੍ਹੇ ਦੀ ਜਲਾਲਾਬਾਦ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਬਲਜੀਤ ਸਿੰਘ ਅਤੇ ਬੱਲੂਆਣਾ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਪ੍ਰਿਥੀ ਰਾਮ ਮੇਘ ਨੂੰ ਅਯੋਗ ਐਲਾਨਿਆ ਗਿਆ ਹੈ। ਇਸੇ ਤਰ੍ਹਾਂ ਮਾਲੇਰਕੋਟਲਾ ਵਿਧਾਨ ਸਭਾ ਸੀਟ ਤੋਂ ਉਮੀਦਵਾਰ ਧਰਮਿੰਦਰ ਸਿੰਘ ਅਤੇ ਅਮਰਗੜ੍ਹ ਸੀਟ ਤੋਂ ਉਮੀਦਵਾਰ ਸਤਵੀਰ ਸਿੰਘ ਸ਼ੀਰਾ ਬਨਭੌਰਾ ਨੂੰ ਵੀ ਭਾਰਤੀ ਚੋਣ ਕਮਿਸ਼ਨ ਨੇ ਅਗਲੇ 3 ਸਾਲ ਤੱਕ ਚੋਣ ਲੜਨ ਦੇ ਅਯੋਗ ਐਲਾਨਿਆ ਹੈ।

## ਯੂ.ਏ.ਈ. 'ਚ ਭਾਰਤੀ ਕਾਮਿਆਂ ਲਈ ਨਵੀਂ ਬੀਮਾ ਯੋਜਨਾ ਦਾ ਐਲਾਨ

**ਦੁਬਈ:** ਭਾਰਤੀ ਕੌਂਸੁਲੇਟ ਨੇ ਬਲੂ-ਕਾਲਰ (ਹੱਥੀਂ ਕੰਮ ਕਰਨ ਵਾਲੇ) ਭਾਰਤੀ ਕਾਮਿਆਂ ਦੇ ਕੁਦਰਤੀ ਆਫ਼ਤਾਂ ਅਤੇ ਹਾਦਸਿਆਂ 'ਚ ਜਾਨਾਂ ਗੁਆਉਣ 'ਤੇ ਨਵੀਂ ਬੀਮਾ ਯੋਜਨਾ ਦਾ ਐਲਾਨ ਕੀਤਾ ਹੈ ਤਾਂ ਜੋ ਉਨ੍ਹਾਂ ਦੇ ਵਾਰਸਾਂ ਨੂੰ ਮਾਲੀ ਸਹਾਇਤਾ ਮਿਲ ਸਕੇ। ਦੁਬਈ 'ਚ ਭਾਰਤੀ ਕੌਂਸੁਲੇਟ ਜਨਰਲ ਨੇ ਵੱਡੀਆਂ ਕੰਪਨੀਆਂ ਅਤੇ ਬੀਮਾ ਸੇਵਾਵਾਂ ਦੇਣ ਵਾਲੀਆਂ ਕੰਪਨੀਆਂ ਵਿਚਕਾਰ ਮੀਟਿੰਗ ਕਰਵਾਈ।



ਪ੍ਰੈੱਸ ਬਿਆਨ 'ਚ ਕਿਹਾ ਗਿਆ ਕਿ ਇਹ ਕਦਮ ਉਦੋਂ ਚੁੱਕਿਆ ਗਿਆ ਜਦੋਂ ਪਤਾ ਲੱਗਾ ਕਿ ਜ਼ਿਆਦਾਤਰ ਕੰਪਨੀਆਂ ਆਪਣੇ ਮੁਲਾਜ਼ਮਾਂ ਨੂੰ ਸਿਹਤ ਬੀਮਾ ਅਤੇ ਵਰਕਰਜ਼ ਕੰਪਨਸੇਸ਼ਨ ਤਹਿਤ ਉਨ੍ਹਾਂ ਦਾ ਬੀਮਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ 'ਚ ਮੁਲਾਜ਼ਮਾਂ ਦੀ ਕੁਦਰਤੀ ਮੌਤ ਹੋਣ 'ਤੇ ਲਾਜ਼ਮੀ ਬੀਮਾ ਕਵਰ ਨਹੀਂ ਹੈ ਜਿਸ ਕਾਰਨ ਉਨ੍ਹਾਂ ਦੇ ਵਾਰਸਾਂ ਨੂੰ ਕੋਈ ਸਹਾਇਤਾ ਨਹੀਂ ਮਿਲਦੀ ਹੈ। ਬੀਮਾ ਕੰਪਨੀਆਂ ਗਾਰਗਾਸ਼ ਇੰਸ਼ੋਰੈਂਸ ਸਰਵਿਸਿਜ਼ ਅਤੇ ਓਰੀਐਂਟ ਇੰਸ਼ੋਰੈਂਸ ਪੀ.ਜੇ.ਐਸ.ਸੀ. ਨੇ ਬਲੂ-ਕਾਲਰ ਵਰਕਰਜ਼ ਅਤੇ ਹੋਰ ਮੁਲਾਜ਼ਮਾਂ ਲਈ ਲਾਈਫ਼ ਪ੍ਰੋਟੈਕਸ਼ਨ ਪਲਾਨ ਜਾਰੀ ਕਰਨ 'ਤੇ ਸਹਿਮਤੀ ਜਤਾਈ। ਇਹ ਯੋਜਨਾ ਪਹਿਲੀ ਮਾਰਚ ਤੋਂ ਲਾਗੂ ਹੋ ਗਈ ਹੈ। ਯੋਜਨਾ ਲਾਗੂ ਕਰਨ ਸਮੇਂ ਕੌਂਸੁਲ ਜਨਰਲ ਸਤੀਸ਼ ਸਿਵਾਨ ਨੇ ਕਿਹਾ ਕਿ ਭਾਰਤੀਆਂ ਦੀ ਭਲਾਈ ਉਨ੍ਹਾਂ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਬੀਮਾ ਸਾਲਾਨਾ ਏ.ਈ.ਡੀ 37 ਦੇ ਪ੍ਰੀਮੀਅਮ 'ਤੇ ਮਿਲੇਗਾ। ਯੂ.ਏ.ਈ. 'ਚ ਕਰੀਬ 35 ਲੱਖ ਭਾਰਤੀ ਹਨ ਜਿਨ੍ਹਾਂ 'ਚੋਂ 65 ਫ਼ੀਸਦ ਬਲੂ-ਕਾਲਰ ਵਰਕਰ ਹਨ। ਸਾਲ 2022 'ਚ 1750 ਮੌਤਾਂ ਹੋਈਆਂ ਸਨ ਜਿਨ੍ਹਾਂ 'ਚੋਂ 1100 ਵਰਕਰ ਸਨ। ਇਸੇ ਤਰ੍ਹਾਂ ਪਿਛਲੇ ਸਾਲ 1513 ਮੌਤਾਂ ਹੋਈਆਂ ਸਨ ਜਿਨ੍ਹਾਂ ਵਿਚੋਂ ਇਕ ਹਜ਼ਾਰ ਵਰਕਰ ਸਨ।

## ਬੱਬਰ ਖਾਲਸਾ ਦੇ ਦੋ ਮੈਂਬਰ ਗ੍ਰਿਫ਼ਤਾਰ

**ਜਲੰਧਰ:** ਪੁਲਿਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਦੋ ਮੈਂਬਰਾਂ ਨੂੰ ਜਲੰਧਰ ਜ਼ਿਲ੍ਹੇ ਦੇ ਕਸਬਾ ਮਹਿਤਪੁਰ ਤੋਂ ਗ੍ਰਿਫ਼ਤਾਰ ਕੀਤਾ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਕੁਲਦੀਪ ਸਿੰਘ ਉਰਫ਼ ਘੁੱਗ ਵਾਸੀ ਪਿੰਡ ਬਿੱਲਤ ਝੁੱਗੀਆਂ ਅਤੇ ਅਵਤਾਰ ਸਿੰਘ ਉਰਫ਼ ਲਾਡੀ ਵਾਸੀ ਪਿੰਡ ਸੰਗੋਵਾਲ ਜਲੰਧਰ ਵਜੋਂ ਹੋਈ ਹੈ। ਪੁਲਿਸ ਨੇ ਇਨ੍ਹਾਂ ਦੇ ਕਬਜ਼ੇ 'ਚੋਂ ਦੋ .32 ਬੋਰ ਦੇ ਪਿਸਤੌਲ, ਚਾਰ ਮੈਗਜ਼ੀਨ ਅਤੇ 30 ਕਾਰਤੂਸਾਂ ਤੋਂ ਇਲਾਵਾ ਇਕ ਮੋਟਰਸਾਈਕਲ ਬਰਾਮਦ ਕੀਤਾ ਹੈ।

## ਮੁਕਾਬਲੇ ਮਗਰੋਂ ਦੋ ਨਸ਼ਾ ਤਸਕਰ ਗ੍ਰਿਫ਼ਤਾਰ

**ਸ਼ਾਹਕੋਟ:** ਪੁਲਿਸ ਨੇ ਸਥਾਨਕ ਕਸਬੇ ਵਿਚ ਮੁਕਾਬਲੇ ਮਗਰੋਂ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੌਰਾਨ ਗੋਲੀ ਲੱਗਣ ਕਾਰਨ ਇਕ ਤਸਕਰ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਇਥੋਂ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਜਿੱਥੋਂ ਡਾਕਟਰਾਂ ਨੇ ਮੁੱਢਲੀ ਸਹਾਇਤਾ ਦੇਣ ਮਗਰੋਂ ਉਸ ਨੂੰ ਜਲੰਧਰ ਰੈੱਫਰ ਕਰ ਦਿੱਤਾ ਹੈ।

ਸ਼ਾਹਕੋਟ ਦੇ ਐਸ.ਐਚ.ਓ. ਯਾਦਵਿੰਦਰ ਸਿੰਘ ਨੇ ਦੱਸਿਆ ਕਿ ਗੁਪਤ ਸੂਚਨਾ ਮਿਲਣ ਮਗਰੋਂ ਪੁਲਿਸ ਨੇ ਜਦੋਂ ਦੋਵਾਂ ਮੁਲਜ਼ਮਾਂ ਦਾ ਪਿੱਛਾ ਕੀਤਾ ਤਾਂ ਉਹ ਵਾਹਨ ਵਿਚੋਂ ਨਿਕਲ ਕੇ ਭੱਜ ਗਏ। ਪਿੱਛਾ ਕਰਨ 'ਤੇ ਇਕ ਤਸਕਰ ਨੇ ਗੋਲੀ ਚਲਾ ਦਿੱਤੀ ਅਤੇ ਜਵਾਬੀ ਗੋਲੀਬਾਰੀ ਵਿਚ ਉਹ ਜ਼ਖ਼ਮੀ ਹੋ ਗਿਆ। ਪੁਲਿਸ ਨੇ ਦੋਵਾਂ ਨੂੰ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਪੁਲਿਸ 'ਤੇ ਗੋਲੀ ਚਲਾਉਣ ਵਾਲੇ ਮੁਲਜ਼ਮ ਦੀ ਪਛਾਣ ਵਿੱਕੀ ਭਲਵਾਨ ਵਾਸੀ ਮਲਸੀਆਂ ਵਜੋਂ ਹੋਈ ਹੈ। ਉਸ ਕੋਲੋਂ 32 ਬੋਰ ਦਾ ਪਿਸਤੌਲ ਅਤੇ ਕਾਰਤੂਸ ਬਰਾਮਦ ਹੋਏ ਹਨ। ਇਸ ਖ਼ਿਲਾਫ਼ ਪਹਿਲਾਂ ਵੀ ਇਕ ਅਪਰਾਧਕ ਕੇਸ ਦਰਜ ਹੈ। ਦੂਜੇ ਮੁਲਜ਼ਮ ਦੀ ਪਛਾਣ ਅਰਸ਼ ਵਾਸੀ ਫ਼ਖ਼ਰੂਵਾਲ ਵਜੋਂ ਹੋਈ। ਉਸ ਕੋਲੋਂ 260 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਉਸ ਖ਼ਿਲਾਫ਼ ਪਹਿਲਾਂ ਵੀ ਥਾਣਾ ਸ਼ਾਹਕੋਟ ਵਿਚ ਵੱਖ-ਵੱਖ ਧਾਰਾਵਾਂ ਤਹਿਤ ਚਾਰ ਕੇਸ ਦਰਜ ਹਨ।

## ਕੈਨੇਡਾ ਵਿਚ ਪਰਿਵਾਰ ਦੇ ਛੇ ਜੀਆਂ ਦੀ ਹੱਤਿਆ

**ਟੋਰਾਂਟੋ:** ਕੈਨੇਡਾ ਦੀ ਰਾਜਧਾਨੀ ਓਟਵਾ ਵਿਚ ਢਾਈ ਸਾਲਾਂ ਦੀ ਇਕ ਬੱਚੀ ਤੇ ਤਿੰਨ ਹੋਰ ਬੱਚਿਆਂ ਸਣੇ ਇਕ ਸ੍ਰੀਲੰਕਨ ਪਰਿਵਾਰ ਦੇ ਛੇ ਜੀਆਂ ਦਾ ਕਤਲ ਕਰ ਦਿੱਤੇ ਜਾਣ ਦੇ ਮਾਮਲੇ ਵਿਚ ਪੁਲਿਸ ਨੇ ਘਰ 'ਚ ਹੀ ਰਹਿ ਰਹੇ 19 ਸਾਲਾ ਸ੍ਰੀਲੰਕਨ ਵਿਦਿਆਰਥੀ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਫੈਬਰੀਓ ਡੀ-ਜ਼ੋਏਸਾ ਵਜੋਂ ਹੋਈ ਹੈ। ਓਟਵਾ ਪੁਲਿਸ ਦੇ ਮੁਖੀ ਐਰਿਕ ਸਟੱਬਜ਼ ਨੇ ਦੱਸਿਆ ਕਿ ਹੱਤਿਆਵਾਂ ਕਿਸੇ 'ਕਿਸੇ ਚਾਕੂ/ਛੁਰੇ ਵਰਗੇ ਤੇਜ਼ਧਾਰ ਹਥਿਆਰ' ਨਾਲ ਕੀਤੀਆਂ ਗਈਆਂ ਹਨ। ਮਰਨ ਵਾਲੇ ਸਾਰੇ ਹੀ ਸ੍ਰੀਲੰਕਾ ਦੇ ਨਾਗਰਿਕ ਸਨ ਤੇ ਪਰਿਵਾਰ ਹਾਲ ਹੀ ਵਿਚ ਕੈਨੇਡਾ ਆਇਆ ਸੀ, ਜਿਨ੍ਹਾਂ ਵਿਚ 35 ਸਾਲਾ ਔਰਤ ਦਰਸ਼ਨੀ ਏਕਨਿਆਕੇ, ਉਸ ਦਾ ਸੱਤ ਸਾਲਾ ਪੁੱਤਰ ਏਨੁਕਾ ਵਿਕਰਮਸਿੰਘੇ, ਚਾਰ ਸਾਲਾ ਧੀ ਅਸ਼ਵਿਨੀ ਵਿਕਰਮਾਸਿੰਘੇ, ਦੋ ਸਾਲਾ ਧੀ ਰਿਨਿਆਨਾ ਵਿਕਰਮਾਸਿੰਘੇ ਅਤੇ ਢਾਈ ਮਹੀਨੇ ਦੀ ਬੱਚੀ ਕੈਲੀ ਵਿਕਰਮਸਿੰਘੇ ਅਤੇ ਪਰਿਵਾਰ ਦਾ 40 ਸਾਲਾ ਜਾਣਕਾਰ ਜੀ. ਗਾਮਿਨੀ ਅਮਰਕੂਨ ਸ਼ਾਮਲ ਹਨ।




ਪੁਲਿਸ ਨੇ ਦੱਸਿਆ ਕਿ ਜਦੋਂ ਅਧਿਕਾਰੀ ਮੌਕੇ ਉਤੇ ਪਹੁੰਚੇ ਤਾਂ ਮ੍ਰਿਤਕ ਬੱਚਿਆਂ ਦਾ ਪਿਤਾ ਗੰਭੀਰ ਜ਼ਖ਼ਮੀ ਹਾਲਤ ਵਿਚ ਘਰ ਦੇ ਬਾਹਰ ਲੋਕਾਂ ਨੂੰ ਐਮਰਜੈਂਸੀ ਸੇਵਾਵਾਂ ਨੂੰ ਫੋਨ ਕਰਨ ਦੀ ਬੇਨਤੀ ਕਰ ਰਿਹਾ ਸੀ। ਉਸ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ, ਜੋ ਖ਼ਤਰੇ ਤੋਂ ਬਾਹਰ ਹੈ।

## ਨੌਜਵਾਨਾਂ ਦੀ ਵਤਨ ਵਾਪਸੀ ਦਾ ਦੌਰ ਸ਼ੁਰੂ ਹੋਇਆ: ਭਗਵੰਤ ਮਾਨ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਨੇੜਲੇ ਪੁਲਿਸ ਟਰੇਨਿੰਗ ਸੈਂਟਰ ਲੱਡਾ ਕੋਠੀ ਵਿਚ ਹੁਣ ਤੱਕ ਦੇ ਸਭ ਤੋਂ ਵੱਡੇ ਨਿਯੁਕਤੀ ਪੱਤਰ ਵੰਡ ਸਮਾਰੋਹ ਦੌਰਾਨ 24 ਸੌ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਲਈ ਨਿਯੁਕਤੀ ਪੱਤਰ ਵੰਡੇ। ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਅਤੇ ਡੀ.ਜੀ.ਪੀ. ਗੌਰਵ ਯਾਦਵ ਵੀ ਮੌਜੂਦ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ ਨੌਕਰੀਆਂ ਮਿਲਣ ਕਾਰਨ ਨੌਜਵਾਨਾਂ ਨੇ ਹੁਣ ਵਿਦੇਸ਼ ਜਾਣ ਦਾ ਵਿਚਾਰ ਤਿਆਗ ਦਿੱਤਾ ਹੈ ਅਤੇ ਉਲਟਾ ਵਿਦੇਸ਼ ਗਏ ਨੌਜਵਾਨਾਂ ਵਿਚ 'ਵਤਨ ਵਾਪਸੀ' ਦਾ ਦੌਰ ਸ਼ੁਰੂ ਹੋ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿਚ ਲਗਭਗ 43 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। 2487 ਨਿਯੁਕਤੀ ਪੱਤਰਾਂ 'ਚੋਂ 1750 ਨੌਜਵਾਨਾਂ ਨੂੰ ਗ੍ਰਹਿ ਵਿਭਾਗ, 205 ਨੂੰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ, 39 ਨੂੰ ਮਾਲ ਵਿਭਾਗ, 60 ਨੂੰ ਆਬਕਾਰੀ ਵਿਭਾਗ, 421 ਨੂੰ ਸਥਾਨਕ ਸਰਕਾਰਾਂ ਵਿਭਾਗ, ਚਾਰ ਨੂੰ ਸਹਿਕਾਰਤਾ ਵਿਭਾਗ ਵਿਚ ਅਤੇ ਅੱਠ



ਨੂੰ ਤਕਨੀਕੀ ਸਿੱਖਿਆ ਵਿਭਾਗ ਵਿਚ ਭਰਤੀ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ 16 ਮਾਰਚ 2022 ਨੂੰ ਆਪਣਾ ਕਾਰਜਭਾਰ ਸੰਭਾਲਿਆ ਸੀ ਅਤੇ ਉਦੋਂ ਤੋਂ ਹੀ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਭ੍ਰਿਸ਼ਟਾਚਾਰ ਜਾਂ ਭਾਈ-ਭਤੀਜਾਵਾਦ ਰਾਹੀਂ ਨੌਕਰੀਆਂ ਦਿੱਤੀਆਂ ਜਾਂਦੀਆਂ ਸਨ ਪਰ ਹੁਣ ਨੌਕਰੀਆਂ ਸਿਰਫ਼ ਮੈਰਿਟ ਦੇ ਆਧਾਰ 'ਤੇ ਦਿੱਤੀਆਂ ਜਾਂਦੀਆਂ ਹਨ। ਮੁੱਖ ਮੰਤਰੀ ਨੇ ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਆਪਣੇ ਅਹੁਦੇ ਦੀ ਵਰਤੋਂ ਵੱਧ ਤੋਂ ਵੱਧ ਲੋਕਾਂ ਦੀ ਭਲਾਈ ਲਈ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਬੜੇ ਮਾਣ ਵਾਲੀ ਗੱਲ ਹੈ ਕਿ ਲੜਕੀਆਂ ਹਰ ਖੇਤਰ ਵਿਚ ਲੜਕਿਆਂ ਨਾਲੋਂ ਅੱਗੇ ਹਨ। ਅੱਜ ਵੀ ਜ਼ਿਆਦਾਤਰ ਨੌਕਰੀਆਂ ਲੜਕੀਆਂ ਨੇ ਹੀ ਹਾਸਲ ਕੀਤੀਆਂ ਹਨ। ਸੂਬਾ ਸਰਕਾਰ ਮਹਿਲਾ ਸਸ਼ਕਤੀਕਰਨ ਲਈ ਠੋਸ ਉਪਰਾਲੇ ਕਰ ਰਹੀ ਹੈ। ਕਈ ਜ਼ਿਲ੍ਹਿਆਂ ਵਿੱਚ ਐਸ.ਐਸ.ਪੀ. ਵਜੋਂ ਮਹਿਲਾ ਅਧਿਕਾਰੀ ਤਾਇਨਾਤ ਹਨ ਅਤੇ ਦਸ ਤੋਂ ਵੱਧ ਜ਼ਿਲ੍ਹਿਆਂ ਵਿਚ ਮਹਿਲਾ ਡਿਪਟੀ ਕਮਿਸ਼ਨਰ ਹਨ।

# ਚੋਣ ਕਮਿਸ਼ਨ ਦੇ ਅਸਤੀਫੇ ‘ਤੇ ਉਠੇ ਸਵਾਲ, ਵਿਰੋਧੀ ਧਿਰਾਂ ਨੇ ਭਾਜਪਾ ਨੂੰ ਘੇਰਿਆ




**ਨਵੀਂ ਦਿੱਲੀ:** ਵਿਰੋਧੀ ਪਾਰਟੀਆਂ ਨੇ ਚੋਣ ਕਮਿਸ਼ਨ ਵਿਚ ਲੰਘੇ ਦਿਨੀਂ ਵਾਪਰੇ ਘਟਨਾਕ੍ਰਮ ਨੂੰ ਲੈ ਕੇ ਕੇਂਦਰ ‘ਤੇ ਨਿਸ਼ਾਨਾ ਸੇਧਿਆ ਹੈ। ਅਰੁਣ ਗੋਇਲ ਵੱਲੋਂ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਅਸਤੀਫ਼ਾ ਦਿੱਤੇ ਜਾਣ ਤੋਂ ਬਾਅਦ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਨੇ ਸਵਾਲ ਕੀਤਾ ਕਿ ਕੀ ਗੋਇਲ ਨੇ ਮੁੱਖ ਚੋਣ ਕਮਿਸ਼ਨਰ (ਸੀ.ਈ.ਸੀ.) ਜਾਂ ਨਰਿੰਦਰ ਮੋਦੀ ਸਰਕਾਰ ਨਾਲ ਕਿਸੇ ਮਤਭੇਦ ਕਰ ਕੇ ਇਹ ਕਦਮ ਉਠਾਇਆ ਹੈ? ਭਾਜਪਾ ‘ਤੇ ਨਿਸ਼ਾਨੇ ਸੇਧਦਿਆਂ ਵਿਰੋਧੀ ਧਿਰਾਂ ਦੇ ਆਗੂਆਂ ਨੇ ਹੈਰਾਨੀ ਜ਼ਾਹਿਰ ਕਰਦਿਆਂ ਕਿਹਾ ਕਿ ਕੀ ਉਨ੍ਹਾਂ ਨੇ ਕਲਕੱਤਾ ਹਾਈ ਕੋਰਟ ਦੇ ਸਾਬਕਾ ਜੱਜ ਅਭਿਜੀਤ ਗੰਗੋਪਾਧਿਆਏ ਵਾਂਗ ਭਾਜਪਾ ਦੀ ਟਿਕਟ ‘ਤੇ ਲੋਕ ਸਭਾ ਚੋਣ ਲੜਨ ਲਈ ਅਸਤੀਫ਼ਾ ਦਿੱਤਾ ਹੈ।

ਦੱਸਣਯੋਗ ਹੈ ਕਿ ਅਰੁਣ ਗੋਇਲ ਨੇ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਦਾ ਕਾਰਜਕਾਲ 5 ਦਸੰਬਰ 2027 ਤੱਕ ਸੀ ਅਤੇ ਅਗਲੇ ਸਾਲ ਫਰਵਰੀ ਮਹੀਨੇ ਉਨ੍ਹਾਂ ਦੇ ਮੁੱਖ ਚੋਣ ਕਮਿਸ਼ਨਰ ਬਣਨ ਦੀ ਸੰਭਾਵਨਾ ਸੀ। ਗੋਇਲ ਪੰਜਾਬ ਕੇਡਰ ਦੇ 1985 ਬੈਚ ਦੇ ਆਈ.ਏ.ਐਸ. ਅਧਿਕਾਰੀ ਸਨ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਗੋਇਲ ਦੇ ਅਸਤੀਫ਼ੇ ਸਬੰਧੀ ਸਵਾਲ ‘ਤੇ ਕਿਹਾ ਕਿ ਇਹ ਦੇਖਣ ਲਈ ਉਡੀਕ ਕਰਨੀ ਪਵੇਗੀ ਕਿ ਉਹ ਆਉਂਦੇ ਦਿਨਾਂ ਵਿਚ ਕੀ ਕਦਮ ਚੁੱਕਦੇ ਹਨ। ਉਨ੍ਹਾਂ ਆਖਿਆ, “ਮੈਂ ਸੋਚ ਰਿਹਾ ਸੀ ਕਿ ਹਾਈ ਕੋਰਟ ਦੇ ਜੱਜ ਨੇ ਅਸਤੀਫ਼ਾ ਦੇ ਦਿੱਤਾ ਅਤੇ ਅਗਲੇ ਦਿਨ ਭਾਜਪਾ ਵਿਚ ਸ਼ਾਮਲ ਹੋ ਗਏ ਤੇ ਉਸ ਤੋਂ ਅਗਲੇ ਦਿਨ ਟੀ.ਐਮ.ਸੀ. (ਤ੍ਰਿਣਮੂਲ ਕਾਂਗਰਸ) ਖ਼ਿਲਾਫ਼ ਬੋਲਣ ਲੱਗ ਪਏ। ਇਸ ਤੋਂ ਸਾਬਤ ਹੁੰਦਾ ਹੈ ਕਿ ਭਾਜਪਾ ਨੇ ਅਜਿਹੀ ਮਾਨਸਿਕਤਾ ਵਾਲੇ ਲੋਕ ਨਿਯੁਕਤ ਕੀਤੇ ਹਨ। ਹੁਣ ਚੋਣ ਕਮਿਸ਼ਨਰ ਨੇ ਅਸਤੀਫ਼ਾ ਦੇ ਦਿੱਤਾ ਹੈ ਤਾਂ ਥੋੜ੍ਹੀ ਉਡੀਕ ਕਰੋ ਕਿ ਉਹ ਅੱਗੇ ਕੀ ਕਦਮ ਚੁੱਕਦੇ ਹਨ।”

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ, “ਅਰੁਣ ਗੋਇਲ ਵੱਲੋਂ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਅਸਤੀਫ਼ੇ ਦਿੱਤੇ ਜਾਣ ਨਾਲ ਤਿੰਨ ਸਵਾਲ ਖੜ੍ਹੇ ਹੋ ਗਏ ਹਨ।” ਰਮੇਸ਼ ਨੇ ‘ਐਕਸ’ ਉੱਤੇ ਪਾਈ ਪੋਸਟ ਵਿਚ ਪੁੱਛਿਆ, “ਕੀ ਉਨ੍ਹਾਂ ਨੇ ਅਸਲ ਵਿਚ ਮੁੱਖ ਚੋਣ ਕਮਿਸ਼ਨਰ ਜਾਂ ਮੋਦੀ ਸਰਕਾਰ ਜਿਹੜੀ ਕਿ ਸਾਰੇ ਕਥਿਤ ਸੁਤੰਤਰ ਅਦਾਰਿਆਂ ਨੂੰ ਚਲਾ ਰਹੀ ਹੈ, ਨਾਲ ਮਤਭੇਦਾਂ ਕਾਰਨ ਅਸਤੀਫ਼ਾ ਦਿੱਤਾ ਹੈ? ਜਾਂ ਉਨ੍ਹਾਂ ਨੇ ਨਿੱਜੀ ਕਾਰਨਾਂ ਕਰ ਕੇ ਅਸਤੀਫ਼ਾ ਦਿੱਤਾ ਹੈ? ਜਾਂ ਉਨ੍ਹਾਂ ਨੇ ਅਗਾਮੀ ਲੋਕ ਸਭਾ ਚੋਣਾਂ ‘ਚ ਕਲਕੱਤਾ ਹਾਈ ਕੋਰਟ ਦੇ ਜੱਜ ਅਭਿਸ਼ੇਕ ਗੰਗੋਪਾਧਿਆਏ ਵਾਂਗ ਭਾਜਪਾ ਦੀ ਟਿਕਟ ‘ਤੇ ਚੋਣ ਲੜਨ ਲਈ ਅਸਤੀਫ਼ਾ ਦਿੱਤਾ ਹੈ?” ਕਾਂਗਰਸੀ ਨੇਤਾ ਨੇ ਕਿਹਾ ਕਿ ਚੋਣ ਕਮਿਸ਼ਨ ਅੱਠ ਮਹੀਨਿਆਂ ਤੋਂ ਵੋਟਰ ਵੈਰੀਫਾਈਏਬਲ ਪੇਪਰ ਆਡਿਟ ਟਰਾਇਲ (ਵੀ.ਵੀ.ਪੈਟ.) ਜੋ ਕਿ ‘ਇਲੈਕਟ੍ਰੋਨਿਕ ਵੋਟਿੰਗ ਹੇਰਾਫੇਰੀ’ ਰੋਕਣ ਲਈ ਬਹੁਤ ਜ਼ਰੂਰੀ ਹੈ, ਦੇ ਮੁੱਦੇ ‘ਤੇ ‘ਇੰਡੀਆ’ ਗੱਠਜੋੜ ਦੀਆਂ ਭਾਈਵਾਲ ਪਾਰਟੀਆਂ ਨੂੰ ਮਿਲਣ ਤੋਂ ਨਾਂਹ ਨੁੱਕਰ ਕਰ ਰਿਹਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਮੋਦੀ ਦੇ ਭਾਰਤ ਵਿਚ ਹਰੇਕ ਨਵਾਂ ਦਿਨ ਜਮਹੂਰੀਅਤ ਤੇ ਜਮਹੂਰੀ ਅਦਾਰਿਆਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ।

## ਚੋਣਾਂ ਤੋਂ ਪਹਿਲਾਂ ਅਜਿਹਾ ਘਟਨਾਕ੍ਰਮ ਚਿੰਤਾਜਨਕ: ਸਿੱਬਲ

**ਨਵੀਂ ਦਿੱਲੀ:** ਆਜ਼ਾਦ ਸੰਸਦ ਮੈਂਬਰ ਕਪਿਲ ਸਿੱਬਲ ਨੇ ਕਿਹਾ ਕਿ ਇਹ ਚਿੰਤਾਜਨਕ ਘਟਨਾਕ੍ਰਮ ਹੈ। ਉਨ੍ਹਾਂ ਨੇ ਐਕਸ ‘ਤੇ ਪਾਈ ਪੋਸਟ ‘ਚ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਤਰ੍ਹਾਂ ਅਚਾਨਕ ਅਸਤੀਫ਼ਾ ਦੇਣਾ ਅਜਿਹੀ ਗੱਲ ਹੈ ਜਿਸ ਬਾਰੇ ਸਾਨੂੰ ਚਿੰਤਤ ਹੋਣਾ ਚਾਹੀਦਾ ਹੈ, ਆਮ ਤੌਰ ‘ਤੇ ਅਜਿਹਾ ਨਹੀਂ ਹੁੰਦਾ। ਹੋ ਸਕਦਾ ਹੈ, ਅਸਤੀਫ਼ੇ ਲਈ ‘ਨਿੱਜੀ ਕਾਰਨਾਂ’ ਦਾ ਹਵਾਲਾ ਠੀਕ ਹੋਵੇ ਪਰ ਇਸ ਦੀ ਸੰਭਾਵਨਾ ਨਹੀਂ ਹੈ।” ਸਿੱਬਲ ਨੇ ਆਖਿਆ, “ਅਜਿਹੀ ਸੰਭਾਵਨਾ ਹੈ ਕਿ ਪੱਛਮੀ ਬੰਗਾਲ ‘ਚ ਚੋਣਾਂ ਸਬੰਧੀ ਉਨ੍ਹਾਂ (ਅਰੁਣ ਗੋਇਲ) ਅਤੇ ਮੁੱਖ ਚੋਣ ਕਮਿਸ਼ਨਰ ਵਿਚਾਲੇ ਕੁਝ ਅਸਹਿਮਤੀ ਸੀ। ਮੈਨੂੰ ਅਸਲ ਕਾਰਨ ਨਹੀਂ ਪਤਾ ਪਰ ਅਜਿਹੀਆਂ ਅਟਕਲਾਂ ਹਨ।” ਉਨ੍ਹਾਂ ਦੋਸ਼ ਲਾਇਆ ਕਿ ਚੋਣ ਕਮਿਸ਼ਨ ਸਣੇ ਹੋਰ ਅਦਾਰਿਆਂ ਜਿਹੜੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਲਈ ਪਾਬੰਦ ਹਨ, ਨੂੰ ਖ਼ਤਮ ਕੀਤਾ ਜਾ ਰਿਹਾ ਹੈ।

## ਕੀ ਚੋਣ ਕਮਿਸ਼ਨ ਦਬਾਅ ਹੇਠ ਕੰਮ ਕਰ ਰਿਹੈ: ਅਖਿਲੇਸ਼

**ਲਖਨਊ:** ਸਮਾਜਵਾਦੀ ਪਾਰਟੀ ਨੇਤਾ ਅਖਿਲੇਸ਼ ਯਾਦਵ ਨੇ ਅਰੁਣ ਗੋਇਲ ਵੱਲੋਂ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਅਸਤੀਫ਼ਾ ਦਿੱਤੇ ਜਾਣ ਦੇ ਬਾਅਦ ਸਵਾਲ ਕੀਤਾ ਕਿ ਕੀ ਚੋਣ ਕਮਿਸ਼ਨ ਦਬਾਅ ਹੇਠ ਕੰਮ ਕਰ ਰਿਹਾ ਹੈ? ਉਨ੍ਹਾਂ ਆਖਿਆ ਕਿ ਚੋਣਾਂ ਤੋਂ ਬਿਲਕੁਲ ਪਹਿਲਾਂ ਚੋਣ ਕਮਿਸ਼ਨ ਜਿਹੜੀ ਕਿ ਇਕ ਸੰਵਿਧਾਨਕ ਸੰਸਥਾ ਹੈ, ਉਤੇ ਕਿਸ ਦਾ ਦਬਾਅ ਹੈ। ਸਪਾ ਨੇਤਾ ਮੁਤਾਬਕ ਭਾਜਪਾ ਦੇ ਸ਼ਾਸਨ ‘ਚ ਪਹਿਲਾਂ ਵੀ ਕਈ ਵਾਰ ਅਜਿਹਾ ਹੋਇਆ ਹੈ ਜਦੋਂ ਅਧਿਕਾਰੀਆਂ ਨੂੰ ਦਬਾਅ ਕਾਰਨ ਆਪਣੀ ਨੌਕਰੀਆਂ ਛੱਡਣੀਆਂ ਪਈਆਂ ਸਨ।

## ਚੋਣ ਕਮਿਸ਼ਨ ਦਾ ‘ਨਿੱਜੀਕਰਨ’ ਹੋਇਆ: ਰਾਊਤ

**ਨਵੀਂ ਦਿੱਲੀ:** ਸ਼ਿਵ ਸੈਨਾ (ਯੂ.ਬੀ.ਟੀ.) ਦੇ ਨੇਤਾ ਸੰਜੈ ਰਾਊਤ ਨੇ ਦੋਸ਼ ਲਾਇਆ ਕਿ ਚੋਣ ਕਮਿਸ਼ਨ ਭਾਜਪਾ ਦੀ ਇਕ ਸ਼ਾਖਾ ਬਣ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਚੋਣ ਕਮਿਸ਼ਨ ਉਹੋ ਜਿਹਾ ਨਹੀਂ ਹੈ ਜਿਹੜਾ ਕਿ ਟੀ.ਐਨ. ਸੇਸ਼ਨ ਸਮੇਂ ਹੁੰਦਾ ਸੀ ਤੇ ਚੋਣਾਂ ਸਮੇਂ ਨਿਗਰਾਨ ਵਜੋਂ ਕੰਮ ਕਰਦਾ ਤੇ ਨਿਰਪੱਖ ਰਹਿੰਦਾ ਸੀ। ਉਨ੍ਹਾਂ ਦੋਸ਼ ਲਾਇਆ, “ਲੰਘੇ 10 ਸਾਲਾਂ ਵਿਚ ਚੋਣ ਕਮਿਸ਼ਨ ਦਾ ਨਿੱਜੀਕਰਨ ਕੀਤਾ ਗਿਆ ਹੈ। ਇਹ ਭਾਜਪਾ ਦੀ ਬਰਾਂਚ ਬਣ ਚੁੱਕਾ ਹੈ।”

## ਆਸਿਫ ਅਲੀ ਜ਼ਰਦਾਰੀ ਪਾਕਿਸਤਾਨ ਦੇ ਰਾਸ਼ਟਰਪਤੀ ਬਣੇ



**ਇਸਲਾਮਾਬਾਦ:** ਪਾਕਿਸਤਾਨ ਪੀਪਲਜ਼ ਪਾਰਟੀ ਦੇ ਕੋ-ਚੇਅਰਪਰਸਨ ਆਸਿਫ ਅਲੀ ਜ਼ਰਦਾਰੀ ਪਾਕਿਸਤਾਨ ਦੇ 14ਵੇਂ ਰਾਸ਼ਟਰਪਤੀ ਚੁਣੇ ਗਏ। ਉਹ ਦੂਜੀ ਵਾਰ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ ਹਨ। ਜ਼ਰਦਾਰੀ (68) ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐਮ.ਐਲ-ਐਨ) ਦੇ ਸਾਂਝੇ ਉਮੀਦਵਾਰ ਸਨ ਜਦਕਿ ਉਨ੍ਹਾਂ ਦੇ ਵਿਰੋਧੀ ਮਹਿਮੂਦ ਖਾਨ ਅਚਕਜ਼ਈ (75) ਸੁੰਨੀ ਇਤੇਹਾਦ ਕੌਂਸਲ (ਐਸ.ਆਈ.ਸੀ.) ਦੇ ਉਮੀਦਵਾਰ ਸਨ। ਸੰਵਿਧਾਨ ਦੇ ਪ੍ਰਬੰਧਾਂ ਮੁਤਾਬਕ ਸੰਸਦ ਦੇ ਦੋਵੇਂ ਸਦਨਾਂ ਵਿਚ ਜ਼ਰਦਾਰੀ ਨੂੰ 255 ਵੋਟਾਂ ਮਿਲੀਆਂ ਜਦਕਿ ਉਨ੍ਹਾਂ ਦੇ ਵਿਰੋਧੀ ਅਚਕਜ਼ਈ ਨੂੰ 119 ਵੋਟਾਂ ਮਿਲੀਆਂ। ਨਵੇਂ ਰਾਸ਼ਟਰਪਤੀ ਦੀ ਚੋਣ ਕੌਮੀ ਅਸੈਂਬਲੀ ਅਤੇ ਚਾਰ ਪ੍ਰਾਂਤਾਂ ਦੀਆਂ ਵਿਧਾਨ ਸਭਾਵਾਂ ਦੇ ਨਵੇਂ ਚੁਣੇ ਗਏ ਮੈਂਬਰਾਂ ਦੇ ਇਲੈਕਟੋਰਲ ਕਾਲਜ ਨੇ ਕੀਤੀ। ਸਿੰਧ ਪ੍ਰਾਂਤ ਜਿੱਥੇ ਕਿ ਜ਼ਰਦਾਰੀ ਦੀ ਪੀ.ਪੀ.ਪੀ. ਦਾ ਕੰਟਰੋਲ ਹੈ, ਵਿਚ ਉਨ੍ਹਾਂ ਨੂੰ ਸਭ ਤੋਂ ਵੱਧ ਵੋਟਾਂ ਮਿਲੀਆਂ ਹਨ ਜਦਕਿ ਬਲੋਚਿਸਤਾਨ ਵਿਧਾਨ ਸਭਾ ਵਿੱਚ ਵੀ ਉਹ ਸਾਰੀਆਂ ਵੋਟਾਂ ਹਾਸਲ ਕਰਨ ਵਿਚ ਸਫ਼ਲ ਰਹੇ।

# ਹਰਿਆਣਾ: ਭਾਜਪਾ ਨੂੰ ਝਟਕਾ, ਐਮ.ਪੀ. ਬ੍ਰਿਜੇਂਦਰ ਸਿੰਘ ਕਾਂਗਰਸ ’ਚ ਸ਼ਾਮਲ



**ਚੰਡੀਗੜ੍ਹ:** ਅਗਾਮੀ ਸੰਸਦੀ ਚੋਣਾਂ ਤੋਂ ਪਹਿਲਾਂ ਹਿਸਾਰ ਤੋਂ ਭਾਜਪਾ ਦੇ ਸੰਸਦ ਮੈਂਬਰ ਬ੍ਰਿਜੇਂਦਰ ਸਿੰਘ ਨੇ ਕੁਝ ਸਿਆਸੀ ਕਾਰਨਾਂ ਕਰ ਕੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਲੋਕ ਸਭਾ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ। ਉਪਰੰਤ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ। ਨਵੀਂ ਦਿੱਲੀ ਵਿਚ ਕਾਂਗਰਸ ਦੇ ਖ਼ਜ਼ਾਨਚੀ ਅਜੈ ਮਾਕਨ ਨੇ ਕਿਹਾ ਕਿ ਬ੍ਰਿਜੇਂਦਰ ਸਿੰਘ ਦੇ ਪਿਤਾ ਅਤੇ ਭਾਜਪਾ ਆਗੂ ਬੀਰੇਂਦਰ ਸਿੰਘ ਵੀ ਅਗਲੇ ਕੁਝ ਦਿਨਾਂ ਵਿਚ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ।

‘ਐਕਸ’ ਉਤੇ ਭਾਜਪਾ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਨ ਤੋਂ ਤੁਰਤ ਬਾਅਦ ਬ੍ਰਿਜੇਂਦਰ ਸਿੰਘ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਕੌਮੀ ਰਾਜਧਾਨੀ ਵਿਚ ਸਥਿਤ ਰਿਹਾਇਸ਼ ਵਿਖੇ ਪਹੁੰਚੇ ਅਤੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ। ਇਸ ਮੌਕੇ ਮਾਕਨ ਤੋਂ ਇਲਾਵਾ ਸੀਨੀਅਰ ਕਾਂਗਰਸੀ ਆਗੂ ਮੁਕੁਲ ਵਾਸਨਿਕ ਅਤੇ ਦੀਪਕ ਬਾਬਰੀਆ ਵੀ ਮੌਜੂਦ ਸਨ। ‘ਐਕਸ’ ਉਤੇ ਸਾਂਝੀ ਕੀਤੀ ਇਕ ਪੋਸਟ ਵਿਚ ਬ੍ਰਿਜੇਂਦਰ ਸਿੰਘ ਨੇ ਕਿਹਾ, “ਕੁਝ ਸਿਆਸੀ ਕਾਰਨਾਂ ਕਰਕੇ ਮੈਂ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਹਿਸਾਰ ਤੋਂ ਸੰਸਦ ਮੈਂਬਰ ਵਜੋਂ ਸੇਵਾ ਕਰਨ ਦਾ ਮੌਕਾ ਦੇਣ ਲਈ ਮੈਂ ਪਾਰਟੀ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕਰਦਾ ਹਾਂ। ਮੈਂ ਲੋਕ ਸਭਾ ਦੀ ਮੈਂਬਰੀ ਤੋਂ ਵੀ ਅਸਤੀਫ਼ਾ ਦੇ ਦਿੱਤਾ ਹੈ। ਮੈਂ ਹਿਸਾਰ ਦੇ ਲੋਕਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਉਨ੍ਹਾਂ ਦੀ ਨੁਮਾਇੰਦਗੀ ਕਰਨ ਅਤੇ ਉਨ੍ਹਾਂ ਦੀਆਂ ਮੰਗਾਂ ਉਠਾਉਣ ਦਾ ਮੌਕਾ ਦਿੱਤਾ। ਜਨ ਸੇਵਾ ਦੀ ਵਚਨਬੱਧਤਾ ਜਿਸ ਲਈ ਮੈਂ ਆਈ.ਏ.ਐਸ. ਦੀ ਨੌਕਰੀ ਛੱਡ ਕੇ ਸਿਆਸਤ ਵਿਚ ਆਇਆ ਸੀ, ਉਹ ਅੱਗੇ ਵੀ ਜਾਰੀ ਰਹੇਗੀ।” ਕਾਂਗਰਸ ਵਿਚ ਸ਼ਾਮਲ ਹੋਣ ਤੋਂ ਬਾਅਦ ਅਫ਼ਸਰਸ਼ਾਹ ਤੋਂ ਸਿਆਸਤਦਾਨ ਬਣੇ ਬ੍ਰਿਜੇਂਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਭਾਜਪਾ ਤੋਂ ਅਸਤੀਫ਼ਾ ਦੇਣ ਦਾ ਫੈਸਲਾ ਲਿਆ ਹੈ ਕਿਉਂਕਿ ਕੁਝ ਸਿਆਸੀ ਕਾਰਨਾਂ ਕਰ ਕੇ ਉਥੇ ਬੇਚੈਨੀ ਵਧਦੀ ਜਾ ਰਹੀ ਸੀ।

# ਭਾਰਤ ਤੇ ਈ.ਐਫ.ਟੀ.ਏ. ਵਿਚਾਲੇ ਮੁਕਤ ਵਪਾਰ ਸਮਝੌਤਾ ਸਹੀਬੱਧ



**ਨਵੀਂ ਦਿੱਲੀ:** ਭਾਰਤ ਅਤੇ ਚਾਰ ਦੇਸ਼ਾਂ ਦੇ ਯੂਰਪੀਅਨ ਸਮੂਹ ਈ.ਐਫ.ਟੀ.ਏ. ਨੇ ਨਿਵੇਸ਼ ਅਤੇ ਵਸਤਾਂ ਤੇ ਸੇਵਾਵਾਂ ਦੇ ਦੋ-ਤਰਫਾ ਵਪਾਰ ਹੁਲਾਰਾ ਦੇਣ ਲਈ ਇਕ ਮੁਕਤ ਵਪਾਰ ਸਮਝੌਤੇ (ਐਫ.ਟੀ.ਏ) ਉਤੇ ਦਸਤਖ਼ਤ ਕੀਤੇ। ਐਫ.ਟੀ.ਏ. ਤਹਿਤ ਈ.ਐਫ.ਟੀ.ਏ. ਨੇ ਅਗਲੇ 15 ਸਾਲ ਵਿਚ ਭਾਰਤ ‘ਚ 100 ਅਰਬ ਡਾਲਰ ਦੇ ਨਿਵੇਸ਼ ਦੀ ਵਚਨਬੱਧਤਾ ਪ੍ਰਗਟਾਈ ਹੈ। ਵਣਜ ਅਤੇ ਉਦਯੋਗ ਮੰਤਰੀ ਪਿਯੂਸ਼ ਗੋਇਲ ਨੇ ਐਫ.ਟੀ.ਏ. ਉਤੇ ਦਸਤਖ਼ਤ ਨੂੰ ‘ਇਤਿਹਾਸਕ ਪਲ’ ਕਰਾਰ ਦਿੰਦਿਆਂ ਕਿਹਾ ਕਿ ਇਹ ਭਾਰਤ ਦਾ ਅਜਿਹੇ ਸਮੂਹ ਨਾਲ ਪਹਿਲਾ ਆਧੁਨਿਕ ਵਪਾਰਕ ਕਰਾਰ ਹੈ, ਜਿਸ ਵਿਚ ਵਿਕਸਤ ਦੇਸ਼ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਕਿਸੇ ਵਪਾਰ ਕਰਾਰ ਵਿਚ ਇਹ ਪਹਿਲਾ ਮੌਕਾ ਹੈ, ਜਦੋਂ ਈ.ਐਫ.ਟੀ.ਏ. ਨੇ ਅਗਲੇ 15 ਸਾਲ ਵਿਚ 100 ਅਰਬ ਡਾਲਰ ਦੇ ਨਿਵੇਸ਼ ਦੀ ਵਚਨਬੱਧਤਾ ਪ੍ਰਗਟਾਈ ਹੈ। ਈ.ਐਫ.ਟੀ.ਏ. ਦੇ ਮੈਂਬਰ ਦੇਸ਼ਾਂ ਵਿਚ ਆਈਸਲੈਂਡ, ਲੀਸ਼ਟੇਂਸਟੀਨ, ਨਾਰਵੇ ਅਤੇ ਸਵਿਟਜ਼ਰਲੈਂਡ ਸ਼ਾਮਲ ਹਨ। ਸਮਝੌਤੇ ਵਿਚ 14 ਅਧਿਆਏ ਹਨ। ਇਨ੍ਹਾਂ ਵਿਚ ਵਸਤੂਆਂ ਦਾ ਵਪਾਰ, ਮੂਲ ਦੇ ਨਿਯਮ, ਬੌਧਿਕ ਸੰਪਤੀ ਅਧਿਕਾਰ (ਆਈ.ਪੀ.ਆਈ.), ਸੇਵਾਵਾਂ ਵਿਚ ਵਪਾਰ, ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਅਤੇ ਸਹਿਯੋਗ, ਸਰਕਾਰੀ ਖ਼ਰੀਦ, ਵਪਾਰ ਵਿਚ ਤਕਨੀਕੀ ਰੁਕਾਵਟਾਂ ਅਤੇ ਵਪਾਰ ਸਹੂਲਤ ਸ਼ਾਮਲ ਹਨ। ਈ.ਐਫ.ਟੀ.ਏ. ਮੈਂਬਰਾਂ ਤਰਫੋਂ ਸੰਘੀ ਕੌਂਸਲਰ ਗਾਈ ਪਰਮੇਲਿਨ ਨੇ ਕਿਹਾ ਕਿ ਇਹ ਸਮਝੌਤਾ ਆਖਰਕਾਰ ਚੰਗੀਆਂ ਨੌਕਰੀਆਂ ਵਿਚ ਵਾਧਾ ਕਰਨ ਦੀ ਅਗਵਾਈ ਕਰੇਗਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਅਤੇ ਈ.ਐਫ.ਟੀ.ਏ. ਵਿਚਕਾਰ ਵਪਾਰਕ ਸਮਝੌਤੇ ‘ਤੇ ਦਸਤਖ਼ਤ ਇਤਿਹਾਸਕ ਪਲ ਹਨ ਕਿਉਂਕਿ ਇਹ ਖੁੱਲ੍ਹੇ, ਨਿਰਪੱਖ ਅਤੇ ਬਰਾਬਰ ਵਪਾਰ ਲਈ ਸਾਂਝੀ ਵਚਨਬੱਧਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਭਾਰਤ ਨਾ ਸਿਰਫ ਵਚਨਬੱਧ ਟੀਚਿਆਂ ਨੂੰ ਹਾਸਲ ਕਰਨ ਲਈ, ਸਗੋਂ ਉਨ੍ਹਾਂ ਤੋਂ ਅੱਗੇ ਜਾਣ ਲਈ ਵੀ ਇਨ੍ਹਾਂ ਦੇਸ਼ਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਾਵੇਗਾ ਅਤੇ ਉਦਯੋਗਾਂ ਅਤੇ ਕਾਰੋਬਾਰਾਂ ਦੀ ਸਹੂਲਤ ਦੇਵੇਗਾ।

## ਸੂਡਾਨ ਵਿਚ ਭੁੱਖ ਸੰਕਟ ਖੜ੍ਹਾ ਹੋਣ ਦਾ ਖ਼ਤਰਾ

**ਕਾਹਿਰਾ:** ਸੰਯੁਕਤ ਰਾਸ਼ਟਰ ਦੇ ਖ਼ੁਰਾਕ ਅਧਿਕਾਰੀ ਨੇ ਚਿਤਾਵਨੀ ਦਿੱਤੀ ਹੈ ਕਿ ਸੂਡਾਨ ਵਿਚ ਰਵਾਇਤੀ ਜਰਨੈਲਾਂ ਦਰਮਿਆਨ ਪਿਛਲੇ ਇਕ ਸਾਲ ਤੋਂ ਜਾਰੀ ਜੰਗ ਕਰਕੇ ਵਿਸ਼ਵ ਦੇ ਸਭ ਤੋਂ ਵੱਡੇ ਭੁੱਖ ਸੰਕਟ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ। ਵਿਸ਼ਵ ਖੁਰਾਕ ਪ੍ਰੋਗਰਾਮ ਦੀ ਮੁਖੀ ਸਿੰਡੀ ਮੈਕੇਨ ਨੇ ਕਿਹਾ ਕਿ ਸੂਡਾਨ ਦੀ ਜੰਗ, ਜਿਸ ਵਿਚ ਦੇਸ਼ ਦੀ ਫੌਜ ਇਕ ਹਿੰਸਕ ਨੀਮ ਫੌਜੀ ਸਮੂਹ ਨਾਲ ਮੱਥਾ ਲਾ ਰਹੀ ਹੈ, ਨੇ ਉੱਤਰ-ਪੂਰਬੀ ਅਫ਼ਰੀਕੀ ਮੁਲਕ ਵਿਚ ਲੱਖਾਂ ਲੋਕਾਂ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ। ਦੱਖਣੀ ਸੂਡਾਨ ਦੀ ਆਪਣੀ ਫੇਰੀ ਮੁਕੰਮਲ ਕਰਨ ਮਗਰੋਂ ਮੈਕੇਨ ਨੇ ਕਿਹਾ, “ਸੂਡਾਨ ਵਿਚ ਜੰਗ ਕਰਕੇ ਵਿਸ਼ਵ ਦੇ ਸਭ ਤੋਂ ਵੱਡੇ ਭੁੱਖ ਸੰਕਟ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ।” ਜੰਗ ਕਰਕੇ ਦੱਖਣੀ ਸੂਡਾਨ ਦੇ ਬਹੁਤੇ ਲੋਕ ਆਪਣਾ ਘਰ-ਬਾਹਰ ਛੱਡ ਕੇ ਭੱਜ ਗਏ ਹਨ।

# ਦੀ ਬਰਸੀ ‘ਤੇ ਸਿਆਸੀ ਤੇ ਧਾਰਮਿਕ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ


ਇਸ ਮੌਕੇ ਚੌਟਾਲਾ ਪਰਿਵਾਰ ਵੱਲੋਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ, ਬਿਜਲੀ ਮੰਤਰੀ ਰਣਜੀਤ ਸਿੰਘ ਚੌਟਾਲਾ ਅਤੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਮੌਜੂਦ ਸਨ।

**ਲੰਬੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਹਿਲੀ ਬਰਸੀ ਉਨ੍ਹਾਂ ਦੀ ਹਲੀਮੀ, ਨਿਮਰ ਸੁਭਾਅ ਤੋਂ ਇਲਾਵਾ ਉਨ੍ਹਾਂ ਵੱਲੋਂ ਦੇਸ਼, ਕੌਮ ਤੇ ਪੰਜਾਬ ਦੇ ਹਿੱਤਾਂ ਲਈ ਪਾਏ ਗਏ ਯੋਗਦਾਨ ਨੂੰ ਸਮਰਪਿਤ ਰਹੀ। ਇਸ ਮੌਕੇ ਪਿੰਡ ਬਾਦਲ ਵਿਚ ਕਰਵਾਏ ਗਏ ਸ਼ਰਧਾਂਜਲੀ ਸਮਾਗਮ ਵਿਚ ਪੰਜਾਬ, ਹਰਿਆਣਾ ਅਤੇ ਦਿੱਲੀ ਤੋਂ ਵੱਡੀ ਗਿਣਤੀ ਸਿਆਸੀ, ਸਮਾਜਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਪਹੁੰਚ ਕੇ ਮਰਹੂਮ ਆਗੂ ਸ਼ਰਧਾਂਜਲੀਆਂ ਭੇਟ ਕੀਤੀਆਂ। ਬਰਸੀ ਸਮਾਗਮ ਮੌਕੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਕਿਹਾ ਕਿ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ ਸਮੁੱਚਾ ਜੀਵਨ ਕਿਸਾਨਾਂ ਤੇ ਮਜ਼ਦੂਰ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੇ ਲੇਖੇ ਲੱਗਿਆ। ਉਨ੍ਹਾਂ ਚੌਟਾਲਾ ਤੇ ਬਾਦਲ ਪਰਿਵਾਰ ਦੇ ਆਪਸੀ ਸਬੰਧਾਂ ਨੂੰ ਵੀ ਚੇਤੇ ਕੀਤਾ। ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨੇ ਵੱਡੇ ਬਾਦਲ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਆਖਿਆ ਕਿ ਪ੍ਰਕਾਸ਼ ਸਿੰਘ ਬਾਦਲ ਵਰਗਾ ਬਣਨਾ ਬਹੁਤ ਔਖਾ ਹੈ। ਉਨ੍ਹਾਂ ਸੁਖਬੀਰ ਸਿੰਘ ਬਾਦਲ ਨੂੰ ਵੱਡੇ ਬਾਦਲ ਦੇ ਗੁਣਾਂ ਨੂੰ ਗ੍ਰਹਿਣ ਕਰਨ ਲਈ ਪ੍ਰੇਰਿਆ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਬਾਦਲ ਸਾਹਿਬ ਰਾਸ਼ਟਰਪ੍ਰਸਤ, ਸੱਚੇ ਲੋਕਤੰਤਰੀ ਤੇ ਧਰਮ ਨਿਰਪੱਖ ਸਨ। ਉਨ੍ਹਾਂ ਹਮੇਸ਼ਾਂ ਸਾਰੇ ਧਰਮਾਂ ਦਾ ਸਤਿਕਾਰ ਕੀਤਾ ਤੇ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਭ ਨੂੰ ਨਾਲ ਲਿਆ।

# ਪੰਜਾਬ ਵਿਧਾਨ ਸਭਾ ਵਿਚ ਪੋਸਤ ਦੀ ਖੇਤੀ ਦਾ ਮੁੱਦਾ ਗੂੰਜਿਆ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਪੋਸਤ ਦੀ ਖੇਤੀ ਦੀ ਗੂੰਜ ਪਈ। ਪ੍ਰਸ਼ਨ ਕਾਲ ਅਤੇ ਸਿਫ਼ਰ ਕਾਲ ਦੌਰਾਨ ਇਹੋ ਮੁੱਦਾ ਛਾਇਆ ਰਿਹਾ। ਸੱਤਾਧਾਰੀ ਧਿਰ ਨੇ 'ਪੋਸਤ ਦੀ ਖੇਤੀ' ਦੇ ਨਫ਼ਿਆਂ ਬਾਰੇ ਚਰਚਾ ਕੀਤੀ ਜਦੋਂ ਕਿ ਵਿਰੋਧੀ ਧਿਰ ਵੱਲੋਂ ਕਿਸੇ ਵੀ ਵਿਧਾਇਕ ਨੇ ਇਸ ਮਾਮਲੇ 'ਤੇ ਮੂੰਹ ਨਹੀਂ ਖੋਲ੍ਹਿਆ। 'ਆਪ' ਵਿਧਾਇਕਾਂ ਨੇ ਸੂਬੇ ਵਿਚ ਪੋਸਤ ਦੀ ਖੇਤੀ ਉਤੇ ਪੰਜਾਬ ਸਰਕਾਰ ਨੂੰ ਗੌਰ ਕਰਨ ਵਾਸਤੇ ਕਿਹਾ।

ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਪ੍ਰਸ਼ਨ ਕਾਲ ਦੌਰਾਨ ਪੋਸਤ ਦੀ ਖੇਤੀ ਬਾਰੇ ਸਵਾਲ ਕੀਤਾ ਜਿਸ ਦਾ ਜਵਾਬ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦਿੱਤਾ। ਖੇਤੀ ਮੰਤਰੀ ਨੇ ਕਿਹਾ ਕਿ ਪੋਸਤ ਦੀ ਖੇਤੀ ਦਾ ਸਵਾਲ ਆਉਣ 'ਤੇ ਸਭ ਦੇ ਚਿਹਰੇ ਖਿੜ ਗਏ ਹਨ। ਖੇਤੀ ਮੰਤਰੀ ਨੇ ਜਵਾਬ ਵਿਚ ਕਿਹਾ ਕਿ ਪੰਜਾਬ ਸਰਕਾਰ ਦੀ ਪੋਸਤ ਦੀ ਖੇਤੀ ਸ਼ੁਰੂ ਕਰਵਾਉਣ ਦੀ ਕੋਈ ਯੋਜਨਾ ਨਹੀਂ ਹੈ। ਵਿਧਾਇਕ ਪਠਾਨਮਾਜਰਾ ਨੇ ਦਲੀਲ ਦਿੱਤੀ ਕਿ ਸਿੰਥੈਟਿਕ ਨਸ਼ਿਆਂ ਦੀ ਰੋਕਥਾਮ ਲਈ ਪੋਸਤ ਦੀ ਖੇਤੀ ਸਹਾਈ ਹੋ ਸਕਦੀ ਹੈ। ਇਸ ਦੌਰਾਨ ਇਹ ਵੀ ਤਰਕ ਪੇਸ਼ ਹੋਏ ਕਿ ਅਫ਼ੀਮ ਜਾਂ ਪੋਸਤ ਕਦੇ ਜਾਨੀ ਨੁਕਸਾਨ ਨਹੀਂ ਕਰਦਾ ਹੈ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਪੋਸਤ ਦੀ ਖੇਤੀ ਦੀ ਤਾਈਦ ਕਰਦਿਆਂ ਕਿਹਾ ਕਿ ਸੂਬੇ ਵਿਚ ਨਸ਼ੇ ਕਾਰਨ ਮੌਤਾਂ ਹੋ ਰਹੀਆਂ ਹਨ ਅਤੇ ਸਿੰਥੈਟਿਕ ਨਸ਼ਾ ਇਨ੍ਹਾਂ ਮੌਤਾਂ ਦਾ ਕਾਰਨ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਪੋਸਤ ਦੀ ਖੇਤੀ ਹੁੰਦੀ ਹੈ ਅਤੇ ਹਿਮਾਚਲ ਪ੍ਰਦੇਸ਼ ਵਿਚ ਵੀ ਇਸ ਸਬੰਧੀ ਵਿਚਾਰ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੋਸਤ ਦੀ ਖੇਤੀ ਨਾਲ ਜਿੱਥੇ ਕਿਸਾਨ ਬਚੇਗਾ, ਉਥੇ ਹੀ ਜਵਾਨੀ ਵੀ ਬਚੇਗੀ। ਬਾਜ਼ੀਗਰ ਨੇ ਪੋਸਤ ਦੀ ਖੇਤੀ ਥਾਈਲੈਂਡ ਵਿਚ ਵੀ ਹੋਣ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਦਵਾਈਆਂ ਵਿਚ ਅਫ਼ੀਮ ਵਰਤੀ ਜਾਂਦੀ ਹੈ।

ਜਦੋਂ ਸਦਨ ਵਿਚ ਪੋਸਤ ਦੀ ਖੇਤੀ ਦਾ ਮੁੱਦਾ ਉੱਠਿਆ ਤਾਂ ਮਾਹੌਲ ਕਾਫੀ ਸੁਖਾਵਾਂ ਸੀ। ਇਸੇ ਦੌਰਾਨ ਵਿਧਾਇਕ ਡਾ. ਚਰਨਜੀਤ ਸਿੰਘ ਨੇ ਵੀ ਪੋਸਤ ਦੀ ਖੇਤੀ ਬਾਰੇ ਹੁੰਗਾਰਾ ਭਰਦਿਆਂ ਕਿਹਾ ਕਿ ਪੰਜਾਬ ਸਰਕਾਰ ਪੋਸਤ ਦੀ ਖੇਤੀ ਬਾਰੇ ਮਾਹਿਰਾਂ ਦੀ ਰਾਇ ਲੈ ਸਕਦੀ ਹੈ ਅਤੇ ਇਸ ਮੁੱਦੇ 'ਤੇ ਪਹਿਲਾਂ ਸੈਮੀਨਾਰ ਹੋਣੇ ਚਾਹੀਦੇ ਹਨ ਜਿਨ੍ਹਾਂ ਵਿਚ ਪੋਸਤ ਦੀ ਖੇਤੀ ਬਾਰੇ ਵਿਚਾਰ-ਚਰਚਾ ਹੋਵੇ। ਦੱਸਣਯੋਗ ਹੈ ਕਿ ਇਸ ਮਾਮਲੇ 'ਤੇ ਕਾਂਗਰਸ ਅਤੇ ਅਕਾਲੀ ਦਲ ਦੇ ਵਿਧਾਇਕਾਂ ਨੇ ਮੂੰਹ ਨਹੀਂ ਖੋਲ੍ਹਿਆ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਆਪਣੀ ਪਰਿਵਾਰਕ ਜੀਅ ਦੇ ਹਵਾਲੇ ਨਾਲ ਪੋਸਤ ਦੀ ਖੇਤੀ ਬਾਰੇ ਆਪਣੀ ਵੱਖਰੀ ਰਾਇ ਰੱਖੀ। 'ਆਪ' ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਪੋਸਤ ਦੀ ਖੇਤੀ ਦੇ ਪੱਖ ਵਿਚ ਕਿਹਾ ਕਿ ਬਜ਼ੁਰਗ ਸਦੀਆਂ ਤੋਂ ਇਹ ਨਸ਼ਾ ਵਰਤਦੇ ਆ ਰਹੇ ਹਨ ਜਿਨ੍ਹਾਂ ਵੱਲੋਂ ਹੱਥੀਂ ਕੰਮ ਵੀ ਕੀਤਾ ਜਾਂਦਾ ਸੀ ਤੇ ਕਦੇ ਕੋਈ ਮੌਤ ਨਹੀਂ ਹੋਈ ਸੀ। ਉਨ੍ਹਾਂ ਕਿਹਾ ਕਿ ਵੈਦ ਤੇ ਡਾਕਟਰ ਵੀ ਅਧਰੰਗ ਦੇ ਅਟੈਕ ਮੌਕੇ ਅਫ਼ੀਮ ਦੀ ਸਿਫ਼ਾਰਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਸ ਪਾਸੇ ਗ਼ੌਰ ਕਰਨੀ ਚਾਹੀਦੀ ਹੈ।

## ਪੋਸਤ ਦੇ ਠੇਕੇ ਕਿਸ ਨੇ ਬੰਦ ਕਰਾਏ: ਸਪੀਕਰ

**ਚੰਡੀਗੜ੍ਹ:** ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਚਾਰ-ਚਰਚਾ ਵਿਚ ਦਖ਼ਲ ਦਿੰਦਿਆਂ ਜਾਣਨਾ ਚਾਹਿਆ ਕਿ ਪਹਿਲਾਂ ਪੰਜਾਬ ਵਿਚ ਅਫ਼ੀਮ/ਪੋਸਤ ਦੇ ਜੋ ਠੇਕੇ ਹੁੰਦੇ ਸਨ, ਉਹ ਕਦੋਂ ਬੰਦ ਹੋਏ। ਉਨ੍ਹਾਂ ਖੇਤੀ ਮੰਤਰੀ ਨੂੰ ਇਸ ਬਾਰੇ ਜਾਣਕਾਰੀ ਦੇਣ ਲਈ ਕਿਹਾ। ਵਿਧਾਇਕ ਫ਼ੌਜਾ ਸਿੰਘ ਸਰਾਰੀ ਨੇ ਸਪੀਕਰ ਦੇ ਸਵਾਲ ਬਾਰੇ ਕਿਹਾ ਕਿ ਜਦੋਂ ਸੂਬੇ ਵਿਚ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਰਾਸ਼ਟਰਪਤੀ ਨੂੰ ਪੱਤਰ ਲਿਖ ਕੇ ਇਹ ਠੇਕੇ ਬੰਦ ਕਰਵਾਏ ਸਨ।

## 1.12 ਲੱਖ ਕਿਸਾਨਾਂ ਕੋਲ ਪੋਸਤ ਦੀ ਖੇਤੀ ਦੇ ਲਾਇਸੈਂਸ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਸਾਲ 2023-24 ਲਈ ਪੋਸਤ ਦੀ ਖੇਤੀ ਵਾਸਤੇ ਤਿੰਨ ਸੂਬਿਆਂ ਦੇ 1.12 ਲੱਖ ਕਿਸਾਨਾਂ ਨੂੰ ਲਾਇਸੈਂਸ ਜਾਰੀ ਕੀਤੇ ਗਏ ਹਨ। ਇਨ੍ਹਾਂ 'ਚੋਂ ਮੱਧ ਪ੍ਰਦੇਸ਼ ਦੇ 54,500 ਕਿਸਾਨਾਂ, ਰਾਜਸਥਾਨ ਦੇ 47 ਹਜ਼ਾਰ ਕਿਸਾਨਾਂ ਅਤੇ ਉੱਤਰ ਪ੍ਰਦੇਸ਼ ਦੇ 10 ਹਜ਼ਾਰ ਕਿਸਾਨਾਂ ਨੂੰ ਪੋਸਤ ਦੀ ਕਾਸ਼ਤ ਕਰਨ ਲਈ ਲਾਇਸੈਂਸ ਜਾਰੀ ਹੋਏ ਹਨ। ਕੇਂਦਰ ਸਰਕਾਰ ਆਉਂਦੇ ਤਿੰਨ ਵਰ੍ਹਿਆਂ ਵਿਚ ਪੋਸਤ ਦੀ ਮੰਗ ਅਤੇ ਪ੍ਰੋਸੈਸਿੰਗ ਸਮਰੱਥਾ ਨੂੰ ਦੇਖਦੇ ਹੋਏ ਮੁਲਕ ਵਿਚ 1.45 ਲੱਖ ਕਿਸਾਨਾਂ ਨੂੰ ਲਾਇਸੈਂਸ ਜਾਰੀ ਕਰਨ ਬਾਰੇ ਯੋਜਨਾ ਬਣਾ ਰਹੀ ਹੈ।

# ਪੇਅ ਸਕੇਲ ਲਾਗੂ ਕਰਾਉਣ ਲਈ ਮੁਲਾਜ਼ਮਾਂ ਨੇ ਖੂਨ ਨਾਲ ਮੰਗ ਪੱਤਰ ਲਿਖਿਆ



**ਸੰਗਰੂਰ:** ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਦੀ ਅਗਵਾਈ ਹੇਠ ਪੰਜਾਬ ਦੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮਾਂ ਨੇ ਮੁੱਖ ਮੰਤਰੀ ਦੀ ਕੋਠੀ ਅੱਗੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਆਪਣੇ ਖੂਨ ਨਾਲ ਨਾਅਰੇ ਲਿਖੇ ਤੇ ਖੂਨ ਨਾਲ ਲਿਖਿਆ ਇਕ ਮੰਗ ਪੱਤਰ ਵੀ ਪੰਜਾਬ ਵਿਧਾਨ ਸਭਾ ਲਈ ਭੇਜਿਆ।

ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ 17 ਜੁਲਾਈ 2020 ਦਾ ਨੋਟੀਫਿਕੇਸ਼ਨ ਰੱਦ ਕਰਕੇ ਸਮੂਹ ਮੁਲਾਜ਼ਮਾਂ 'ਤੇ ਪੰਜਾਬ ਦਾ ਤਨਖਾਹ ਸਕੇਲ ਬਹਾਲ ਕੀਤਾ ਜਾਵੇ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਭਰ ਤੋਂ ਪੁੱਜੇ ਮੁਲਾਜ਼ਮ ਸਥਾਨਕ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ, ਜਿੱਥੋਂ ਉਹ ਰੋਸ ਮਾਰਚ ਕਰਦੇ ਹੋਏ ਮੁੱਖ ਮੰਤਰੀ ਦੀ ਕੋਠੀ ਵੱਲ ਵਧੇ। ਉਥੇ ਤਾਇਨਾਤ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਕਲੋਨੀ ਦੇ ਗੇਟ 'ਤੇ ਰੋਕ ਲਿਆ ਜਿਥੇ ਮੁਲਾਜ਼ਮਾਂ ਨੇ ਆਵਾਜਾਈ ਠੱਪ ਕਰਕੇ ਰੋਸ ਧਰਨਾ ਦਿੱਤਾ। ਫਰੰਟ ਦੇ ਸੂਬਾ ਆਗੂਆਂ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਅਧੂਰੇ ਪੇਅ-ਸਕੇਲ ਲਾਗੂ ਕੀਤੇ ਗਏ ਹਨ ਜੋ ਪੂਰਨ ਰੂਪ ਵਿਚ ਨਾ ਕੇਂਦਰ ਦੇ ਹਨ ਤੇ ਨਾ ਹੀ ਸੂਬਾ ਸਰਕਾਰ ਦੇ ਹਨ। ਇਨ੍ਹਾਂ ਪੇਅ ਸਕੇਲਾਂ ਨਾਲ ਮੁਲਾਜ਼ਮਾਂ ਨੂੰ ਵੱਡਾ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਮੰਗਾਂ ਨਾ ਮੰਨੀਆਂ ਗਈਆਂ ਤਾਂ ਲੋਕ ਸਭਾ ਚੋਣਾਂ ਦੌਰਾਨ 'ਆਪ' ਵਿਰੁੱਧ ਰੈਲੀਆਂ ਕੀਤੀਆਂ ਜਾਣਗੀਆਂ।

## ਸੜਕ ਹਾਦਸੇ 'ਚ ਦੋ ਨੌਜਵਾਨ ਹਲਾਕ

**ਦਸੂਹਾ:** ਪਿੰਡ ਟੇਰਕਿਆਣਾ ਦੇ ਦੋ ਨੌਜਵਾਨਾਂ ਦੀ ਅਮਰੀਕਾ 'ਚ ਸੜਕ ਹਾਦਸੇ 'ਚ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਸਿਮਰਨਜੀਤ ਸਿੰਘ ਸਿੰਘ (22) ਪੁੱਤਰ ਰਵਿੰਦਰ ਸਿੰਘ ਤੇ ਸੁਖਜਿੰਦਰ ਸਿੰਘ ਉਰਫ ਸੌਰਭ (23) ਪੁੱਤਰ ਅਨੂਪ ਸਿੰਘ ਵਾਸੀ ਪਿੰਡ ਟੇਰਕਿਆਣਾ, ਦਸੂਹਾ ਵਜੋਂ ਹੋਈ ਹੈ। ਪੀੜਤ ਪਰਿਵਾਰਾਂ ਦੇ ਨੇੜਲੇ ਐਡਵੋਕੇਟ ਰਘੁਬੀਰ ਸਿੰਘ ਤੇ ਧਰਮਿੰਦਰ ਸਿੰਘ ਸਾਬੀ ਨੇ ਦੱਸਿਆ ਕਿ ਇਹ ਦੋਵੇਂ ਨੌਜਵਾਨ ਆਪਣੇ ਮਾਪਿਆਂ ਦੇ ਇਕਲੌਤੇ ਪੁੱਤਰ ਸਨ ਜੋ ਕਿ ਕਰੀਬ ਦੋ ਸਾਲ ਪਹਿਲਾਂ ਅਮਰੀਕਾ ਗਏ ਸਨ।

## ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ 'ਤੇ ਲਾਠੀਚਾਰਜ

**ਅਬੋਹਰ:** ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਪਿੰਡ ਕਿੱਲਿਆਂਵਾਲੀ ਦੇ ਦੌਰੇ ਦੌਰਾਨ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ 'ਤੇ ਪੁਲਿਸ ਨੇ ਲਾਠੀਚਾਰਜ ਕੀਤਾ। ਇਸ ਦੌਰਾਨ ਬੇਰੁਜ਼ਗਾਰ ਅਧਿਆਪਕਾਂ ਤੇ ਪੁਲਿਸ ਵਿਚਾਲੇ ਧੱਕਾ-ਮੁੱਕੀ ਹੋਈ। ਪੁਲਿਸ ਨੇ 9 ਅਧਿਆਪਕਾਂ ਨੂੰ ਹਿਰਾਸਤ ਵਿਚ ਵੀ ਲਿਆ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਹਾਲੇ ਵੀ ਸਰਕਾਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇਵੇਗੀ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।

## ਨਸ਼ੇ ਠੱਲ੍ਹਣ 'ਚ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਢਿੱਲੀ: ਬਾਜਵਾ



**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ 'ਚ ਤੇਜ਼ੀ ਨਾਲ ਵੱਧ ਰਹੀ ਨਸ਼ਿਆਂ ਦੀ ਵਰਤੋਂ ਨੂੰ ਠੱਲ੍ਹਣ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਕਾਰਗੁਜ਼ਾਰੀ ਢਿੱਲੀ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਵਿਚ ਗੰਭੀਰ ਰੂਪ ਨਾਲ ਵਾਧਾ ਹੋਇਆ ਹੈ। ਇਸ ਹਫ਼ਤੇ ਨਸ਼ਿਆਂ ਨੇ ਲਗਭਗ ਛੇ ਨੌਜਵਾਨਾਂ ਦੀ ਜਾਨ ਲਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਕਈ ਦਾਅਵਿਆਂ ਦੇ ਬਾਵਜੂਦ ਨਸ਼ਿਆਂ ਦੀ ਸਪਲਾਈ ਚੇਨ ਨਹੀਂ ਟੁੱਟ ਰਹੀ। ਖ਼ਬਰਾਂ ਅਨੁਸਾਰ ਪੰਜਾਬ ਵਿਚ ਵੱਡੀ ਗਿਣਤੀ ਔਰਤਾਂ ਨਸ਼ੇ ਵੇਚਣ ਦਾ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਨਸ਼ਾ ਤਸਕਰੀ ਦੇ ਦੋਸ਼ ਹੇਠ 9631 ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿਚੋਂ 33 ਫ਼ੀਸਦ ਔਰਤਾਂ ਪੰਜਾਬ ਨਾਲ ਸਬੰਧਤ ਹਨ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਰਕਾਰ ਬਣਨ ਦੇ ਚਾਰ ਮਹੀਨਿਆਂ ਅੰਦਰ ਸੂਬੇ ਵਿਚੋਂ ਨਸ਼ਿਆਂ ਨੂੰ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ 2023 'ਚ ਆਜ਼ਾਦੀ ਦਿਵਸ ਸਬੰਧੀ ਸਮਾਗਮ ਮੌਕੇ ਆਪਣੇ ਭਾਸ਼ਣ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਨਸ਼ਿਆਂ ਦੇ ਖ਼ਾਤਮੇ ਲਈ ਇਕ ਹੋਰ ਸਾਲ ਦੀ ਮੰਗ ਕੀਤੀ ਸੀ। ਬਾਜਵਾ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਵਾਅਦੇ ਅਨੁਸਾਰ ਮੰਗੇ ਸਮੇਂ ਤੋਂ ਕਿਤੇ ਵੱਧ ਸਮਾਂ ਲੰਘ ਚੁੱਕਿਆ ਹੈ ਪਰ ਉਨ੍ਹਾਂ ਨਸ਼ਿਆਂ ਦੀ ਤਸਕਰੀ ਅਤੇ ਨਸ਼ਿਆਂ 'ਤੇ ਲਗਾਮ ਲਗਾਉਣ ਲਈ ਇਕ ਵੀ ਕਦਮ ਨਹੀਂ ਚੁੱਕਿਆ।

# ਮਿਸ਼ਨ 2024: ਆਮ ਆਦਮੀ ਪਾਰਟੀ ਨੇ ਵਜਾਇਆ ਚੋਣ ਬਿਗਲ

**ਮੁਹਾਲੀ:** ਮੁਹਾਲੀ ਕਲੱਬ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ ਲੋਕ ਸਭਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਪੰਜਾਬ ਦੀਆਂ ਸਾਰੀਆਂ ਸੀਟਾਂ ਉਤੇ ਜਿੱਤ ਪ੍ਰਾਪਤ ਕਰਕੇ ਇਤਿਹਾਸ ਸਿਰਜਿਆ ਜਾਵੇਗਾ। ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਹ ਉਹੀ ਥਾਂ ਹੈ ਜਿੱਥੇ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਕੇਜਰੀਵਾਲ ਨੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਿਆ ਸੀ।

ਉਨ੍ਹਾਂ ਕੇਜਰੀਵਾਲ ਨੂੰ ਕ੍ਰਾਂਤੀਕਾਰੀ ਨੇਤਾ ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਰਾਜਨੀਤੀ ਦੀ ਰੂਪ ਰੇਖਾ ਬਦਲੀ ਹੈ। ਮੁੱਖ ਮੰਤਰੀ ਨੇ ਵਿਕਾਸਮੁਖੀ ਬਜਟ ਪੇਸ਼ ਕਰਨ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਭਾਜਪਾ 'ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਜਿੱਥੇ ਨਫ਼ਰਤ ਫੈਲਾਅ ਰਹੀ ਹੈ, ਉਥੇ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵਿਚ ਲੱਗੀ ਹੋਈ ਹੈ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ 90 ਫੀਸਦੀ ਬਿਜਲੀ ਮੁਫ਼ਤ ਦਿੱਤੀ ਜਾ ਰਹੀ ਹੈ ਅਤੇ ਬੇਰੁਜ਼ਗਾਰੀ ਖ਼ਤਮ ਕਰਨ ਲਈ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਸ੍ਰੀ ਸੁਨੀਲ ਜਾਖੜ 'ਤੇ ਵਿਅੰਗ ਕਰਦਿਆਂ ਕਿਹਾ ਕਿ ਕੋਈ ਪਤਾ ਨਹੀਂ ਕੀ ਉਹ ਭਾਜਪਾ ਜਾਂ ਕਾਂਗਰਸ ਕਿਸ ਲਈ ਕੰਮ ਕਰ ਰਹੇ ਹਨ। ਸ੍ਰੀ ਸੁਖਦੇਵ ਸਿੰਘ ਢੀਂਡਸਾ ਦੀ ਘਰ ਵਾਪਸੀ 'ਤੇ ਕਿਹਾ ਕਿ ਸ੍ਰੀ ਢੀਂਡਸਾ ਦੀ ਵਾਪਸੀ ਪਾਰਟੀ ਵਿਚ ਹੋਈ ਹੈ, ਲੋਕਾਂ ਦੇ ਦਿਲਾਂ ਚੋਂ ਤਾਂ ਬਹੁਤ ਦੂਰ ਹੋ ਗਏ ਹਨ।



ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਹਮੇਸ਼ਾ ਹੀ ਪਿਆਰ ਦਿੱਤਾ ਹੈ ਅਤੇ ਅੱਜ ਬੱਚਾ-ਬੱਚਾ ਬੋਲਣ ਲੱਗਿਆ ਹੈ ਕਿ ਪੰਜਾਬ ਦੇ ਇਤਿਹਾਸ ਵਿਚ ਹੁਣ ਤੱਕ 75 ਸਾਲਾਂ ਵਿਚ ਅਜਿਹੀ ਲੋਕ ਪੱਖੀ ਸਰਕਾਰ ਨਹੀਂ ਦੇਖੀ ਹੈ। ਕੇਂਦਰ ਸਰਕਾਰ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਤੰਗ ਪਰੇਸ਼ਾਨ ਕਰਨ ਲਈ ਜਾਂਚ ਏਜੰਸੀਆਂ ਨੂੰ ਨਿੱਜੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਭਾਜਪਾ ਹੁਣ ਅਪਰੇਸ਼ਨ ਲੋਟਸ ਤਹਿਤ ਪੰਜਾਬ ਸਰਕਾਰ ਨੂੰ ਤੋੜਨ ਲਈ ਹਰ ਹੀਲਾ ਵਰਤ ਰਹੀ ਹੈ। ਬੇਸ਼ੱਕ ਪਿਛਲੇ ਦੋ ਸਾਲਾਂ ਵਿਚ ਕਾਫ਼ੀ ਕੰਮ ਹੋਇਆ ਹੈ ਪਰ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ।

# ਆਦਮਪੁਰ ਹਵਾਈ ਅੱਡੇ ਦੀ ਨਵੀਂ ਇਮਾਰਤ ਦਾ ਉਦਘਾਟਨ

**ਜਲੰਧਰ:** ਆਦਮਪੁਰ ਹਵਾਈ ਅੱਡੇ ਦੀ ਨਵੀਂ ਟਰਮੀਨਲ ਇਮਾਰਤ ਦਾ ਦੇਸ਼ ਭਰ ਦੇ 14 ਹੋਰ ਹਵਾਈ ਅੱਡਿਆਂ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਦਘਾਟਨ ਕੀਤਾ। ਇਸ ਕਾਰਨ ਇੱਥੋਂ ਮੁੜ ਉਡਾਣਾਂ ਜਲਦੀ ਸ਼ੁਰੂ ਹੋਣ ਦੀ ਉਮੀਦ ਹੈ। ਦੱਸਣਾ ਬਣਦਾ ਹੈ ਕਿ ਇੱਥੋਂ ਕਰੋਨਾ ਮਹਾਮਾਰੀ ਤੋਂ ਬਾਅਦ ਉਡਾਣਾਂ ਬੰਦ ਹੋਈਆਂ ਸਨ। ਮਿਲੀ ਜਾਣਕਾਰੀ ਅਨੁਸਾਰ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸੰਸਦ ਮੈਂਬਰ ਬਲਬੀਰ ਸਿੰਘ ਸੀਚੇਵਾਲ ਅਤੇ ਅਸ਼ੋਕ ਮਿੱਤਲ ਅਤੇ ਆਦਮਪੁਰ ਦੇ ਵਿਧਾਇਕ ਸੁਖਵਿੰਦਰ ਕੋਟਲੀ ਉਦਘਾਟਨੀ ਸਮਾਗਮ ਵਿਚ ਸ਼ਾਮਲ ਹੋਏ। ਏਅਰਪੋਰਟ ਅਥਾਰਟੀ ਆਫ ਇੰਡੀਆ (ਏ.ਏ.ਆਈ.) ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਮਾਰਚ ਦੇ ਅੰਤ ਤੱਕ ਹਵਾਈ ਅੱਡੇ 'ਤੇ ਉਡਾਣਾਂ ਮੁੜ ਸ਼ੁਰੂ ਹੋਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਹਵਾਈ ਅੱਡੇ ਤੋਂ ਦਿੱਲੀ ਅਤੇ ਮੁੰਬਈ ਅਤੇ ਕੁਝ ਜੈਪੁਰ ਲਈ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਸਨ। ਆਦਮਪੁਰ ਏਅਰਪੋਰਟ ਦੇ ਡਾਇਰੈਕਟਰ ਪੁਸ਼ਪੇਂਦਰ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ ਦੋ ਏਅਰਲਾਈਨ ਸਪਾਈਸ ਜੈੱਟ ਅਤੇ ਸਟਾਰ ਇੰਡੀਆ ਤੋਂ ਉਡਾਣਾਂ ਮੁੜ ਸ਼ੁਰੂ ਕਰਨ ਲਈ ਮਤੇ ਪ੍ਰਾਪਤ ਹੋਏ ਹਨ ਤੇ ਮਾਰਚ ਦੇ ਅੰਤ ਤੱਕ ਮੁੜ ਉਡਾਣਾਂ ਸ਼ੁਰੂ ਹੋ ਜਾਣਗੀਆਂ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਹਿੰਡਨ ਹਵਾਈ ਅੱਡੇ ਤੱਕ ਪਹਿਲੀ ਉਡਾਣ ਹੋ ਸਕਦੀ ਹੈ ਜਿਸ ਦੀ ਕੁਝ ਕਾਗਜ਼ੀ ਕਾਰਵਾਈ ਬਾਕੀ ਹਨ ਤੇ ਇਸ ਨੂੰ ਜਲਦੀ ਹੀ ਮੁਕੰਮਲ ਕਰ ਦਿੱਤਾ ਜਾਵੇਗਾ। ਉਦਘਾਟਨੀ ਸਮਾਗਮ ਦੌਰਾਨ ਸੰਸਦ ਮੈਂਬਰਾਂ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਅਸ਼ੋਕ ਮਿੱਤਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਆਦਮਪੁਰ ਹਵਾਈ ਅੱਡੇ ਦਾ ਨਾਂ ਗੁਰੂ ਰਵਿਦਾਸ ਦੇ ਨਾਂ ਉਤੇ ਰੱਖਣ ਦੀ ਮੰਗ ਕੀਤੀ।

ਆਦਮਪੁਰ ਹਵਾਈ ਅੱਡੇ ਦੀ ਨਵੀਂ ਟਰਮੀਨਲ ਇਮਾਰਤ ਦਾ ਖੇਤਰਫਲ 5000 ਵਰਗ ਮੀਟਰ ਹੈ। ਇਸ ਹਵਾਈ ਅੱਡੇ 'ਤੇ ਇਕੋ ਸਮੇਂ 300 ਯਾਤਰੀਆਂ ਦੀ ਸਮਰੱਥਾ ਹੈ। ਨਵੀਂ ਟਰਮੀਨਲ ਇਮਾਰਤ ਵਿਚ ਇੰਸੂਲੇਟਿਡ ਰੂਫਿੰਗ ਸਿਸਟਮ, ਸੋਲਰ ਪੈਨਲ, ਰੋਸ਼ਨੀ, ਰੇਨ ਵਾਟਰ ਹਾਰਵੈਸਟਿੰਗ ਅਤੇ ਐਸ.ਟੀ.ਪੀ. ਆਦਿ ਸ਼ਾਮਲ ਹਨ। ਹਵਾਈ ਅੱਡੇ ਵਿਚ ਸਿੰਗਲ ਰਨਵੇਅ ਹੈ। ਯਾਤਰੀਆਂ ਦੀ ਸਹੂਲਤ ਲਈ 8 ਚੈੱਕ-ਇਨ ਕਾਊਂਟਰ, 2 ਐਕਸ-ਰੇਅ ਸਕੈਨਰ ਮਸ਼ੀਨਾਂ, 2 ਕਨਵੇਅਰ ਬੈਲਟਸ ਸ਼ਾਮਿਲ ਹਨ। ਟਰਮੀਨਲ ਅੰਦਰ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੀਆਂ ਪੇਂਟਿੰਗਾਂ ਲਾਈਆਂ ਗਈਆਂ ਹਨ।

ਪੰਜਾਬ ਟਾਈਮਜ਼

ਸ਼ਨਿਚਰਵਾਰ, 16 ਮਾਰਚ, 2024

# ਬਦਲਦੀ ਸਿਆਸਤ

*ਉਪਰੋਥਲੀ ਆਈਆਂ ਤਿੰਨ ਖਬਰਾਂ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਪਹਿਲੀ ਖਬਰ ਸੁਪਰੀਮ ਕੋਰਟ ਦੀ ਸੀ। ਸੁਪਰੀਮ ਕੋਰਟ ਨੇ ਚੋਣ ਬਾਂਡ ਮਾਮਲੇ ਵਿਚ ਭਾਰਤੀ ਸਟੇਟ ਬੈਂਕ ਦੀ ਬਹੁਤ ਝਾੜਝੰਬ ਕੀਤੀ ਜੋ ਮੋਦੀ ਸਰਕਾਰ ਦੇ ਦਬਾਅ ਕਾਰਨ ਅਦਾਲਤ ਦੇ ਹੁਕਮਾਂ ਮੁਤਾਬਿਕ ਰਿਕਾਰਡ ਦੇਣ ਤੋਂ ਇਨਕਾਰੀ ਹੋ ਰਿਹਾ ਸੀ ਅਤੇ 30 ਜੂਨ ਤੱਕ ਦੀ ਮੋਹਲਤ ਮੰਗ ਰਿਹਾ ਸੀ। ਇਸ ਦੇ ਨਾਲ ਹੀ ਇਹ ਖਬਰ ਆਣ ਡਿੱਗੀ ਕਿ ਮੋਦੀ ਸਰਕਾਰ ਨੇ ਨਾਗਰਿਕਤਾ ਸੋਧ ਐਕਟ ਲਾਗੂ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਐਕਟ ਬਾਰੇ ਪਹਿਲਾਂ ਇਹ ਵਿਵਾਦ ਬਹੁਤ ਵੱਡੇ ਪੱਧਰ ਉਤੇ ਛਿੜਿਆ ਸੀ ਕਿ ਇਸ ਐਕਟ ਰਾਹੀਂ ਘੱਟ-ਗਿਣਤੀਆਂ, ਖਾਸ ਕਰ ਕੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਰਾਹ ਖੋਲ੍ਹੇ ਜਾ ਰਹੇ ਹਨ। ਇਸ ਐਕਟ ਦੇ ਵਿਰੋਧ ਵਿਚ ਹੀ ਦਿੱਲੀ ਵਿਚ ਸ਼ਾਹੀਨ ਬਾਗ ਮੋਰਚਾ ਲੱਗਿਆ ਸੀ ਜਿਸ ਨੂੰ ਮੁਲਕ ਭਰ 'ਚੋਂ ਸਮਰਥਨ ਹਾਸਲ ਹੋਇਆ ਸੀ ਪਰ ਕੋਵਿਡ-19 ਕਾਰਨ ਸਰਕਾਰ ਨੇ ਇਹ ਮੋਰਚਾ ਚੁਕਵਾ ਦਿੱਤਾ ਸੀ। ਧਰਨਾਕਾਰੀਆਂ ਕੋਲ ਵੀ ਧਰਨਾ ਚੁੱਕਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ ਬਚਿਆ। ਤੀਜੀ ਖਬਰ ਹਰਿਆਣਾ ਦੀ ਸਿਆਸਤ ਨਾਲ ਸਬੰਧਿਤ ਹੈ। ਸੂਬੇ ਅੰਦਰ ਪਿਛਲੇ ਦਸ ਸਾਲਾਂ ਤੋਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ। ਹੁਣ ਜਦੋਂ ਲੋਕ ਸਭਾ ਚੋਣਾਂ ਅਤੇ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ ਤਾਂ ਮਨੋਹਰ ਲਾਲ ਖਟਰ ਦੀ ਥਾਂ ਨਾਇਬ ਸਿੰਘ ਸੈਣੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ ਹੈ। ਹਰਿਆਣੇ ਵਾਲਾ ਘਟਨਾਕ੍ਰਮ ਇੰਨੀ ਤੇਜ਼ੀ ਨਾਲ ਵਾਪਰਿਆ ਕਿ ਸਰਕਾਰ ਵਿਚ ਭਾਈਵਾਲ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੀ ਲੀਡਰਸ਼ਿਪ ਹੱਕੀ-ਬੱਕੀ ਰਹਿ ਗਈ ਬਲਕਿ ਇਸ ਦੇ ਕੁਝ ਵਿਧਾਇਕ ਭਾਰਤੀ ਜਨਤਾ ਪਾਰਟੀ ਨਾਲ ਜਾ ਰਲੇ ਹਨ।*

*ਅਦਾਲਤੀ ਝਾੜਝੰਬ ਤੋਂ ਬਾਅਦ ਭਾਰਤੀ ਸਟੇਟ ਬੈਂਕ ਨੇ ਚੋਣ ਕਮਿਸ਼ਨ ਨੂੰ ਚੋਣ ਬਾਂਡਾਂ ਦੇ ਵੇਰਵੇ ਸੌਂਪ ਦਿੱਤੇ ਹਨ। ਬੈਂਕ ਨੇ 2018 ਵਿਚ ਇਹ ਯੋਜਨਾ ਸ਼ੁਰੂ ਹੋਣ ਮਗਰੋਂ 30 ਕਿਸ਼ਤਾਂ ਵਿਚ 16,518 ਕਰੋੜ ਰੁਪਏ ਦੇ ਚੋਣ ਬਾਂਡ ਜਾਰੀ ਕੀਤੇ ਸਨ। ਯਾਦ ਰਹੇ ਕਿ ਸੁਪਰੀਮ ਕੋਰਟ ਨੇ 15 ਫਰਵਰੀ ਨੂੰ ਸੁਣਾਏ ਆਪਣੇ ਇਤਿਹਾਸਕ ਫ਼ੈਸਲੇ ਵਿਚ ਚੋਣ ਬਾਂਡ ਯੋਜਨਾ ਰੱਦ ਕਰ ਦਿੱਤੀ ਸੀ ਅਤੇ ਇਸ ਨੂੰ ਗ਼ੈਰ-ਸੰਵਿਧਾਨਕ ਕਰਾਰ ਦਿੰਦਿਆਂ ਚੋਣ ਕਮਿਸ਼ਨ ਨੂੰ ਚੰਦਾ ਦੇਣ ਵਾਲਿਆਂ, ਚੰਦੇ ਵਜੋਂ ਦਿੱਤੀ ਗਈ ਰਕਮ ਅਤੇ ਹਾਸਲ ਕਰਨ ਵਾਲਿਆਂ ਦਾ ਖ਼ੁਲਾਸਾ ਕਰਨ ਦਾ ਹੁਕਮ ਦਿੱਤਾ ਸੀ। ਵਿਰੋਧੀ ਧਿਰ ਮੁੱਢ ਤੋਂ ਹੀ ਇਹ ਮੰਗ ਕਰ ਰਹੀ ਸੀ ਕਿ ਚੋਣ ਬਾਂਡਾਂ ਦੇ ਵੇਰਵੇ ਨਸ਼ਰ ਕੀਤੇ ਜਾਣ। ਕਿਹਾ ਜਾ ਰਿਹਾ ਸੀ ਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਆਪਣੇ ਸਰਕਾਰੀ ਰਸੂਖ ਕਾਰਨ ਵਿਰੋਧੀ ਧਿਰ ਨੂੰ ਪ੍ਰਾਪਤ ਚੋਣ ਬਾਂਡਾਂ ਬਾਰੇ ਤਾਂ ਜਾਣਕਾਰੀ ਹਾਸਲ ਕਰ ਰਹੀ ਹੈ ਪਰ ਭਾਰਤੀ ਜਨਤਾ ਪਾਰਟੀ ਨੂੰ ਪ੍ਰਾਪਤ ਹੋਏ ਬਾਂਡਾਂ ਬਾਰੇ ਭਾਫ ਨਹੀਂ ਕੱਢੀ ਜਾ ਰਹੀ। ਧਿਆਨਯੋਗ ਤੱਥ ਇਹ ਵੀ ਹੈ ਕਿ ਚੋਣ ਬਾਂਡਾਂ ਰਾਹੀਂ ਸਭ ਤੋਂ ਵੱਧ ਰੁਪਏ ਭਾਰਤੀ ਜਨਤਾ ਪਾਰਟੀ ਨੂੰ ਹੀ ਹਾਸਲ ਹੋਏ ਹਨ।*

*ਜਿਸ ਦਿਨ ਸੁਪਰੀਮ ਕੋਰਟ ਨੇ ਭਾਰਤੀ ਸਟੇਟ ਬੈਂਕ ਦੀ ਢਿੰਬਰੀ ਟਾਈਟ ਕੀਤੀ ਸੀ, ਉਸੇ ਦਿਨ ਮੋਦੀ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ ਲਾਗੂ ਕਰ ਦਿੱਤਾ। ਅਸਲ ਵਿਚ, ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਹਿੰਦੂ ਰਾਸ਼ਟਰ ਦੀ ਕਾਇਮੀ ਲਈ ਹੱਥ-ਪੈਰ ਮਾਰ ਰਹੀਆਂ ਹਨ। 2014 ਵਿਚ ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣੀ ਹੈ, ਇਸ ਪਾਸੇ ਕਦਮ ਵਧਾਏ ਜਾ ਰਹੇ ਹਨ। ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਹਿੰਦੂਤਵੀ ਮੁੱਦਿਆਂ 'ਤੇ ਸਦਾ ਪੇਚਾ ਪਾਉਂਦੀਆਂ ਰਹੀਆਂ ਹਨ। ਇਕਸਾਰ ਸਿਵਲ ਕੋਡ, ਰਾਮ ਮੰਦਰ ਦੀ ਉਸਾਰੀ, ਜੰਮੂ ਕਸ਼ਮੀਰ ਵਿਚ ਧਾਰਾ 370 ਦਾ ਖਾਤਮਾ ਰਾਹੀਂ ਇਹ ਆਪਣੀ ਸਿਆਸਤ ਅਗਾਂਹ ਵਧਾਉਂਦੀ ਰਹੀ ਹੈ। ਨਾਗਰਿਕਤਾ ਸੋਧ ਐਕਟ ਭਾਰਤੀ ਜਨਤਾ ਪਾਰਟੀ ਦੀ ਇਸੇ ਹਿੰਦੂਤਵੀ ਸਿਆਸਤ ਦਾ ਹਿੱਸਾ ਹੈ। ਇਸ ਐਕਟ ਰਾਹੀਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸੇ ਕਰ ਕੇ ਇਸ ਐਕਟ ਦੇ ਵਿਰੋਧ ਵਿਚ ਹੁਣ ਅਸਾਮ ਅਤੇ ਹੋਰ ਥਾਈਂ ਧਰਨੇ-ਮੁਜ਼ਾਹਰੇ ਸ਼ੁਰੂ ਹੋ ਗਏ ਹਨ। ਤਾਮਿਲਨਾਡੂ ਤੋਂ ਖਬਰਾਂ ਆ ਰਹੀਆਂ ਹਨ ਕਿ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਨੇ ਸੂਬੇ ਵਿਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਨਾ ਕਰਨ ਦਾ ਐਲਾਨ ਕਰ ਦਿੱਤਾ ਹੈ। ਕੁਝ ਹੋਰ ਸੂਬਿਆਂ ਵਿਚ ਵੀ ਅਜਿਹੀ ਹਲਚਲ ਹੋ ਰਹੀ ਹੈ।*

*ਭਾਰਤੀ ਜਨਤਾ ਪਾਰਟੀ ਵੱਲੋਂ ਹਰਿਆਣਾ ਵਿਚ ਕੀਤੇ ਫੇਰਬਦਲ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਪਾਰਟੀ ਚੋਣਾਂ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਇਹ ਤਾਂ ਹੁਣ ਮੰਨੀ ਹੋਈ ਗੱਲ ਹੈ ਕਿ ਇਹ ਵੱਖ-ਵੱਖ ਸੂਬਿਆਂ ਵਿਚ ਜਿਸ ਵੀ ਸਿਆਸੀ ਪਾਰਟੀ ਨਾਲ ਗੱਠਜੋੜ ਕਰਦੀ ਹੈ, ਉਸ ਦੀਆਂ ਜੜ੍ਹਾਂ ਵੀ ਨਾਲੋ-ਨਾਲ ਕੁਤਰਦੀ ਰਹਿੰਦੀ ਹੈ। ਹਰਿਆਣਾ ਵਿਚ ਵੀ ਇਹੀ ਕੁਝ ਵਾਪਰਿਆ ਹੈ। ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੇ ਵਿਧਾਇਕਾਂ ਨਾਲ ਤਾਲਮੇਲ ਬਿਠਾ ਕੇ ਇਸ ਪਾਰਟੀ ਨੂੰ ਬਹੁਤ ਆਸਾਨੀ ਨਾਲ ਸਰਕਾਰ ਵਿਚੋਂ ਬਾਹਰ ਕਰ ਦਿੱਤਾ ਗਿਆ। ਦਰਅਸਲ, ਹਰਿਆਣਾ ਬਾਰੇ ਇਹ ਕਨਸੋਆਂ ਵੀ ਮਿਲ ਰਹੀਆਂ ਸਨ ਕਿ ਸੂਬੇ ਅੰਦਰ ਪਾਰਟੀ ਦਾ ਮਾੜਾ ਹਾਲ ਹੈ ਅਤੇ ਕਿਸਾਨ ਅੰਦੋਲਨ ਤੇ ਕੁਝ ਹੋਰ ਮਸਲਿਆਂ ਕਰ ਕੇ ਜਾਟ ਭਾਈਚਾਰਾ ਭਾਰਤੀ ਜਨਤਾ ਪਾਰਟੀ ਤੋਂ ਬਹੁਤ ਔਖਾ ਹੈ। ਇਸ ਲਈ ਹੁਣ ਸੂਬੇ ਵਿਚ ਪਿਛੜੇ ਵਰਗ ਵਾਲਾ ਪੱਤਾ ਖੇਡਣ ਦਾ ਯਤਨ ਕੀਤਾ ਜਾ ਰਿਹਾ ਹੈ। ਕੁਝ ਵੀ ਹੋਵੇ, ਇਕ ਗੱਲ ਤਾਂ ਸਾਫ ਹੈ ਕਿ ਭਾਰਤੀ ਜਨਤਾ ਪਾਰਟੀ ਚੋਣਾਂ ਵਿਚ ਕਿਸੇ ਵੀ ਸੂਰਤ ਵਿਚ ਹਾਰਨਾ ਨਹੀਂ ਚਾਹੁੰਦੀ। ਆਉਣ ਵਾਲੇ ਸਮੇਂ ਵਿਚ ਹਰਿਆਣਾ ਵਿਚ ਊਠ ਕਿਸ ਕਰਵਟ ਬੈਠਦਾ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਹ ਗੱਲ ਵਾਰ-ਵਾਰ ਸਾਫ ਹੋ ਰਹੀ ਹੈ ਕਿ ਭਾਰਤੀ ਜਨਤਾ ਪਾਰਟੀ ਪੂਰੇ ਮੁਲਕ ਵਿਚ ਧਰੁਵੀਕਰਨ ਦੀ ਸਿਆਸਤ ਕਰ ਰਹੀ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਿਆਸੀ ਆਪੋ-ਧਾਪੀ !

*ਝਾੜੂ-ਪੰਜੇ ਦੀ 'ਖੇਡ੍ਹ' ਅਜੀਬ ਹੋ ਗਈ ਦਿੱਲੀ 'ਕੱਠੇ ਪੰਜਾਬ ਵਿਚ ਲੜਨਗੇ ਜੀ।*
*ਹਾਥੀ ਵਾਲ਼ਿਆਂ 'ਤੱਕੜੀ' ਪਰੇ ਸੁੱਟੀ 'ਬਲ ਬੂਤੇ 'ਤੇ' ਆਪਣੇ 'ਅੜਨਗੇ' ਜੀ।*
*ਪੰਜੇ ਵਾ਼ਲੇ ਕੋਈ ਰਾਹੁਲ ਦੇ ਸਾਥ ਕਹਿੰਦੇ ਕੋਈ 'ਖੜਗੇ' ਦੇ ਨਾ਼ਲ ਜਾ ਖੜ੍ਹਨਗੇ ਜੀ।*
*ਗ਼ਲ ਪੈ ਗਿਆ ਕਈਆਂ ਦੇ ਢੋਲ ਪਾਟਾ ਪਹਿਲਾਂ ਯਤਨ ਕਰ ਓਸਨੂੰ ਮੜ੍ਹਨਗੇ ਜੀ।*
*ਵੋਟਾਂ ਫਾਹੁਣ ਲਈ ਲੱਗੇ ਨੇ ਬੁਣਨ ਸਾਰੇ ਪਾਇਆ ਜਾ਼ਲ ਜਿਉਂ ਹੁੰਦਾ ਏ ਮੱਕੜੀ ਦਾ*
*ਹਾਲ 'ਰਾਜੇ ਦੀ ਘੋੜੀ ਦੇ ਸੂਣ ਵਾ਼ਲਾ' ਗੱਠ-ਜੋੜ ਜੋ 'ਕਮਲ' ਤੇ 'ਤੱਕੜੀ' ਦਾ!*

# ਪੰਜਾਬ ਦਾ ਬਜਟ ਅਤੇ ਲੋਕਾਂ ਦੀਆਂ ਆਸਾਂ ਉਮੀਦਾਂ

***ਮੀਡੀਆ ਦਾ ਵੱਡਾ ਹਿੱਸਾ ਬਜਟ ਦੀ ਪੂਰੀ ਸਮੀਖਿਆ ਕਰੇ ਬਗੈਰ ਸਿਰਫ ਦੋ ਗੱਲਾਂ ਪ੍ਰਚਾਰ ਰਿਹਾ ਹੈ: ਪਹਿਲੀ, ਬਜਟ ਵਿਚ ਕੋਈ ਨਵਾਂ ਟੈਕਸ ਨਹੀਂ ਲਾਇਆ ਗਿਆ; ਦੂਜੀ, ਬਜਟ ਸਿੱਖਿਆ ਅਤੇ ਸਿਹਤ ਉੱਪਰ ਕੇਂਦਰਿਤ ਹੈ। ਹਕੀਕਤ ਇਹ ਹੈ ਕਿ ਬਜਟ ਰਾਹੀਂ ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਨਿੱਜੀਕਰਨ ਦੀ ਨੀਤੀ ਨੂੰ ਹੋਰ ਵੀ ਗੂੜ੍ਹੇ ਢੰਗ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।***

ਲੋਕ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਇਸ ਵਾਰ ਲੋਕਾਂ ਨੂੰ ਕੇਂਦਰੀ ਅਤੇ ਸੂਬਾਈ ਬਜਟਾਂ ਤੋਂ ਪਹਿਲਾਂ ਮੁਕਾਬਲੇ ਜ਼ਿਆਦਾ ਉਮੀਦਾਂ ਸਨ ਪਰ ਹਮੇਸ਼ਾ ਵਾਂਗ ਲੋਕਾਂ ਦੀਆਂ ਉਹ ਉਮੀਦਾਂ ਹਕੀਕਤ ਵਿਚ ਬਦਲਦੀਆਂ ਨਜ਼ਰ ਨਹੀਂ ਆਈਆਂ। ਜ਼ਿਆਦਾਤਰ ਪੰਜਾਬੀਆਂ ਨੂੰ ਆਸ ਸੀ ਕਿ 'ਆਪ' ਸਰਕਾਰ ਦੇ ਬਜਟ ਵਿਚ ਪਹਿਲੀਆਂ ਸਰਕਾਰਾਂ ਦੇ ਬਜਟਾਂ ਮੁਕਾਬਲੇ 'ਬਦਲਾਅ' ਨਜ਼ਰ ਆਏਗਾ ਕਿਉਂਕਿ 'ਆਪ' ਨੇ ਲੋਕਾਂ ਨਾਲ ਬਹੁਤ ਵੱਡੇ-ਵੱਡੇ ਵਾਅਦੇ ਕਰਕੇ 'ਸੱਤਾ' ਹਾਸਲ ਕੀਤੀ ਸੀ ਪਰ 5 ਮਾਰਚ ਨੂੰ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵਿਧਾਨ ਸਭਾ ਵਿਚ ਪੇਸ਼ ਕੀਤੇ ਦੋ ਲੱਖ ਕਰੋੜ ਰੁਪਏ ਤੋਂ ਵੱਧ ਦੇ ਬਜਟ ਵਿਚ ਕੋਈ ਅਜਿਹਾ ਝਲਕਾਰਾ ਨਹੀਂ ਮਿਲਿਆ ਹੈ। ਵੈਸੇ ਤਾਂ ਹਕੀਕਤ ਇਹ ਹੈ ਕਿ ਸਾਡੇ ਮੁਲਕ ਦੇ ਕਿਸੇ ਵੀ ਸੂਬੇ ਦਾ ਬਜਟ ਲੋਕਾਂ ਦੇ ਪੱਖ ਵਿਚ ਕੋਈ ਠੋਸ ਤਬਦੀਲੀ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਕਰ ਹੀ ਨਹੀਂ ਸਕਦਾ ਕਿਉਂਕਿ ਬਜਟ 1990ਵਿਆਂ ਵਿਚ ਲਾਗੂ ਕੀਤੀਆਂ ਨਿੱਜੀਕਰਨ, ਉਦਾਰੀਕਰਨ ਅਤੇ ਸੰਸਾਰੀਕਰਨ ਦੀਆਂ ਆਰਥਿਕ ਨੀਤੀਆਂ ਦੇ ਚੌਖਟੇ ਤਹਿਤ ਕਾਰਪੋਰੇਟ ਪੱਖੀ ਸਰਕਾਰੀ ਨੀਤੀਆਂ ਦੀ ਛੋਟੀ ਪੇਸ਼ਕਾਰੀ ਹੀ ਹੁੰਦਾ ਹੈ।

ਮੀਡੀਆ ਦਾ ਵੱਡਾ ਹਿੱਸਾ ਬਜਟ ਦੀ ਪੂਰੀ ਸਮੀਖਿਆ ਕਰੇ ਬਗੈਰ ਸਿਰਫ ਦੋ ਗੱਲਾਂ ਪ੍ਰਚਾਰ ਰਿਹਾ ਹੈ: ਪਹਿਲੀ, ਬਜਟ ਵਿਚ ਕੋਈ ਨਵਾਂ ਟੈਕਸ ਨਹੀਂ ਲਾਇਆ ਗਿਆ; ਦੂਜੀ, ਬਜਟ ਸਿੱਖਿਆ ਅਤੇ ਸਿਹਤ ਉਪਰ ਕੇਂਦਰਿਤ ਹੈ ਪਰ ਹਕੀਕਤ ਇਹ ਹੈ ਕਿ ਬਜਟ ਰਾਹੀਂ ਸਿੱਖਿਆ ਅਤੇ ਸਿਹਤ ਦੇ ਖੇਤਰ ਵਿਚ ਨਿੱਜੀਕਰਨ ਦੀ ਨੀਤੀ ਨੂੰ ਹੋਰ ਗੂੜ੍ਹੇ ਢੰਗ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਂਝ, ਖਣਣ ਤੋਂ ਹਜ਼ਾਰਾਂ ਕਰੋੜ ਕਮਾਉਣ ਦਾ ਦਾਅਵਾ ਕਰਨ ਵਾਲੀ 'ਆਪ' ਸਰਕਾਰ ਵਾਧੂ ਮਾਲੀਏ ਦੇ ਸਰੋਤਾਂ ਦੀ ਖੋਜ ਕਰਨ ਵਿਚ ਅਸਫਲ ਰਹੀ ਹੈ ਤਾਂ ਇਹ ਪ੍ਰਚਾਰ ਦਿੱਤਾ ਕਿ ਕੋਈ ਨਵਾਂ ਟੈਕਸ ਨਹੀਂ ਲਾਇਆ ਗਿਆ।

ਸਿੱਖਿਆ ਅਤੇ ਸਿਹਤ ਕਿਸੇ ਵੀ ਸਰਕਾਰ ਦੀ ਪਹਿਲੀ ਤਰਜੀਹ ਹੋਣੇ ਚਾਹੀਦੇ ਹਨ ਪਰ ਮੌਜੂਦਾ ਸਰਕਾਰ ਨੇ ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਨੂੰ ਬੁਨਿਆਦੀ ਸਹੂਲਤਾਂ ਨਾਲ ਲੈਸ ਕਰ ਕੇ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਭਰਨ ਦੀ ਬਜਾਇ ਸਕੂਲਾਂ ਅਤੇ ਸਿਹਤ ਕਲੀਨਿਕਾਂ ਦੇ ਨਾਮ ਬਦਲ ਕੇ ਨਿੱਜੀਕਰਨ ਨੂੰ ਹੋਰ ਵੱਧ ਠੋਸ ਰੂਪ ਵਿਚ ਲਾਗੂ ਕਰਨ ਦੀ ਚਾਲ ਚੱਲੀ ਹੈ। ਉਦਹਾਰਨ ਵਜੋਂ ਪੰਜਾਬ ਵਿਚ ਇਸ ਸਮੇਂ 14 ਸਕੂਲ ਆਫ ਐਮੀਨੈਂਸ ਹਨ, ਹੁਣ ਬਜਟ ਵਿਚ 100 ਕਰੋੜ ਰੁਪਏ ਰੱਖ ਕੇ ਇਹਨਾਂ ਸਕੂਲਾਂ ਦੀ ਗਿਣਤੀ 118 ਕੀਤੀ ਜਾ ਰਹੀ ਹੈ। ਸਰਕਾਰ ਨੂੰ ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਤੁਸੀਂ ਜੋ ਸਹੂਲਤਾਂ 118 ਸਕੂਲਾਂ ਦੇ ਵਿਦਿਆਰਥੀਆਂ ਨੂੰ ਦੇਣੀਆਂ ਚਾਹੁੰਦੇ ਹੋ, ਉਹ ਬਾਕੀ ਸਕੂਲਾਂ ਵਿਚ ਕਿਉਂ ਨਹੀਂ ਦੇ ਰਹੇ। ਬਾਕੀ ਸਕੂਲਾਂ ਦੇ ਵਿਦਿਆਰਥੀਆਂ ਨਾਲ ਵਿਤਕਰਾ ਕਿਉਂ? ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਦੇ ਬੋਲੇ ਸ਼ਬਦ 'ਸਕੂਲ ਆਫ ਬ੍ਰਿਲੀਐਂਸ', 'ਸਕੂਲ ਆਫ ਅਪਲਾਈਡ ਲਰਨਿੰਗ', 'ਸਕੂਲ ਆਫ ਹੈਪੀਨੈਸ', 'ਮਿਸ਼ਨ ਸਮਰੱਥ', 'ਸਮਗਰਾ ਸਿਕਸ਼ਾ ਅਭਿਆਨ' ਕੀ ਹਨ? ਸਮਝਣ ਵਾਲੀ ਗੱਲ ਹੈ ਕਿ 'ਸਭਨਾਂ ਲਈ ਮੁਫਤ ਤੇ ਜ਼ਰੂਰੀ ਸਿੱਖਿਆ' ਦੇ ਸੰਵਿਧਾਨਿਕ ਅਧਿਕਾਰ ਨੂੰ ਸਕੂਲਾਂ ਦੇ ਨਾਮਕਰਨ ਹੇਠ ਵੰਡਿਆ ਕਿਉਂ ਜਾ ਰਿਹਾ ਹੈ। ਅਸਲ ਵਿਚ ਇਹੋ ਤਾਂ ਸਿੱਖਿਆ ਦਾ ਨਿੱਜੀਕਰਨ ਹੈ।

ਮੈਡੀਕਲ ਖੇਤਰ ਵਿਚ ਜ਼ਿਆਦਾਤਰ ਪੂੰਜੀ ਨਿੱਜੀਕਰਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਯੋਜਨਾਵਾਂ ਲਈ ਰੱਖੀ ਗਈ ਹੈ। ਆਮ ਆਦਮੀ ਕਲੀਨਿਕ ਖੋਲ੍ਹ ਕੇ ਨਿੱਜੀਕਰਨ ਨੂੰ ਹਕੀਕੀ ਰੂਪ



ਵਿਚ ਲਾਗੂ ਕੀਤਾ ਗਿਆ ਹੈ ਕਿਉਂਕਿ ਇਹਨਾਂ ਕਲੀਨਿਕਾਂ ਵਿਚ ਡਾਕਟਰ, ਫਾਰਮਾਸਿਸਟ ਸਮੇਤ ਸਮੁੱਚਾ ਸਟਾਫ ਠੇਕੇ 'ਤੇ ਭਰਤੀ ਕੀਤਾ ਗਿਆ ਹੈ। ਮੌਜੂਦਾ ਬਜਟ ਵਿਚ ਵੀ ਹੋਰ ਆਮ ਆਦਮੀ ਕਲੀਨਿਕ ਖੋਲ੍ਹਣ ਲਈ 249 ਕਰੋੜ ਰੁਪਏ ਰੱਖੇ ਗਏ ਹਨ। ਸਰਕਾਰੀ ਹਸਪਤਾਲਾਂ ਵਿਚ ਬੁਨਿਆਦੀ ਢਾਂਚੇ ਦੀ ਦਰੁਸਤੀ ਤੇ ਖਾਲੀ ਅਸਾਮੀਆਂ ਭਰਨ ਤੋਂ ਬਗੈਰ ਇਹ ਸਭ ਬੇਮਾਇਨੇ ਹੈ।

ਤੱਥ ਦੱਸਦੇ ਹਨ ਕਿ ਮਾਰਚ 2022 ਵਿਚ ਪੰਜਾਬ ਸਿਰ ਕਰਜ਼ਾ 2.73 ਲੱਖ ਕਰੋੜ ਰੁਪਏ ਸੀ ਜੋ ਜਨਵਰੀ 2024 ਵਿਚ ਵਧ ਕੇ 3.33 ਲੱਖ ਕਰੋੜ 'ਤੇ ਪਹੁੰਚ ਗਿਆ ਹੈ। ਬਜਟ ਅਨੁਮਾਨਾਂ ਦੇ ਅਨੁਸਾਰ ਵਿੱਤੀ ਸਾਲ 2024-25 ਵਿਚ ਇਹ 3.53 ਲੱਖ ਕਰੋੜ ਹੋਣ ਦੀ ਸੰਭਾਵਨਾ ਹੈ। ਪੰਜਾਬ ਸਰਕਾਰ ਨੇ ਵਿੱਤੀ ਸਾਲ 2023-24 ਦੌਰਾਨ ਕਰਜ਼ੇ 'ਤੇ ਵਿਆਜ ਵਜੋਂ 22500 ਕਰੋੜ ਰੁਪਏ ਦਾ ਭੁਗਤਾਨ ਕੀਤਾ ਸੀ ਜੋ ਵਿੱਤੀ ਸਾਲ 2024-25 ਵਿਚ ਵਧ ਕੇ 23900 ਕਰੋੜ ਰੁਪਏ ਹੋ ਜਾਣ ਦੀ ਉਮੀਦ ਹੈ। ਮਤਲਬ ਸਾਫ ਹੈ, ਸੂਬਾ ਸਰਕਾਰ ਹਰ ਸਾਲ ਲੱਗਭੱਗ 30 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈ ਰਹੀ ਹੈ। ਲੱਗਭੱਗ 24 ਹਜ਼ਾਰ ਕਰੋੜ ਕਰਜ਼ੇ ਦੇ ਵਿਆਜ ਦੇ ਰੂਪ ਵਿਚ ਚਲਿਆ ਜਾਣਾ ਹੈ। 20 ਹਜ਼ਾਰ ਕਰੋੜ ਦੇ ਕਰੀਬ ਬਿਜਲੀ ਸਬਸਿਡੀ ਦਾ ਖਰਚਾ ਸਰਕਾਰ ਨੂੰ ਝੱਲਣਾ ਪਵੇਗਾ ਜਿਸ ਵਿਚੋਂ 7780 ਕਰੋੜ ਦੇ ਲੱਗਭੱਗ ਤਾਂ ਘਰੇਲੂ ਬਿਜਲੀ ਸਬਸਿਡੀ ਦੇ ਹਨ। ਔਰਤਾਂ ਲਈ ਮੁਫਤ ਬੱਸ ਸਫਰ 'ਤੇ ਕਰੀਬ 450 ਕਰੋੜ ਰੱਖੇ ਗਏ ਹਨ। ਇਹ ਸਭ ਤੋਂ ਬਾਅਦ ਪਿੱਛੇ ਕੀ ਬਚੇਗਾ? ਪੰਜਾਬ ਸਰਕਾਰ ਦੇ ਖਰਚੇ ਆਮਦਨ ਤੋਂ ਵੱਧ ਹਨ ਤਾਂ ਲੋਕਾਂ ਦੀਆਂ ਮੰਗਾਂ ਵੱਲ ਧਿਆਨ ਕਿਵੇਂ ਦਿੱਤਾ ਜਾਵੇਗਾ। ਘਰ ਦਾ ਚੰਗਾ 'ਲਾਣੇਦਾਰ' ਉਹੀ ਹੁੰਦਾ ਹੈ ਜੋ ਆਮਦਨ ਤੇ ਖਰਚੇ ਵਿਚ ਸੰਤੁਲਨ ਬਣਾ ਕੇ ਰੱਖੇ; ਕਰਜ਼ੇ ਚੁੱਕ-ਚੁੱਕ ਪੰਜਾਬ ਦਾ ਬੁਰਾ ਹਾਲ ਅਕਾਲੀ ਦਲ-ਭਾਜਪਾ ਗੱਠਜੋੜ ਅਤੇ ਕਾਂਗਰਸ ਨੇ ਬਥੇਰਾ ਕਰ ਦਿੱਤਾ ਸੀ; ਹੁਣ ਇਸ ਸਰਕਾਰ ਵੱਲੋਂ ਵੀ ਜੇ ਕਰਜ਼ੇ ਚੁੱਕ-ਚੁੱਕ ਬਜਟ ਪੇਸ਼ ਕਰਨਾ ਹੈ ਤਾਂ 'ਬਦਲਾਅ' ਕਿੱਥੇ ਹੈ?

ਆਰ.ਬੀ.ਆਈ. ਦੀ ਹਾਲੀਆ ਰਿਪੋਰਟ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਦੀ ਕੁੱਲ ਘਰੇਲੂ ਪੈਦਾਵਾਰ ਦੇ ਅਨੁਪਾਤ ਵਿਚ ਕਰਜ਼ੇ ਦੀ ਦਰ 47.6 ਫ਼ੀਸਦੀ ਹੋ ਗਈ ਹੈ ਜੋ ਦੇਸ਼ ਭਰ ਵਿਚ ਦੂਜੀ ਸਭ ਤੋਂ ਉੱਚੀ ਹੈ। ਅਸਲ ਵਿਚ 'ਆਪ' ਸਰਕਾਰ ਨੇ ਪਿਛਲੀਆਂ ਸੂਬਾ ਸਰਕਾਰਾਂ ਵਾਂਗ ਸੂਬੇ ਵਿਚ ਅਫਸਰਾਂ ਦੀ ਬੇਲੋੜੀ ਫੌਜ ਖੜ੍ਹ ਕੀਤੀ ਹੋਈ ਹੈ। ਮੰਤਰੀਆਂ, ਵਿਧਾਇਕਾਂ ਨੂੰ ਬੇਲੋੜੀਆਂ ਸਹੂਲਤਾਂ ਅਤੇ ਸੁਰੱਖਿਆ ਮੁਹੱਈਆ ਕੀਤੀ ਜਾ ਰਹੀ ਹੈ। ਬੇਲੋੜੇ ਖਰਚੇ ਦੀ ਪੂਰਤੀ ਲਈ ਹੋਰ ਕਰਜ਼ੇ ਚੁੱਕੇ ਜਾ ਰਹੇ ਹਨ। ਮਾਲੀਆ ਵਸੂਲੀ ਦਾ ਅਹਿਮ ਹਿੱਸਾ ਕਰਜ਼ੇ ਦੇ ਭੁਗਤਾਨ ਅਤੇ ਬਿਜਲੀ ਸਬਸਿਡੀਆਂ ਦੇ ਲੇਖੇ ਲੱਗ ਰਿਹਾ ਹੈ। ਸਬਸਿਡੀਆਂ ਬਾਰੇ ਸਰਕਾਰ ਨੂੰ ਤਰਕਸੰਗਤ ਨੀਤੀ ਲਿਆਉਣੀ ਚਾਹੀਦੀ ਹੈ ਕਿ ਸਬਸਿਡੀਆਂ ਦਾ ਲਾਭ ਹਰ ਇੱਕ ਨੂੰ ਦੇਣ ਦੀ ਬਜਾਇ ਸਿਰਫ ਲੋੜਬੰਦ ਨੂੰ ਮਿਲਣਾ ਚਾਹੀਦਾ ਹੈ। ਸੈਂਕੜੇ ਏਕੜ ਜ਼ਮੀਨ ਵਾਲੇ ਕਿਸਾਨਾਂ ਨੂੰ ਮੁਫਤ ਬਿਜਲੀ ਸਹੂਲਤ ਦੇਣ ਦਾ ਅਤੇ ਸਰਕਾਰੀ ਮੁਲਾਜ਼ਮ ਔਰਤਾਂ ਨੂੰ ਮੁਫਤ ਸਫਰ ਸਹੂਲਤ ਦੇਣ ਦਾ ਕੋਈ ਮਤਲਬ ਨਹੀਂ ਬਣਦਾ ਹੈ।

ਕਰਜ਼ੇ ਦੇ ਬੋਝ ਹੇਠ ਦੱਬੇ ਪੰਜਾਬ ਦੇ ਕਿਸਾਨ, ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ। ਇਸ ਸੂਰਤ ਵਿਚ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਛੋਟੇ ਕਿਸਾਨਾਂ, ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰੇ ਪਰ ਇਸ ਬਜਟ ਵਿਚ ਕਿਸਾਨਾਂ, ਮਜ਼ਦੂਰਾਂ ਸਿਰ ਕਰਜ਼ੇ ਬਾਰੇ ਕੁੱਝ ਨਹੀਂ ਰੱਖਿਆ ਗਿਆ ਹੈ।

'ਆਪ' ਨੇ ਚੋਣਾਂ ਤੋਂ ਪਹਿਲਾਂ ਪੰਜਾਬੀਆਂ ਨਾਲ ਵਾਅਦਾ ਕੀਤਾ ਸੀ ਕਿ 'ਸੱਤਾ' ਵਿਚ ਆਉਣ ਤੋਂ ਬਾਅਦ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਸਹਾਇਤਾ ਦਿੱਤੀ ਜਾਵੇਗੀ ਪਰ ਸਰਕਾਰ ਬਣੀ ਨੂੰ ਦੋ ਸਾਲ ਤੋਂ ਵੱਧ ਦਾ ਸਮਾਂ ਹੋਣ ਦੇ ਬਾਵਜੂਦ ਇਸ ਬਜਟ ਵਿਚ ਇਕ ਹਜ਼ਾਰ ਰੁਪਏ ਦੇਣ ਦਾ ਕੋਈ ਜ਼ਿਕਰ ਤੱਕ ਨਹੀਂ ਕੀਤਾ ਗਿਆ ਹੈ।

ਪੰਜਾਬੀ ਨੌਜਵਾਨਾਂ ਦੇ ਨਸ਼ਿਆਂ ਦੀ ਦਲਦਲ ਵਿਚ ਫਸਣ ਅਤੇ ਸੂਬੇ ਤੋਂ ਹੋ ਰਹੇ ਬੇਲੋੜੇ ਪਰਵਾਸ ਦੀ ਜੜ੍ਹ ਸੂਬੇ ਵਿਚ ਫੈਲੀ ਬੇਰੁਜ਼ਗਾਰੀ ਹੈ। 'ਬਦਲਾਅ' ਦੀ ਗੱਲ ਕਰ ਕੇ ਸੱਤਾ ਵਿਚ ਆਈ 'ਆਪ' ਸਰਕਾਰ ਨੇ ਦਾਅਵੇ ਤਾਂ ਇੱਥੋਂ ਤੱਕ ਕੀਤੇ ਕਿ 'ਇੱਥੇ ਅੰਗਰੇਜ਼ ਨੌਕਰੀ ਕਰਨ ਆਇਆ ਕਰਨਗੇ' ਪਰ ਹਕੀਕਤ ਵਿਚ ਕੁਝ ਨਹੀਂ ਕੀਤਾ। ਸੂਬੇ ਦੀ ਸਰਕਾਰੀ ਸੰਸਥਾਵਾਂ ਵਿਚ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹਨ ਤਾਂ ਸਰਕਾਰ ਨੂੰ ਇਸ ਬਜਟ ਵਿਚ ਤਜਵੀਜ਼ ਲਿਆਉਣੀ ਚਾਹੀਦੀ ਸੀ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਮੰਤਵ ਨਾਲ ਸਾਰੀਆਂ ਖਾਲੀ ਅਸਾਮੀਆਂ ਪਹਿਲ ਦੇ ਆਧਾਰ 'ਤੇ ਭਰੀਆਂ ਜਾਣਗੀਆਂ ਅਤੇ ਬਾਕੀ ਰਹਿੰਦੇ ਨੌਜਵਾਨਾਂ ਨੂੰ ਸਨਮਾਨ ਜਨਕ ਬੇਰੁਜ਼ਗਾਰੀ ਭੱਤਾ ਮੁਹੱਈਆ ਕੀਤਾ ਜਾਵੇਗਾ। ਨੌਜਵਾਨਾਂ ਦਾ ਇਹ ਹੱਕ ਬਣਦਾ ਹੈ ਕਿ ਉਹ 'ਯੋਗਤਾ ਅਨੁਸਾਰ ਰੁਜ਼ਗਾਰ ਤੇ ਰੁਜ਼ਗਾਰ ਅਨੁਸਾਰ ਮਿਹਨਤਾਨੇ' ਦੀ ਮੰਗ ਕਰਨ, ਰੁਜ਼ਗਾਰ ਦੀ ਅਣਹੋਂਦ ਵਿਚ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ ਮੁਹੱਈਆ ਕਰੇ। ਧਨਾਢਾਂ ਨੂੰ ਸਬਸਿਡੀਆਂ ਦੇਣ ਵਾਲੀ ਸਰਕਾਰ ਸੂਬੇ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਤੋਂ ਭੱਜ ਰਹੀ ਹੈ।

ਵਿੱਤ ਮੰਤਰੀ ਦੀ ਇਹ ਦਲੀਲ ਤਾਂ ਦਰੁਸਤ ਹੈ ਕਿ ਕੇਂਦਰ ਸਰਕਾਰ ਵਿਰੋਧੀ ਧਿਰਾਂ ਨਾਲ ਸਬੰਧਿਤ ਸੂਬਾ ਸਰਕਾਰਾਂ ਨਾਲ ਵਿਤਕਰਾ ਕਰ ਰਹੀ ਹੈ। ਪੰਜਾਬ ਨੂੰ ਰਾਸ਼ਟਰੀ ਸਿਹਤ ਮਿਸ਼ਨ (ਐਨ.ਐਚ.ਐਮ), ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਆਦਿ ਤਹਿਤ ਮਿਲਣ ਵਾਲੇ ਫੰਡਾਂ ਦਾ ਲੱਗਭੱਗ 8 ਹਜ਼ਾਰ ਕਰੋੜ ਰੁਪਿਆ ਕੇਂਦਰ ਸਰਕਾਰ ਨੇ ਰੋਕਿਆ ਹੋਇਆ ਹੈ ਪਰ ਇਹ ਵੀ ਸੱਚ ਹੈ ਕਿ ਫੈਡਰਲ ਢਾਂਚੇ ਅਤੇ ਰਾਜਾਂ ਦੇ ਅਧਿਕਾਰਾਂ ਦੇ ਅਧਿਕਾਰਾਂ ਉੱਪਰ ਭਾਜਪਾ ਹਕੂਮਤ ਵੱਲੋਂ ਅਖਤਿਆਰ ਕੀਤੀ ਪਹੁੰਚ ਖਿਲਾਫ ਸੰਘਰਸ਼ ਤੋਂ 'ਆਪ' ਨੇ ਸਿਰਫ ਟਾਲਾ ਹੀ ਨਹੀਂ ਵੱਟਿਆ ਬਲਕਿ ਜੰਮੂ ਕਸ਼ਮੀਰ ਵਿਚੋਂ ਧਾਰਾ 370 ਖਤਮ ਕਰਨ ਜਿਹੇ ਮਾਮਲਿਆਂ 'ਤੇ ਭਾਜਪਾ ਦਾ ਪੱਖ ਪੂਰਿਆ ਹੈ। ਦੂਜਾ ਇਹ ਕਿ ਐਨ.ਐਚ.ਐਮ. ਤਹਿਤ ਮਿਲਣ ਵਾਲੇ ਕੇਂਦਰੀ ਫੰਡਾਂ ਨੂੰ ਸੂਬਾ ਸਰਕਾਰ ਨੇ ਆਪਣੇ ਰਾਜਨੀਤਕ ਬਰਾਂਡ 'ਆਮ ਆਦਮੀ ਕਲੀਨਿਕ' ਵਿਚ ਵਰਤੋਂ ਕਰ ਕੇ ਕੇਂਦਰ ਨੂੰ ਖੁਦ ਫੰਡ ਰੋਕਣ ਦਾ ਮੌਕਾ ਦਿੱਤਾ ਹੈ।

ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਸੂਬਾ ਸਰਕਾਰ ਦਾ ਬਜਟ ਕਿਸੇ ਪੱਖੋਂ ਵੀ ਲੋਕਾਂ ਦੇ ਪੱਖ ਵਿਚ ਨਹੀਂ ਭੁਗਤ ਰਿਹਾ ਹੈ। ਸਰਕਾਰ ਦੇ ਦਾਅਵੇ ਹਕੀਕਤ ਵਿਚ ਨਹੀਂ ਬਦਲੇ ਹਨ।

# ਪ੍ਰੋ. ਸਾਈਬਾਬਾ ਦੀ ਰਿਹਾਈ ਅਤੇ 'ਲੋਕਤੰਤਰ' ਦੀ ਕਰੂਰਤਾ

11 ਮਾਰਚ 2024 ਨੂੰ ਸੁਪਰੀਮ ਕੋਰਟ ਵੱਲੋਂ ਪ੍ਰੋਫੈਸਰ ਜੀ.ਐੱਨ. ਸਾਈਬਾਬਾ ਅਤੇ ਸਾਥੀਆਂ ਦੀ ਰਿਹਾਈ ਉੱਪਰ ਰੋਕ ਲਾਉਣ ਤੋਂ ਇਨਕਾਰ ਕਰਨ ਨਾਲ ਮਹਾਰਾਸ਼ਟਰ ਸਰਕਾਰ ਦੀ ਰਿਹਾਈ ਨੂੰ ਹੋਰ ਲਮਕਾਉਣ ਦੀ ਚਾਲ ਨੂੰ ਨਾਕਾਮੀ ਦਾ ਸਾਹਮਣਾ ਕਰਨਾ ਪਿਆ ਹੈ। ਪਿਛਲੇ ਦਿਨੀਂ ਬੰਬੇ ਹਾਈ ਕੋਰਟ ਦੇ ਨਾਗਪੁਰ ਬੈਂਚ ਵੱਲੋਂ ਪ੍ਰੋਫੈਸਰ ਸਾਈਬਾਬਾ, ਪੱਤਰਕਾਰ ਪ੍ਰਸ਼ਾਂਤ ਰਾਹੀ, ਇਨਕਲਾਬੀ ਕਲਾਕਾਰ (ਤੇ ਜੇ.ਐੱਨ.ਯੂ. ਦੇ ਵਿਦਿਆਰਥੀ ਕਾਰਕੁਨ) ਹੇਮ ਮਿਸ਼ਰਾ ਸਮੇਤ ਪੰਜ ਜਣਿਆਂ ਨੂੰ ਦੋਸ਼ਾਂ ਤੋਂ ਬਰੀ ਕਰਦਿਆਂ ਰਿਹਾਅ ਕਰ ਦਿੱਤਾ ਗਿਆ ਸੀ। ਇਸ ਉੱਪਰ ਰੋਕ ਲਗਵਾਉਣ ਲਈ ਮਹਾਰਾਸ਼ਟਰ ਸਰਕਾਰ ਨੇ ਤੁਰੰਤ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਦਿੱਤੀ ਸੀ। ਸਾਈਬਾਬਾ ਸਮੇਤ ਛੇ ਜਣਿਆਂ ਨੂੰ (ਜਿਨ੍ਹਾਂ ਵਿਚੋਂ ਇਕ ਦੀ ਜੇਲ੍ਹ 'ਚ ਮੌਤ ਹੋ ਗਈ) ਝੂਠੇ ਕੇਸ ਵਿਚ ਫਸਾ ਕੇ ਪਿਛਲੇ ਸੱਤ ਸਾਲ ਤੋਂ ਜੇਲ੍ਹ 'ਚ ਸਾੜਿਆ ਜਾ ਰਿਹਾ ਸੀ। ਕਹਾਣੀ ਇਹ ਘੜੀ ਗਈ ਕਿ ਪ੍ਰੋਫੈਸਰ ਸਾਈਬਾਬਾ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦਾ ਮੈਂਬਰ ਅਤੇ ਸ਼ਹਿਰੀ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਨਕਸਲੀ ਤਾਣੇਬਾਣੇ ਦਾ ਹਿੱਸਾ ਹੈ ਜੋ ਪ੍ਰਸ਼ਾਂਤ ਰਾਹੀ ਅਤੇ ਹੇਮ ਮਿਸ਼ਰਾ ਜ਼ਰੀਏ ਗੁਪਤਵਾਸ ਮਾਓਵਾਦੀ ਆਗੂਆਂ ਦੇ ਸੰਪਰਕ 'ਚ ਹੈ। ਪੁਲਿਸ ਨੇ ਦਾਅਵਾ ਕੀਤਾ ਕਿ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ 'ਚ ਹੇਮ ਮਿਸ਼ਰਾ ਦੀ ਗ੍ਰਿਫ਼ਤਾਰੀ ਨਾਲ ਇਨ੍ਹਾਂ ਸਬੰਧਾਂ ਦਾ ਭੇਤ ਖੁੱਲ੍ਹਿਆ ਅਤੇ ਫਿਰ ਇਨ੍ਹਾਂ ਦੇ ਡਿਜੀਟਲ ਡਿਵਾਈਸਾਂ ਦੀ ਫੋਰੈਂਸਿਕ ਜਾਂਚ ਕੀਤੇ ਜਾਣ 'ਤੇ ਕਥਿਤ ਰੂਪ 'ਚ ਮਾਓਵਾਦੀ ਸਬੰਧਾਂ ਦੀ ਪੁਸ਼ਟੀ ਕਰਦੀ ਡਿਜੀਟਲ ਸਮੱਗਰੀ ਹੱਥ ਲੱਗੀ ਸੀ।

ਦਰਅਸਲ, ਕਥਿਤ ਵਿਕਾਸ ਪ੍ਰੋਜੈਕਟਾਂ ਰਾਹੀਂ ਆਦਿਵਾਸੀਆਂ ਦੇ ਉਜਾੜੇ ਅਤੇ ਸਲਵਾ ਜੁਡਮ, ਅਪਰੇਸ਼ਨ ਗ੍ਰੀਨ ਹੰਟ ਆਦਿ ਨਾਵਾਂ ਹੇਠ ਆਪਣੇ ਹੀ ਲੋਕਾਂ ਵਿਰੁੱਧ ਸਟੇਟ ਵੱਲੋਂ ਵਿੱਢੇ ਯੁੱਧ ਵਿਰੁੱਧ ਨਿਧੜਕ ਆਵਾਜ਼ ਹੋਣ ਕਾਰਨ ਪ੍ਰੋਫੈਸਰ ਸਾਈਬਾਬਾ ਤੇ ਹੋਰ ਜਮਹੂਰੀ ਕਾਰਕੁਨ ਭਾਰਤੀ ਹਕੂਮਤ ਦੇ ਨਿਸ਼ਾਨੇ 'ਤੇ ਸਨ ਅਤੇ ਉਨ੍ਹਾਂ ਦੀ ਜ਼ੁਬਾਨਬੰਦੀ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਸੀ। 12 ਸਤੰਬਰ 2013 ਨੂੰ ਗੜ੍ਹਚਿਰੌਲੀ ਪੁਲਿਸ ਨੇ ਜੁਡੀਸ਼ੀਅਲ ਮੈਜਿਸਟ੍ਰੇਟ ਦੇ ਜਾਅਲੀ ਵਾਰੰਟਾਂ ਦੇ ਬਹਾਨੇ ਦਿੱਲੀ ਯੂਨੀਵਰਸਿਟੀ 'ਚ ਪ੍ਰੋਫੈਸਰ ਸਾਈਬਾਬਾ ਦੇ ਘਰ ਛਾਪਾ ਮਾਰਿਆ ਕਿ ਅਹੀਰੀ ਵਿਚ ਹੋਈ ਚੋਰੀ ਸਬੰਧੀ ਉਸ ਦੇ ਘਰ ਦੀ ਤਲਾਸ਼ੀ ਲੈਣੀ ਹੈ। ਇਸ ਛਾਪੇਮਾਰੀ ਦਾ ਨਾਮਵਰ ਸ਼ਖ਼ਸੀਅਤਾਂ, ਪ੍ਰੋਫੈਸਰਾਂ ਅਤੇ ਹੋਰ ਇਨਸਾਫ਼ਪਸੰਦ ਲੋਕਾਂ ਵੱਲੋਂ ਡਟ ਕੇ ਵਿਰੋਧ ਕੀਤਾ ਗਿਆ ਜਿਸ ਕਾਰਨ ਪੁਲਿਸ ਸਾਈਬਾਬਾ ਨੂੰ ਗ੍ਰਿਫ਼ਤਾਰ ਨਾ ਕਰ ਸਕੀ ਪਰ ਪੁਲਿਸ ਅਧਿਕਾਰੀ ਉਸ ਦਾ ਲੈਪਟਾਪ, ਹਾਰਡ ਡਿਸਕ, ਫੋਨ ਅਤੇ ਹੋਰ ਡਿਜੀਟਲ ਡਿਵਾਈਸ ਜ਼ਬਤ ਕਰਕੇ ਲੈ ਗਏ। ਉਦੋਂ ਤੋਂ ਹੀ ਇਹ ਖ਼ਦਸ਼ਾ ਸੀ ਕਿ ਪੁਲਿਸ ਕੋਈ ਫਰਜ਼ੀ ਕਹਾਣੀ ਘੜ ਕੇ ਉਸ ਨੂੰ ਜੇਲ੍ਹ 'ਚ ਬੰਦ ਕਰੇਗੀ। ਛੇ ਮਹੀਨਿਆਂ 'ਚ ਉਸ ਤੋਂ ਚਾਰ ਵਾਰ ਪੁੱਛਗਿੱਛ ਕੀਤੀ ਗਈ।

ਫਿਰ ਮਈ 2014 'ਚ ਉਸ ਨੂੰ ਗੜ੍ਹਚਿਰੌਲੀ ਪੁਲਿਸ ਨੇ ਉਦੋਂ ਰਸਤੇ 'ਚੋਂ ਅਗਵਾ ਕਰ ਲਿਆ ਜਦੋਂ ਉਹ ਕਾਲਜ ਤੋਂ ਘਰ ਵਾਪਸ ਜਾ ਰਿਹਾ ਸੀ। ਗ੍ਰਿਫ਼ਤਾਰੀ ਤੋਂ ਬਾਦ ਉਸ ਨੂੰ ਢਾਈ ਸਾਲ ਜੇਲ੍ਹ 'ਚ ਰੱਖਿਆ ਗਿਆ, ਇਸ ਦੌਰਾਨ ਸਿਰਫ਼ 3 ਮਹੀਨੇ ਹੀ ਉਹ ਜ਼ਮਾਨਤ 'ਤੇ ਰਿਹਾ। ਸਾਈਬਾਬਾ ਸਮੇਤ ਛੇ ਕਾਰਕੁਨਾਂ ਉੱਪਰ ਰਾਜਧ੍ਰੋਹ ਅਤੇ ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨ ਲਗਾ ਕੇ ਸਟੇਟ ਵਿਰੁੱਧ ਯੁੱਧ ਛੇੜਨ ਦਾ ਮੁਕੱਦਮਾ ਚਲਾਇਆ ਗਿਆ। 7 ਮਾਰਚ 2017 ਨੂੰ ਸੈਸ਼ਨ ਜੱਜ ਗੜ੍ਹਚਿਰੌਲੀ ਨੇ ਇਨ੍ਹਾਂ ਦੋਸ਼ਾਂ ਤਹਿਤ ਪੰਜ ਨੂੰ ਉਮਰ ਕੈਦ ਅਤੇ ਇਕ ਆਦਿਵਾਸੀ ਵਿਜੈ ਟਿਰਕੀ ਨੂੰ ਦਸ ਸਾਲ ਦੀ ਕੈਦ ਦੀ ਸਜ਼ਾ ਸੁਣਾ ਦਿੱਤੀ।

ਗੜ੍ਹਚਿਰੌਲੀ ਸੈਸ਼ਨ ਜੱਜ ਦਾ ਫ਼ੈਸਲਾ ਸ਼ਰੇਆਮ ਪੱਖਪਾਤੀ ਅਤੇ ਹਕੂਮਤ ਦੇ ਕਾਰਪੋਰੇਟ ਏਜੰਡੇ ਤੋਂ ਪ੍ਰੇਰਿਤ ਸੀ। ਫ਼ੈਸਲੇ ਦਾ ਮੁੱਖ ਨੁਕਤਾ ਇਹ ਸੀ ਕਿ ਨਕਸਲੀ ਹਿੰਸਾ ਕਾਰਨ ਗੜ੍ਹਚਿਰੌਲੀ ਵਿਚ ਕੋਈ ਵਿਕਾਸ ਨਹੀਂ ਹੋ ਰਿਹਾ; ਯਾਨੀ, ਪਿਛੜੇਪਣ ਲਈ ਮਾਓਵਾਦੀ ਲਹਿਰ ਦੇ ਹਮਾਇਤੀ ਜ਼ਿੰਮੇਵਾਰ ਹਨ ਅਤੇ ਉਹ ਮਿਸਾਲੀ ਸਜ਼ਾ ਦੇ ਹੱਕਦਾਰ ਹਨ। ਜੱਜ ਨੇ ਫ਼ੈਸਲੇ 'ਚ ਜ਼ੋਰ ਦਿੱਤਾ ਕਿ ਇਹ ਨਾ ਦੇਖੋ ਕਿ ਪ੍ਰੋਫੈਸਰ ਸਾਈਬਾਬਾ 90% ਅਪਾਹਜ ਹੈ, ਉਹ ਦਿਮਾਗੀ ਤੌਰ 'ਤੇ ਤੇਜ਼-ਤਰਾਰ ਵਿਅਕਤੀ ਹੈ ਜੋ ਮਾਓਵਾਦੀਆਂ ਦਾ ਥਿੰਕ-ਟੈਂਕ, ਸਿਰਕੱਢ ਆਗੂ ਹੈ। 827 ਪੰਨਿਆਂ ਦੇ ਫ਼ੈਸਲੇ ਵਿਚ ਜੱਜ ਨੇ 11 ਵਾਰ ਸੂਰਜਗੜ੍ਹ ਪ੍ਰੋਜੈਕਟ ਦਾ ਜ਼ਿਕਰ ਕੀਤਾ। ਸਵਾਲ ਇਹ ਹੈ ਕਿ ਇਕ ਜੱਜ ਨੂੰ ਇਕ ਕਾਰਪੋਰੇਟ ਪ੍ਰੋਜੈਕਟ ਵਿਚ ਐਨੀ ਦਿਲਚਸਪੀ ਕਿਉਂ ਹੈ ਜਦੋਂਕਿ 70 ਗ੍ਰਾਮ ਸਭਾਵਾਂ ਹੁਣ ਵੀ ਮਤੇ ਪਾ ਕੇ ਉਸ ਇਲਾਕੇ ਵਿਚ ਖਣਨ ਦਾ ਵਿਰੋਧ ਕਰ ਰਹੀਆਂ ਹਨ ਅਤੇ ਇਨ੍ਹਾਂ ਪ੍ਰੋਜੈਕਟਾਂ ਵਿਰੁੱਧ ਆਦਿਵਾਸੀ ਲਗਾਤਾਰ ਸੰਘਰਸ਼ ਕਰ ਰਹੇ ਹਨ। ਅਦਾਲਤ ਦਾ ਕੰਮ ਮੁਕੱਦਮਾ ਕਰਨ ਵਾਲੀ ਧਿਰ ਵੱਲੋਂ ਦੋਸ਼ਾਂ ਦੇ ਹੱਕ ਵਿਚ ਪੇਸ਼ ਕੀਤੇ ਸਬੂਤਾਂ ਦੀ ਜਾਂਚ ਕਰ ਕੇ ਮੁਲਜ਼ਮਾਂ ਦੇ ਦੋਸ਼ੀ ਜਾਂ ਨਿਰਦੋਸ਼ ਹੋਣ ਦਾ ਨਿਤਾਰਾ ਕਰਨਾ ਹੈ ਨਾ ਕਿ ਸਰਕਾਰ ਵੱਲੋਂ ਮਨਜ਼ੂਰ ਕੀਤੇ ਜਾ ਰਹੇ ਪ੍ਰੋਜੈਕਟਾਂ ਦੀ ਤਰਫ਼ਦਾਰੀ ਕਰਨਾ। ਜੱਜ ਦੀਆਂ ਟਿੱਪਣੀਆਂ ਤੋਂ ਸਪਸ਼ਟ ਸੀ ਕਿ ਇਹ ਫ਼ੈਸਲਾ ਭਾਰਤ ਦੇ ਹੁਕਮਰਾਨਾਂ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਵਿੱਢੇ ਰਾਜਕੀ ਦਹਿਸ਼ਤਵਾਦੀ ਯੁੱਧ ਦਾ ਹਿੱਸਾ ਸੀ ਅਤੇ ਹੁਕਮਰਾਨ ਕਥਿਤ ਵਿਕਾਸ ਪ੍ਰੋਜੈਕਟਾਂ 'ਚ ਰੁਕਾਵਟ ਬਣੇ ਆਦਿਵਾਸੀ ਅਵਾਮ ਦੇ ਵਾਜਬ ਵਿਰੋਧ ਦੇ ਖ਼ਿਲਾਫ਼ ਅਦਾਲਤੀ ਫ਼ਤਵਾ ਜਾਰੀ ਕਰਵਾ ਕੇ ਇਸ ਨੂੰ ਮੁਲਕ ਦੇ ਸਭ ਤੋਂ ਦੱਬੇ-ਕੁਚਲੇ ਅਤੇ ਹਾਸ਼ੀਏ 'ਤੇ ਧੱਕੇ ਅਵਾਮ ਦੀ ਆਵਾਜ਼ ਨੂੰ ਕੁਚਲਣ ਲਈ ਵਰਤਣਾ ਚਾਹੁੰਦੇ ਸਨ।



ਇਸ ਫ਼ੈਸਲੇ ਵਿਰੁੱਧ ਬੰਬੇ ਹਾਈਕੋਰਟ ਵਿਚ ਅਪੀਲ ਕੀਤੀ ਗਈ। 14 ਅਕਤੂਬਰ 2022 ਨੂੰ ਹਾਈਕੋਰਟ ਦੇ ਬੈਂਚ ਨੇ ਇਨ੍ਹਾਂ ਸਾਰਿਆਂ ਨੂੰ ਯੂ.ਏ.ਪੀ.ਏ. ਦੇ ਦੋਸ਼ਾਂ 'ਚੋਂ ਬਰੀ ਕਰਦਿਆਂ ਰਿਹਾ ਕਰਨ ਦਾ ਆਦੇਸ਼ ਦਿੱਤਾ। ਬੈਂਚ ਨੇ ਨੋਟ ਕੀਤਾ ਕਿ ਇਸ ਕੇਸ ਵਿਚ ਯੂ.ਏ.ਪੀ.ਏ. ਲਗਾਉਣ ਲਈ ਤੈਅ ਕੀਤੇ ਤੌਰ-ਤਰੀਕੇ ਦੀ ਪਾਲਣਾ ਨਹੀਂ ਕੀਤੀ ਗਈ। ਯੂ.ਏ.ਪੀ.ਏ. ਤਹਿਤ ਮੁਕੱਦਮਾ ਚਲਾਏ ਜਾਣ ਨੂੰ ਮਨਜ਼ੂਰੀ ਤਾਂ 6 ਅਪਰੈਲ 2015 ਨੂੰ ਦਿੱਤੀ ਗਈ ਜਦਕਿ ਟਰਾਇਲ ਕੋਰਟ ਨੇ ਮਨਜ਼ੂਰੀ ਤੋਂ ਬਿਨਾਂ ਹੀ 21 ਫਰਵਰੀ ਨੂੰ ਹੀ ਚਾਰਜ ਫਰੇਮ ਕਰ ਕੇ ਗਵਾਹੀਆਂ ਵੀ ਕਰਵਾ ਦਿੱਤੀਆਂ ਸਨ। ਬੇਸ਼ੱਕ ਇਹ ਫ਼ੈਸਲਾ ਤਕਨੀਕੀ ਆਧਾਰ 'ਤੇ ਸੁਣਾਇਆ ਗਿਆ ਸੀ ਪਰ ਇਹ ਪੁਲਿਸ ਵੱਲੋਂ ਹਕੂਮਤ ਦੇ ਇਸ਼ਾਰੇ 'ਤੇ ਕੀਤੀਆਂ ਜਾ ਰਹੀਆਂ ਮਨਮਾਨੀਆਂ ਅਤੇ ਝੂਠੇ ਕੇਸ ਬਣਾਉਣ ਦੀ ਹਕੂਮਤੀ ਸਾਜ਼ਿਸ਼ ਨੂੰ ਵੱਡੀ ਪਛਾੜ ਸੀ। ਇਸੇ ਕਰ ਕੇ ਇਸ ਫ਼ੈਸਲੇ ਨੂੰ ਰੋਕਣ ਲਈ ਮਹਾਰਾਸ਼ਟਰ ਸਰਕਾਰ ਤੁਰੰਤ ਸੁਪਰੀਮ ਕੋਰਟ ਵਿਚ ਚਲੀ ਗਈ। ਸੁਪਰੀਮ ਕੋਰਟ ਨੇ ਐਨੀ ਤੱਤਪਰਤਾ ਦਿਖਾਈ ਕਿ ਅਗਲੀ ਦਿਨ ਹੀ (ਸ਼ਨੀਵਾਰ, ਅਦਾਲਤਾਂ 'ਚ ਛੁੱਟੀ ਵਾਲੇ ਦਿਨ) ਵਿਸ਼ੇਸ਼ ਸੁਣਵਾਈ ਕਰ ਕੇ ਰਿਹਾਈ ਦੇ ਆਦੇਸ਼ ਉੱਪਰ ਇਹ ਕਹਿ ਕੇ ਰੋਕ ਲਾ ਦਿੱਤੀ ਕਿ ਉਨ੍ਹਾਂ ਨੂੰ 'ਮੁਲਕ ਦੀ ਪ੍ਰਭੂਸੱਤਾ ਅਤੇ ਅਖੰਡਤਾ ਵਿਰੁੱਧ ਬਹੁਤ ਹੀ ਗੰਭੀਰ ਜੁਰਮ' ਦੇ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਹਾਈਕੋਰਟ ਨਵਾਂ ਬੈਂਚ ਬਣਾ ਕੇ ਕੇਸ ਦੇ ਗੁਣਾਂ-ਔਗੁਣਾਂ ਦੇ ਆਧਾਰ 'ਤੇ ਕੇਸ ਦੀ ਮੁੜ ਸੁਣਵਾਈ ਕਰੇ। ਇਸੇ ਆਦੇਸ਼ 'ਤੇ ਪਿਛਲੇ ਦਿਨੀਂ ਬੰਬੇ ਹਾਈਕੋਰਟ ਦੇ ਨਵੇਂ ਬੈਂਚ ਨੇ ਦੁਬਾਰਾ ਸੁਣਵਾਈ ਕਰ ਕੇ ਟਰਾਇਲ ਕੋਰਟ ਦੇ ਫ਼ੈਸਲੇ ਨੂੰ ਰੱਦ ਕਰਦਿਆਂ ਪ੍ਰੋਫੈਸਰ ਸਾਈਬਾਬਾ ਸਮੇਤ ਪੰਜਾਂ ਹੀ ਸਜ਼ਾਯਾਫ਼ਤਾ ਕਾਰਕੁਨਾਂ ਨੂੰ ਬਰੀ ਕੀਤਾ।

ਭਗਵਾ ਹਕੂਮਤ ਨੇ ਇਸ ਫ਼ੈਸਲੇ ਉੱਪਰ ਰੋਕ ਲਗਵਾਉਣ ਲਈ ਵੀ ਹਰ ਹਰਬਾ ਵਰਤਿਆ। ਬੈਂਚ ਨੂੰ 'ਕੌਮੀ ਸੁਰੱਖਿਆ' ਦੀ ਦਲੀਲ ਦੇ ਕੇ ਫ਼ੈਸਲਾ ਰੋਕਣ ਲਈ ਦਬਾਅ ਪਾਇਆ ਗਿਆ ਪਰ ਬੈਂਚ ਨੇ ਫ਼ੈਸਲਾ ਰੋਕਣ ਤੋਂ ਇਨਕਾਰ ਕਰ ਦਿੱਤਾ। ਇੰਝ, ਅਗਲੇ ਦੋ ਦਿਨਾਂ 'ਚ ਸਾਈਬਾਬਾ ਤੇ ਹੋਰ ਸਾਥੀ ਜੇਲ੍ਹਾਂ 'ਚੋਂ ਬਾਹਰ ਆ ਗਏ। ਨਾਲ ਹੀ, ਉਸੇ ਦਿਨ ਸੁਪਰੀਮ ਕੋਰਟ ਵਿਚ 'ਸਪੈਸ਼ਲ ਲੀਵ ਪਟੀਸ਼ਨ' ਪਾ ਕੇ ਫ਼ੈਸਲਾ ਰੱਦ ਕਰਾਉਣ ਦੀ ਕੋਸ਼ਿਸ਼ ਕੀਤੀ ਗਈ। 11 ਮਾਰਚ ਨੂੰ ਸੁਪਰੀਮ ਕੋਰਟ ਨੇ ਸਰਕਾਰ ਦੀ ਐਮਰਜੈਂਸੀ ਸੁਣਵਾਈ ਦੀ ਅਪੀਲ ਇਹ ਕਹਿ ਕੇ ਰੱਦ ਕਰ ਦਿੱਤੀ ਹੈ ਕਿ ਹਾਈਕੋਰਟ ਦੇ ਦੋ ਵੱਖ-ਵੱਖ ਬੈਂਚਾਂ ਵੱਲੋਂ ਦੋ ਵਾਰ ਬਰੀ ਕਰਨ ਦਾ ਫ਼ੈਸਲਾ ਦਿੱਤਾ ਗਿਆ ਹੈ ਜਿਸ ਨੂੰ ਰੱਦ ਕਰਨ ਲਈ ਐਮਰਜੈਂਸੀ ਸੁਣਵਾਈ ਕਰਨ ਦੀ ਅਪੀਲ 'ਚ ਕੋਈ ਮੈਰਿਟ ਨਹੀਂ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ ਕੀ ਹੁਣ ਸਰਕਾਰ ਰੁਟੀਨ ਵਿਚ ਸੁਣਵਾਈ ਦਾ ਰਾਹ ਅਖ਼ਤਿਆਰ ਕਰਦੀ ਹੈ ਜਾਂ ਨਹੀਂ।

ਇਨ੍ਹਾਂ ਝੂਠੇ ਕੇਸਾਂ ਦੀ ਹਕੀਕਤ ਨੂੰ ਸਮਝਣ ਲਈ ਹਾਈਕੋਰਟ ਦੇ ਬੈਂਚ ਦੀ ਇਹ ਟਿੱਪਣੀ ਗ਼ੌਰ ਕਰਨ ਵਾਲੀ ਹੈ ਕਿ ਮੁਕੱਦਮਾ ਪੱਖ 'ਦਹਿਸ਼ਤਵਾਦ' ਦੇ ਦੋਸ਼ਾਂ ਨੂੰ ਸਾਬਤ ਕਰਨ ਲਈ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕਿਆ। ਨਾ ਉਨ੍ਹਾਂ ਨੇ ਕਿਸੇ ਦਹਿਸ਼ਤਵਾਦੀ ਜੁਰਮ 'ਚ ਹਿੱਸਾ ਲਿਆ ਸੀ ਅਤੇ ਨਾ ਉਨ੍ਹਾਂ ਦੇ ਖ਼ਿਲਾਫ਼ ਜੁਰਮ 'ਚ ਸ਼ਾਮਲ ਹੋਣ ਦਾ ਕੋਈ ਸਬੂਤ ਸੀ। ਸੈਸ਼ਨ ਜੱਜ ਨੇ ਆਪਣੇ ਫ਼ੈਸਲੇ ਦਾ ਆਧਾਰ ਮਹਿਜ਼ ਉਸ ਕੰਪਿਊਟਰ ਡੇਟਾ ਤੇ ਪੈਂਫਲੈੱਟਾਂ ਨੂੰ ਬਣਾਇਆ ਸੀ ਜੋ ਕਥਿਤ ਤੌਰ 'ਤੇ ਉਨ੍ਹਾਂ ਤੋਂ ਬਰਾਮਦ ਹੋਣ ਦਾ ਦਾਅਵਾ ਕੀਤਾ ਗਿਆ। ਇਹ ਡੇਟਾ ਇੰਟਰਨੈੱਟ ਤੋਂ ਡਾਊਨਲੋਡ ਕੀਤਾ ਹੋਇਆ ਸੀ ਅਤੇ ਇਸ ਵਿਚ ਕੁਝ ਵੀਡੀਓ ਕਲਿੱਪ ਵੀ ਸਨ ਜਿਨ੍ਹਾਂ ਵਿਚ 'ਲਾਲ ਸਲਾਮ' ਅਤੇ 'ਨਕਸਲਬਾੜੀ ਏਕ ਹੀ ਰਾਸਤਾ' ਦੇ ਨਾਅਰੇ ਲਗਾਏ ਜਾਣ ਦੇ ਦ੍ਰਿਸ਼ ਸਨ ਜਿਨ੍ਹਾਂ ਨੂੰ ਸਟੇਟ ਵਿਰੁੱਧ ਯੁੱਧ ਛੇੜਨ ਲਈ ਲੋਕਾਂ ਨੂੰ ਉਕਸਾਉਣ ਦੇ ਸਬੂਤ ਵਜੋਂ ਪੇਸ਼ ਕੀਤਾ ਗਿਆ ਸੀ। ਇਹ ਨਾਅਰੇ ਨਕਸਲੀ ਪੱਖੀ ਇਕੱਠਾਂ 'ਚ ਆਮ ਹੀ ਲਗਾਏ ਜਾਂਦੇ ਹਨ। ਜਦਕਿ ਸੈਸ਼ਨ ਜੱਜ ਨੇ ਇਹ ਸੋਚਣਾ ਵੀ ਜ਼ਰੂਰੀ ਨਹੀਂ ਸਮਝਿਆ ਕਿ ਜੋ ਡੇਟਾ ਜਨਤਕ ਤੌਰ 'ਤੇ ਡਾਊਨਲੋਡ ਕਰਨ ਲਈ ਮੌਜੂਦ ਹਨ, ਕਿਸੇ ਵਿਅਕਤੀ ਕੋਲੋਂ ਉਹ ਡੇਟਾ ਬਰਾਮਦ ਹੋਣ ਨੂੰ ਹਕੂਮਤ ਵਿਰੁੱਧ ਯੁੱਧ ਛੇੜਨ ਦੇ ਦੋਸ਼ ਦਾ ਸਬੂਤ ਮੰਨ ਕੇ ਸਜ਼ਾ ਕਿਵੇਂ ਦਿੱਤੀ ਜਾ ਸਕਦੀ ਹੈ।

ਇਸ ਦੌਰਾਨ, ਭਾਰਤੀ ਸਟੇਟ ਦਾ ਬੇਹੱਦ ਕਰੂਰ ਚਿਹਰਾ ਸਾਰੇ ਮੁਖੌਟੇ ਲਾਹ ਕੇ ਸਾਹਮਣੇ ਆਇਆ। ਛੇਵੇਂ 'ਦੋਸ਼ੀ' ਪਾਂਡੂ ਨਰੋਟੇ ਦੀ ਜਾਨ ਜੇਲ੍ਹ ਪ੍ਰਬੰਧ ਦੀ ਕਰੂਰਤਾ ਨੇ ਲੈ ਲਈ ਜੋ ਮਾਮੂਲੀ ਬੁਖ਼ਾਰ ਦਾ ਇਲਾਜ ਨਾ ਕੀਤੇ ਜਾਣ ਕਾਰਨ ਅਗਸਤ 2022 'ਚ ਜੇਲ੍ਹ ਦੇ ਅੰਦਰ ਦਮ ਤੋੜ ਗਿਆ। ਸਾਈਬਾਬਾ ਪ੍ਰਤੀ ਸਰਕਾਰ ਅਤੇ ਜੇਲ੍ਹ ਅਧਿਕਾਰੀਆਂ ਦੀ ਕਰੂਰਤਾ ਹੋਰ ਵੀ ਘਿਨਾਉਣੀ ਸੀ। ਮਨੋਬਲ ਤੋੜਨ ਲਈ ਉਸ ਨੂੰ ਨਾਗਪੁਰ ਜੇਲ੍ਹ ਦੇ ਅੰਦਰ ਅੰਗਰੇਜ਼ ਹਕੂਮਤ ਦੇ ਬਣਾਏ ਸਪੈਸ਼ਲ 'ਅੰਡਾ' ਸੈੱਲ, ਜੋ ਦਰਅਸਲ ਵਿਸ਼ੇਸ਼ ਤਸੀਹਾ ਚੈਂਬਰ ਹੈ, ਵਿਚ ਬੰਦ ਰੱਖਿਆ ਗਿਆ ਤਾਂ ਜੋ ਸਰੀਰਕ ਤੌਰ 'ਤੇ ਅਪਾਹਜ ਪ੍ਰੋਫੈਸਰ ਨੂੰ ਇਕੱਲਤਾ 'ਚ ਰੱਖ ਕੇ ਬਿਨਾਂ ਇਲਾਜ ਮਾਰਿਆ ਜਾ ਸਕੇ। ਚਿੱਠੀਪੱਤਰ ਉੱਪਰ ਸੈਂਸਰਸ਼ਿਪ ਰਾਹੀਂ ਪਰਿਵਾਰ ਨੂੰ ਬੇਖ਼ਬਰ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਸਹਾਰੇ ਲਈ ਮੁਥਾਜ ਹੋਣ ਦੇ ਬਾਵਜੂਦ ਉਸ ਨੂੰ ਦੇਖਭਾਲ ਲਈ ਸਹਾਇਕ ਨਹੀਂ ਦਿੱਤਾ ਗਿਆ। ਪੈਂਕਰੀਜ਼, ਪਿਤੇ ਦੀ ਪੱਥਰੀ, ਪ੍ਰਾਸਟੇਟ ਦੇ ਰੋਗ, ਦਿਲ ਦੀਆਂ ਗੰਭੀਰ ਸਮੱਸਿਆਵਾਂ ਵਰਗੇ ਜਾਨਲੇਵਾ ਰੋਗਾਂ ਦੇ ਬਾਵਜੂਦ ਨਾ ਤਾਂ ਹਸਪਤਾਲ ਲਿਜਾ ਕੇ ਉਸ ਦਾ ਇਲਾਜ ਕਰਵਾਇਆ ਗਿਆ ਅਤੇ ਨਾ ਹੀ ਉਸ ਦੇ ਪਰਿਵਾਰ ਵੱਲੋਂ ਭੇਜੀਆਂ ਜਾਂਦੀਆਂ ਜੀਵਨ-ਬਚਾਊ ਦਵਾਈਆਂ ਉਸ ਨੂੰ ਦਿੱਤੀਆਂ ਗਈਆਂ।

90% ਅਪਾਹਜ ਹੋਣ ਕਾਰਨ ਇਨਸਾਨੀਅਤ ਦੇ ਆਧਾਰ 'ਤੇ ਸਾਈਬਾਬਾ ਜ਼ਮਾਨਤ ਅਤੇ ਵਿਸ਼ੇਸ਼ ਟਰੀਟਮੈਂਟ ਦਾ ਹੱਕਦਾਰ ਸੀ। ਪਰ ਉਸ ਦੀ ਕੈਂਸਰ ਤੋਂ ਪੀੜਤ ਮਾਂ ਮੌਤ ਦੇ ਬਿਸਤਰੇ 'ਤੇ ਪਈ ਉਸ ਨੂੰ ਮਿਲਣ ਲਈ ਤਰਸਦੀ ਮਰ ਗਈ। ਅਜਿਹੇ ਅਸਹਿ ਸਦਮੇ ਦੀ ਹਾਲਤ 'ਚ ਵੀ ਉਸ ਨੂੰ ਆਪਣੀ ਮਾਂ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਣ ਲਈ ਕੁਝ ਦਿਨਾਂ ਦੀ ਪੈਰੋਲ ਵੀ ਨਹੀਂ ਦਿੱਤੀ ਗਈ। ਸਾਈਬਾਬਾ ਦੀ ਪਤਨੀ ਅਤੇ ਹੋਰ ਪਰਿਵਾਰ ਮੈਂਬਰਾਂ ਵੱਲੋਂ 'ਅੰਡਾ ਸੈੱਲ' ਵਿਚ ਇਕੱਲਤਾ ਕੈਦ ਦੌਰਾਨ ਉਸ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਅਤੇ ਉਸ ਦੀ ਦਿਨੋਦਿਨ ਵਿਗੜ ਰਹੀ ਸਿਹਤ ਦਾ ਮਾਮਲਾ ਵਾਰ-ਵਾਰ ਧਿਆਨ 'ਚ ਲਿਆਂਦਾ ਗਿਆ। ਦੁਨੀਆ ਭਰ 'ਚ ਉਸ ਦੀ ਰਿਹਾਈ ਦੀ ਮੰਗ ਕਰਦਿਆਂ ਵਿਆਪਕ ਆਵਾਜ਼ ਉੱਠੀ। ਕੈਨੇਡਾ ਦੀ ਸੰਸਦ 'ਚ ਵੀ ਮਾਮਲਾ ਉੱਠਿਆ। ਯੂ.ਐੱਨ. ਦੀ ਵਿਸ਼ੇਸ਼ ਮਾਹਰਾਂ ਦੀ ਕਮੇਟੀ ਨੇ ਉਸ ਦੀ ਹਾਲਤ ਦੇ ਮੱਦੇਨਜ਼ਰ ਤੁਰੰਤ ਜ਼ਮਾਨਤ ਦਿੱਤੇ ਜਾਣ ਲਈ ਜ਼ੋਰ ਪਾਇਆ। ਜਾਬਰ ਹਕੂਮਤ ਨੇ ਇਨ੍ਹਾਂ ਫ਼ਿਕਰਮੰਦੀਆਂ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ।

ਜੇਲ੍ਹ ਵਿਚੋਂ ਵੀ ਸਾਈਬਾਬਾ ਨੇ ਕਈ ਵਾਰ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਸ ਦੀ ਵਿਗੜ ਰਹੀ ਸਿਹਤ ਇਨ੍ਹਾਂ ਕਰੂਰ ਹਾਲਾਤਾਂ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕੇਗੀ। ਹੁਣ ਰਿਹਾ ਹੋਣ ਤੋਂ ਬਾਅਦ ਜੇਲ੍ਹ ਦੇ ਹਾਲਾਤ ਬਾਰੇ ਉਸ ਦਾ ਇਹ ਕਹਿਣਾ ਨਿਰਆਧਾਰ ਨਹੀਂ ਹੈ ਕਿ 'ਇਹ ਮਹਿਜ਼ ਇਤਫ਼ਾਕ ਹੈ ਕਿ ਮੈਂ ਜੇਲ੍ਹ ਵਿਚੋਂ ਜਿਉਂਦਾ ਬਾਹਰ ਆ ਗਿਆ ਹਾਂ।' ਹਕੂਮਤ ਅਤੇ ਜੇਲ੍ਹ ਅਧਿਕਾਰੀਆਂ ਦਾ ਇਹੀ ਕਰੂਰ ਵਤੀਰਾ ਅਸੀਂ ਭੀਮਾ-ਕੋਰੇਗਾਓਂ ਕੇਸ 'ਚ ਜੇਲ੍ਹਬੰਦ ਹੱਕਾਂ ਦੇ ਕਾਰਕੁਨਾਂ ਪ੍ਰਤੀ ਵੀ ਦੇਖ ਚੁੱਕੇ ਹਾਂ ਜਦੋਂ 84 ਸਾਲ ਦੇ ਬਜ਼ੁਰਗ ਸਟੇਨ ਸਵਾਮੀ ਨੂੰ ਮੁੰਬਈ ਦੀ ਤਲੋਜਾ ਜੇਲ੍ਹ ਵਿਚ ਬਿਨਾਂ ਇਲਾਜ ਕੋਹ-ਕੋਹ ਕੇ ਮਾਰਿਆ ਗਿਆ ਅਤੇ ਕਵੀ ਵਰਾਵਰਾ ਰਾਓ ਦੀ ਜ਼ਿੰਦਗੀ ਵੀ ਬਹੁਤ ਮੁਸ਼ਕਲ ਨਾਲ ਬਚਾਈ ਜਾ ਸਕੀ। ਇਹ ਵਤੀਰਾ ਹੁਣ ਵੀ ਜਾਰੀ ਹੈ। ਇਹ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਹੋਣ ਦੇ ਦਾਅਵੇ ਕਰਨ ਵਾਲੇ ਸਟੇਟ ਦਾ ਅਸਲ ਚਿਹਰਾ ਹੈ ਜੋ ਆਪਣੇ ਚਹੇਤੇ ਮੁਜਰਮਾਂ ਨੂੰ ਨਾ ਸਿਰਫ਼ ਵਾਰ-ਵਾਰ ਪੈਰੋਲ ਦੀ ਸਹੂਲਤ ਦਿੰਦਾ ਹੈ ਸਗੋਂ ਦਹਿਸ਼ਤਵਾਦੀ ਜੁਰਮਾਂ 'ਚ ਸਜ਼ਾਯਾਫਤਾ ਮੁਜਰਮਾਂ ਦੀਆਂ ਸਜ਼ਾਵਾਂ ਮਾਫ਼ ਕਰਨਾ ਆਪਣਾ ਫਰਜ਼ ਸਮਝਦਾ ਹੈ, ਜਿਵੇਂ ਅਸੀਂ ਗੁਰਮੀਤ ਰਾਮ ਰਹੀਮ ਦੀ ਪੈਰੋਲ, ਯੂ.ਪੀ. ਵਿਚ ਬਲਾਤਕਾਰੀ ਭਾਜਪਾ ਆਗੂਆਂ ਵਿਰੁੱਧ ਸੰਗੀਨ ਦੋਸ਼ ਵਾਪਸ ਲੈਣ, ਹਿੰਦੂਤਵੀ ਦਹਿਸ਼ਤਵਾਦੀ ਸਾਜ਼ਿਸ਼ਘਾੜਿਆਂ (ਬਾਬੂ ਬਜਰੰਗੀ, ਮਾਇਆ ਕੋਡਨਾਨੀ, ਸਾਧਵੀ ਪ੍ਰੱਗਿਆ, ਅਸੀਮਾਨੰਦ ਵਗੈਰਾ) ਦੀ ਰਿਹਾਈ ਅਤੇ ਬਿਲਕੀਸ ਬਾਨੋ ਕੇਸ ਦੇ ਬਲਾਤਕਾਰੀ ਕਾਤਲਾਂ ਨੂੰ ਜੇਲ੍ਹਾਂ 'ਚੋਂ ਬਾਹਰ ਲਿਆਉਣਾ ਆਦਿ ਬਹੁਤ ਸਾਰੇ ਕੇਸਾਂ 'ਚ ਦੇਖ ਚੁੱਕੇ ਹਾਂ।

ਭਾਰਤੀ ਹੁਕਮਰਾਨਾਂ ਅਤੇ ਸਟੇਟ ਮਸ਼ੀਨਰੀ ਨੂੰ ਆਪਣੇ ਅਣਮਨੁੱਖੀ ਕਾਰਿਆਂ ਅਤੇ ਕਰੂਰਤਾ ਦੇ ਬੇਪਰਦ ਹੋ ਜਾਣ ਦਾ ਡਰ ਬਹੁਤ ਜ਼ਿਆਦਾ ਸਤਾਉਂਦਾ ਹੈ। ਇਸ ਉੱਪਰ ਪਰਦਾ ਬਣਾਈ ਰੱਖਣ ਲਈ ਉਹ ਕਿਸੇ ਵੀ ਹੱਦ ਤੱਕ ਨਿੱਘਰ ਸਕਦੇ ਹਨ। ਸਿਤਮਜ਼ਰੀਫ਼ੀ ਦੀ ਇੰਤਹਾ ਤਾਂ ਇਹ ਹੈ ਕਿ ਮਜ਼ਲੂਮ ਹਿੱਸਿਆਂ ਤੇ ਹੱਕਾਂ ਦੇ ਘੁਲਾਟੀਆਂ ਦਾ ਆਪਣੇ ਉੱਪਰ ਲਗਾਏ ਗਏ ਦੋਸ਼ਾਂ ਦੀ ਸਫ਼ਾਈ ਦੇਣ ਅਤੇ ਆਪਣੇ ਕੇਸਾਂ ਦੀ ਕਾਨੂੰਨੀ ਪੈਰਵੀ ਕਰਨ ਦਾ ਹੱਕ ਖੋਹਣ ਲਈ ਹਕੂਮਤ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਐਡਵੋਕੇਟ ਸੁਰਿੰਦਰ ਗਾਡਲਿੰਗ ਨੇ ਪ੍ਰੋਫੈਸਰ ਸਾਈਬਾਬਾ ਦੇ ਕੇਸ ਦੀ ਕਾਨੂੰਨੀ ਲੜਾਈ ਲੜੀ। ਮੁਕੱਦਮੇ ਦੌਰਾਨ ਹੀ ਪੁਲਿਸ ਨੇ ਐਡਵੋਕੇਟ ਗਾਡਲਿੰਗ ਨੂੰ ਕਹਿ ਦਿੱਤਾ ਸੀ ਕਿ ਜੇਲ੍ਹ 'ਚ ਜਾਣ ਦੀ ਅਗਲੀ ਵਾਰੀ ਉਸੇ ਦੀ ਹੈ। ਉਸ ਨੂੰ ਹੋਰ ਬੁੱਧੀਜੀਵੀਆਂ ਤੇ ਕਾਰਕੁਨਾਂ ਦੇ ਨਾਲ ਭੀਮਾ-ਕੋਰੇਗਾਓਂ ਕੇਸ 'ਚ ਫਸਾ ਕੇ ਅਣਮਿੱਥੇ ਸਮੇਂ ਲਈ ਜੇਲ੍ਹ 'ਚ ਡੱਕ ਦਿੱਤਾ ਗਿਆ। ਤੀਸਤਾ ਸੀਤਲਵਾੜ ਨੇ ਮੋਦੀ ਦੀ ਹਕੂਮਤ ਹੇਠ ਗੁਜਰਾਤ ਦੇ ਮਜ਼ਲੂਮ ਮੁਸਲਮਾਨਾਂ ਨੂੰ ਇਨਸਾਫ਼ ਦਿਵਾਉਣ ਲਈ ਕਾਨੂੰਨੀ ਲੜਾਈ ਲੜੀ, ਹਕੂਮਤ ਨੇ ਉਸ ਨੂੰ ਅਤੇ ਉਨ੍ਹਾਂ ਕੇਸਾਂ 'ਚ ਗਵਾਹੀ ਦੇਣ ਵਾਲੇ ਉੱਚ ਪੁਲਿਸ ਅਧਿਕਾਰੀਆਂ (ਆਰ.ਬੀ. ਸ੍ਰੀਕੁਮਾਰ ਅਤੇ ਸੰਜੀਵ ਭੱਟ) ਨੂੰ ਵੀ ਝੂਠੇ ਕੇਸਾਂ 'ਚ ਫਸਾ ਕੇ ਜੇਲ੍ਹਾਂ 'ਚ ਡੱਕ ਦਿੱਤਾ।

ਬੇਸ਼ੱਕ, ਭਗਵਾ ਹੁਕਮਰਾਨਾਂ ਨੂੰ ਪ੍ਰੋਫੈਸਰ ਸਾਈਬਾਬਾ ਦੇ ਕੇਸ 'ਚ ਬੁਰੀ ਤਰ੍ਹਾਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ, ਫਿਰ ਵੀ ਇਸ ਰਿਹਾਈ ਨਾਲ ਇਹ ਉਮੀਦ ਜ਼ਰੂਰ ਬੱਝੀ ਹੈ ਕਿ ਭੀਮਾ-ਕੋਰੇਗਾਓਂ ਤੇ ਪੂਰਬ-ਉੱਤਰੀ ਦਿੱਲੀ ਹਿੰਸਾ ਕੇਸਾਂ 'ਚ ਜੇਲ੍ਹਾਂ 'ਚ ਸਾੜੇ ਜਾ ਰਹੇ ਬੁੱਧੀਜੀਵੀ/ਕਾਰਕੁਨ ਵੀ ਇਕ ਦਿਨ ਬਰੀ ਜ਼ਰੂਰ ਹੋਣਗੇ। ਇਹ ਗੱਲ ਵੱਖਰੀ ਹੈ ਕਿ ਯੂ.ਏ.ਪੀ.ਏ. ਵਰਗੇ ਕਾਨੂੰਨਾਂ ਤਹਿਤ ਬਿਨਾਂ ਮੁਕੱਦਮਾ ਚਲਾਏ, ਬਿਨਾਂ ਜ਼ਮਾਨਤ ਦਿੱਤੇ ਕਈ-ਕਈ ਸਾਲ ਦੀ ਜੇਲ੍ਹਬੰਦੀ ਆਪਣੇ ਆਪ 'ਚ ਹੀ ਬਹੁਤ ਸੰਤਾਪ ਦੇਣ ਵਾਲੀ ਸਜ਼ਾ ਹੈ। ਐਸੀਆਂ ਸਜ਼ਾਵਾਂ ਦਾ ਮੂਲ ਮਨੋਰਥ ਹੀ ਆਲੋਚਕ ਆਵਾਜ਼ਾਂ ਅਤੇ ਅਵਾਮ ਦੀਆਂ ਜਮਹੂਰੀ ਰੀਝਾਂ ਨੂੰ ਕੁਚਲਣਾ ਹੈ। ਇਹ ਵੀ ਤੈਅ ਹੈ ਕਿ ਹਕੂਮਤ ਦੀ ਫਾਸ਼ੀਵਾਦੀ ਜ਼ਿਹਨੀਅਤ ਸਾਜ਼ਿਸ਼ਾਂ ਤੋਂ ਬਾਜ ਆਉਣ ਵਾਲੀ ਨਹੀਂ ਹੈ। ਹਕੂਮਤ ਨੇ ਅਜੇ ਹਾਈਕੋਰਟ ਦਾ ਫ਼ੈਸਲਾ ਸਵੀਕਾਰ ਨਹੀਂ ਕੀਤਾ। ਸਾਈਬਾਬਾ ਅਤੇ ਹੋਰਾਂ ਨੂੰ ਕਿਸੇ ਹੋਰ ਕੇਸ 'ਚ ਫਸਾ ਕੇ ਮੁੜ ਜੇਲ੍ਹਾਂ 'ਚ ਸੁੱਟਣ ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ। ਅਰੁਣ ਫ਼ਰੇਰਾ, ਵਰਨੋਨ ਗੋਂਜ਼ਾਲਵੇਜ਼ ਅਤੇ ਪ੍ਰਸ਼ਾਂਤ ਰਾਹੀ ਨੂੰ ਪਹਿਲੇ ਕੇਸਾਂ 'ਚ ਸਾਫ਼ ਬਰੀ ਹੋ ਜਾਣ ਤੋਂ ਬਾਦ ਨਵੇਂ ਕੇਸਾਂ 'ਚ ਫਸਾਉਣ ਦੀਆਂ ਮਿਸਾਲਾਂ ਪਹਿਲਾਂ ਹੀ ਸਾਡੇ ਸਾਹਮਣੇ ਹਨ। ਪਿਛਲੇ ਦਿਨੀਂ ਪਬਲਿਕ ਸੇਫ਼ਟੀ ਐਕਟ ਤਹਿਤ ਸਾਢੇ ਪੰਜ ਸਾਲ ਜੇਲ੍ਹ 'ਚ ਸਾੜੇ ਜਾਣ ਤੋਂ ਬਾਅਦ ਰਿਹਾ ਹੋਏ ਕਸ਼ਮੀਰੀ ਪੱਤਰਕਾਰ ਆਸਿਫ਼ ਸੁਲਤਾਨ ਨੂੰ ਰਿਹਾਈ ਤੋਂ ਦੋ ਦਿਨ ਬਾਅਦ ਹੀ ਨਵੇਂ ਕੇਸ 'ਚ ਜੰਮੂ ਕਸ਼ਮੀਰ ਪੁਲਿਸ ਨੇ ਮੁੜ ਗ੍ਰਿਫ਼ਤਾਰ ਕਰ ਲਿਆ ਅਤੇ ਜੇਲ੍ਹ ਭੇਜ ਦਿੱਤਾ ਹੈ। ਅਜੇ ਪਤਾ ਨਹੀਂ ਉਸ ਨੂੰ ਕਿੰਨਾ ਸਮਾਂ ਹੋਰ ਜੇਲ੍ਹ 'ਚ ਸੜਨਾ ਪਵੇਗਾ।

ਲਿਹਾਜ਼ਾ, ਇਹ ਰਿਹਾਈ ਫਾਸ਼ੀਵਾਦੀ ਹਕੂਮਤ ਤੋਂ ਜਮਹੂਰੀ ਤੇ ਮਨੁੱਖੀ ਹੱਕਾਂ ਦੀ ਰਾਖੀ ਦੀ ਲੰਮੀ ਲੜਾਈ 'ਚ ਇਕ ਮਹੱਤਵਪੂਰਨ ਹੌਸਲਾ ਵਧਾਊ ਜਿੱਤ ਹੈ। ਹੁਕਮਰਾਨ ਧਿਰ ਦੇ ਫਾਸ਼ੀਵਾਦੀ ਮਨਸ਼ਿਆਂ ਨੂੰ ਦੇਖਦਿਆਂ ਇਹ ਲੜਾਈ ਹੋਰ ਵੀ ਜ਼ੋਖ਼ਮ ਭਰੀ ਅਤੇ ਹੋਰ ਵੀ ਸਖ਼ਤ ਹੋਣ ਦੇ ਆਸਾਰ ਹਨ।

## ਕੈਦੀਆਂ ਦੇ ਹੱਕਾਂ ਦੇ ਘਾਣ ਦਾ ਦੋਸ਼ੀ ਭਾਰਤੀ ਸਟੇਟ

*ਅਪਾਹਜ ਵਿਅਕਤੀਆਂ ਦੇ ਹੱਕਾਂ ਉੱਪਰ ਸੰਯੁਕਤ ਰਾਸ਼ਟਰ ਕਨਵੈਨਸ਼ਨ ਦਾ ਹਸਤਾਖ਼ਰੀ ਹੋਣ ਤੋਂ ਇਲਾਵਾ ਭਾਰਤ, ਨਾਗਰਿਕ ਅਤੇ ਰਾਜਨੀਤਕ ਹੱਕਾਂ ਬਾਬਤ ਕੌਮਾਂਤਰੀ ਸਮਝੌਤੇ ਵਿਚ ਸ਼ਾਮਲ ਸਟੇਟ ਵੀ ਹੈ ਅਤੇ ਇਸ ਨੇ ਤਸੀਹਿਆਂ ਵਿਰੁੱਧ ਯੂ.ਐੱਨ. ਕਨਵੈਨਸ਼ਨ ਉਪਰ ਵੀ ਸਹੀ ਪਾਈ ਹੋਈ ਹੈ। ਕੈਦੀਆਂ ਦੇ ਇਲਾਜ ਦੇ ਲਈ ਯੂ.ਐੱਨ. ਦੇ ਸਟੈਂਡਰਡ ਘੱਟੋ-ਘੱਟ ਨਿਯਮਾਂ ਜਿਨ੍ਹਾਂ ਨੂੰ ਨੈਲਸ਼ਨ ਮੰਡੇਲਾ ਨਿਯਮ ਕਿਹਾ ਜਾਂਦਾ ਹੈ, ਅਨੁਸਾਰ ਕੈਦੀਆਂ ਦੀ ਸਿਹਤ ਦੀ ਦੇਖਭਾਲ ਕਰਨਾ ਸਟੇਟ ਦੀ ਜ਼ਿੰਮੇਵਾਰੀ ਹੈ। ਜੇਲ੍ਹਾਂ ਵਿਚ ਆਏ ਦਿਨ ਕੈਦੀਆਂ ਦੀਆਂ ਮੌਤਾਂ, ਸਟੈਨ ਸਵਾਮੀ, ਪਾਂਡੂ ਨਰੋਤੇ ਵਰਗੇ ਕੈਦੀਆਂ ਦੇ ਜੇਲ੍ਹਬੰਦੀ ਦੌਰਾਨ ਸੰਸਥਾਈ ਕਤਲ ਅਤੇ ਇਸੇ ਬਾਬਤ ਪ੍ਰੋ. ਜੀ.ਐੱਨ. ਸਾਈਬਾਬਾ ਦਾ ਇਹ ਕਹਿਣਾ ਕਿ 'ਇਹ ਮਹਿਜ਼ ਇਤਫ਼ਾਕ ਹੈ ਕਿ ਮੈਂ ਜੇਲ੍ਹ ਵਿਚੋਂ ਜਿਊਂਦਾ ਬਾਹਰ ਆ ਗਿਆ ਹਾਂ', ਦਰਸਾਉਂਦਾ ਹੈ ਕਿ ਭਾਰਤੀ ਸਟੇਟ ਲਈ ਇਹ ਕੌਮਾਂਤਰੀ ਸਮਝੌਤੇ ਮਹਿਜ਼ ਆਪਣੇ ਖ਼ੂਨੀ ਚਿਹਰੇ ਨੂੰ ਲੁਕੋਣ ਵਾਲੇ ਮਖੌਟੇ ਹਨ।*

# 'ਖਾੜਕੂ ਲਹਿਰਾਂ ਦੇ ਅੰਗ-ਸੰਗ' ਦੇ ਪਾਠ ਵਿਚੋਂ ਗੁਮ ਹੈ-ਗੁਰਬਾਣੀ ਦਾ ਅਨੁਭਵ

ਮੈਂ ਅਜਮੇਰ ਸਿੰਘ ਦੀਆਂ ਬਹੁਤੀਆਂ ਗੱਲਾਂ ਨਾਲ ਸਹਿਮਤ ਨਹੀਂ ਹਾਂ। ਇਸ ਦੇ ਬਾਵਜੂਦ ਮੈਂ ਉਸ ਦੀਆਂ ਲਿਖਤਾਂ ਨੂੰ ਨਿੱਠ ਕੇ ਪੜ੍ਹਦਾ ਹਾਂ ਅਤੇ ਉਸ ਵੱਲੋਂ ਬੋਲੇ ਗਏ ਨੂੰ ਧਿਆਨ ਨਾਲ ਸੁਣਦਾ ਹਾਂ। ਮੇਰੀ ਸਮਝ ਵਿਚ ਇਹ ਗੱਲ ਉਭਰਦੀ ਆ ਰਹੀ ਹੈ ਕਿ ਵਰਤਮਾਨ ਵਿਚ ਸਿੱਖੀ ਦਾ ਸਿਆਸੀ ਪਹੁੰਚ ਵਿਧੀਆਂ ਨੇ ਅਪਹਰਣ ਕਰ ਲਿਆ ਹੈ ਅਤੇ ਸਿੱਖ ਅਕਾਦਮਿਕਤਾ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਇਸ ਨਾਲ ਬਾਣੀ ਉਤੇ ਇਤਿਹਾਸ ਨੂੰ ਪਹਿਲ ਪ੍ਰਾਪਤ ਹੋ ਗਈ ਹੈ। ਏਸੇ ਦੇ ਸਿੱਟੇ ਵਜੋਂ ਸਿੱਖੀ ਦੇ ਕੇਂਦਰ ਵਿਚ ਬਾਣੀ ਦੀ ਥਾਂ ਰਹਿਤ ਆਉਣ ਲੱਗ ਪਈ ਹੈ। ਇਹ ਲੀਹਾ, ਖੁੱਲ੍ਹੇ ਸਿੱਖ-ਧਰਮ ਨੂੰ ਬੰਦ ਧਰਮ ਹੋਣ ਵੱਲ ਧੱਕ ਸਕਦਾ ਹੈ। ਇਸ ਦ੍ਰਿਸ਼ਟੀ ਤੋਂ ਮੈਨੂੰ



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: +91- 93163-01328**

ਮੇਰੇ ਅਕਾਦਮਿਕ ਵਰਤਾਰੇ ਨੇ ਇਹੀ ਸਿਖਾਇਆ ਹੈ ਕਿ ਰਾਇ ਦੇ ਵਿਰੋਧ ਨੂੰ ਨਾਲ ਲਏ ਬਿਨਾ ਲੇਖਕ ਅਤੇ ਲਿਖਤ ਨਾਲ ਨਿਆਂ ਨਹੀਂ ਕੀਤਾ ਜਾ ਸਕਦਾ। ਏਸੇ ਵਿਚ ਇਹ ਵੀ ਸ਼ਾਮਲ ਹੈ ਕਿ ਲੇਖਕ ਅਤੇ ਲਿਖਤ ਨੂੰ ਇਕ ਦੂਜੇ ਨਾਲ ਉਲਝਾ ਕੇ ਵੇਖਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਦ੍ਰਿਸ਼ਟੀ ਤੋਂ ਅਜਮੇਰ ਸਿੰਘ ਦੀ ਪਹਿਲੀ ਪੁਸਤਕ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਦਾ ਅਕਾਦਮਿਕ ਮੁਲਾਂਕਣ ਕਰਨ ਦੀ ਮੇਰੇ ਵੱਲੋਂ ਜੋ ਕੋਸ਼ਿਸ਼ ਹੋਈ ਸੀ, ਉਸ ਨੂੰ ਲੇਖਕ ਦੇ ਪ੍ਰਸ਼ੰਸਕਾਂ ਅਤੇ ਹਮਾਇਤੀਆਂ ਨੇ ਚੰਗਾ ਨਹੀਂ ਸਮਝਿਆ ਸੀ। ਪਰ ਮੇਰੀ ਉਸ ਸੁਰ ਦੇ ਇਰਦ-ਗਿਰਦ ਸ਼ਿਕਾਗੋ (ਅਮਰੀਕਾ) ਤੋਂ ਨਿਕਲਦੇ ਅਖਬਾਰ "ਪੰਜਾਬ ਟਾਈਮਜ਼" ਵਿਚ ਚੱਲੀ ਲਿਖਤੀ ਬਹਿਸ 'ਤੇ ਆਧਾਰਤ ਛਪੀ ਹੋਈ ਪੁਸਤਕ "ਸਿੱਖ ਕੌਮ: ਹਸਤੀ ਤੇ ਹੋਣੀ" (2012) ਛਪੀ ਹੋਈ ਪ੍ਰਾਪਤ ਹੈ। ਲੇਖਕ ਨੇ ਉਸ ਵਿਚ ਬਿਲਕੁਲ ਹਿੱਸਾ ਨਹੀਂ ਲਿਆ ਸੀ। ਵਿਚਾਰ ਅਧੀਨ ਪੁਸਤਕ ਨੂੰ ਪੜ੍ਹਨ ਉਪਰੰਤ ਮੈਨੂੰ ਤਸੱਲੀ ਹੋਈ ਹੈ ਕਿ ਇਹ ਪੁਸਤਕ ਪੰਜਾਬ ਦੇ ਰਾਜਸੀ ਅਤੇ ਸਭਿਆਚਾਰਕ ਵਰਤਾਰਿਆਂ ਦੇ ਇਕ ਯੁੱਗ ਦੀਆਂ ਹੱਡ ਹੰਢਾਈਆਂ ਗੱਲਾਂ ਸਾਹਮਣੇ ਲਿਆਉਂਦੀ ਹੈ। ਪੁਸਤਕ ਪੜ੍ਹਦਿਆਂ ਲੇਖਕ ਮੇਰੇ ਨਾਲ ਨਾਲ ਤੁਰਦਾ ਲੱਗਦਾ ਰਿਹਾ ਸੀ ਕਿਉਂਕਿ ਮੈਂ ਉਸ ਨੂੰ ਜਾਣਦਾ ਵੀ ਸੀ ਅਤੇ 1985 ਤੋਂ 1990 ਤਕ ਕੈਂਪਸ ਵਿਚ ਆਪਣੀ ਕੁਲੀਗ ਗੁਰਨਾਮ ਕੌਰ ਅਤੇ ਗੁਰਦਿਆਲ ਬੱਲ ਦੇ ਘਰੇ ਅਕਸਰ ਮਿਲਦਾ ਵੀ ਰਿਹਾ ਸੀ। ਲੇਖਕ ਨਾਲ ਅਸਹਿਮਤੀਆਂ ਦੇ ਬਾਵਜੂਦ ਪੁਸਤਕ ਨੂੰ ਪੜ੍ਹਨ ਦਾ ਵਹਾਅ ਬਣੇ ਰਹਿਣ ਦਾ ਕਾਰਨ ਲੇਖਕ ਦੀ ਸ਼ੈਲੀ, ਸਪਸ਼ਟਤਾ ਅਤੇ ਵਚਨਬੱਧਤਾ ਸੀ। ਕੁਲ ਮਿਲਾ ਕੇ ਪੁਸਤਕ, ਲੇਖਕ ਦੇ ਬਖਸ਼ਿਸ਼ ਵਰਗੇ ਗੁਣਾਂ ਨਾਲ ਗੁੰਨ੍ਹੀ ਹੋਈ ਹੋਣ ਕਰਕੇ ਸ਼ਲਾਘਾ ਦੀ ਹੱਕਦਾਰ ਹੈ। ਇਸ ਦੇ ਬਾਵਜੂਦ ਲੇਖਕ ਦੀਆਂ ਬਾਕੀ ਲਿਖਤਾਂ ਵਾਂਗ ਇਸ ਵਿਚੋਂ ਵੀ ਬਾਣੀ-ਪ੍ਰਸੰਗ ਦਾ ਗੁੰਮ ਹੋਣਾ ਮੈਨੂੰ ਰੜਕਦਾ ਰਿਹਾ ਹੈ। ਇਹੀ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਪੁਸਤਕ ਦੇ ਮੁੱਢ ਵਿਚ ਗੁਰੂ ਅਰਜਨ ਦੇਵ ਜੀ ਦੇ ਜਿਸ ਬਾਣੀ-ਹਵਾਲੇ


ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ॥
ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ॥1॥
ਸਿਆਨਪ ਕਾਹੂ ਕਾਮਿ ਨ ਆਤ॥
ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ॥1॥ਰਹਾਉ॥
(ਗੂਜਰੀ ਮਹਲਾ 5,ਪੰ.496)

ਨਾਲ ਗੱਲ ਸ਼ੁਰੂਆਤ ਕੀਤੀ ਗਈ ਹੈ, ਉਸ ਵਿਚਲੀ ਭਾਵਨਾ ਨਾਲ ਅਚੇਤ-ਸੁਚੇਤ ਨਿਭਣ ਦੀ ਕੋਸ਼ਿਸ਼, ਪੁਸਤਕ ਵਿਚ ਕਿਧਰੇ ਨਜ਼ਰ ਨਹੀਂ ਆਉਂਦੀ ਕਿਉਂਕਿ ਸ਼ਬਦ ਵਿਚ ਮਨੋਰਥ ਪ੍ਰਾਇਣ ਬੰਦੇ ਨੂੰ ਇਕਹਿਰੀਆਂ ਮਨ-ਮਰਜ਼ੀਆਂ ਅਤੇ ਸਰਗੋਸ਼ੀਆਂ ਤੋਂ ਵਰਜਿਆ ਹੋਇਆ ਹੈ। ਪਰ ਇਹ 544 ਪੰਨਿਆਂ ਦੀ ਪੁਸਤਕ ਖਾੜਕੂ ਸਰਗੋਸ਼ੀਆਂ ਦੇ ਇਰਦ-ਗਿਰਦ ਹੀ ਬੁਣੀ ਹੋਈ ਹੈ। ਇਕ ਹੋਰ ਬਾਣੀ ਦਾ ਹਵਾਲਾ ਪੰਨਾ 232 'ਤੇ ਇਸ ਤਰ੍ਹਾਂ ਹੈ- "ਸਿੱਖ ਕੌਮ ਦੇ ਸਾਹਮਣੇ 'ਪਾਪੀ ਕਉ ਡੰਡੁ ਦੀਓਇ' ਦੀ ਸਿੱਖ ਰਵਾਇਤ ਦਾ ਪਾਲਣ ਕਰਨ ਤੋਂ ਬਿਨਾ ਕੋਈ ਚਾਰਾ ਨਹੀਂ ਰਿਹਾ ਸੀ" ਦਾ ਬਾਣੀ ਪ੍ਰਸੰਗ ਉਹ ਨਹੀਂ ਹੈ, ਜੋ ਵਰਤੇ ਗਏ ਹਵਾਲੇ ਨਾਲ ਸਾਹਮਣੇ ਆਉਂਦਾ ਹੈ। ਬਾਣੀ ਦੀਆਂ ਟੂਕਾਂ ਨੂੰ ਪ੍ਰਸੰਗ ਵਿਚੋਂ ਕੱਢ ਕੇ ਮਰਜ਼ੀ ਨਾਲ ਵਰਤਣ ਦੀ ਰੁਚੀ ਆਮ ਹੋ ਗਈ ਕਹਿ ਸਕਦੇ ਹਾਂ। ਇਸ ਨਾਲ ਪੈਦਾ ਹੋਈਆਂ ਅਤੇ ਹੋਣ ਵਾਲੀਆਂ ਦੁਸ਼ਵਾਰੀਆਂ ਦੇ ਵਿਸਥਾਰ ਵਿਚ ਜਾਏ ਬਿਨਾ ਹਵਾਲੇ ਦਾ ਮੂਲ ਪਾਠ ਨੂੰ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ:

ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ ਲੀਓਇ॥
ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥89

ਇਸ ਨਾਲ ਅਕਾਲ ਪੁਰਖ ਦੀ ਭੂਮਿਕਾ ਨੂੰ ਲੇਖਕ ਜਾਂ ਖਾੜਕੂਆਂ ਵੱਲੋਂ ਨਿਭਾਉਣ ਦੇ ਫਤਵਾਨੁਮਾ ਪ੍ਰਸੰਗ ਨੂੰ ਇਕ ਸਿਆਸੀ ਡੇਰੇਦਾਰ ਵਾਂਗ ਵਰਤੇ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਸੀ। ਇਸ ਦੇ ਨਾਲ ਹੀ ਮੈਨੂੰ ਪੁਸਤਕ ਦੇ ਨਾਮ ਵਿਚ ਵਰਤਿਆ 'ਅੰਗ-ਸੰਗ' ਵੀ ਬਹੁਤ ਰੜਕਿਆ ਹੈ। ਸਿੱਖ-ਸਿਧਾਂਤ ਅਤੇ ਸਿੱਖ-ਪਰੰਪਰਾ ਵਿਚ ਇਸ ਸ਼ਬਦ ਦੀ ਪਵਿੱਤਰ ਪ੍ਰਸੰਗਕਤਾ ਗੁਰੂ ਨਾਲ ਜੁੜੀ ਹੋਈ ਹੈ। ਪੁਸਤਕ ਦੇ ਸਿਰਲੇਖ ਵਿਚ ਇਸ ਪਵਿੱਤਰ ਭਾਵਨਾ ਵੱਲ ਪਿੱਠ ਹੋ ਗਈ ਲੱਗਦੀ ਹੈ ਕਿਉਂਕਿ ਕੋਈ ਵੀ ਸਿੱਖ ਸੰਘਰਸ਼ ਗੁਰੂ ਨੂੰ ਅੰਗ-ਸੰਗ ਪ੍ਰਵਾਨ ਕਰ ਕੇ ਹੀ ਲੜਿਆ ਜਾਂਦਾ ਰਿਹਾ ਹੈ। ਸਿਧਾਂਤਕ ਪਹੁੰਚ ਨਾਲ ਇਹੋ ਜਿਹੀਆਂ ਵਧੀਕੀਆਂ, ਇਤਿਹਾਸ ਨੂੰ ਬਾਣੀ ਦੀ ਰੌਸ਼ਨੀ ਵਿਚ ਸਮਝਣ ਅਤੇ ਵਰਤਣ ਦੀ ਥਾਂ 'ਤੇ ਬਾਣੀ ਨੂੰ ਇਤਿਹਾਸ ਮੁਤਾਬਿਕ ਵਰਤਣ ਅਤੇ ਸਮਝਣ ਦੀ ਕੁਰੁਚੀ ਵੱਲ ਧੱਕਦੀਆਂ ਹਨ। ਇਸ ਤੋਂ ਬਚਣ ਬਾਰੇ ਨਹੀਂ ਸੋਚਾਂਗੇ ਤਾਂ ਗੁਰਮਤਿ ਦੇ ਪ੍ਰਸੰਗ-ਵਿਗਾੜ ਨੂੰ ਸ਼ਹਿ ਦੇ ਰਹੇ ਹੋਵਾਂਗੇ। ਲੇਖਕ ਨੇ ਜਿਵੇਂ ਆਪਣੀਆਂ ਵਜੂਦ ਸਮੋਈਆਂ ਧਾਰਨਾਵਾਂ ਦੀ ਚੱਕੀ ਵਿਚ ਆਪਣੇ ਨਾਲ ਅਸਹਿਮਤੀਆਂ ਦਾ ਪੀਸਣ ਪੀਸਿਆ ਹੈ, ਉਸ ਨੂੰ ਉਸਦੀਆਂ ਲ਼ਿਖਤਾਂ ਦਾ ਕੇਂਦਰ ਬਿੰਦੂ ਕਿਹਾ ਜਾ ਸਕਦਾ ਹੈ। ਇਸ ਦੇ ਬਾਵਜੂਦ ਉਸ ਦੇ ਬੀੜੇ ਹੋਏ ਫਿਕਰਿਆਂ ਦੇ ਪ੍ਰਭਾਵ ਦਾ ਜਾਦੂ ਜਿਨ੍ਹਾਂ ਦੇ ਸਿਰ ਚੜ੍ਹ ਕੇ ਬੋਲਣ ਲੱਗ ਪਵੇਗਾ, ਉਸ ਬਾਰੇ ਲੋੜੀਂਦੀਆਂ ਸੰਵਾਦੀ ਸੰਭਾਵਨਾਵਾਂ ਨੂੰ ਸਾਹਮਣੇ ਲਿਆਉਣ ਵਾਸਤੇ ਕੋਸ਼ਿਸ਼ ਕਰ ਰਿਹਾ ਹਾਂ। ਵੈਸੇ ਵੀ ਇਹ ਪੁਸਤਕ ਜਿਨ੍ਹਾਂ ਵਰਤਾਰਿਆਂ ਨਾਲ ਜੁੜੀ ਹੋਈ ਹੈ, ਉਹ ਮੇਰਾ ਵੀ ਸਮਕਾਲ ਹੈ ਅਤੇ ਉਨ੍ਹਾਂ ਵਿਚ ਆਏ ਹਵਾਲਿਆਂ ਵਿਚੋਂ ਬਹੁਤਿਆਂ ਬਾਰੇ ਮੇਰਾ ਨਿੱਜੀ ਅਨੁਭਵ ਵੀ ਹੈ। ਉਨ੍ਹਾਂ ਵਿਚੋਂ ਉਨ੍ਹਾਂ ਬਾਰੇ ਜੋ ਇਸ ਵੇਲੇ ਸਾਡੇ ਵਿਚਕਾਰ ਨਹੀਂ ਹਨ, ਬਹੁਤ ਕੁਝ ਕਿਹਾ ਜਾ ਸਕਦਾ ਹੈ ਅਤੇ ਜੋ ਜਿਊਂਦੇ ਹਨ ਉਨ੍ਹਾਂ ਤੋਂ ਬਹੁਤ ਕੁਝ ਸੁਣਿਆ ਜਾ ਸਕਦਾ ਹੈ। ਇਸ ਦੇ ਵਿਸਥਾਰ ਵਿਚ ਜਾਏ ਬਿਨਾਂ ਇੰਨਾ ਹੀ ਕਹਿਣਾ ਹੈ ਕਿ ਨਕਸਲੀ ਲਹਿਰ ਨੂੰ ਲੇਖਕ ਨੇ ਅੰਦਰੋਂ ਫੇਲ੍ਹ ਹੁੰਦੀ ਵੇਖਿਆ ਸੀ ਅਤੇ ਸਿੱਖ ਖਾੜਕੂ ਲਹਿਰ ਨੂੰ ਬਾਹਰ ਬੈਠਾ ਫੇਲ੍ਹ ਹੁੰਦੀ ਵੇਖ ਰਿਹਾ ਹੈ। ਜਿਵੇਂ ਲੇਖਕ ਦੇ ਆਪਣੇ ਸ਼ਬਦਾਂ ਵਿਚ ਅਸਲੀ ਅਰਥਾਂ ਵਿਚ ਇਨਕਲਾਬੀ ਜੀਵਨ ਨ ਜਿਊਣ ਵਾਲਿਆਂ ਨਾਲ ਅਰਥਾਤ ਖੱਬੇ ਪੱਖੀਆਂ ਦੀ ਸਿੱਖ ਵਿਰੋਧੀ ਸੋਚ ਨਾਲ ਨਿਭੀ ਜਾ ਰਿਹਾ ਸੀ (235), ਉਵੇਂ ਹੀ ਉਹ ਖਾੜਕੂ-ਨੈਤਿਕਤਾ ਨਾਲੋਂ ਖਾੜਕੂ-ਸਿਆਸਤ ਨਾਲ ਨਿਭੀ ਵੀ ਜਾ ਰਿਹਾ ਹੈ ਅਤੇ ਨਹੀਂ ਵੀ ਨਿਭੀ ਜਾ ਰਿਹਾ ਸੀ। ਇਸ ਸਿਫਤੀ ਬਦਲਾਵ ਦੀ ਖੜੋਤ ਨੂੰ ਸਿਆਸਤ ਵੀ ਕਿਹਾ ਜਾ ਸਕਦਾ ਹੈ।

ਪੁਸਤਕ ਨੂੰ ਸਿੱਖ-ਪਾਠਕ ਵਾਂਗ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਹੈ ਕਿ ਲੇਖਕ ਸਿੱਖ-ਧਰਮ ਅਤੇ ਸਿੱਖ-ਸਭਿਆਚਾਰ ਨੂੰ ਰਲਗੱਡ ਕਰ ਕੇ ਵੇਖ ਰਿਹਾ ਹੈ ਅਤੇ ਇਸ ਨਾਲ ਉਹ ਬਾਣੀ-ਕੇਂਦਰਤ ਸਿਧਾਂਤਕੀ ਨੂੰ ਇਤਿਹਾਸ-ਕੇਂਦਰਤ




ਸਰੋਕਾਰਾਂ ਨਾਲ ਉਲਝਾਈ ਜਾ ਰਿਹਾ ਹੈ। ਬੇਸ਼ੱਕ ਬਾਣੀ ਅਤੇ ਸਿੱਖ ਇਤਿਹਾਸ ਦਾ ਵਰਤਾਰਾ ਇਕ ਦੂਜੇ ਤੋਂ ਪ੍ਰਭਾਵਿਤ ਹੁੰਦਾ ਵੀ ਰਹਿੰਦਾ ਹੈ ਅਤੇ ਇਕ ਦੂਜੇ ਨੂੰ ਪ੍ਰਭਾਵਿਤ ਕਰਦਾ ਵੀ ਰਿਹਾ ਹੈ। ਪਰ ਪਹਿਲ ਸਦਾ 'ਗੁਰੂ ਮਾਨਿਓ ਗ੍ਰੰਥ' ਨੂੰ ਰਹੀ ਹੈ। ਇਨ੍ਹਾਂ ਦੋਹਾਂ ਵਿਚਕਾਰ ਜੇ ਬਾਣੀ ਨੂੰ ਪਹਿਲ ਨਹੀਂ ਮਿਲੇਗੀ ਤਾਂ ਸਿੱਖ-ਧਰਮ ਉਤੇ ਸਿੱਖ-ਸਭਿਆਚਾਰ ਹਾਵੀ ਹੋਣ ਲੱਗ ਪਵੇਗਾ। ਇਸ ਗੁੰਝਲ ਨੂੰ ਜਿਸ ਤਰ੍ਹਾਂ ਪ੍ਰੋ. ਪੂਰਨ ਸਿੰਘ ਨੇ 'ਮੌਤ ਨੂੰ ਮਖੌਲਾਂ ਕਰਨ' ਦੀ ਪੰਜਾਬੀ ਮਾਨਸਿਕਤਾ ਵਜੋਂ ਸਾਹਮਣੇ ਲਿਆਂਦਾ ਹੈ, ਉਸ ਦਾ ਸਿਆਸੀ ਬਿਰਤਾਂਤ ਇਸ ਪੁਸਤਕ ਵਿਚੋਂ ਬੇਸ਼ਕ ਮਿਲ ਜਾਂਦਾ ਹੈ। ਇਸੇ ਨੂੰ ਖਾੜਕੂ-ਰੰਗ ਵਿਚ ਲੇਖਕ ਨੇ ਇਸ ਤਰ੍ਹਾਂ ਪੇਸ਼ ਕੀਤਾ ਹੋਇਆ ਹੈ- "ਇਸ ਉਮਰ ਵਿਚ ਅਜਿਹਾ ਸ਼ੌਕ ਜਾਗ ਉਠਣਾ ਕੋਈ ਓਪਰੀ ਗੱਲ ਨਹੀਂ। ਖਾਸ ਕਰ ਸਿੱਖ ਨੌਜਵਾਨਾਂ ਅੰਦਰ ਤਾਂ ਇਹ ਰੁਝਾਨ ਬਹੁਤ ਹੀ ਆਮ ਪਾਇਆ ਜਾਂਦਾ ਹੈ, ਉਨ੍ਹਾਂ ਅੰਦਰ ਚੜ੍ਹਦੀ ਜਵਾਨੀ ਵੇਲੇ ਹਥਿਆਰਬੰਦ ਕਾਰਨਾਮਾ ਕਰਨ ਦੀ ਬਹੁਤ ਲਿੱਲ੍ਹ ਉਠਦੀ ਹੈ" (166)। ਲਿਲ੍ਹ ਦੇ ਭਾਵਕ ਉਭਾਰ ਨੂੰ ਮਾਨਸਿਕਤਾ ਸਮਝ ਲਵਾਂਗੇ ਤਾਂ ਸਿਆਸੀ ਨਤੀਜਿਆਂ ਨੂੰ ਉਵੇਂ ਭੁਗਤਣਾ ਹੀ ਪਵੇਗਾ ਜਿਵੇਂ ਖਾੜਕੂਆਂ ਨੇ ਸਿੱਧੇ ਅਤੇ ਪੰਜਾਬੀਆਂ ਅਸਿੱਧੇ ਢੰਗ ਨਾਲ ਲਗਾਤਾਰ ਦਸ ਸਾਲ ਭੁਗਤਿਆ ਸੀ। ਏਸੇ ਦੀ ਕਥਾਕਾਰੀ ਨਾਲ ਲੇਖਕ ਆਪਣੀਆਂ ਲਿਖਤਾਂ ਵਿਚ ਲਗਾਤਾਰ ਨਿਭੀ ਜਾ ਰਿਹਾ ਹੈ। ਇਸ ਰਾਹ ਪਿਆਂ ਨੂੰ ਜਿਸ ਵੇਲਣੇ ਵਿਚੋਂ ਲੰਘਣਾ ਪਿਆ ਹੈ, ਉਨ੍ਹਾਂ ਵਿਚੋਂ ਇਕ ਬਾਰੇ ਲੇਖਕ ਦੀ ਰਾਏ ਹੈ ਕਿ "ਉਸ ਦੀ ਮਸੂਮੀਅਤ, ਦਿਆਨਤਦਾਰੀ, ਵਚਨਬੱਧਤਾ ਤੇ ਸਿਦਕਦਿਲੀ ਦਾ ਕੋਈ ਲੇਖਾ ਨਹੀਂ"(168)। ਖਾੜਕੂ ਲਹਿਰ ਦਾ ਖਾਜਾ ਹੋ ਗਇਆਂ ਦਾ ਹਾਸਲ ਲੇਖਕ ਨੂੰ ਇਹ ਲੱਗਦਾ ਹੈ- "ਜਵਾਨੀ ਮੌਕੇ ਹਅਿਾਰਬੰਦ ਐਕਸ਼ਨਾਂ ਦਾ ਆਪਣਾ ਇਕ ਰੋਮਾਂਸ, ਇਕ ਹੁਲਾਰਾ (ਥਰਿਲ) ਹੁੰਦਾ ਹੈ, ਜੂਝਦਿਆਂ ਸ਼ਹੀਦ ਹੋਣ ਦੀ ਆਰਜ਼ੂ ਤੇ ਚਾਅ ਵੀ ਹੁੰਦਾ ਹੈ। ਪਰ ਇਨ੍ਹਾਂ ਗੱਲਾਂ ਤੋਂ ਬਿਨਾ ਜੀਵਨ ਅੰਦਰ ਕਿਹੜਾ ਰਸ ਰਹਿ ਜਾਵੇਗਾ?" (182)। ਲੇਖਕ ਇਸ ਵਰਤਾਰੇ ਨੂੰ "ਜੁਝਾਰੂ ਰੁਝੇਵਾਂ" ਕਹਿੰਦਾ ਹੈ (169)। ਮੌਤ ਦੀ ਸੌਦਾਗਰੀ ਦੇ ਇਹੋ ਜਿਹੇ ਰਾਹਾਂ ਦੇ ਨਤੀਜਿਆਂ ਦੀ ਸਿਆਸਤ ਹੀ ਕੀਤੀ ਜਾ ਸਕਦੀ ਹੈ ਕਿਉਂਕਿ ਇਸ ਦਾ ਧਰਮ ਤਾਂ ਕਮਾਇਆ ਹੀ ਨਹੀਂ ਜਾ ਸਕਦਾ।

ਇਕ ਖਾੜਕੂ ਲਹਿਰ ਤੋਂ ਦੂਜੀ ਖਾੜਕੂ ਲਹਿਰ ਨਾਲ ਜੁੜ ਜਾਣ ਨੂੰ ਲੇਖਕ 'ਘਰ ਵਾਪਸੀ' (14) ਕਹਿ ਕੇ 'ਸ਼ੁਧੀਕਰਣ' ਦੇ ਇਸ ਸਿਲਸਲੇ ਨੂੰ ਲਮਕਵਾਂ ਤੇ ਬਿਖੜਾ ਦੱਸਦਾ ਹੈ। ਅਜਿਹੇ ਹਾਲਾਤ ਵਿਚ ਵੀ ਉਹ ਰਾਜਸੀ ਮੁੱਦਿਆਂ ਨੂੰ ਮੁਖਾਤਿਬ ਰਿਹਾ ਹੈ (15)। ਇਸ ਪੁਸਤਕ ਨੂੰ ਲੇਖਕ ਨੇ 'ਨਿਰੋਲ ਰਾਜਸੀ ਪੱਖ ਤਕ ਸੀਮਿਤ' ਦੱਸਿਆ ਹੈ (19)। ਕਾਮਰੇਡਾਂ ਦੇ ਸਿਧਾਂਤਕ ਕੁਰਾਹੇ ਬਾਰੇ ਲੇਖਕ ਦੀ ਟਿਪਣੀ- "ਜਦੋਂ ਸੋਚ ਰਵਾਇਤੀ ਹੱਦਾਂ ਦੇ ਅੰਦਰ ਸੁੰਗੜ ਜਾਂਦੀ ਹੈ ਤਾਂ ਸਾਰੀ ਸਰਗਰਮੀ ਘਸੀਆਂ-ਪਿਟੀਆਂ ਲੀਹਾਂ ਤੇ ਚੱਲਣ ਲੱਗ ਪੈਂਦੀ ਹੈ" (239), ਇਕਲੇ ਕਾਮਰੇਡਾਂ 'ਤੇ ਹੀ ਕਿਉਂ, ਸਿਆਸਤ ਦੇ ਕਿਸੇ ਵੀ ਰੰਗ ਤੇ ਲਾਗੂ ਹੋ ਸਕਦੀ ਹੈ। ਲੇਖਕ ਨੂੰ ਪਤਾ ਹੈ ਕਿ ਸਿਆਸਤ ਦੇ ਗੈਰ ਉਪਜਾਊ ਕੰਮਾਂ ਵਿਚ ਊਰਜਾ ਅਜਾਈਂ ਜਾਂਦੀ ਹੈ (412), ਪਰ ਉਸ ਦੀ ਸਮਝ ਅਤੇ ਅਮਲ ਵਿਚਕਾਰ ਸੰਤੁਲਨ ਡੋਲਦਾ ਰਿਹਾ ਹੈ। ਉਸ ਨੇ ਜੋ ਟਿੱਪਣੀਆਂ ਯੋਗੀ ਹਰਿਭਜਨ ਸਿੰਘ ਅਤੇ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਨੂੰ ਲੈ ਕੇ ਕੀਤੀਆਂ ਹਨ, ਉਸ ਬਾਰੇ ਲੋੜ ਪਈ ਤਾਂ ਬਹੁਤ ਕੁਝ ਕਿਹਾ ਜਾ ਸਕਦਾ ਹੈ। ਚੋਣਾਂ ਦੇ ਬਾਈਕਾਟ ਦੀ ਸਿਆਸਤ ਨੂੰ ਲੈ ਕੇ ਕੀਤੀਆਂ ਟਿਪਣੀਆਂ ਬਾਰੇ ਤਬਸਰਾ ਸੋਸ਼ਲ ਮੀਡੀਆ 'ਤੇ ਹੋਣ ਲੱਗ ਹੀ ਪਿਆ ਹੈ। ਇਹ ਠੀਕ ਹੈ ਕਿ ਆਪਣੇ ਹਾਲੀਆ ਵੀਡੀਓ ਪ੍ਰਵਚਨਾਂ ਵਿਚ ਅਜਿਹੀਆਂ ਟਿੱਪਣੀਆਂ ਦਾ ਉਹ ਜਵਾਬ ਵੀ ਦੇਈ ਜਾ ਰਿਹਾ ਹੈ। ਉਹ ਮੰਨਦਾ ਹੈ ਕਿ ਚੋਣ ਬਾਈਕਾਟ ਦੇ 'ਇਤਿਹਾਸਕ' ਫੈਸਲੇ ਵਿਚ ਉਸ ਦੀ ਭੂਮਿਕਾ ਹੋ ਸਕਦੀ ਹੈ। ਪਰ ਚੋਣਾਂ ਦੇ ਬਾਈਕਾਟ ਦੇ ਜੋ ਦਿਲ ਕੰਬਾਊ ਨਤੀਜੇ ਲੋਕਾਂ ਨੂੰ ਭੁਗਤਣੇ ਪਏ ਉਸ ਦੀ ਇਖਲਾਕੀ ਜ਼ਿੰਮੇਵਾਰੀ ਕਬੂਲਣ ਦੀ ਥਾਂ ਉਹ ਖੜ੍ਹੇ ਪੈਰ ਨਾਲ ਹੀ ਇਹ ਆਖ ਕੇ ਬਹੁਤ ਹੀ ਮਾਸੂਮ ਚਤੁਰਾਈ ਨਾਲ ਕੋਸ਼ਿਸ਼ ਕਰਦਾ ਹੈ ਕਿ ਜ਼ੁਲਮ ਤਾਂ ਹਿੰਦੁਸਤਾਨ ਦੀ ਜ਼ਾਲਮ ਸਟੇਟ ਨੇ ਕਰਨੇ ਹੀ ਸਨ, ਪਰ ਬਾਈਕਾਟ ਦੇ ਫੈਸਲੇ ਨਾਲ ਘੱਟੋ-ਘੱਟ ਉਨ੍ਹਾਂ ਜ਼ੁਲਮਾਂ ਦਾ ਭਾਂਡਾ ਅਸੀਂ ਬੇਅੰਤੇ ਬੁੱਚੜ ਦੇ ਸਿਰ ਤਾਂ ਭੰਨ ਸਕਦੇ ਹਾਂ ਪਰ ਜੇ ਬਾਈਕਾਟ ਨਾ ਹੋਇਆ ਹੁੰਦਾ ਅਤੇ ਸਾਡੇ ਆਪਣੇ ਹੀ ਸਾਡੇ ਉਪਰ ਅਜਿਹੇ ਜ਼ੁਲਮ ਕਰਦੇ ਤਾਂ ਅਸੀਂ ਕਿਹਦੀ ਮਾਂ ਨੂੰ ਮਾਸੀ ਕਹਿਣ ਜੋਕਰੇ ਰਹਿ ਜਾਣਾ ਸੀ। ਹੁਣ ਇਸ ਕਿਸਮ ਦੀ ਬੇਕਿਰਕ ਵਿਆਖਿਆ ਸੁਣ ਕੇ ਸਾਡੇ ਵਰਗੇ ਕਮਜ਼ੋਰ ਦਿਲ ਵਾਲਿਆਂ ਦੀ ਤਾਂ ਆਤਮਾ ਕੰਬ ਜਾਂਦੀ ਹੈ। ਪਰ, ਇਹ ਆਪਣੇ ਅਜਿਹੇ ਪ੍ਰਵਚਨਾਂ ਵਿਚ ਅੱਖ ਵੀ ਝਪਕਦਾ ਨਹੀਂ ਹੈ।

ਫਿਰ ਵੀ ਕੁਲ ਮਿਲਾ ਕੇ ਪੁਸਤਕ ਪੜ੍ਹਣਯੋਗ ਹੈ ਕਿਉਂਕਿ 'ਹਾਰ ਵਕਤੀ ਹੈ ਜਿੱਤ ਯਕੀਨੀ ਹੈ' ਦਾ ਸਿਆਸੀ ਮੰਤ੍ਰ ਪੰਜ ਨੁਕਤਿਆਂ ਰਾਹੀਂ ਦਿੱਤਾ ਹੋਇਆ ਹੈ (335)। ਜੀਵਨੀ ਵਾਂਗ ਲਿਖੀ ਹੋਈ ਇਹ ਪੁਸਤਕ ਜਿਸ ਤਰ੍ਹਾਂ ਲੇਖਕ ਦੇ ਸੱਚ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰਦੀ ਹੈ, ਉਸ ਤਰ੍ਹਾਂ ਖਾੜਕੂ ਸਿਆਸਤ ਨੂੰ ਇਸਲਾਮਿਕ ਰਾਸ਼ਟਰਵਾਦ, ਈਸਾਈ ਰਾਸ਼ਟਰਵਾਦ, ਹਿੰਦੂ ਰਾਸ਼ਟਰਵਾਦ ਅਤੇ ਸਿੱਖ ਰਾਸ਼ਟਰਵਾਦ ਦੇ ਇਰਦ ਗਿਰਦ ਘੁੰਮ ਰਹੀ ਸਿਆਸਤ ਦੇ ਹਵਾਲੇ ਨਾਲ ਵੇਖਣ ਪਰਖਣ ਦੀ ਕੋਸ਼ਿਸ਼ ਕਰਦੀ ਨਜ਼ਰ ਨਹੀਂ ਆਉਂਦੀ। ਲੇਖਕ ਨੇ ਨਤੀਜਾ ਇਹ ਕੱਢਿਆ ਹੋਇਆ ਹੈ- "ਨਫੇ ਨੁਕਸਾਨ ਦੀ ਵਿਹਾਰਕ ਦ੍ਰਿਸ਼ਟੀ ਤੋਂ ਵੇਖਿਆਂ ਭਲੇ ਹੀ ਸਿੱਖ ਖਾੜਕੂ ਸੰਘਰਸ਼ ਦੀ ਕੋਈ ਠੋਸ (ਸਥੂਲ) ਪ੍ਰਾਪਤੀ ਨਜ਼ਰ ਨਹੀਂ ਆਉਂਦੀ, ਪਰ ਸੂਖਮ ਦ੍ਰਿਸ਼ਟੀ ਨਾਲ ਵੇਖਿਆਂ ਸਿੱਖ ਕੌਮ ਦੇ ਅਜੋਕੇ ਅਮਲ ਉਤੇ ਉਸ ਲਹੂ-ਵੀਟਵੇਂ ਸੰਘਰਸ਼ ਦਾ ਰੰਗ ਚੜ੍ਹਿਆ ਪ੍ਰਤੱਖ ਨਜ਼ਰ ਆਉਂਦਾ ਹੈ। ਕਿਸਾਨ ਅੰਦੋਲਨ ਦੌਰਾਨ ਇਹ ਰੰਗ ਸਾਫ ਖਿੜਿਆ ਨਜ਼ਰ ਆਇਆ ਸੀ" (544)। ਜਿਵੇਂ ਇਸ ਪੁਸਤਕ ਰਾਹੀਂ ਖਾੜਕੂ ਲਹਿਰਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ, ਉਵੇਂ ਹੀ ਮੈਂ ਇਸ ਲੇਖ ਰਾਹੀਂ ਪੁਸਤਕ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ।

## ਕਾਵਿ-ਕਿਆਰੀ

### ਪੰਜਾਬ ਪੰਜਾਬੀਆਂ ਦਾ, ਦੋਸਤੋ ...

ਸਦੀਆਂ ਤੋਂ ਹੀ...
ਹੁੰਦਾ ਰਿਹਾ ਕਤਲ ਪੰਜਾਬ ਦਾ
ਵਾਰ-ਵਾਰ ਤੇ ਫਿਰ ਕਈ ਵਾਰ।

ਹੁੰਦਾ ਰਿਹਾ ਕਤਲ ਪੰਜਾਬੀਆਂ ਦਾ
ਵਾਰ-ਵਾਰ ਤੇ ਫਿਰ ਕਈ ਵਾਰ।

ਉੱਜੜਦਾ ਰਿਹਾ ਹੈ ਪੰਜਾਬ
ਵਾਰ-ਵਾਰ ਅਤੇ ਫਿਰ ਕਈ ਵਾਰ।

ਉਜਾੜਿਆ ਗਿਆ ਹੈ ਪੰਜਾਬ
ਵਾਰ-ਵਾਰ ਅਤੇ ਫਿਰ ਕਈ ਵਾਰ।

ਕਿਸ ਪੰਜਾਬ ਦੀ ਗੱਲ ਕਰੀਏ, ਦੋਸਤੋ...?

ਰਿਸ਼ੀਆਂ ਮੁਨੀਆਂ ਫ਼ਕੀਰਾਂ ਦੇ ਪੰਜਾਬ ਦੀ
ਜਾਂ ਪੀਰਾਂ ਤੇ ਗੁਰਾਂ ਦੇ ਨਾਂ ਵਸਦੇ ਪੰਜਾਬ ਦੀ?

ਸੂਫ਼ੀਆਂ ਸੰਤਾਂ ਯੋਧਿਆਂ ਸੂਰਬੀਰਾਂ ਦੇ ਪੰਜਾਬ ਦੀ




ਜਾਂ ਗ਼ਦਰੀ ਅਤੇ ਗ਼ੱਦਾਰਾਂ ਦੇ ਪੰਜਾਬ ਦੀ?
ਮੱਠਾਂ ਅਤੇ ਡੇਰਿਆਂ ਵਿਚ ਖਿੰਡਰੇ ਪੰਜਾਬ ਦੀ

ਜਾਂ ਹਿੰਦੂ, ਸਿੱਖ, ਮੁਸਲਮਾਨੀ ਪੰਜਾਬ ਦੀ?

ਸੱਤ, ਪੰਜ ਤੇ ਢਾਈ-ਆਬੀ ਪੰਜਾਬ ਦੀ
ਜਾਂ ਫਿਰ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ?

ਉੱਜੜ ਉੱਜੜ ਕੇ ਵਸਦੇ ਪੰਜਾਬ ਦੀ
ਜਾਂ ਮੁੜ ਮੁੜ ਛਾਂਗੇ ਗਏ ਪੰਜਾਬ ਦੀ?

ਹਿੰਦ-ਪਾਕਿ ਵਾਲੀ ਲਕੀਰ ਦੇ ਪੰਜਾਬ ਦੀ
ਜਾਂ ਫਿਰ ਸਾਰੇ ਸੰਸਾਰ ਦੇ ਪੰਜਾਬ ਦੀ?

ਪਰ ਤੂੰ ਐਨਾ ਜ਼ਿਆਦਾ ਵੀ
ਤੜਫਿਆ ਜਾਂ ਉਲਝਿਆ ਨਾ ਕਰ... ਦੋਸਤ!

ਸੱਚ ਇਹ ਵੀ ਹੈ...
ਬਦਲਦਾ ਈ ਰਿਹਾ ਹੈ ਪੰਜਾਬ ਯੁਗਾਂ ਤੋਂ
ਮੇਰੇ ਤੇ ਤੇਰੇ ਆਉਣ ਤੋਂ ਬਹੁਤ ਪਹਿਲਾਂ ਵੀ।

ਉੱਜੜਦਾ ਤੇ ਵੱਸਦਾ ਰਿਹਾ ਹੈ ਪੰਜਾਬ
ਤੇਰੇ ਤੇ ਮੇਰੇ ਆਉਣ ਤੋਂ ਪਹਿਲਾਂ ਵੀ।

ਬਦਲਦਾ ਰਹੇਗਾ ਪੰਜਾਬ
ਤੇਰੇ ਤੇ ਮੇਰੇ ਜਾਣ ਤੋਂ ਬਾਅਦ ਵੀ।
ਉੱਜੜਦਾ ਤੇ ਵੱਸਦਾ ਰਹੇਗਾ ਪੰਜਾਬ
ਮੇਰੇ ਤੇ ਤੇਰੇ ਜਾਣ ਤੋਂ ਬਹੁਤ ਬਾਅਦ ਵੀ।

ਸੱਚ ਤਾਂ ਇਹ ਵੀ ਹੈ ਕਿ...
ਉੱਛਲ ਗਿਆ ਹੈ ਸਾਡਾ ਪੰਜਾਬ ਹੁਣ
ਸੁੱਕਦੇ ਆਬਾਂ 'ਚੋਂ ਨਿਕਲ ਸਾਗਰਾਂ ਵੱਲ ਨੂੰ।

ਇਹ ਤੇਰ-ਮੇਰ ਨੂੰ ਛੱਡ ਹੁਣ... ਸੱਜਣਾ

ਜੇ ਪੰਜਾਬ ਜਨਮ ਭੂਮੀ ਹੈ ਮੇਰੀ
ਤਾਂ ਪੰਜਾਬ ਕਰਮ ਭੂਮੀ ਹੈ ਤੇਰੀ।

ਇਹ ਪੰਜਾਬ ਮੇਰਾ ਵੀ... ਤੇ ਤੇਰਾ ਵੀ
ਉਹ ਪੰਜਾਬ ਤੇਰਾ ਵੀ... ਤੇ ਮੇਰਾ ਵੀ।

ਪੰਜਾਬ ਉਸ ਹਰ ਪੰਜਾਬੀ ਦਾ
ਜਿਸ ਨੂੰ ਮਾਣ ਪੰਜਾਬੀ ਹੋਣ ਦਾ।
ਜਿਉਂਦਾ ਵੱਸਦਾ ਰਹੇ ਪੰਜਾਬ-ਪੰਜਾਬੀਆਂ ਦਾ!!

***-ਕੁਲਵਿੰਦਰ ਬਾਠ***

# ਚਿਤਰ-ਗੁਪਤ


ਵਿਅੰਗ



ਸ਼ਿਵਚਰਨ ਜੱਗੀ ਕੁੱਸਾ

ਸਵੇਰ ਦਾ ਮੌਕਾ ਸੀ।

ਧਰਮਰਾਜ ਜੀ ਦਾ ਨਿਆਂਇਕ ਦਰਬਾਰ ਪੂਰਾ ਸਜਿਆ-ਧਜਿਆ ਹੋਇਆ ਸੀ। ਚੰਦਨ ਦੀਆਂ ਧੂਫ਼ਾਂ ਅਤੇ ਅਤਰ-ਫੁਲੇਲ ਦੀਆਂ ਲਪਟਾਂ ਦਰਬਾਰ ਦਾ ਚੁਗਿਰਦਾ ਮਹਿਕਾ ਰਹੀਆਂ ਸਨ। ਇੱਕ ਪਾਸੇ ਦਰਬਾਰੀ ਸੁਸ਼ੋਭਿਤ ਸਨ। ਧਰਮਰਾਜ ਜੀ ਦੇ ਸਿੰਘਾਸਣ ਦੇ ਖੱਬੇ-ਸੱਜੇ ਦੋ ਚਾਂਦੀ ਦੀਆਂ ਕੁਰਸੀਆਂ ਡਹੀਆਂ ਹੋਈਆਂ ਸਨ। ਸਾਰੇ ਦਰਬਾਰ ਵਿਚ ਲਾਲ ਗਲੀਚੇ ਵਿਛੇ ਹੋਏ ਸਨ। ਅਣਗਿਣਤ ਤਰ੍ਹਾਂ ਦੇ ਅਦਭੁਤ ਪੌਦੇ ਮਸਤੀ ਨਾਲ਼ ਝੂਲ ਰਹੇ ਸਨ ਅਤੇ ਗੁਲਸਤਿਆਂ ਵਰਗੇ ਫ਼ੁੱਲ ਟਹਿਕ ਰਹੇ ਸਨ। ਧਰਮਰਾਜ ਜੀ ਦਾ ਸੁਨਹਿਰੀ ਸਿੰਘਾਸਣ ਹੀਰੇ ਜਵਾਹਰਾਤ ਜੜ ਕੇ ਸਜਾਇਆ ਹੋਇਆ ਸੀ। ਭਾਂਤ-ਭਾਂਤ ਦੀਆਂ ਸੁਗੰਧੀਆਂ ਦੀ ਅਦੁੱਤੀ ਮਹਿਕ ਦੀਆਂ ਲਪਟਾਂ ਦਰਬਾਰੀਆਂ ਨੂੰ ਮਸਤ ਕਰੀ ਬੈਠੀਆਂ ਸਨ। ਮਧੁਰ ਸਾਜ਼ਾਂ ਦੀਆਂ ਧੁਨਾਂ ਸੁਣ-ਸੁਣ ਕੇ ਦਰਬਾਰੀ ਮੰਤਰ-ਮੁਗਧ ਹੋਏ, ਕੀਲੇ ਬੈਠੇ ਸਨ।



ਸੰਖ ਪੂਰਨ ਦੀ ਅਵਾਜ਼ ਸੁਣੀਂ ਤਾਂ ਦਰਬਾਰੀ ਅਦਬ ਨਾਲ਼ ਖੜ੍ਹੇ ਹੋ ਗਏ।

'ਚਿੱਤਰ-ਗੁਪਤ' ਆ ਹਾਜ਼ਰ ਹੋਏ। ਲੰਬੇ ਘੁੰਗਰਾਲ਼ੇ ਵਾਲ਼, ਡੌਲ਼ਿਆਂ ਉਪਰ ਸ਼ੇਰ ਦੇ ਮੂੰਹ ਵਾਲ਼ੇ ਸੁਨਹਿਰੀ ਕਵਚ ਅਤੇ ਥਮਲ੍ਹਿਆਂ ਵਰਗੇ ਸਰੀਰ! ਤੁਰਦੇ ਸਨ, ਤਾਂ ਧਰਤੀ ਹਿੱਲਦੀ ਸੀ। ਉਹ ਆਣ ਕੇ ਧਰਮਰਾਜ ਜੀ ਦੇ ਸਿੰਘਾਸਣ ਦੇ ਖੱਬੇ-ਸੱਜੇ ਪਾਸੇ ਚਾਂਦੀ ਦੀਆਂ ਕੁਰਸੀਆਂ ਉਪਰ ਬਿਰਾਜਮਾਨ ਹੋ ਗਏ। ਉਨ੍ਹਾਂ ਦੇ ਬਿਰਾਜ ਜਾਣ ਬਾਅਦ ਅਨਹਦ ਨਾਦ ਦੀ ਧੁਨੀ ਸੁਣਾਈ ਦਿੱਤੀ ਤਾਂ ਸਾਵਧਾਨ ਖੜ੍ਹੇ ਦਰਬਾਰੀ ਅਦਬ ਵਿਚ ਝੁਕ ਗਏ ਅਤੇ ਚਿਤਰ-ਗੁਪਤ ਸਤਿਕਾਰ ਵਿਚ ਉਠ ਕੇ ਖੜ੍ਹੇ ਹੋ ਗਏ।

ਧਰਮਰਾਜ ਜੀ ਦਰਬਾਰ ਵਿਚ ਹਾਜ਼ਰ ਹੋਏ ਤਾਂ 'ਜੈ-ਜੈ ਕਾਰ' ਹੋਣ ਲੱਗ ਪਈ। ਚਿੱਟੇ ਕਿਨਾਰਿਆਂ ਵਾਲ਼ਾ ਸੂਹਾ ਲਿਬਾਸ, ਸਿਰ ਉਪਰ ਸੁਨਹਿਰੀ ਮੁਕਟ ਅਤੇ ਹੱਥ ਵਿਚ ਸੋਨੇ ਦੀ ਲੱਠ, ਜਿਸ ਦੀ ਮੋਤੀਆਂ ਜੜੀ ਮੁੱਠ ਖ਼ੂਬ ਜਚ ਰਹੀ ਸੀ। ਦਰਬਾਰੀ ਅਤੇ ਚਿਤਰ-ਗੁਪਤ ਓਨਾਂ ਚਿਰ ਫ਼ਲ਼ਾਂ ਲੱਦੇ ਬੂਟੇ ਵਾਂਗ ਲਿਫ਼ੇ ਰਹੇ, ਜਿੰਨਾ ਚਿਰ ਧਰਮਰਾਜ ਨੇ ਬੈਠਣ ਨੂੰ ਨਾ ਆਖ ਦਿੱਤਾ। ਸਾਰੇ ਦਰਬਾਰੀ ਚੁੱਪ-ਚਾਪ ਬੈਠ ਗਏ ਅਤੇ ਦਰਬਾਰ ਦੇ ਕਰਮਚਾਰੀ ਨੇ ਧਰਮਰਾਜ ਕੋਲ਼ੋਂ ਦਰਬਾਰ ਦਾ ਕਾਰਜ ਆਰੰਭਣ ਦੀ ਇਜਾਜ਼ਤ ਮੰਗੀ। ਧਰਮਰਾਜ ਜੀ ਨੇ ਹੱਥ ਦੇ ਇਸ਼ਾਰੇ ਨਾਲ਼ ਇਜਾਜ਼ਤ ਦੇ ਦਿੱਤੀ।

-'ਤੇਲੂ ਤੇ ਬੇਲੂ ਹਾਜ਼ਰ ਹੋਅਅਅਅ....!' ਕਰਮਚਾਰੀ ਨੇ ਆਵਾਜ਼ ਦਿੱਤੀ ਤਾਂ ਦੋ ਜਮਦੂਤਾਂ ਵੱਲੋਂ ਇੱਕ ਚੋਲ਼ੇ ਵਾਲ਼ੇ ਸਾਧ ਨੂੰ ਪੇਸ਼ ਕੀਤਾ ਗਿਆ। ਸਾਧ ਦੇ ਖੁੱਲ੍ਹੇ ਲੰਬੇ ਕਾਲ਼ੇ ਵਾਲ਼, ਲੰਬੀ ਕਾਲ਼ੀ ਦਾੜ੍ਹੀ, ਚਿੱਟਾ ਚੋਲ਼ਾ ਅਤੇ ਅੱਖਾਂ 'ਤੇ ਕਾਲ਼ੀਆਂ ਐਨਕਾਂ ਲਾਈਆਂ ਹੋਈਆਂ ਸਨ।

-'ਇਹ ਕੌਣ ਐਂ ਦੂਤ ਜੀ...?' ਧਰਮਰਾਜ ਦੇ ਸੈਕਟਰੀ ਨੇ ਪੁੱਛਿਆ।

-'ਇਹ ਜੀ ਡੇਰੇ ਦਾ ਇੱਕ ਸਾਧ ਐ, ਜੋ ਉਪਦੇਸ਼ ਇਹ ਆਪਣੇ ਪੈਰੋਕਾਰਾਂ ਨੂੰ ਦਿੰਦਾ ਸੀ, ਓਸ ਦੇ ਬਿਲਕੁਲ ਉਲਟ ਖ਼ੁਦ ਆਪ ਚੱਲਦਾ ਸੀ। ਉਹ ਕਿਹੜਾ ਕੁੱਤਾ ਕੰਮ ਐਂ ਜੀ, ਜਿਹੜਾ ਇਹਨੇ ਨਹੀਂ ਕੀਤਾ..!'

-'ਕਿਉਂ ਚਿਤਰ ਗੁਪਤ ਜੀ, ਕੀ ਇਹ ਗੱਲ ਸਹੀ ਐ...?' ਧਰਮਰਾਜ ਨੇ ਕਰੋਧੀ ਨਜ਼ਰਾਂ ਨਾਲ਼ ਓਧਰ ਤੱਕਿਆ।

-'ਜੀ ਹਜ਼ੂਰ, ਇਹ ਬਿਲਕੁਲ ਸਹੀ ਹੈ...! ਇਸ ਸ਼ੈਤਾਨ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ...!'

-'ਇਹਨੂੰ ਗੁਸਤਾਖ਼ ਨੂੰ ਤੇਲ ਦੇ ਉਬਲ਼ਦੇ ਕੜਾਹੇ ਵਿਚ ਸੁੱਟਿਆ ਜਾਵੇ...!'

-'ਰਹਿਮ ਧਰਮਰਾਜ ਜੀ...! ਰਹਿਮ....!' ਸਾਧ ਦਰਬਾਰ ਵਿਚ ਲਿਟਣ ਅਤੇ ਬਿਲਕਣ ਲੱਗ ਪਿਆ। ਪਰ ਦੂਤ ਉਸ ਨੂੰ ਘੜੀਸ ਕੇ ਦਰਬਾਰ 'ਚੋਂ ਬਾਹਰ ਲੈ ਗਏ।

ਕਰਮਚਾਰੀ ਦੇ ਇਸ਼ਾਰੇ 'ਤੇ ਇੱਕ ਲਿੱਬੜਿਆ-ਤਿੱਬੜਿਆ ਜਿਹਾ ਬੰਦਾ ਪੇਸ਼ ਕੀਤਾ ਗਿਆ, ਜੋ ਪਹਿਲੀ ਤੱਕਣੀ ਨਾਲ਼ ਹੀ ਸ਼ਕਲ ਤੋਂ ਬੜਾ 'ਗਰੀਬੜਾ' ਜਿਹਾ ਨਜ਼ਰ ਆ ਰਿਹਾ ਸੀ।

-'ਇਹ ਪ੍ਰਾਣੀ ਕੌਣ ਐਂ ਦੇਵਤਾ ਜੀ...?' ਕਰਮਚਾਰੀ ਨੇ ਸੁਆਲ ਕੀਤਾ।

-'ਇਹਦਾ ਨਾਂ ਨੰਦ ਲਾਲ ਨੂਰਪੁਰੀ ਐ ਮਹਾਰਾਜ...!'

-'ਚਿਤਰ-ਗੁਪਤ ਜੀ, ਇਸ ਦਾ ਖਾਤਾ ਖੋਲ੍ਹ ਕੇ ਦੱਸੋ!' ਧਰਮਰਾਜ ਦੇ ਕਹਿਣ 'ਤੇ ਦੋਹਾਂ ਨੇ ਵਹੀ ਖੋਲ੍ਹ ਲਈ।

-'ਇਹਦੇ ਨਾਂ ਦਾ ਤਾਂ ਲੋਕਾਂ ਨੇ ਬੜਾ ਲਾਹਾ ਲਿਆ, ਮਾਹਾਰਾਜ! ਜਿੰਨੇ ਵੱਡੇ ਢਿੱਡਾਂ ਵਾਲ਼ੇ, ਤੇ ਵੱਡੇ-ਵੱਡੇ ਅਹੁਦਿਆਂ ਆਲ਼ੇ ਆਫਰੇ ਤੁਰੇ ਫ਼ਿਰਦੇ ਐ, ਸਭ ਇਸ ਬੰਦੇ ਦੇ ਨਾਂ ਦੀ ਖੱਟੀ ਖਾਂਦੇ ਐ। ਇਸ ਵਿਚਾਰੇ ਕੋਲ਼ ਰੋਟੀ ਖਾਣ ਨੂੰ ਤਾਂ ਕੀ, ਦੁਆਈ ਵਾਸਤੇ ਵੀ ਪੈਸੇ ਨੀ ਸੀ, ਇਹਨੇ ਅੱਕ ਕੇ ਖ਼ੂਹ 'ਚ ਛਾਲ਼ ਮਾਰੀ, ਇਹਨੂੰ ਤਾਂ ਅਸੀਂ ਮਸਾਂ ਖ਼ੂਹ 'ਚੋਂ ਕੱਢ ਕੇ ਲਿਆਏ ਆਂ!'

-'ਇਹਨੂੰ ਦਰਵੇਸ਼ ਨੂੰ ਸਵਰਗ 'ਚ ਭੇਜ ਦਿਓ...!' ਧਰਮਰਾਜ ਦੇ ਹੁਕਮ 'ਤੇ ਦੇਵਤੇ ਉਸ ਨੂੰ ਲੈ ਤੁਰੇ।

ਉਸ ਤੋਂ ਬਾਅਦ ਦੂਤਾਂ ਨੇ ਦੋ ਬਜ਼ੁਰਗ ਅੱਗੇ ਲੈ ਆਂਦੇ। ਇੱਕ ਨੇ ਢਿਲ਼ਕੀ ਜਿਹੀ ਪੱਗ ਬੰਨ੍ਹ ਕੇ ਦੋਵੇਂ ਹੱਥ ਜੋੜੇ ਹੋਏ ਸਨ ਅਤੇ ਉਸ ਦੇ ਪਜਾਮੇਂ ਦਾ ਨਾਲ਼ਾ ਲਮਕ ਰਿਹਾ ਸੀ। ਦੂਜੇ ਨੇ ਪੋਚਵੀਂ ਅਤੇ ਠੋਕਵੀਂ ਪੱਗ ਬੰਨ੍ਹੀ ਹੋਈ ਸੀ। ਦਾੜ੍ਹੀ ਕਾਲ਼ੀ ਕਰ ਕੇ 'ਵਸਮਾਂ' ਲਾਇਆ ਹੋਇਆ ਸੀ ਅਤੇ ਦਾੜ੍ਹੀ ਬੰਨ੍ਹ ਕੇ ਉਪਰ ਠਾਠੀ ਬੰਨ੍ਹੀ ਹੋਈ ਸੀ। ਵਿਰਲੀਆਂ ਜਿਹੀਆਂ ਮੁੱਛਾਂ ਧੋ ਕੇ ਪਾਈ ਸੁੱਥਣ ਵਾਂਗ ਲਟਕ ਰਹੀਆਂ ਸਨ।

-'ਦੂਤ ਜੀ, ਇਹਦਾ ਭੱਦਰ ਪੁਰਸ਼ ਦਾ ਨਾਲ਼ਾ ਤਾਂ ਟੰਗ ਲਓ...!' ਕਰਮਚਾਰੀ ਨੇ ਕਿਹਾ।

-'ਨਾਲ਼ਾ ਲਮਕਾਉਣ ਦੀ ਤਾਂ ਇਹਨੂੰ ਬੁਰੀ ਬਾਣ ਐਂ ਜੀ...! ਜੇ ਹੁਣ ਟੰਗਤਾ, ਮਿੰਟ ਕੁ ਨੂੰ ਬਾਹਰ ਕੱਢ ਕੇ ਫੇਰ ਲਮਕਾ-ਲੂ..!' ਗੱਲ ਸੁਣ ਕੇ ਸਾਰਾ ਦਰਬਾਰ ਹੱਸ ਪਿਆ।

-'ਇਹ ਦੋ ਬਜ਼ੁਰਗ 'ਕੱਠੇ ਈ ਪੇਸ਼ ਕਰਤੇ...? 'ਕੱਠੇ ਪੇਸ਼ ਕਰਨ ਦਾ ਕਾਰਨ...?'

-'ਇਹ ਤਾਂ ਜੀ ਬਹੁਤ ਚਤਰ ਬੁੱਢੇ ਐ...! ਸਾਰੀ ਉਮਰ ਇਹ ਆਪਦੇ ਭਾਈਚਾਰੇ ਦੇ ਜਜ਼ਬਾਤਾਂ ਨਾਲ਼ ਗੁੱਲੀ-ਡੰਡਾ ਖੇਡਦੇ ਰਹੇ ਐ..! ਕਦੇ ਗਿੱਟ-ਮਿੱਟ ਕਰ ਕੇ ਆਹ ਠਾਠੀ ਆਲ਼ਾ ਰਾਜ-ਭਾਗ ਸਾਂਭ ਲੈਂਦਾ ਸੀ, ਤੇ ਕਦੇ ਆਹ ਲਮਕਦੇ ਨਾਲ਼ੇ ਆਲ਼ਾ...! ਪਰ ਪਰਜਾ ਦਾ ਭਲਾ ਇਨ੍ਹਾਂ 'ਚੋਂ ਕਿਸੇ ਨੇ ਵੀ ਨੀ ਕੀਤਾ...! ਆਹ ਤਾਂ ਜੀ ਕਿਸੇ ਗੁਆਂਢੀ ਮੁਲਕ ਦੀ ਬੀਬੀ ਨਾਲ਼ 'ਚਖ਼ਮਖ਼ੀ' ਵੀ ਕਰਦਾ ਰਿਹੈ, ਤੇ ਆਹ ਪਤੰਦਰ ਨਾਲ਼ਾ ਲਮਕਾ ਕੇ ਲੋਕਾਂ ਦਾ ਤਰਸ ਬਟੋਰ ਕੇ, ਵੋਟਾਂ ਖੱਟਦਾ ਰਿਹੈ...!'

-'ਇਨ੍ਹਾਂ ਦਾ ਕੇਸ ਅਜੇ ਪੈਂਡਿੰਗ ਰੱਖੋ...!' ਧਰਮਰਾਜ ਨੇ ਉਹ ਦੋਨੋਂ ਪਾਸੇ ਬਿਠਾ ਦਿੱਤੇ।

ਹੁਣ ਇੱਕ ਕੁੱਤੇ ਝੱਗੀ ਵਾਲ਼ੇ ਨੂੰ ਪੇਸ਼ ਕੀਤਾ ਗਿਆ। ਕਤਰੀ ਬੱਗੀ ਦਾੜ੍ਹੀ ਵਾਲ਼ਾ ਚੁਸਤ ਜਿਹਾ ਬੰਦਾ ਮੂੰਹ 'ਚੋਂ 'ਜੈ ਸ੍ਰੀ ਰਾਮ' ਦੇ ਜੈਕਾਰੇ ਛੱਡੀ ਜਾ ਰਿਹਾ ਸੀ। ਕਦੇ-ਕਦੇ 'ਹਰ-ਹਰ ਮਹਾਂਦੇਵ' ਵੀ ਬੁਲਾਉਣ ਲੱਗ ਜਾਂਦਾ ਸੀ।

-'ਇਹ ਭਗਤ ਜੀ ਕੌਣ ਨੇ...?'

-'ਇਹ ਜੀ ਹਿੰਦੋਸਤਾਨ ਦਾ ਹੁਕਮਰਾਨ ਰਿਹੈ, ਮਹਾਰਾਜ...! ਜਦੋਂ ਵੀ ਇਹਦੇ ਦੇਸ਼ 'ਚ ਕੋਈ ਬਿਮਾਰੀ ਫ਼ੈਲਦੀ, ਜਾਂ ਕੋਈ ਹੋਰ ਸੰਕਟ ਆਉਂਦਾ, ਇਹਨੇ ਕਦੇ ਇਲਾਜ਼, ਜਾਂ ਕਿਸੇ ਹੋਰ ਸਥਾਈ ਹੱਲ ਬਾਰੇ ਨੀ ਸੋਚਿਆ, ਆਪਦੀ ਪਰਜਾ ਨੂੰ ਕਦੇ ਥਾਲ਼ੀਆਂ ਕੁੱਟਣ, ਤੇ ਕਦੇ ਮੋਮਬੱਤੀਆਂ ਬਾਲਣ ਦੇ ਸੰਦੇਸ਼ ਈ ਦੇਈ ਜਾਂਦਾ...! ਬਾਹਰ ਲੋਕ ਥਾਲ਼ੀਆਂ ਕੁੱਟੀ ਜਾਂਦੇ, ਤੇ ਅੰਦਰ ਭੁੱਖੇ ਚੂਹੇ ਦਾਣਿਆਂ ਵਾਲ਼ੇ ਖਾਲੀ ਡਰੰਮ ਖੜਕਾਈ ਜਾਂਦੇ..!'

-'ਇਹਦਾ ਕੇਸ ਵੀ ਅਜੇ ਪੈਂਡਿੰਗ ਰੱਖੋ..! ਇਹਨੂੰ ਔਹਨਾਂ ਬਜ਼ੁਰਗਾਂ ਕੋਲ਼ ਬਿਠਾਓ...! ਅਜੇ ਇਨ੍ਹਾਂ ਦੀ ਪਰਜਾ 'ਚੋਂ ਹੋਰ ਚਸ਼ਮਦੀਦ ਗਵਾਹ ਆ ਲੈਣ ਦਿਓ...!'

-'ਇਹਨੇ ਬਹਿਣਾਂ ਨੀ ਜੀ..! ਇਹ ਓਹਨਾਂ ਤੋਂ ਉਚੇ ਰੁਤਬੇ 'ਤੇ ਰਿਹੈ, ਇਹਨੂੰ ਤਾਂ ਅਜੇ ਤੱਕ ਅਫ਼ਰੇਵੇਂ 'ਚ ਸਾਹ ਨੀ ਆਉਂਦਾ!'

-'ਇਹਨੂੰ ਕਹਿ ਦਿਓ ਕਿ ਤੂੰ ਔਹਨਾਂ ਨਾਲ਼ ਬੈਠ, ਤੈਨੂੰ ਵਿਦੇਸ਼ੀ ਦੌਰੇ 'ਤੇ ਭੇਜਣੈ, ਜਾਂ ਲਾਰਾ ਲਾ ਦਿਓ ਕਿ ਕੈਮਰਿਆਂ ਆਲ਼ੇ ਫੋਟੂ ਖਿੱਚਣ ਆਉਂਦੇ ਆ, ਦੇਖ ਲਿਓ ਟਿਕ ਕੇ ਬਹਿਜੂ, ਚਾਹੇ ਮਹੀਨਾਂ ਬਿਠਾਈ ਰੱਖਿਓ..!' ਚਿਤਰ ਜੀ ਨੇ ਕਿਹਾ ਤਾਂ ਸਾਰਾ ਦਰਬਾਰ ਫ਼ਿਰ ਹੱਸ ਪਿਆ।

-'ਚਲੋ ਭਾਈ ਅੱਜ ਪੰਜ ਬੰਦੇ ਪੇਸ਼ ਕਰਤੇ, ਬਾਕੀ ਕੱਲ੍ਹ ਸਹੀ...!'

ਦਰਬਾਰ ਬਰਖ਼ਾਸਤ ਕਰ ਦਿੱਤਾ ਗਿਆ।

ਧਰਮਰਾਜ ਦੇ ਜਾਣ ਤੱਕ ਸਾਰੇ ਅਦਬ ਨਾਲ਼ ਝੁਕੇ ਖੜ੍ਹੇ ਰਹੇ।

# ਅੱਖੀਂ ਦੇਖੇ 'ਕੰਨਿਆਂ ਦਾਨ' ਦੀ ਕਹਾਣੀ !



ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 1-408-915-1268

ਕਈ ਦਹਾਕੇ ਪਹਿਲਾਂ ਦੀ ਗੱਲ ਹੈ ਇਕ ਦੋਸਤ ਦੀ ਬਰਾਤੇ ਗਏ ਹੋਏ ਨੇ ਮੈਂ ਦੋ ਮੀਰਜ਼ਾਦੇ 'ਨਕਲਾਂ' ਕਰਦੇ ਸੁਣੇ ਸੀ-

'ਉਏ ਭੰਡਾ, ਅੱਜ ਮੈਂ ਸਾਝਰੇ ਈ ਉੱਠਿਆ... ਛਾਹ ਵੇਲੇ ਦੀ ਰੋਟੀ ਖਾਧੀ...ਇਸ਼ਨਾਨ ਕਰਿਆ ਤੇ ਦਾਤਣ ਚੁੱਕੀ...!

ਦੂਜਾ ਨਕਲੀਆ- 'ਹਲਾ!'

...ਦਾਤਣ ਕਰਦਾ ਕਰਦਾ ਮੈਂ ਜੰਗਲ ਪਾਣੀ ਗਿਆ...ਆ ਕੇ ਚਾਹ ਪੀਤੀ ਤੇ ਫੇਰ ਦਰਿੱਤਕਾ ਛਕਿਆ!'

ਹੁਣ ਵਿਆਹਾਂ ਦੇ ਸੀਜ਼ਨ (ਜਨਵਰੀ ਤੋਂ ਮਾਰਚ 2024) ਵਿਚ ਮੈਂ ਅਮਰੀਕਾ ਤੋਂ ਪੰਜਾਬ ਆਇਆ ਹੋਇਆ ਨਕਲੀਆਂ ਦੀ ਉਪਰੋਕਤ 'ਪੁੱਠੀ ਤਰਤੀਬ' ਅਨੁਸਾਰ ਕਈ ਵਿਆਹ ਹੁੰਦੇ ਦੇਖ ਰਿਹਾ ਹਾਂ-

'ਕੁੜੀ ਵਾਲਿਆਂ ਦੇ ਘਰ ਮੋਹਰੇ ਗਿਆਰਾਂ ਕੁ ਵਜੇ ਬਰਾਤ ਦੀਆਂ ਦੋ ਕਾਰਾਂ ਆਈਆਂ। ਵਿਆਂਦੜ ਮੁੰਡੇ ਦੇ ਨਾਲ ਆਏ ਛੇ-ਸੱਤ ਕੁ ਬਰਾਤੀ ਸਿੱਧੇ ਗੁਰਦੁਆਰੇ ਭੇਜ ਦਿੱਤੇ...ਉੱਥੇ ਅਨੰਦ ਕਾਰਜ ਹੋਇਆ! ਲਾੜਾ ਤੇ ਲਾੜੀ ਇੱਥੋਂ ਗਏ ਕੁੜੀ ਦੇ ਘਰੇ, 'ਫੇਰਾ ਪਾਉਣ' ਦੀ ਰਸਮ ਕਰ ਕੇ 'ਡੋਲ਼ੀ' ਤੋਰੀ ਮੈਰਿਜ ਪੈਲਿਸ ਨੂੰ! ਉੱਥੇ ਜਾ ਕੇ ਹੋਈ 'ਮਿਲਣੀ' ਦੀ ਰਸਮ, ਮਗਰੋਂ ਚਾਹ ਪਕੌੜੇ! ਫਿਰ ਕੰਨ ਪਾੜਵੇਂ ਰਾਮ-ਰੌਲ਼ੇ ਵਿਚ ਨਾਚ-ਨਚੱਈਆ, ਟੱਪ-ਟਪੱਈਆ ਅਤੇ 'ਰੰਗ-ਬਰੰਗਾ' ਖਾਣ ਪੀਣ ਚੱਲਿਆ!!'

ਹੁਣ ਸੁਣੋ ਜੀ ਹੇਠਲੀ ਫੋਟੋ ਵਾਲ਼ੇ ਘਰ ਸੰਨ 1978-79 ਵਿਚ ਮੇਰੇ ਵਲੋਂ ਕਰਵਾਏ ਅਨੰਦ ਕਾਰਜ ਦੀ ਅੱਖੀਂ ਦੇਖੀ ਵਾਰਤਾ। ਸਾਡੇ ਗੁਆਂਢੀ ਪਿੰਡ ਅਟਾਰੀ ਦੇ ਇਸ ਪਰਿਵਾਰ ਦੀ



ਬੇਟੀ ਦਾ ਵਿਆਹ ਹੋਣਾ ਸੀ। ਵਿਹੜਾ ਛੋਟਾ ਹੋਣ ਕਰਕੇ ਆਂਢ-ਗੁਆਂਢ ਵਾਲ਼ੇ ਸੱਜਣ ਸਲਾਹਾਂ ਕਰਨ ਲੱਗੇ ਕਿ ਅਨੰਦ ਕਾਰਜ ਕਿਸੇ ਗੁਆਂਢੀ ਦੇ ਵਿਹੜੇ ਵਿਚ ਕਰ ਲੈਂਦੇ ਹਾਂ ਪਰ ਕੁੜੀ ਦੀ ਮਾਂ ਹੋਧਰੇ ਅਨੰਦ ਕਾਰਜ ਕਰਾਉਣ ਵਿਰੁੱਧ ਡਟ ਕੇ ਖਲੋ ਗਈ! ਕਹਿੰਦੀ ਮੈਂ ਆਪਣੀ ਧੀ ਦਾ 'ਕੰਨਿਆਂ ਦਾਨ' ਉਹਦੇ ਬਾਬਲ ਦੇ ਆਪਣੇ ਵਿਹੜੇ ਵਿਚ ਹੀ ਕਰਨਾ ਹੈ!

ਲਓ ਜੀ ਉਸੇ ਵੇਲੇ ਇਸ ਘਰ ਦੇ ਬਗ਼ਲ ਦੀਆਂ ਦੋਵੇਂ ਕੰਧਾਂ ਢਾਹ ਕੇ ਵਿਹੜਾ 'ਵਧਾਇਆ' ਗਿਆ। ਪਿੰਡ ਦੇ ਮੁੰਡਿਆਂ ਨੇ ਖੋਰੀ ਵਿਛਾ ਕੇ ਗੁਰਦੁਆਰਿਉਂ ਲਿਆ ਕੇ ਉੱਤੇ ਦਰੀਆਂ ਵਿਛਾਈਆਂ! ਇੱਥੇ ਹੀ ਮੈਂ ਅਨੰਦ ਕਾਰਜ ਕਰਵਾਇਆ, ਇੱਥੇ ਹੀ ਬਰਾਤ ਨੂੰ ਰੋਟੀ-ਪਾਣੀ ਛਕਾਇਆ ਅਤੇ ਇੱਥੋਂ ਹੀ ਸ਼ਾਮ ਨੂੰ ਬੇਟੀ ਦੀ ਡੋਲ਼ੀ ਤੋਰੀ ਗਈ ਸੀ!

# ਬਰੈਂਪਟਨ ਸ਼ਹਿਰ ਦੇ ਚਿੰਤਕਾਂ ਦੀ 'ਗੈਰ-ਸੰਜੀਦਾ' ਮਿਲਣੀ !



ਹਰਜੀਤ ਦਿਓਲ

ਪਿਛਲੇ ਸ਼ਨਿਚਰਵਾਰ ਸ਼ਹਿਰ ਦੇ ਉੱਘੇ 'ਸਾਹਿਤ ਪ੍ਰੇਮੀ ਅਤੇ ਸਮਾਜੀ ਚਿੰਤਕ' ਹਰਜੀਤ ਦਿਉਲ ਦੇ ਗਰੀਬਖਾਨੇ 'ਤੇ ਇਕੱਤਰ ਹੋਏ। ਕਿਸੇ ਕਿਤਾਬ ਦਾ ਇੱਕ ਸਫਾ ਵੀ ਜਿਸ ਕਦੇ ਲਿਖਿਆ ਨਹੀਂ ਤੇ ਇਸ ਦੇ ਬਾਵਜੂਦ ਆਪਣੇ ਆਪ ਨੂੰ ਲੇਖਕ ਹੋਣ ਦਾ ਭਰਮ ਪਾਲੀ ਬੈਠਾ ਦਿਉਲ ਇਸ ਸਭਾ ਦਾ ਮੇਜ਼ਬਾਨ ਸੀ। ਪਹਿਲੇ ਪੈੱਗ ਉਪਰੰਤ ਦਿਉਲ ਨੇ ਇਸ ਸਭਾ ਦੇ ਸੂਤਰਧਾਰ ਗੁਰਦਿਆਲ ਬੱਲ ਨੂੰ ਸਵਾਗਤੀ ਭਾਸ਼ਣ ਲਈ ਬੇਨਤੀ ਕੀਤੀ। ਜ਼ਾਹਿਰ ਹੈ ਇਸ ਲਈ ਭਰਵੀਂ ਹਾਜ਼ਰੀ ਨਾ ਸਹੀ 10/20 ਸੱਜਣ ਤਾਂ ਦਰਕਾਰ ਹੁੰਦੇ ਹੀ ਹਨ ਪਰ ਅਫਸੋਸ ਨਹੀਂ ਸਨ। ਸਰੋਤਿਆਂ ਦੀ ਗਿਣਤੀ ਵਿਚ ਇਜ਼ਾਫੇ ਲਈ ਮੇਜ਼ਬਾਨ ਨੇ ਆਪਣੀ ਸੁਪਤਨੀ ਨੂੰ ਇਸ ਮਨੋਰਥ ਲਈ ਅਰਜ਼ ਕੀਤੀ ਤਾ ਅੱਗੋਂ ਜਵਾਬ ਮਿਲਿਆ "ਖਾਣ ਪੀਣ ਦੀ ਪੂਰੀ ਸੇਵਾ ਕਰ ਦਿਆਂਗੀ ਪਰ ਇਸ ਖਲਜਗਣ ਵਿਚ ਮੈਨੂੰ ਨਾ ਘਸੀਟੋ। ਹੂੰਹ ਸਾਹਿਤ ਮਿਲਣੀ ਜੋ ਚੰਗੇ ਭਲੇ ਬੰਦੇ ਨੂੰ ਡਿਪਰੈਸ਼ਨ ਵਿਚ ਲੈ ਜਾਏ।" ਕੁਝ ਰੁਕ ਕੇ ਉਹ ਫਿਰ ਬੋਲੀ "ਹਾਂ ਜੇਕਰ ਕੁਝ ਲੇਖਕਾਵਾਂ ਮੌਜੂਦ ਹੁੰਦੀਆਂ ਮੈਂ ਉਨ੍ਹਾਂ ਨਾਲ ਇੰਡੀਆਂ ਤੋਂ ਨਵੇਂ ਲਿਆਂਦੇ ਸੂਟਾਂ ਬਾਰੇ ਭਖਵੀਂ ਚਰਚਾ ਕਰ ਸਕਦੀ ਸੀ।" ਟਕੇ ਜਿਹਾ ਜਵਾਬ ਸੁਣ ਚੁੱਪ ਰਹਿਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ ਸੋ ਅਸੀਂ ਸਮਾਗਮ ਚਾਲੂ ਰੱਖਿਆ।

ਉੱਘੇ ਚਿੰਤਕ ਲੇਖਕ ਪ੍ਰੋ. ਨਾਹਰ ਸਿੰਘ ਨੇ ਜੋ ਹਰ ਵਿਸ਼ੇ 'ਤੇ ਭਰਪੂਰ ਜਾਣਕਾਰੀ ਰੱਖਦੇ ਹਨ, ਗੁਰੂ ਨਾਨਕ ਅਤੇ ਸਿੱਖ ਫਲਸਫੇ 'ਤੇ ਬੜੀ ਸਟੀਕ ਜਾਣਕਾਰੀ ਸਾਂਝੀ ਕੀਤੀ ਪਰ ਅੱਜਕਲ੍ਹ ਜਦ ਹਰ ਐਰਾ-ਗੈਰਾ ਆਪਣੇ ਆਪ ਨੂੰ ਸਿੱਖ ਧਰਮ ਦਾ ਆਪੂੰ ਬਣਿਆ ਰਖਵਾਲਾ ਗਰਦਾਨਦਾ ਹੈ ਇਸ ਵੱਡਮੁੱਲੀ ਜਾਣਕਾਰੀ ਨੂੰ ਆਮ ਲੋਕਾਂ ਵਿਚ ਸਾਂਝੀ ਕਰਨਾ ਘੱਟ ਖਤਰਨਾਕ ਨਹੀਂ। ਕਿਸੇ ਸਮੇਂ ਵੀ ਸੋਧਾ ਲੱਗ ਸਕਦਾ ਹੈ। ਸਾਰੇ ਜਾਣਦੇ ਹਨ ਕਿ ਬਲਰਾਜ ਚੀਮਾ ਉੱਘੇ ਲੇਖਕ ਪੱਤਰਕਾਰ ਹਨ ਜੋ ਜ਼ਿਆਦਾ ਸਮਾਂ ਚੁੱਪ ਰਹਿ ਹਾਲਾਤ ਦਾ ਜਾਇਜ਼ਾ ਲੈਂਦੇ ਰਹੇ। ਮਸ਼ਹੂਰ ਸ਼ਖਸੀਅਤ ਬਲਦੇਵ ਦੂਹਰੇ ਆਪਣਾ ਆਈ ਕਾਰਡ ਨਾਲ ਹੀ ਰੱਖਦੇ ਹਨ। ਪੁੱਛਣ 'ਤੇ ਉਨ੍ਹਾਂ ਦੱਸਿਆ ਪਈ ਮੈਂ ਸ਼ਰਾਬ ਨਹੀਂ ਪੀਂਦਾ ਤੇ ਸ਼ਰਾਬ ਪੀਣ ਵਾਲਿਆਂ 'ਤੇ ਇਸ ਕਰਕੇ ਭਰੋਸਾ ਨਹੀਂ ਕਰਦਾ ਕਿ ਕਿਤੇ ਇਹ ਸ਼ਰਾਬੀ ਨਸ਼ੇ ਵਿਚ ਮੈਨੂੰ ਪਛਾਨਣੋਂ ਹੀ ਨਾ ਹਟ ਜਾਣ। ਇਸ 'ਤੇ ਬਲਰਾਜ ਚੀਮਾ ਆਖਿਆ ਕਿ ਇਸ



ਕਾਰਜ ਲਈ ਹੀ ਮੈਂ ਆਪਣੀ ਛੜੀ (ਸੋਟੀ) ਹਮੇਸ਼ਾ ਆਪਣੇ ਨਾਲ ਹੀ ਰੱਖਦਾ ਹਾਂ ਸ਼ਰਾਬੀ ਹੋਇਆਂ ਨੂੰ ਸੋਧਣਾ ਚੰਗੀ ਤਰ੍ਹਾਂ ਜਾਣਦਾ ਹਾਂ।

ਪੰਜਾਬੀ ਵਿਚ ਪਾਠਕਾਂ ਦੀ ਲਗਾਤਾਰ ਘਟ ਰਹੀ ਦਿਲਚਸਪੀ ਨੂੰ ਮੱਦੇ ਨਜ਼ਰ ਰੱਖ ਦੋ ਮਿੰਟਾਂ ਦਾ ਮੌਨ ਰੱਖ ਅਗਲੇ ਪੈੱਗ ਨਾਲ ਇਸ ਨਾ ਸਹਿਣਯੋਗ ਗਮ ਨੂੰ ਭੁਲਾਉਣ ਦਾ ਯਤਨ ਕੀਤਾ ਗਿਆ। ਫੇਰ ਇਹ ਤੈਅ ਕੀਤਾ ਗਿਆ ਕਿ ਕਿਸਾਨ ਅੰਦੋਲਨ ਵਾਂਗ ਪੰਜਾਬੀ ਦੇ ਸਾਰੇ ਲੇਖਕ ਇੱਕ ਅੰਦੋਲਨ ਵਿੱਢ ਲੈਣ ਜਿਸ ਵਿਚ ਲੇਖਕਾਂ ਦੀ ਲਗਾਤਾਰ ਘਟ ਰਹੀ ਅਹਿਮੀਅਤ ਬਾਰੇ ਸਰਕਾਰ ਤੋਂ ਠੋਸ ਕਾਰਵਾਈ ਦਾ ਭਰੋਸਾ ਲਿਆ ਜਾਵੇ। ਜੇ ਕਿਸਾਨ ਅੰਨਦਾਤਾ ਹੈ ਤਾਂ ਸਾਹਿਤਕਾਰ ਸਾਹਿਤ ਰਚ ਮਨੁੱਖ ਨੂੰ ਮਨੁੱਖ ਬਣੇ ਰਹਿਣ ਲਈ ਪ੍ਰੇਰਦਾ ਹੈ। ਨਵੀ ਜੈਨਰੇਸ਼ਨ ਜੇ ਸਾਹਿਤ ਵੱਲ ਰੁਚਿਤ ਨਹੀਂ ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਉਹ ਲੇਖਕਾਂ ਦੀਆਂ ਪੁਸਤਕਾਂ ਖਰੀਦ ਸਾਹਿਤ ਨੂੰ ਜਿਉਂਦਾ ਰੱਖਣ ਦਾ ਉਪਰਾਲਾ ਕਰੇ। ਉਂਝ ਸਪਸ਼ਟ ਹੈ ਇਸ ਬਾਰੇ ਰਾਜਨੀਤਕਾਂ ਵੱਲੋਂ ਕੁਝ ਵੀ ਹੋਣ ਹਵਾਣ ਵਾਲਾ ਨਹੀਂ ਪਰ ਹੰਭਲਾ ਮਾਰਨ ਵਿਚ ਕੀ ਹਰਜ਼ ਹੈ? ਜਬ ਤੱਕ ਸਾਂਸ ਤਬ ਤਕ ਆਸ। ਗੁਰਦਿਆਲ ਬੱਲ ਕੋਲੋਂ ਆਪਣੀ ਆਦਤ ਅਨੁਸਾਰ 'ਸੰਜੀਦਾ ਗੱਲਾਂ' ਕਰਨ ਤੋਂ ਰਿਹਾ ਨਾ ਗਿਆ। ਉਸ ਨੇ ਪਹਿਲਾਂ ਤਾਂ ਪੰਜਾਬੀ ਟ੍ਰਿਬਿਊਨ ਦੇ ਟਰੱਸਟੀਆਂ ਵਲੋਂ ਕੁਝ ਸਮਾਂ ਪਹਿਲਾਂ ਇਤਰਾਜ਼ਯੋਗ ਤਰੀਕੇ ਨਾਲ ਨੌਕਰੀ ਤੋਂ ਵੱਖ ਕੀਤੇ ਗਏ ਬਹੁਤ ਹੀ ਜ਼ਹੀਨ ਸੰਪਾਦਕ ਸਵਰਾਜਬੀਰ ਦੇ ਯਾਦਗਾਰੀ ਸੰਪਾਦਕੀ ਲੇਖਾਂ ਤੇ ਲਿਖਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਸ ਵਲੋਂ ਪ੍ਰਗਟਾਏ ਵਿਚਾਰਾਂ ਦੀ ਬਜ਼ੁਰਗ ਬਲਰਾਜ ਚੀਮਾ ਵਲੋਂ ਤਾੜੀਆਂ ਮਾਰ ਕੇ ਤਾਈਦ ਕੀਤੀ ਗਈ। ਫਿਰ ਬੱਲ ਨੇ ਪਿੱਛੇ ਜਿਹੇ ਬੇਵਕਤ ਚਲਾਣਾ ਕਰ ਗਏ ਪੰਜਾਬੀ ਦੇ ਚਰਚਿਤ ਕਹਾਣੀਕਾਰ ਸੁਖਜੀਤ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਦੱਸਿਆ ਕਿ ਉਹ ਆਪਣੀ ਪੰਜਾਬੀ ਡੇਰਿਆਂ ਨੂੰ ਬੇਪਰਦ ਕਰਦੀ ਸਵੈ ਜੀਵਨੀਨੁਮਾ ਪੁਸਤਕ 'ਮੈਂ ਜੈਸਾ ਹੂੰ, ਮੈਂ ਵੈਸਾ ਕਿਉਂ ਹੂੰ' ਉਸ ਨੂੰ ਪੜ੍ਹਨ ਦੀ ਸਿਫਾਰਸ਼ ਕਰ ਗਏ। ਮਹਿਫਿਲ ਬਰਖਾਸਤਗੀ ਵੇਲੇ ਸਭ ਸੱਜਣਾਂ ਦੇ ਚਿਹਰਿਆਂ 'ਤੇ ਪੰਜਾਬੀ ਸਾਹਿਤ ਲਈ ਦਰਦਮੰਦੀ ਸਾਫ ਦਿਸ ਰਹੀ ਸੀ।

# ਖੜ੍ਹ ਕੇ ਵੇਖ ਸੱਜਣਾਂ ਸਟੇਜ 'ਤੇ ਪੰਜਾਬ ਨੱਚਦਾ...

**ਸ਼ਿਕਾਗੋ: (ਸੁਰਿੰਦਰ ਸਿੰਘ ਭਾਟੀਆ):**
'ਨੱਚ ਨੱਚ ਕੇ ਸਾਰੇ ਇਹ ਧਰਤ ਹਿਲਾਈ ਜਾਂਦੇ ਨੇ
ਢੱਗ, ਢੋਲ 'ਤੇ ਚੋਬਰ ਝੂੰਮਰਾਂ ਪਾਈ ਜਾਂਦੇ ਨੇ।,
ਖੜ ਕੇ ਵੇਖ ਸੱਜਣਾਂ ਸਟੇਜ 'ਤੇ ਪੰਜਾਬ ਨੱਚਦਾ
ਉਹ ਵੇਖ ਪੰਜਾਬੀ ਲੁੱਡੀ ਪਾਏ ਜਾਂਦੇ ਨੇ।'

ਕਿਧਰੇ ਨਿੱਕੇ ਨਿੱਕੇ ਬੱਚੇ ਤੁਰਲਿਆਂ ਵਾਲੀਆਂ ਪੱਗਾਂ ਤੇ ਨਿੱਕੇ ਨਿੱਕੇ ਚਾਦਰੇ ਲਾਈ ਨਜ਼ਰੀਂ ਪੈਂਦੇ ਸਨ, ਕਿਧਰੇ ਮੁਟਿਆਰਾਂ ਰਵਾਇਤੀ ਭੰਗੜੇ ਤੇ ਗਿੱਧੇ ਵਾਲੀਆਂ ਪੁਸ਼ਾਕਾਂ ਪਾਈ ਮਾਹੌਲ ਵਿਚ ਨਿਵੇਕਲਾ ਸਭਿਆਚਾਰਕ ਰੰਗ ਭਰ ਰਹੀਆਂ ਸਨ ਤੇ ਕਿਧਰੇ ਗੱਭਰੂ ਗੀਤ-ਸੰਗੀਤ ਦੀ ਤਿਆਰੀ ਖਿੱਚ ਰਹੇ ਸਨ।

ਇਹ ਅਦਭੁਤ ਨਜ਼ਾਰਾ ਸੀ ਭੰਗੜਾ ਰਾਈਮਜ਼ ਵਲੋਂ ਕਰਵਾਏ 'ਵਿਰਸਾ -24' ਦੇ ਅੰਤਰ ਲੋਕ ਨਾਚ ਮੁਕਾਬਲੇ ਦਾ, ਜਿਹੜਾ 2 ਮਾਰਚ 2024 ਨੂੰ ਪੈਲਾਟਾਈਨ ਦੇ ਕਟਿੰਗ ਹਾਲ ਵਿਚ ਹੋਇਆ। ਇਸ ਵਿਚ 12 ਟੀਮਾਂ ਤੇ ਲਗਪਗ 200 ਦੇ ਕਰੀਬ ਬੱਚਿਆਂ, ਨੌਜਵਾਨਾਂ, ਤੇ ਮੁਟਿਆਰਾਂ ਨੇ ਹਿੱਸਾ ਲਿਆ, ਜਿਨ੍ਹਾਂ ਹਾਲ ਨੂੰ ਪੰਜਾਬੀ ਸਭਿਆਚਾਰ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗ ਦਿੱਤਾ। ਪ੍ਰੋਗਰਾਮ ਵਿਚ ਦੋ ਗੈਸਟ ਆਈਟਮਾਂ ਤੇ ਮਲਵਈ ਗਿੱਧਾ ਦੀ ਪੇਸ਼ਕਾਰੀ ਲਾਜਵਾਬ ਸੀ। ਕਰੀਬ 2 ਘੰਟੇ ਹਾਲ ਵਿਚ ਹਰ ਆਈਟਮ 'ਤੇ ਤਾੜੀਆਂ ਦੀ ਰਜਵੀਂ ਗੜਗੜਾਹਟ ਹੋਈ। 500 ਤੋਂ ਵੱਧ ਆਏ ਦਰਸ਼ਕਾਂ ਨੇ ਇਸ ਪ੍ਰੋਗਰਾਮ ਦਾ

ਸਨ। ਬਿਆਸ ਦੀ ਟੀਮ ਨੇ ਖੂਬਸੂਰਤ ਰਵਾਇਤੀ ਪੁਸ਼ਾਕਾਂ ਵਿਚ ਗਾਣੇ 'ਵੈਰੀ ਜੁੱਤੀ ਤੋਂ ਮਿੱਟੀ ਵਾਂਗੂ ਝਾੜ ਕੇ ਰੱਖੀ ਦੇ', 'ਮਾੜੀ ਸੋਚ ਅੱਗੇ ਸਿਰ ਨਹੀਂ ਝੁਕਾਉਂਦੇ' ਤੇ 'ਸ਼ਾਨਦਾਰ ਬੰਦਿਆਂ ਨਾਲ ਰਹਿੰਦੇ ਹਾਂ' 'ਤੇ ਸ਼ਾਨਦਾਰ ਪੇਸ਼ਕਾਰੀ ਕਰ ਕੇ ਦਰਸ਼ਕਾਂ ਦੀਆਂ ਖੂਬ ਤਾੜੀਆਂ ਹਾਸਿਲ ਕੀਤੀਆਂ।




ਸਤਲੁਜ ਟੀਮ ਦੇ ਕਲਾਕਾਰਾਂ ਨੇ 'ਬਿਲੋਰੀ ਕੱਚ ਦੀ', 'ਸੋਹਣੇ ਲੱਗਦੇ ਸਰਦਾਰ ਖੜ੍ਹੇ ਨੇ' ਤੇ 'ਹੁਸਨਾਂ ਦੇ ਟੋਲੇ ਪੱਬਾਂ ਭਾਰ ਖੜੇ ਨੇ', 'ਖੰਡੇ ਦੀ ਧਾਰ 'ਤੇ ਨੱਚਦੀ ਜਵਾਨੀ' ਗੀਤਾਂ 'ਤੇ ਭੰਗੜਾ ਪਾ ਕੇ ਬੱਲੇ- ਬੱਲੇ ਕਰਵਾਈ। ਦਰਸ਼ਕਾਂ ਨੇ ਦਿਲ ਖੋਲ੍ਹ ਕੇ ਦਾਦ ਦਿੱਤੀ। ਰਾਵੀ ਦੀ ਟੀਮ ਨੇ ਗਾਣੇ 'ਮੈਨੂੰ ਮੇਰੇ ਪਿੰਡ ਦੀ

ਖੂਬਸੂਰਤੀ ਨਾਲ ਪੇਸ਼ ਕੀਤਾ ਕਿ ਦਰਸ਼ਕ ਵਾਹ-ਵਾਹ ਕਰ ਉਠੇ।

ਲਾਹੌਰ ਟੀਮ ਨੇ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ', 'ਜਦ ਮਰਜ਼ੀ ਦੇਖ ਲਈਂ ਆ ਕੇ', 'ਗੱਭਰੂ ਪਾਉਣ ਭੰਗੜੇ ਲੋਕ ਕਹਿਣ ਅਸ਼ਕੇ' ਆਦਿ ਗੀਤਾਂ ਉਤੇ ਭੰਗੜਾ ਪਾ ਕੇ ਦਰਸ਼ਕਾਂ ਦਾ ਦਿਲ ਲੁੱਟ ਲਿਆ।

ਸਿਆਲਕੋਟ ਦੀ ਟੀਮ ਨੇ 'ਭੰਗੜੇ ਵਿਚ ਕੱਢ ਦੇ ਕੜਾਕੇ ਢੋਲੀਆਂ', 'ਨੱਚ ਨੱਚ ਕੇ ਸਾਰੇ ਧਰਤ ਹਿਲਾਈ ਜਾਂਦੇ ਨੇ' 'ਮੁੰਡਿਆਂ ਦਾ ਝੁੰਡ ਖਿੜ ਖਿੜ ਹੱਸਦਾ', 'ਰਲ ਮਿਲ ਕੇ ਚੋਬਰਾਂ ਪਾਈਆਂ ਬੋਲੀਆਂ'

'ਆਜਾ ਵੇਖ ਲੈ ਪੰਜਾਬ ਨੱਚਦਾ' ਆਦਿ ਗੀਤਾਂ 'ਤੇ ਕੁੜੀਆਂ-ਮੁੰਡਿਆਂ ਦੀ ਸਾਂਝੀ ਭੰਗੜਾ ਟੀਮ ਨੇ ਲੋਕ ਨਾਚਾਂ ਦੀ ਕਮਾਲ ਦੀ ਪੇਸ਼ਕਾਰੀ ਕਰ ਕੇ ਦਮਦਾਰ ਭੰਗੜਾ ਪੇਸ਼ ਕਰਕੇ ਮੇਲਾ ਲੁੱਟ ਲਿਆ।

ਭੰਗੜੇ ਦੇ ਕੋਚ ਅਮਨ ਕੁਲਾਰ ਨੇ ਸਾਰੇ ਕਲਾਕਾਰਾਂ ਦੇ ਨਾਂ ਦਰਸ਼ਕਾਂ ਨਾਲ ਸਾਂਝੇ ਕੀਤੇ ਤੇ ਭੰਗੜੇ ਦਾ ਇਤਿਹਾਸ ਦੱਸਦਿਆਂ ਦਰਸ਼ਕਾਂ ਦੇ ਗਿਆਨ ਵਿਚ ਵਾਧਾ ਕੀਤਾ ਕਿ ਭੰਗੜਾ ਸਿਆਲਕੋਟ ਤੋਂ ਸ਼ੁਰੂ ਹੁੰਦਾ ਹੋਇਆ ਮੁਲਤਾਨ, ਲਾਹੌਰ, ਗੁਰਦਾਸਪੁਰ ਤੇ ਬਾਅਦ ਵਿਚ ਪਹਿਲੀ ਵਾਰ ਪਟਿਆਲੇ ਪਿਆ ਸੀ। ਜਦੋਂ ਤੱਕ ਅਗਲੀ ਆਈਟਮ ਮਲਵਈ ਗਿੱਧਾ ਤਿਆਰ ਹੋ ਰਹੀ ਸੀ, ਉਸ ਦੌਰਾਨ ਸ਼ਿਕਾਗੋ ਦੀ ਸਥਾਨਕ ਸੁਖਵਨਰ ਸੰਸਥਾ ਦੇ ਬਾਨੀ ਸ਼ਾਇਰ ਰਸ਼ੀਦ ਨੇ ਕਿਹਾ ਕਿ ਭੰਗੜਾ ਰਾਈਮਜ਼ ਦਾ ਇਹ ਬਹੁਤ ਹੀ ਖੂਬਸੂਰਤ ਉਪਰਾਲਾ ਹੈ। ਉਨ੍ਹਾਂ ਦੱਸਿਆ ਕਿ

ਗਿੱਧੇ ਵਾਲੇ ਮੁੰਡਿਆਂ ਨੇ ਬੋਲੀਆਂ
'ਆਰੀ ਆਰੀ ਆਰੀ,
ਮੁੰਡਾ ਮੇਰਾ ਰੋਵੇ ਅੰਬ ਨੂੰ,
ਤੂੰ ਕਾਹਦਾ ਪਟਵਾਰੀ,
ਲੱਡੂਆਂ ਨੂੰ ਚਿੱਤ ਕਰਦਾ,
ਤੇਰੀ ਕੀ ਮੁੰਡਿਆ ਸਰਦਾਰੀ...।
'ਜੇਠ ਵੇਖੇ ਘੂਰ ਘੂਰ ਮੇਰੇ ਸਿਰ ਸੂਹੀ ਫੁਲਕਾਰੀ,
ਅੱਖ ਵਿਚ ਤੇਲ ਪੈ ਗਿਆ,
ਟੁੱਟ ਪੈਣੇ ਨੇ ਜਲੇਬੀ ਮਾਰੀ।'
'ਬੂਲੇ ਵਾਂਗ ਯਾਰ ਮਨਾਈਏ, ਪੈਰੀਂ ਘੁੰਗਰੂ ਪਾ ਕੇ'
'ਬੋਲੀ ਨਹੀਂ ਕੋਈ ਦੁਆਬੇ ਵਰਗੀ,
'ਦੇਸ ਪੰਜਾਬ ਦੀਆਂ ਖੜ ਕੇ ਬੋਲੀਆਂ ਪਾਵਾਂ',
'ਗਿੱਧਾ ਗਿੱਧਾ ਕਰੇਂ ਮੇਲਣੇ...।

ਨਾਲ ਮਲਵਈ ਸੱਭਿਆਚਾਰ ਦਾ ਇਕ ਖਾਸ ਰੰਗ ਪੇਸ਼ ਕੀਤਾ। ਇਨ੍ਹਾਂ ਦੀ ਜ਼ਬਰਦਸਤ ਪੇਸ਼ਕਾਰੀ ਨੇ ਦਰਸ਼ਕਾਂ ਦਾ ਮਨ ਲੁੱਟ ਲਿਆ। ਦੇਰ ਤੱਕ ਵੱਜਦੀਆਂ ਜ਼ੋਰਦਾਰ ਤਾੜੀਆਂ ਇਸ ਗੱਲ ਦਾ ਸਬੂਤ ਸਨ ਕਿ ਵਾਕਿਆ ਹੀ ਇਸ ਗੈਸਟ ਆਈਟਮ ਨੇ ਪ੍ਰੋਗਰਾਮ ਨੂੰ ਚਾਰ ਚੰਦ ਲਾ ਦਿੱਤੇ। ਹਰ ਟੀਮ ਮੈਂਬਰ ਦੀ ਬੋਲੀ ਦਾ ਅੰਦਾਜ਼-ਏ ਬਿਆਂ ਕਾਬਿਲੇ ਤਾਰੀਫ ਸੀ।

ਮਲਵਈ ਗਿੱਧੇ ਦੀ ਟੀਮ ਵਿਚ ਅਮਰੀਕ ਪਾਲ ਸਿੰਘ, ਇੰਦਰਜੀਤ ਸਿੰਘ ਸੇਖੋਂ, ਗੁਰਮੀਤ ਸਿੰਘ ਕਲਸੀ, ਮੀਤ ਬਰਾੜ, ਮਨਪ੍ਰੀਤ ਸਿੰਘ ਰੂਪਲ, ਦਵਿੰਦਰ ਘੜਿਆਲ, ਸੁਖਪਾਲ ਸਿੰਘ ਗਿੱਲ, ਮਨਦੀਪ ਸਿੰਘ ਤੇ ਅੰਮ੍ਰਿਤ ਪਾਲ ਸਿੰਘ ਮਾਂਗਟ ਸਨ।

ਰਵਾਇਤੀ ਪੰਜਾਬੀ ਪਹਿਰਾਵੇ ਅਤੇ ਪੰਜਾਬੀ ਗਹਿਣਿਆਂ ਨਾਲ ਸਜੇ-ਫਬੇ ਤੀਸਰੇ ਗਰੁੱਪ ਦੀ ਪਹਿਲੀ ਟੀਮ 'ਦੁਆਬਾ' ਨੇ 'ਪਾਰ ਰਾਵੀ ਦੇ ਜਾਈਏ', 'ਚਾਰ ਦਿਨਾਂ ਦੀ ਜਿੰਦੜੀ ਮਾਹੀ, ਕਿਤੇ ਵਿਛੜੇ ਹੀ ਨਾ ਮਰ ਜਾਈਏ', 'ਵਗਦੀ ਮਿੱਠੀ ਪੌਣ ਪੂਰੇ ਦੀ', ਰਲ ਮਿਲ ਝੂਮਰ ਪਾਈਏ' ਲੋਕ ਨਾਚ ਨਾਲ ਧਰਤੀ ਪੁੱਟਣ ਲਾ ਦਿੱਤੀ।

'ਮਾਝਾ' ਟੀਮ ਵਿਚ ਸਾਰੀਆਂ ਮੁਟਿਆਰਾਂ ਸਨ, ਜਿਨ੍ਹਾਂ ਨੇ ਲੁੱਡੀ ਪੇਸ਼ ਕੀਤੀ। ਇਨ੍ਹਾਂ ਟੀਮਾਂ ਦੀਆਂ ਕਲਾਕਾਰ ਕੁੜੀਆਂ ਰੰਗ-ਬਿਰੰਗੀਆਂ ਰਵਾਇਤੀ ਪੁਸ਼ਾਕਾਂ, ਕਢਾਈਦਾਰ ਸੂਟਾਂ, ਚੁੰਨੀਆਂ-ਫੁਲਕਾਰੀਆਂ, ਰੰਗ-ਬਿਰੰਗੀਆਂ ਚੂੜੀਆਂ, ਡੋਰੀਏ,




ਅਨੰਦ ਮਾਣਿਆ। ਪੂਰਾ ਪ੍ਰੋਗਰਾਮ ਸੋਲਡ ਆਊਟ ਸੀ, ਕੁਝ ਦਰਸ਼ਕਾਂ ਨੇ ਖੜ੍ਹ ਕੇ ਪ੍ਰੋਗਰਾਮ ਦਾ ਆਨੰਦ ਮਾਣਿਆ।

ਮੰਚ ਸੰਚਾਲਕ ਗੁਰਮੁਖ ਭੁੱਲਰ ਕਹਿੰਦੇ, 'ਸ਼ਿਕਾਗੋ ਵਿਚ ਮੈਂ ਲੁੱਡੀ ਪੈਂਦੀ ਨਹੀਂ ਵੇਖੀ ਪਰ ਇਨ੍ਹਾਂ ਨੇ ਸਟੇਜ ਲੁੱਡੀ, ਝੂਮਰ ਤੇ ਮਲਵਈ ਗਿੱਧੇ, ਭੰਗੜੇ ਦੀ ਉਹ ਧਮਾਲ ਪਾਈ ਕਿ ਧਨੀ ਰਾਮ ਚਾਤ੍ਰਿਕ ਦਾ ਇਹ ਬੰਦ ਚੇਤੇ ਆਉਂਦਾ ਹੈ: 'ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ ਕੱਛੇ ਮਾਰ ਵੰਝਲੀ ਅਨੰਦ ਛਾ ਗਿਆ, ਮਾਰਦਾ ਦਮਾਮੇ ਜੱਟ ਮੇਲੇ ਆ ਗਿਆ...।'

ਯਾਦ', 'ਭੰਗੜਾ ਪਾਉਂਦੇ ਹੱਥ ਮਾਰਦੇ ਪੱਟਾਂ 'ਤੇ', 'ਕੈਂਠੇ ਫਬਦੇ ਵੇਖ ਬੱਲੀਏ' 'ਤੇ ਕਮਾਲ ਦੀਆਂ ਅਦਾਵਾਂ ਨਾਲ ਭੰਗੜਾ ਪਾਇਆ, ਜਿਸ ਨੂੰ ਖੂਬ ਸਲਾਹਿਆ ਗਿਆ।

ਰੰਗ-ਬਿਰੰਗੇ ਖੂਬਸੂਰਤ ਸੂਟਾਂ ਤੇ ਲਹਿੰਗਿਆਂ ਵਿਚ ਸਜੀਆਂ ਪੰਜਾਬਣ ਮੁਟਿਆਰਾਂ ਤੇ ਬੱਚੀਆਂ ਨੇ ਵੀ ਬਹਿਜਾ-ਬਹਿਜਾ ਕਰਵਾ ਦਿੱਤੀ।

ਮੰਚ ਸੰਚਾਲਕ ਗੁਰਮੁਖ ਭੁੱਲਰ ਨੇ ਵੀ ਆਪਣੀ ਸ਼ੇਅਰੋ-ਸ਼ਾਇਰੀ ਨਾਲ ਮਾਹੌਲ ਨੂੰ ਕਾਵਿਮਈ ਬਣਾਈ ਰੱਖਿਆ। ਉਨ੍ਹਾਂ ਆਪਣੀਆਂ ਕੁਝ ਕਾਵਿ ਵੰਨਗੀਆਂ 'ਮਾਵਾਂ ਦੱਸਦੀਆਂ ਪੁੱਤਾਂ ਨੂੰ



ਉਹ ਲਾਹੌਰ ਤੋਂ ਹਨ ਤੇ ਸਾਡਾ ਸਾਂਝਾ ਹੀ ਸਭਿਆਚਾਰ ਹੈ। ਉਨ੍ਹਾਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਆਪਸੀ ਸਾਂਝ ਬਾਰੇ ਕਿਹਾ ਕਿ ਖੁਸ਼ੀ ਦੇ ਮੌਕੇ ਵਿਚ ਭੰਗੜਾ ਪਾਇਆ ਜਾਂਦਾ ਹੈ। ਉਹ ਵੀ ਕਾਲਜ ਵਿਚ ਖੁਸ਼ੀ ਮੌਕੇ ਭੰਗੜਾ ਪਾਉਂਦੇ ਰਹੇ ਹਨ ਤੇ ਭੰਗੜਾ ਰਾਈਮਜ਼ ਬੱਚਿਆਂ ਨੂੰ ਆਪਣੇ ਵਿਰਸੇ ਤੇ ਸਭਿਆਚਾਰ ਨਾਲ ਜੋੜ ਰਿਹਾ ਹੈ। ਉਨ੍ਹਾਂ ਆਪਣੀ ਲਿਖੀ ਕਵਿਤਾ 'ਉਹ ਕਰਮਾਂ ਵਾਲਿਆ ਸ਼ਰਮਾ ਰੱਖ, ਇਸ ਤਰ੍ਹਾਂ ਦੀਆਂ ਖੈਰਾਂ ਮੰਗਦੇ ਹਾਂ, ਸਾਡਾ ਭਰਿਆ ਮੇਲਾ ਭਰਿਆ ਰੱਖ, ਇਸ ਤਰ੍ਹਾਂ ਦੀਆਂ ਦੁਆਵਾਂ ਮੰਗਦੇ ਹਾਂ' ਵੀ ਸੁਣਾਈ। ਸਰੋਤਿਆਂ ਨੇ ਭਰਪੂਰ ਤਾੜੀਆਂ

ਸੱਗੀਫੁਲ ਤੇ ਹੋਰ ਹਾਰ ਹਮੇਲਾਂ ਨਾਲ ਸਜੀਆਂ ਹੋਈਆਂ ਸਨ। ਵਿਰਸੇ ਦੀ ਬਾਤ ਪਾਉਂਦੇ ਇਸ ਲੋਕ ਨਾਚ ਨੇ ਦਰਸ਼ਕਾਂ ਦੀ ਵਾਹ-ਵਾਹ ਖੱਟੀ।

ਇਸ ਲੋਕ ਨਾਚ ਮੁਕਾਬਲੇ ਦੀ ਆਖਰੀ ਟੀਮ ਸੀ 'ਮਾਲਵਾ' ਜਿਸ ਨੇ 'ਜੁਗ ਜੁਗ ਜੀਵੇ ਮੇਰਾ ਬਾਬਲ, ਜਿਨ੍ਹੇ ਲੜ੍ਹ ਤੇਰੇ ਮੈਂ ਲਾਈ', ਜੇ ਹੱਕ ਵੇ ਜਤਾਉਣਾ ਜੱਟੀ 'ਤੇ ਲੈ ਜਾਈਂ ਬਣ ਕੇ ਸੋਹਣਿਆਂ ਸਿਹਰੇ' 'ਤੇ ਪੇਸ਼ਕਾਰੀਆਂ ਦਿੱਤੀਆਂ। ਇਨ੍ਹਾਂ ਕਲਾਕਾਰਾਂ ਦੀਆਂ ਕਮਾਲ ਦੀਆਂ ਅਦਾਵਾਂ ਸਨ, ਪੰਜਾਬੀ ਠੁੱਕ ਨਾਲ ਫਬਵੇਂ ਕੰਨੀਦਾਰ ਚਾਦਰੇ, ਖੁੱਲ੍ਹੇ ਕਢਾਈਦਾਰ ਕੁੜਤੇ,





ਇਨ੍ਹਾਂ ਪੇਸ਼ਕਾਰੀਆਂ ਨੇ ਕਾਲਜ ਦੇ ਦਿਨਾਂ ਦੀ ਯਾਦ ਕੁਝ ਲੋਕਾਂ ਦੇ ਚੇਤਿਆਂ ਵਿਚ ਉਭਾਰ ਦਿੱਤੀ। ਯੂਥ ਫੈਸਟੀਫਲ ਵਿਚ ਜਾਂ ਪਿੰਡ ਦੇ ਮੇਲੇ, ਸੱਥ ਵਿਚ ਪੈਂਦੀ ਲੁੱਡੀ, ਝੂਮਰ ਤੇ ਮਲਵਈ ਗਿੱਧੇ ਦੇ ਦਿਨ ਯਾਦ ਆ ਗਏ।

ਇਹ ਲੋਕ ਨਾਚਾਂ ਦਾ ਨਿਵੇਕਲਾ ਅਸਾਧਾਰਨ ਸੱਭਿਆਚਾਰਕ ਸ਼ੋਅ ਸੀ, ਜਿਸ ਦੀਆਂ ਸਾਰੀਆਂ ਪੇਸ਼ਕਾਰੀਆਂ ਨੇ ਦਰਸ਼ਕਾਂ ਨੂੰ ਕੀਲ ਲਿਆ, ਉਹ ਵਜਦ ਵਿਚ ਆ ਗਏ ਤੇ ਮਾਹੌਲ ਜਾਦੂਈ ਨਜ਼ਰ ਬਣਿਆ ਲੱਗ ਰਿਹਾ ਸੀ। ਇਹ ਉੱਤਮਤਾ ਦਾ ਮਿਸਾਲੀ ਪ੍ਰਦਰਸ਼ਨ ਸੀ।

ਭੰਗੜਾ ਰਾਈਮਜ਼ ਅਕੈਡਮੀ ਦੇ ਰੂਹ-ਏ-ਰਵਾਂ ਅਮਨ ਕੁਲਾਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਲੋਕ ਨਾਚਾਂ ਦੀ ਲੜੀ ਦੀ ਸ਼ੁਰੂਆਤ ਕਰਦਿਆਂ ਛੋਟੇ ਬੱਚਿਆਂ ਤੇ ਬੱਚੀਆਂ ਦੇ ਗਰੁੱਪ ਨੇ ਗੈਸਟ ਆਈਟਮ ਦੇ ਤੌਰ 'ਤੇ ਖੂਬਸੂਰਤ ਭੰਗੜਾ ਪੇਸ਼ ਕਰਕੇ ਖੂਬ ਦਾਦ ਖੱਟੀ।

ਪਹਿਲੇ ਗਰੁੱਪ ਵਿਚ ਟੀਮ ਸਤਲੁਜ, ਬਿਆਸ ਤੇ ਰਾਵੀ

ਕੀ ਪੱਗਾਂ ਦਾ ਮੁੱਲ ਹੁੰਦਾ, ਚੁੰਨੀਆਂ ਸਿਰਾਂ 'ਤੇ ਲੈਣੀਆਂ ਧੀਆਂ ਨੂੰ ਸਿਖਾਉਂਦੀਆਂ ਨੇ' ਪੇਸ਼ ਕੀਤੀਆਂ।

ਦੂਜੇ ਗਰੁੱਪ ਵਿਚ 11 ਤੋਂ 16 ਸਾਲ ਉਮਰ ਦੇ ਬੱਚੇ ਸ਼ਾਮਲ ਸਨ, ਜਿਸ ਵਿਚ ਚਾਰ ਟੀਮਾਂ -

ਮੁਲਤਾਨ, ਪਟਿਆਲਾ, ਲਾਹੌਰ ਤੇ ਸਿਆਲਕੋਟ ਸ਼ਾਮਨ ਸਨ। ਗੁਰਮੁਖ ਭੁੱਲਰ ਨੇ ਦੱਸਿਆ ਕਿ ਟੀਮਾਂ ਦੇ ਨਾਂ ਜਾਣਬੁੱਝ ਕੇ ਇਨ੍ਹਾਂ ਸ਼ਹਿਰਾਂ ਦੇ ਨਾਂ 'ਤੇ ਰੱਖੇ ਹਨ ਤਾਂ ਕਿ ਬੱਚੇ ਇਸਦਾ ਮਤਲਬ ਵੀ ਸਮਝ ਸਕਣ।

ਮੁਲਤਾਨ ਦੀ ਟੀਮ ਨੇ ਗੀਤ 'ਜੱਗਾ ਜੰਮਿਆ' ਤੇ 'ਰੌਣਕ ਹੋ ਜਾਊ ਘੱਟ ਵੇ, ਚੱਲ ਮੇਲੇ ਨੂੰ ਚਲੀਏ' 'ਗਿੱਧੇ, ਭੰਗੜੇ ਸਦਾ ਹੀ ਪੈਂਦੇ ਰਹਿਣ ਪੰਜਾਬੀਆਂ ਦੇ' 'ਤੇ ਪੇਸ਼ਕਾਰੀ ਦਿੱਤੀ, ਜਿਸ ਦਾ ਦਰਸ਼ਕਾਂ ਨੇ ਖੂਬ ਅਨੰਦ ਮਾਣਿਆ।

ਪਟਿਆਲਾ ਦੀ ਟੀਮ ਨੇ 'ਤੇਰਾ ਮੇਰਾ ਨਾਂ ਲਿਖ ਕੇ', 'ਸੂਟ ਚਕਵੇਂ','ਉਥੇ ਕਾਲੀਆਂ ਡਾਂਗਾਂ ਖੜਕੀਆਂ' 'ਬਣ ਗਿਆ ਬਾਬਾ ਬਿਸ਼ਨਾ', 'ਅੱਜ ਪੀਣੀ ਹੈ' 'ਤੇ ਐਕਸ਼ਨ ਇੰਨੀ

ਨਾਲ ਉਨ੍ਹਾਂ ਨੂੰ ਦਾਦ ਦਿੱਤੀ।

ਮੰਚ ਸਚਾਲਕ ਗੁਰਮੁਖ ਭੁੱਲਰ ਨੇ ਜਦੋਂ
'ਚਿਟੇ ਰੰਗ 'ਤੇ ਮਸਟਰਡ ਜੱਚਦਾ ਏ'
ਗਲਾਂ ਵਿਚ ਕੈਂਠੇ ਪਾਏ ਨੇ
ਤੂੰਬੀ, ਕਾਟੋ, ਸੱਪ, ਢੋਲਕੀ ਬੁਗਚੂ ਨਾਲ ਲਿਆਏ ਨੇ,
ਚਿਮਟੇ ਨਾਲ ਖਿੜਕੂਗਾ ਪੱਬ ਵੀ ਹੁਣ ਕਈਆਂ ਦਾ,
ਟਿਕ ਕੇ ਹੁਣ ਤੁਸੀਂ ਬਹਿਜੋ ਮਿਤਰੋ,
ਗਿੱਧਾ ਪਊ ਮਲਵੀਆਂ ਦਾ।'

ਨਾਲ 'ਮਲਵਈ ਗਿੱਧਾ' ਟੀਮ ਨੂੰ ਸੱਦਾ ਦਿੱਤਾ ਤਾਂ ਦਰਸ਼ਕਾਂ ਦੀ ਮਲਵਈ ਗਿੱਧਾ ਦੇਖਣ ਦੀ ਤਾਂਘ ਹੋਰ ਵਧ ਗਈ। ਮਲਵਈ

ਜੈਕਟਾਂ, ਤੁਰਲੇਦਾਰ ਪੱਗਾਂ ਤੇ ਪੰਜਾਬੀ ਜੁੱਤੀਆਂ ਦੀ ਮੜ੍ਹਕ ਦਿਖਾ ਰਹੇ ਸਨ। ਉਨ੍ਹਾਂ ਦੀ ਕੋਰੀਓਗ੍ਰਾਫੀ ਨੇ ਦਰਸ਼ਕਾਂ ਨੂੰ ਵਜਦ ਵਿਚ ਲੈ ਆਂਦਾ ਤੇ ਮਹਿਸੂਸ ਕਰਵਾਇਆ ਕਿ ਪੰਜਾਬ ਦੇ ਲੋਕ ਨਾਚਾਂ ਨਾਲ ਅਸੀਂ ਵੀ ਕ੍ਰਿਸ਼ਮਾ ਕਰ ਸਕਦੇ ਹਾਂ।

ਸੁਖਪਾਲ ਗਿੱਲ ਨੇ ਵੀ 'ਹੀਰ' ਸੁਣਾ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਉਸ ਨੇ ਗੁਰਮੁਖ ਭੁੱਲਰ ਨਾਲ ਮਿਲ ਕੇ ਮੰਚ ਸੰਚਾਲਨ ਵੀ ਕੀਤਾ।

ਅਖੀਰ ਵਿਚ ਪ੍ਰੋਗਰਾਮ ਦੇ ਜੱਜ ਸਾਹਿਬਾਨ ਨੇ, ਅਮਨ ਕੁਲਾਰ ਤੇ ਸਥਾਨਕ ਫਨਕਾਰਾਂ ਨਾਲ ਮਿਲ ਕੇ ਭੰਗੜਾ ਪੇਸ਼ ਕੀਤਾ। ਕੈਨੇਡਾ ਤੋਂ ਖਾਸ ਤੌਰ 'ਤੇ ਆਏ ਪ੍ਰਭਜੀਤ ਸਿੰਘ ਦਿਓਲ

(ਕੋਚ ਸੁਧਾਰ ਕਾਲਜ), ਹਰਮਨ ਰਣਵਿਜੈ (ਕੋਚ ਪੰਜਾਬੀ ਯੂਨੀਵਰਸਿਟੀ ਪਟਿਆਲਾ), ਕੋਚ













ਅਕਾਸ਼ਦੀਪ ਸਿੰਘ ਬੁੱਟਰ (ਜੀ ਐਨ ਈ ਕਾਲਜ) ਨੇ ਜੱਜਾਂ ਦੀ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਕੈਨੇਡਾ ਤੋਂ ਭੰਗੜੇ ਦੇ ਕੋਚ ਹਰਦਿਲ ਸਿੰਘ, ਅਰਮਾਨਜੀਤ ਸਿੰਘ ਸਿੱਧੂ, ਹਰਕਮਲ ਸਿੰਘ, ਪਰਮ

















ਧਾਲੀਵਾਲ, ਹਰਕੋਮਲ ਸਿੰਘ ਚਾਹਲ ਵੀ ਪਹੁੰਚੇ।

ਡਾ. ਹਰਜਿੰਦਰ ਖਹਿਰਾ ਨੇ ਅਮਨ ਕੁਲਾਰ ਬਾਰੇ ਕਿਹਾ ਕਿ ਉਹ ਇਕ ਚਲਦੀ ਫਿਰਦੀ ਸੰਸਥਾ ਹੈ। ਇਸ ਦੀ ਅਕੈਡਮੀ ਨੇ ਲੋਕ ਨਾਚਾਂ ਨੂੰ ਅਵਾਮ ਸਾਹਮਣੇ ਲਿਆਉਣ ਦਾ ਅਹਿਮ ਉਪਰਾਲਾ ਕੀਤਾ ਹੈ। ਅਵਤਾਰ ਔਲਖ ਨੇ ਕਿਹਾ ਕਿ ਪੰਜਾਬੀ ਸਭਿਆਚਾਰ ਨੂੰ ਜਿਊਂਦਾ ਰੱਖਣ ਦੇ ਕਾਰਜ ਵਿਚ ਰੁੱਝੀ ਇਸ ਸੰਸਥਾ ਨੇ ਆਪਣਾ ਅਹਿਦ ਨਿਭਾਉਂਦਿਆਂ ਬਹੁਤ ਖੂਬਸੂਰਤ ਪ੍ਰੋਗਰਾਮ ਪੇਸ਼ ਕੀਤਾ ਤੇ ਇਹ ਬੱਚਿਆਂ ਲਈ ਅਸਾਧਾਰਨ ਅਨੁਭਵ ਸੀ। ਗੁਰਬਚਨ ਸਿੰਘ ਨੇ ਕਿਹਾ ਕਿ ਅਮਰੀਕਾ ਵਿਚ ਪੰਜਾਬੀ ਸਭਿਆਚਾਰ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਵਿਚ ਇਸ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਇਹ ਸੰਸਥਾ ਹੋਂਦ ਵਿਚ ਆਈ, ਅਮਨ ਕੁਲਾਰ ਨੂੰ ਜੋ ਵਿਰਸੇ ਵਿਚ ਮਿਲਿਆ ਅਤੇ ਸੱਚਮੁੱਚ ਹੁਣ ਉਹ ਇਸ ਵਿਰਸੇ ਨੂੰ ਅੱਗੇ ਲਿਜਾਣ ਲਈ ਤਰੱਦਦ ਕਰ ਰਿਹਾ ਹੈ।

ਅਮਨ ਕੁਲਾਰ ਨੇ ਪ੍ਰੋਗਰਾਮ ਵਿਚ ਸ਼ਿੱਦਤ ਨਾਲ ਸਹਿਯੋਗ ਦੇਣ ਲਈ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਪ੍ਰੋਗਰਾਮ ਆਉਂਦੇ ਵਰ੍ਹਿਆਂ ਵਿਚ ਹੋਰ ਵੀ ਖਾਸ ਬਣਾਉਣ ਦਾ ਯਤਨ ਹੋਵੇਗਾ। ਵੱਖ ਵੱਖ ਗਰੁੱਪਾਂ ਦੇ ਮੁਕਾਬਲਿਆਂ ਵਿਚ 6-10 ਸਾਲ ਦੇ ਬੱਚਿਆਂ ਦੇ ਮੁਕਾਬਲੇ ਸਤਲੁਜ ਟੀਮ ਨੇ ਜਿੱਤੇ ਜਦਕਿ ਰਾਵੀ ਤੇ ਬਿਆਸ ਟੀਮਾਂ ਦੂਜੇ ਸਥਾਨ 'ਤੇ ਰਹੀਆਂ। 11-18 ਸਾਲ ਦੇ ਮੁਕਾਬਲਿਆਂ ਵਿਚ ਪਹਿਲਾ ਸਥਾਨ ਪਟਿਆਲਾ, ਦੂਜਾ ਮੁਲਤਾਨ ਤੇ ਤੀਜਾ ਲਾਹੌਰ ਟੀਮ ਨੇ ਹਾਸਲ ਕੀਤਾ। ਗੱਭਰੂ-ਜਵਾਨਾਂ ਤੇ ਮੁਟਿਆਰਾਂ ਦੀਆਂ ਟੀਮਾਂ ਵਿਚ ਮਾਲਵਾ ਟੀਮ ਅੱਵਲ ਰਹੀ ਤੇ ਮਾਝਾ ਤੇ ਦੁਆਬਾ ਦੀਆਂ ਟੀਮਾਂ ਨੇ ਦੂਜਾ ਸਥਾਨ ਮੱਲਿਆ। ਸਾਰੇ ਮੁਕਾਬਲਿਆਂ ਦੌਰਾਨ ਸਿਆਲਕੋਟ ਦੀ ਟੀਮ ਨੂੰ ਸਭ ਤੋਂ ਵਧੀਆ ਟੀਮ ਚੁਣਿਆ ਗਿਆ। ਪਹਿਲੇ, ਦੂਜੇ, ਤੀਜੇ ਇਨਾਮਾਂ ਦੀਆਂ ਟਰਾਫੀਆਂ ਤੋਂ ਇਲਾਵਾ ਪ੍ਰਬੰਧਕਾਂ ਵਲੋਂ ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਮੈਡਲ ਵੀ ਦਿੱਤੇ ਗਏ। ਨਿਵੇਕਲੀ ਰੂਪ-ਰੇਖਾ ਰਾਹੀਂ ਵਿਲੱਖਣ ਪੈੜਾਂ ਪਾਉਂਦਾ ਇਹ ਪ੍ਰੋਗਰਾਮ ਬਿਨਾਂ ਕਿਸੇ ਬਰੇਕ ਤੋਂ ਲਗਾਤਾਰ ਸਵਾ 2 ਘੰਟੇ ਜਾਰੀ ਰਿਹਾ, ਕਿਸੇ ਵਲੋਂ ਸਟੇਜ ਤੋਂ ਕੋਈ ਖਾਸ ਭਾਸ਼ਣ ਨਹੀਂ ਦਿੱਤਾ ਗਿਆ।


ਪ੍ਰੋਗਰਾਮ ਵਿਚ ਹੋਰਨਾਂ ਸ਼ਹਿਰਾਂ ਤੋਂ ਵੀ ਲੋਕ ਹੁਮ ਹੁਮਾ ਕੇ ਪਹੁੰਚੇ ਹੋਏ ਸਨ। ਪੰਜਾਬ ਟਾਈਮਜ਼ ਸਲਾਹਕਾਰ ਬੋਰਡ ਦੇ ਮੈਂਬਰ ਡਾ. ਹਰਗੁਰਮੁਖਪਾਲ ਸਿੰਘ, ਸ. ਹਰਦਿਆਲ ਸਿੰਘ ਦਿਓਲ ਤੋਂ ਇਲਾਵਾ ਪੀਐਸ ਮਾਨ, ਜਸਵੰਤ ਸਿੰਘ ਮਿਲਵਾਕੀ, ਸਨੀ ਕੁਲਾਰ, ਰੌਨੀ ਕੁਲਾਰ, ਕਮਲਜੀਤ ਸਿੰਘ ਘੁੰਮਣ, ਹਰਵੀਰ ਸਿੰਘ ਵਿਰਕ, ਸੋਨੀ ਜੱਜ, ਜਿਗਰਦੀਪ ਸਿੰਘ, ਇੰਦਰ ਵਿਰਕ, ਨਿਰਭੈ ਸਿੰਘ, ਬਲਰਾਜ ਸਿੰਘ ਸੋਹੀ, ਅਬਦੁਲ ਰਾਸ਼ੀਦ ਆਦਿ ਪ੍ਰੋਗਰਾਮ ਵਿਚ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। ਇਸ ਤੋਂ ਇਲਾਵਾ ਨਜ਼ਰ ਸਿੰਘ ਗਿੱਲ ਤੇ ਪਰਿਵਾਰ ਵਾਕੀਗਨ, ਪੀਟਰ ਦਿਓਲ, ਬਿਕਰਮ ਕੋਨਨ, ਸੁਰਿੰਦਰ ਸਿੰਘ ਸੰਘਾ, ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਤੋਂ ਬਲਜੀਤ ਟਿਵਾਣਾ, ਹਰਪ੍ਰੀਤ ਗਿੱਲ, ਯਾਦਵਿੰਦਰ ਗਿੱਲ, ਜੱਗੀ ਬਿਰਾਨਾ, ਮਨਦੀਪ ਨਿੱਝਰ, ਰਿਐਲਟਰ ਕੁਲਜੀਤ ਸਿੰਘ, ਰਿਐਲਟਰ ਧਨਵੰਤ ਸਿੰਘ (ਡੈਨੀ), ਗੁਰਲਾਭ ਸਿੰਘ ਅਤੇ ਪਰਿਵਾਰ, ਪੰਜਾਬ ਸਪੋਰਟਸ ਕਲੱਬ ਤੋਂ ਲਖਵੀਰ ਸਿੰਘ ਸਹੋਤਾ, ਡਾ. ਹਰਜਿੰਦਰ ਸਿੰਘ ਖਹਿਰਾ, ਜਸਪਾਲ ਮਿੱਢਾ ਮਾਹਿਲਪੁਰੀਆ, ਅਵਤਾਰ ਸਿੰਘ ਔਲਖ ਅਤੇ ਸਰਵਣ ਸਿੰਘ ਰਾਜੂ, ਬਿਕਰਮ ਚੌਹਾਨ ਅਤੇ ਰਣਜੋਧ ਸਿੰਘ ਨੇ ਖਾਸ ਤੌਰ 'ਤੇ ਸ਼ਮੂਲੀਅਤ ਕੀਤੀ।





# ਅਮਰੀਕਾ ਅਤੇ ਜਮਹੂਰੀਅਤ

ਕਲਾ ਪਰਿਕਰਮਾ



ਸੁਰਿੰਦਰ ਸਿੰਘ ਤੇਜ
ਫੋਨ: +91-98555-01488


ਡੋਨਲਡ ਟਰੰਪ ਉੱਪਰ ਦਰਜਨ ਦੇ ਕਰੀਬ ਮੁਕੱਦਮੇ ਹਨ। ਦੀਵਾਨੀ ਤੇ ਫ਼ੌਜਦਾਰੀ ਜੁਰਮਾਂ ਦੇ ਵੀ ਅਤੇ ਸੰਵਿਧਾਨਕ ਅਪਰਾਧਾਂ ਦੇ ਵੀ। ਸਭ ਤੋਂ ਗੰਭੀਰ ਮੁਕੱਦਮਾ ਹੈ 2020 ਵਿਚ ਲੋਕ ਫ਼ਤਵਾ ਨਾ ਮੰਨਣ ਅਤੇ ਆਪਣੇ ਹਮਾਇਤੀਆਂ ਨੂੰ ਫੈਡਰਲ ਸਰਕਾਰ ਦੀ ਵਿਧਾਨਕ ਸ਼ਾਖਾ (ਕੈਪੀਟਲ) ਉੱਪਰ ਹਮਲੇ ਲਈ ਉਕਸਾਉਣ ਦਾ। ਇਨ੍ਹਾਂ ਮੁਕੱਦਮਿਆਂ ਦੇ ਬਾਵਜੂਦ ਰਿਪਬਲਿਕਨ ਪਾਰਟੀ ਰਾਸ਼ਟਰਪਤੀ ਦੇ ਅਹੁਦੇ ਲਈ ਉਸ ਨੂੰ ਉਮੀਦਵਾਰ ਬਣਾ ਰਹੀ ਹੈ। ਹੁਣ ਤੱਕ ਦੇ ਸਰਵੇਖਣ ਦਰਸਾਉਂਦੇ ਹਨ ਕਿ ਰਿਪਬਲਿਕਨ ਉਮੀਦਵਾਰ ਵਜੋਂ ਟਰੰਪ ਡੈਮੋਕਰੈਟਿਕ ਉਮੀਦਵਾਰ (ਤੇ ਮੌਜੂਦਾ ਰਾਸ਼ਟਰਪਤੀ) ਜੋਅ ਬਾਇਡਨ ਦੀ ਬੇੜੀ ਡੋਬ ਸਕਦਾ ਹੈ। ਟਰੰਪ ਵਰਗਾ ਪ੍ਰਕਰਨ ਬ੍ਰਾਜ਼ੀਲ ਵਿਚ ਸੱਜੇ-ਪੰਥੀ ਰਾਸ਼ਟਰਪਤੀ ਜਾਇਰ ਬੋਲਸੋਨਾਰੋ ਨੇ ਦੁਹਰਾਇਆ ਸੀ। ਉਸ ਨੇ ਵੀ ਲੁਇਜ਼ ਇਨੈਸ਼ੀਓ ਲੂਲਾ ਡੀਸਿਲਵਾ ਹੱਥੋਂ ਹਾਰ ਕਬੂਲਣ ਦੀ ਥਾਂ ਆਪਣੇ ਹਮਾਇਤੀਆਂ ਨੂੰ ਬ੍ਰਾਜ਼ੀਲੀ ਸੰਸਦ ਤੇ ਹੋਰ ਸਰਕਾਰੀ ਇਮਾਰਤਾਂ ਉੱਤੇ ਕਬਜ਼ਾ ਕਰਨ ਦਾ ਸੱਦਾ ਦਿੱਤਾ ਸੀ। ਇਹ ਵੱਖਰੀ ਗੱਲ ਹੈ ਕਿ ਉਸ ਦੀ ਪਾਰਟੀ ਨੂੰ ਸਮੇਂ ਸਿਰ ਸੁਰਤ ਆ ਗਈ ਅਤੇ ਪਾਰਟੀ ਨੇਤਾਵਾਂ ਨੇ ਬੋਲਸੋਨਾਰੋ ਦਾ ਸਾਥ ਨਾ ਦੇਣ ਦੀਆਂ ਅਪੀਲਾਂ ਕਰ ਕੇ ਬ੍ਰਾਜ਼ੀਲੀ ਰਾਜਧਾਨੀ ਉੱਪਰ ਕਬਜ਼ੇ ਦੀਆਂ ਸੰਭਾਵਨਾਵਾਂ ਟਾਲ ਦਿੱਤੀਆਂ।

ਸਾਡੇ ਯੁੱਗ ਵਿਚ ਜਮਹੂਰੀਅਤ ਕਿਵੇਂ ਕਿਰ ਅਤੇ ਖ਼ੁਰ ਰਹੀ ਹੈ, ਇਸ ਦੀ ਮਿਸਾਲ ਉਪਰੋਕਤ ਦੋ ਘਟਨਾਵਾਂ ਹਨ। ਅਜਿਹੇ ਕਈ ਹੋਰ ਖ਼ਤਰਿਆਂ ਤੇ ਖ਼ਦਸ਼ਿਆਂ ਦੀ ਨਿਸ਼ਾਨਦੇਹੀ ਕਰਦੀ ਹੈ ਸਟੀਵਨ ਲੈਵਿਤਸਕੀ ਤੇ ਡੇਨੀਅਲ ਜ਼ਿਬਲੈਟ ਦੀ ਕਿਤਾਬ 'ਟਿੱਰਨੀ ਆਫ ਦਿ ਮਾਇਨਾਰਿਟੀ'। ਕਿਤਾਬ ਦੱਸਦੀ ਹੈ ਕਿ ਜਮਹੂਰੀਅਤ ਹਮੇਸ਼ਾ ਬਹੁਗਿਣਤੀ ਦੀ ਰਾਇ ਦੀ ਪਾਲਣਾ ਨਹੀਂ ਕਰਦੀ, ਇਹ ਅਕਸਰ ਘੱਟਗਿਣਤੀ ਵਰਗ ਦੀ ਸਮੂਹਿਕ ਇੱਛਾ ਅੱਗੇ ਗੋਡੇ ਟੇਕ ਕੇ ਉਸ ਮੁਤਾਬਿਕ ਚੱਲਦੀ ਆਈ ਹੈ। ਇਸੇ ਅਮਲ ਨੂੰ ਕਿਤਾਬ, ਘੱਟਗਿਣਤੀ ਦੇ ਜ਼ੁਲਮ-ਓ-ਸਿਤਮ ਵਜੋਂ ਪਰਿਭਾਸ਼ਿਤ ਕਰਦੀ ਹੈ।

ਦੋਵੇਂ ਲੇਖਕ ਹਾਰਵਰਡ ਯੂਨੀਵਰਸਿਟੀ, ਮੈਸਾਚੂਸੈੱਟਸ (ਅਮਰੀਕਾ) ਵਿਚ ਪ੍ਰੋਫੈਸਰ ਹਨ। ਜਮਹੂਰੀ ਪ੍ਰਬੰਧ ਵਿਚ ਖ਼ਾਮੀਆਂ ਤੇ ਇਨ੍ਹਾਂ ਨਾਲ ਜੁੜੇ ਖ਼ਤਰਿਆਂ ਬਾਰੇ ਇਹ ਉਨ੍ਹਾਂ ਦੀ ਦੂਜੀ ਕਿਤਾਬ ਹੈ। ਪਹਿਲੀ ਕਿਤਾਬ 'ਹਾਉ ਡਿਮੋਕਰੇਸੀਜ਼ ਡਾਈ' (ਜਮਹੂਰੀਅਤਾਂ ਕਿਵੇਂ ਮਰਦੀਆਂ ਹਨ) 2018 ਵਿਚ ਛਪੀ ਸੀ। ਉਹ ਕਿਤਾਬ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਜਮਹੂਰੀਅਤਾਂ ਦੀ ਬਦਹਾਲੀ ਦੀ ਅਫ਼ਸੋਸਨਾਕ ਤਸਵੀਰ ਪੇਸ਼ ਕਰਦੀ ਸੀ। 'ਟਿੱਰਨੀ' ਉਸੇ ਸਿਲਸਿਲੇ ਨੂੰ ਅੱਗੇ ਤੋਰਦੀ ਹੈ ਪਰ ਇਸ ਦਾ ਸੁਨੇਹਾ ਵੱਖਰਾ ਹੈ। ਇਹ ਪਾਠਕ ਨੂੰ ਭਵਿੱਖੀ ਦੁਸ਼ਵਾਰੀਆਂ ਬਾਰੇ ਸੁਚੇਤ ਕਰਨ ਤੋਂ ਇਲਾਵਾ ਛੋਟੇ-ਛੋਟੇ ਕਦਮਾਂ ਰਾਹੀਂ ਜਮਹੂਰੀ ਪ੍ਰਬੰਧ ਨੂੰ ਮਜ਼ਬੂਤੀ ਬਖ਼ਸ਼ਣ ਦਾ ਰਾਹ ਵੀ ਦਿਖਾਉਂਦੀ ਹੈ।

ਲੇਖਕ ਦੱਸਦੇ ਹਨ ਕਿ ਟਰੰਪ ਨੇ 2020 ਵਿਚ ਲੋਕਤੰਤਰੀ ਮਰਿਆਦਾ ਤੇ ਮਾਨਤਾਵਾਂ ਨੂੰ ਜੋ ਠੇਸ ਪਹੁੰਚਾਈ, ਉਹ 1801 ਵਿਚ ਵਾਪਰੇ ਅਜਿਹੇ ਘਟਨਾਕ੍ਰਮ ਦਾ ਦੁਹਰਾਅ ਸੀ। 1801 ਵਿਚ ਤਤਕਾਲੀ ਰਾਸ਼ਟਰਪਤੀ ਜੌਹਨ ਐਡਮਜ਼ (ਫੈਡਰਲਿਸਟ ਪਾਰਟੀ) ਨੇ ਟੌਮਸ ਜੈਫ਼ਰਸਨ (ਡੈਮੋਕਰੈਟਿਕ-ਰਿਪਬਲਿਕਨ) ਹੱਥੋਂ ਹੋਈ ਹਾਰ ਨੂੰ ਕਬੂਲਣ ਤੋਂ ਇਨਕਾਰ ਕਰਦਿਆਂ ਲੋਕ ਫਤਵਾ ਉਲਟਾਉਣ ਦੇ ਯਤਨ ਆਰੰਭ ਕਰ ਦਿੱਤੇ ਸਨ ਪਰ ਕੁਝ ਰਸੂਖ਼ਵਾਨ ਫੈਡਰਲਿਸਟਾਂ ਨੇ ਇਨ੍ਹਾਂ ਯਤਨਾਂ ਤੋਂ ਉਪਜਣ ਵਾਲੇ ਖ਼ਤਰਿਆਂ ਨੂੰ ਭਾਂਪ ਲਿਆ। ਉਨ੍ਹਾਂ ਦੇ ਵਿਰੋਧ ਦੇ ਮੱਦੇਨਜ਼ਰ ਜੌਹਨ ਐਡਮਜ਼ ਨੂੰ ਆਖਿਰ ਝੁਕਣ ਲਈ ਮਜਬੂਰ ਹੋਣਾ ਪਿਆ। ਉਸ ਘਟਨਾਕ੍ਰਮ ਤੋਂ ਉਲਟ ਇਸ ਸਮੇਂ ਰਿਪਬਲਿਕਨ ਪਾਰਟੀ ਵਿਚ ਇੱਕ ਵੀ ਨੇਤਾ ਏਨਾ ਰਸੂਖ਼ਵਾਨ ਨਹੀਂ ਕਿ ਉਹ ਡੋਨਲਡ ਟਰੰਪ ਨੂੰ ਆਪਹੁਦਰੀਆਂ ਤੋਂ ਰੋਕ ਸਕੇ। ਅਜਿਹੀ ਕਮੀ ਦਾ ਖ਼ਮਿਆਜ਼ਾ ਅਮਰੀਕੀ ਲੋਕਤੰਤਰ ਨੇ ਪਹਿਲਾਂ ਵੀ ਭੁਗਤਿਆ, ਹੁਣ ਵੀ ਭੁਗਤ ਰਿਹਾ ਹੈ ਅਤੇ ਭਵਿੱਖ ਵਿਚ ਵੀ ਭੁਗਤੇਗਾ।






*ਸਟੀਵਨ ਲੈਵਿਤਸਕੀ ਤੇ ਡੇਨੀਅਲ ਜ਼ਿਬਲੈਟ ਅਤੇ ਉਨ੍ਹਾਂ ਦੀ ਕਿਤਾਬ।*

ਕਿਤਾਬ ਇਸ ਥਿਓਰੀ ਉਪਰ ਕੇਂਦਰਿਤ ਹੈ ਕਿ ਅਮਰੀਕਾ ਸਮੇਤ ਦੁਨੀਆ ਦੇ 128 ਦੇਸ਼ਾਂ ਵਿਚ ਲੋਕਤੰਤਰ ਘੱਟਗਿਣਤੀ ਲੋਕਾਂ ਦੇ ਹੱਥਾਂ ਦਾ ਖਿਡੌਣਾ ਹੈ। ਹਰ ਲੋਕਤੰਤਰੀ ਮੁਲਕ ਵਿਚ ਅਜਿਹੇ ਅਨਸਰ ਮੌਜੂਦ ਹਨ ਜੋ ਨਿਰੋਲ ਆਪਣੇ ਸੌੜੇ ਹਿੱਤਾਂ ਨੂੰ ਮੁੱਖ ਰੱਖ ਕੇ ਵੋਟਾਂ ਪਾਉਂਦੇ ਹਨ, ਕੌਮੀ ਜਾਂ ਵਿਆਪਕ ਇਨਸਾਨੀ ਹਿੱਤਾਂ ਲਈ ਨਹੀਂ। ਅਮਰੀਕਾ ਵਿਚ ਇਹ ਵਰਗ-ਵਿਸ਼ੇਸ਼ ਮੁੱਖ ਤੌਰ 'ਤੇ ਨੀਮ-ਸ਼ਹਿਰੀ ਜਾਂ ਦਿਹਾਤੀ ਗੋਰੀ ਵਸੋਂ ਉੱਪਰ ਆਧਾਰਿਤ ਹੈ। ਇਹ ਵਸੋਂ ਕੁੱਲ ਕੌਮੀ ਆਬਾਦੀ ਦਾ 33 ਫ਼ੀਸਦੀ ਹਿੱਸਾ ਬਣਦੀ ਹੈ ਪਰ ਵੋਟ ਪਾਉਣ ਤੋਂ ਕਦੇ ਨਹੀਂ ਖੁੰਝਦੀ। ਕੁੱਲ ਕੌਮੀ ਆਬਾਦੀ ਦਾ ਇੱਕ-ਤਿਹਾਈ ਹੋਣ ਦੇ ਬਾਵਜੂਦ ਇਹ ਵਸੋਂ ਅਮਰੀਕੀ ਰਾਜ-ਪ੍ਰਬੰਧ ਉੱਪਰ ਢਾਈ ਸਦੀਆਂ ਤੋਂ ਗ਼ਾਲਬ ਹੈ। ਇਹੋ ਘੱਟਗਿਣਤੀ ਤੈਅ ਕਰਦੀ ਹੈ ਕਿ ਰਾਸ਼ਟਰਪਤੀ ਜਾਂ ਸੂਬਾਈ ਗਵਰਨਰ ਕੌਣ ਹੋਵੇਗਾ ਅਤੇ ਕਿਹੜੀਆਂ ਨੀਤੀਆਂ ਕਦੋਂ, ਕਿਵੇਂ ਤੇ ਕਿੱਥੇ ਲਾਗੂ ਕੀਤੀਆਂ ਜਾਣਗੀਆਂ। ਅਮਰੀਕੀ ਸੰਵਿਧਾਨ ਵਿਚ ਹਰ ਤਰਮੀਮ ਇਸ ਘੱਟਗਿਣਤੀ ਦੀ ਰਜ਼ਾਮੰਦੀ ਤੋਂ ਬਾਅਦ ਕੀਤੀ ਗਈ ਤੇ ਮੁੱਖ ਤੌਰ 'ਤੇ ਇਸੇ ਘੱਟਗਿਣਤੀ ਦੇ ਹਿੱਤਾਂ ਨੂੰ ਸਾਹਮਣੇ ਰੱਖ ਕੇ ਕੀਤੀ ਗਈ।

ਜ਼ਿਕਰਯੋਗ ਹੈ ਕਿ ਅਮਰੀਕੀ ਸੰਵਿਧਾਨ ਜੂਨ 1788 ਤੋਂ ਲਾਗੂ ਹੋਇਆ। ਆਧੁਨਿਕ ਕਾਲ ਵਿਚ ਅਮਰੀਕਾ ਦੁਨੀਆ ਦਾ ਪਹਿਲਾ ਅਜਿਹਾ ਲੋਕਤੰਤਰੀ ਮੁਲਕ ਸੀ ਜਿਸ ਦਾ ਆਪਣਾ ਲਿਖਤੀ ਸੰਵਿਧਾਨ ਸੀ। ਇਹ ਸਹੀ ਮਾਇਨਿਆਂ ਵਿਚ ਦੁਨੀਆ ਦਾ ਪਹਿਲਾ ਗਣਤੰਤਰ ਸੀ। ਆਪਣੇ ਇਸੇ ਰੁਤਬੇ ਦੀ ਬਦੌਲਤ ਇਹ ਅੱਜ ਵੀ ਦੁਨੀਆ ਦੇ ਹੋਰਨਾਂ ਮੁਲਕਾਂ ਨੂੰ ਜਮਹੂਰੀ ਕਦਰਾਂ ਅਪਣਾਉਣ ਦੀ ਪ੍ਰੇਰਨਾ ਵੀ ਦਿੰਦਾ ਆਇਆ ਅਤੇ ਧੌਂਸ ਵੀ ਪਰ ਅਸਲੀਅਤ ਇਹ ਹੈ ਕਿ ਇਸ ਦਾ ਆਪਣਾ ਗਣਤੰਤਰੀ ਪ੍ਰਬੰਧ ਵੀ ਖ਼ਾਮੀਆਂ ਤੇ ਖ਼ੁਨਾਮੀਆਂ ਤੋਂ ਕਦੇ ਮੁਕਤ ਨਹੀਂ ਰਿਹਾ। ਇਨ੍ਹਾਂ ਖ਼ਾਮੀਆਂ-ਖ਼ੁਨਾਮੀਆਂ ਦੇ ਵਜੂਦ ਲਈ ਕਿਤਾਬ ਅਮਰੀਕੀ ਸੰਵਿਧਾਨ ਨੂੰ ਹੀ ਮੁੱਖ ਦੋਸ਼ੀ ਮੰਨਦੀ ਹੈ। ਇਹ ਸੰਵਿਧਾਨ 1786-87 ਵਿਚ ਲਿਖਿਆ ਗਿਆ। ਇਸ ਨੂੰ 'ਪਾਵਨ ਦਸਤਾਵੇਜ਼' ਵਜੋਂ ਸਵੀਕਾਰ ਕੀਤਾ ਗਿਆ ਅਤੇ ਹੁਣ ਵੀ ਇਸ ਨੂੰ 'ਪਰਮ ਪਾਵਨ ਦਸਤਾਵੇਜ਼' ਹੀ ਮੰਨਿਆ ਜਾਂਦਾ ਹੈ ਪਰ ਇਸ ਭਾਵਨਾ ਅਤੇ ਇਸ ਨਾਲ ਜੁੜੀਆਂ ਤਕਨੀਕੀ ਮੱਦਾਂ ਨੇ ਇਸ ਸੰਵਿਧਾਨ ਨੂੰ ਸਮੇਂ ਦਾ ਹਾਣੀ ਨਹੀਂ ਬਣਨ ਦਿੱਤਾ। ਸੰਵਿਧਾਨ ਵਿਚ ਹੁਣ ਤੱਕ 27 ਤਰਮੀਮਾਂ ਹੋਈਆਂ ਹਨ। ਇਨ੍ਹਾਂ ਤਰਮੀਮਾਂ ਵਿਚੋਂ ਇੱਕ ਵੀ ਇਸ ਨੂੰ ਬਦਲੇ ਹੋਏ ਸਮਿਆਂ ਮੁਤਾਬਿਕ ਢਾਲਣ ਵਾਲੀ ਨਹੀਂ। ਇਹ ਦਸ਼ਾ ਨਾਰਵੇ ਜਾਂ ਆਸਟਰੀਆ ਦੇ ਸੰਵਿਧਾਨਾਂ ਦੀ ਕਦੇ ਵੀ ਨਹੀਂ ਰਹੀ। ਇਹ ਦੋਵੇਂ ਸੰਵਿਧਾਨ ਕ੍ਰਮਵਾਰ 1822 ਅਤੇ 1930 ਵਿਚ ਵਜੂਦ ਵਿਚ ਆਏ। ਸੂਰਤ ਤੇ ਸੀਰਤ ਪੱਖੋਂ ਇਹ ਅਮਰੀਕੀ ਸੰਵਿਧਾਨ ਦੀਆਂ ਬਹੁਤ ਸਾਰੀਆਂ ਮੱਦਾਂ ਦੀ ਨਕਲ ਹਨ। ਇਸ ਦੇ ਬਾਵਜੂਦ ਇਨ੍ਹਾਂ ਦੇ ਅਨੁਛੇਦਾਂ ਨੂੰ ਸਮੇਂ ਮੁਤਾਬਕ ਬਦਲਣ ਦੀ ਵਿਵਸਥਾ ਇਨ੍ਹਾਂ ਵਿਚ ਮੁੱਢ ਤੋਂ ਹੀ ਮੌਜੂਦ ਸੀ। ਇਸ ਵਿਵਸਥਾ ਦੀ ਬਦੌਲਤ ਨਾਰਵੇਜੀਅਨ ਸੰਵਿਧਾਨ ਵਿਚ 316 ਤਰਮੀਮਾਂ ਹੋ ਚੁੱਕੀਆਂ ਹਨ ਅਤੇ ਆਸਟ੍ਰੀਅਨ ਸੰਵਿਧਾਨ ਵਿਚ 103। ਦੂਜੇ ਪਾਸੇ, ਤਰਮੀਮਾਂ ਘੱਟ ਤੋਂ ਘੱਟ ਕਰਨ ਦੀ ਵਿਵਸਥਾ ਕਾਰਨ ਹੀ ਅਮਰੀਕੀ ਸੰਵਿਧਾਨ ਆਪਣੇ ਅਨੁਛੇਦਾਂ ਤੇ ਧਾਰਾਵਾਂ ਅੰਦਰਲੀਆਂ ਚੋਰ-ਮੋਰੀਆਂ ਦੂਰ ਕਰਨ ਵਿਚ ਨਾਕਾਮ ਰਿਹਾ ਹੈ। ਇਸ ਦਾ ਲਾਭ ਜਿੱਥੇ ਡੋਨਲਡ ਟਰੰਪ ਵਰਗਿਆਂ ਨੂੰ ਵੀ ਹੋਇਆ ਜਾਂ ਹੋ ਰਿਹਾ ਹੈ, ਉੱਥੇ ਪਿਛਲੀ ਡੇਢ ਸਦੀ ਦੌਰਾਨ ਤਸਕਰਾਂ ਤੇ ਕਈ ਕਿਸਮਾਂ ਦੇ ਗੁਨਾਹਗਾਰਾਂ ਨੂੰ ਵੀ ਹੋਇਆ। ਉਹ ਆਪਣੇ ਨਾਜਾਇਜ਼ ਪੈਸੇ ਦੀ ਮਦਦ ਨਾਲ ਮੁਕਾਮੀ ਪ੍ਰਸ਼ਾਸਨਾਂ ਪਾਸੋਂ ਮਾਣ-ਸਤਿਕਾਰ ਖ਼ਰੀਦਣ ਵਿਚ ਕਾਮਯਾਬ ਹੋ ਗਏ। ਇਨ੍ਹਾਂ ਵਿਚੋਂ ਕਈ ਤਾਂ ਸੈਨੇਟਰ ਜਾਂ ਕਾਂਗਰਸਮੈੱਨ (ਪ੍ਰਤੀਨਿਧੀ ਸਭਾ ਦੇ ਮੈਂਬਰ) ਵੀ ਬਣ ਗਏ। ਇਹ ਅਮਲ ਅਜੇ ਵੀ ਖ਼ਤਮ ਨਹੀਂ ਹੋਇਆ।

ਕਿਤਾਬ ਜਿਨ੍ਹਾਂ ਨੁਕਸਾਂ ਨੂੰ ਫੌਰੀ ਤੌਰ 'ਤੇ ਦੂਰ ਕੀਤੇ ਜਾਣ ਉੱਤੇ ਜ਼ੋਰ ਦਿੰਦੀ ਹੈ, ਉਨ੍ਹਾਂ ਵਿਚੋਂ ਮੁੱਖ ਹਨ:

-ਕਿਤਾਬ ਚੋਣ ਮੰਡਲ ਪ੍ਰਣਾਲੀ ਨੂੰ ਪੁਆੜੇ ਦੀ ਜੜ੍ਹ ਮੰਨਦੀ ਹੈ। ਇਸ ਪ੍ਰਣਾਲੀ ਮੁਤਾਬਿਕ ਰਾਸ਼ਟਰਪਤੀ ਦੀ ਚੋਣ ਦੌਰਾਨ ਹਰ ਸੂਬੇ ਵਿਚੋਂ ਵੱਧ ਵੋਟਾਂ ਪ੍ਰਾਪਤ ਕਰਨ ਵਾਲਾ ਉਮੀਦਵਾਰ ਸਾਰੀਆਂ ਵੋਟਾਂ ਦਾ ਹੱਕਦਾਰ ਮੰਨਿਆ ਜਾਂਦਾ ਹੈ। ਇਹ ਕੁਝ ਉਸ ਨੂੰ ਉਸ ਸੂਬੇ ਦੇ ਇਲੈਕਟੋਰਲ ਕਾਲਜ ਦੀਆਂ ਸਾਰੀਆਂ ਸੀਟਾਂ ਦਾ ਹੱਕਦਾਰ ਬਣਾਉਂਦਾ ਹੈ। ਇਹ ਪ੍ਰਣਾਲੀ ਸਬੰਧਤ ਸੂਬੇ ਦੇ ਵੋਟਰਾਂ ਨਾਲ ਅਨਿਆਂ ਹੈ।

-ਸੈਨੇਟ (ਸੰਸਦ ਦੇ ਉਪਰਲੇ ਸਦਨ) ਵਿਚ ਮੁਲਕ ਦੇ 50 ਸੂਬਿਆਂ ਨੂੰ ਹੀ ਪ੍ਰਤੀਨਿਧਤਾ ਹਾਸਿਲ ਹੈ, ਕੇਂਦਰੀ ਪ੍ਰਦੇਸ਼ਾਂ ਨੂੰ ਨਹੀਂ। ਹਰ ਸੂਬੇ ਲਈ ਸਿਰਫ਼ ਦੋ ਸੀਟਾਂ ਹਨ, ਭਾਵ 20 ਲੱਖ ਦੀ ਵਸੋਂ ਵਾਲੇ ਸੂਬੇ ਵਿਚੋਂ ਵੀ ਦੋ ਸੈਨੇਟਰ ਚੁਣੇ ਜਾਂਦੇ ਹਨ ਅਤੇ ਦੋ ਕਰੋੜ ਦੀ ਵਸੋਂ ਵਾਲੇ ਸੂਬੇ ਵਿਚੋਂ ਵੀ ਦੋ। ਕਿਤਾਬ ਮੁਤਾਬਿਕ ਇਹ ਪ੍ਰਣਾਲੀ ਵੀ ਜਮਹੂਰੀਅਤ ਉੱਪਰ ਘੱਟਗਿਣਤੀ ਦੀ ਪਕੜ ਲਗਾਤਾਰ ਬਰਕਰਾਰ ਰੱਖਦੀ ਆਈ ਹੈ।

-ਅਮਰੀਕੀ ਸੁਪਰੀਮ ਕੋਰਟ ਵਿਚ ਜੱਜਾਂ ਦੀ ਨਿਯੁਕਤੀ ਤਾਉਮਰ, ਭਾਵ ਮੌਤ ਤੱਕ ਹੁੰਦੀ ਹੈ। ਇਹ ਧਾਰਾ ਜਿਸ ਸਮੇਂ ਸੰਵਿਧਾਨ ਵਿਚ ਦਰਜ ਕੀਤੀ ਗਈ ਸੀ, ਉਦੋਂ ਔਸਤ ਅਮਰੀਕੀ ਉਮਰ 62 ਸਾਲ ਸੀ। ਹੁਣ ਇਹ ਉਮਰ ਬਹੁਤ ਵਧ ਚੁੱਕੀ ਹੈ।

ਕਿਤਾਬ ਦਾ ਧਰਾਤਲ ਭਾਵੇਂ ਮੁੱਖ ਤੌਰ 'ਤੇ ਅਮਰੀਕਾ ਹੈ, ਫਿਰ ਵੀ ਇਸ ਦਾ ਆਖ਼ਰੀ ਅਧਿਆਇ ਬਾਕੀ ਜਮਹੂਰੀਅਤਾਂ ਨੂੰ ਦਰਪੇਸ਼ ਖ਼ਤਰੇ ਵੀ ਗਿਣਾਉਂਦਾ ਹੈ। ਇਹ ਅਧਿਆਇ ਦੱਸਦਾ ਹੈ ਕਿ ਮਹਿਜ਼ 37 ਫ਼ੀਸਦੀ ਵੋਟਾਂ ਵਾਲਾ ਮੋਦੀਤੰਤਰ ਬਾਕੀ ਦੇ 63 ਫ਼ੀਸਦੀ ਵੋਟਰਾਂ ਦੀ ਸੋਚ ਤੇ ਸੂਹਜ ਨੂੰ ਦਰਕਿਨਾਰ ਕਰ ਕੇ ਭਾਰਤੀ ਲੋਕਤੰਤਰ ਨੂੰ ਹਿੰਦੂਤੰਤਰ ਵਿਚ ਬਦਲਣ ਦੇ ਰਾਹ ਤੁਰਿਆ ਹੋਇਆ ਹੈ। ਲੇਖਕ ਇਸ 'ਅਲਪਸੰਖਿਅਕ ਅੱਤਿਆਚਾਰ' ਨੂੰ ਰੋਕਣ ਲਈ ਵੋਟ ਪਾਉਣੀ ਕਾਨੂੰਨੀ ਤੌਰ 'ਤੇ ਲਾਜ਼ਮੀ ਕਰਾਰ ਦਿੱਤੇ ਜਾਣ 'ਤੇ ਜ਼ੋਰ ਦਿੰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਅਜਿਹਾ ਕਰਨ ਨਾਲ ਜਿੱਥੇ ਜਮਹੂਰੀ ਪ੍ਰਬੰਧ ਦਾ ਨਿਘਾਰ ਰੁਕ ਸਕਦਾ ਹੈ, ਉੱਥੇ ਹਰ ਵਸੋਂ ਵਰਗ ਦੇ ਸ਼ਕਤੀਕਰਨ ਦਾ ਰਾਹ ਵੀ ਵੱਧ ਪੱਧਰਾ ਹੋ ਸਕਦਾ ਹੈ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਮਾਰਚ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-630



*ਪੂਰੇ ਜੋਬਨ 'ਤੇ ਹੈ ਬਗੀਚਾ, ਖਿੜ੍ਹੇ ਨੇ ਫੁੱਲ ਗੁਲਾਬ ਦੇ,*
*ਨਿੱਕੀ ਕੁੜੀ ਕਲੀ ਹੈ ਜਾਪੇ, ਟਹਿਕੇ ਵਿਚ ਗੁਲਾਬ ਦੇ।*
*ਮੈਚਿੰਗ ਜੁੱਤੀ, ਪਰਸੀਂ ਟੰਗੇ, ਵਾਲ਼ੀਂ ਨੇ ਫੁੱਲ ਗੁਲਾਬ ਦੇ,*
*ਫੁੱਲਾਂ 'ਚ ਬੈਠੀ ਰਾਣੀ ਲਏ, ਸੁਫ਼ਨੇ ਹੁਸੀਨ ਸ਼ਬਾਬ ਦੇ।*

## ਕੈਪਸ਼ਨ ਮੁਕਾਬਲਾ-628



ਭਾਵੇਂ ਅਸੀਂ ਹਾਂ ਨੰਗ ਧੜੰਗੇ
ਪਰ ਮਨ ਦੀ ਮੌਜ ਮਨਾਈਏ।
ਨੱਚ ਟੱਪ ਕੇ ਗਾਹ ਪਾ ਦਈਏ
ਧਰਤੀ ਉੱਪਰ ਪੈੜਾਂ ਪਾਈਏ।
ਸਾਨੂੰ ਨਹੀਂ ਪ੍ਰਵਾਹ ਕਿਸੇ ਦੀ
ਖੁਸ਼ੀ ਦੀ ਛਹਿਬਰ ਲਾਈਏ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ : 9878337222*

---

ਕੋਈ ਭੁੱਬਲ ਨੂੰ ਆਖੋ
ਉੱਡਣਾ ਛੱਡ ਦੇ
ਕੋਈ ਨਸੀਬਾਂ ਨੂੰ ਆਖੋ
ਸਾਨੂੰ ਗਰੀਬੀ 'ਚੋਂ ਕੱਢਦੇ।
ਕੋਈ ਪੈੜਾਂ ਨੂੰ ਆਖੋ
ਸਾਡਾ ਪਿੱਛਾ ਨਾ ਕਰਨਾ।
ਕੋਈ ਭਵਿੱਖ ਨੂੰ ਆਖੋ
ਅਸੀਂ ਨੰਗੇ ਨਹੀਂ ਮਰਨਾ।
ਕੋਈ ਛੱਪਰ ਨੂੰ ਆਖੋ
ਬਣ ਜਾਵੇ ਸਾਡਾ ਹਾਣੀ
ਕੋਈ ਹਾਸਿਆਂ ਨੂੰ ਆਖੋ
ਇੰਝ ਢਿੱਡੋਂ ਭੁੱਖ ਨਹੀਂ ਜਾਣੀ।
*-ਹਰਜੋਤ ਕੌਰ ਮਹੇਸ਼ਪੁਰਾ*

---

ਬੇਫਿਕਰਾ ਬੇਪਰਵਾਹ ਬਚਪਨ,
ਵਾਰ ਵਾਰ ਨਹੀਂ 'ਥਿਆਉਂਦੇ,
ਨੰਗ ਧੜੰਗ ਮੌਜ ਮਸਤੀ ਵਾਲ਼ਾ,
ਹੈ ਬੱਚਿਆਂ ਦੇ ਮਨ ਭਾਉਂਦੇ।
ਦੇਖੋ ਕਿੰਝ ਧੂੜ ਚੜ੍ਹਾ ਅਸਮਾਨੀਂ,
ਖੁਸ਼ੀਆਂ ਨੇ ਸਾਰੇ ਮਨਾਉਂਦੇ,
ਭਾਂਤ ਭਾਂਤ ਦੇ ਫਿਰ ਪੋਜ਼ ਬਣਾ ਕੇ,
ਸੈਲਫੀਆਂ ਨਾਲ਼ੇ ਖਿਚਾਉਂਦੇ।
*-ਸੇਵਾ ਸਿੰਘ 'ਨੂਰਪੁਰੀ'*

---

ਲਾਪ੍ਰਵਾਹੀ ਵਾਲਾ ਜੀਵਨ ਮਿਲਦਾ ਇਕ ਵਾਰੀ
ਭੁਲਾਇਆਂ ਨਾ ਭੁੱਲਦਾ ਉਮਰ ਸਾਰੀ।
ਸਮਾਂ ਜੋ ਲੰਘ ਗਿਆ
ਮੁੜ ਕੇ ਨਹੀਂ ਆਉਣਾ
ਹਰਕਤਾਂ ਕਰਾਂਗੇ ਬੱਚਿਆਂ ਵਾਲੀਆਂ
ਬਣ ਜਾਣਾ ਦਾਦੇ ਮਘੌਣਾ।
ਉਸ ਵੇਲੇ ਹੋ ਜਾਂਦਾ ਸੀ ਸਭ ਮੁਆਫ
ਬਚਕਾਨਾ ਇੱਲਤਾਂ ਬਣਦੀਆਂ ਇਤਫਾਕ।
*-ਅਮਰਜੀਤ ਸਿੰਘ ਤੂਰ*
*ਕੁਲਬੁਰਛਾਂ (ਪਟਿਆਲਾ)*
*ਫੋਨ: 98784-69639*


---

ਇਹ ਉਮਰ ਅੱਲ੍ਹੜ ਅਵੱਲੀ ਬੇਪਰਵਾਹ
ਨੰਗ ਧੜੰਗੇ ਖੇਡਣਾ
ਸ਼ਰਮ ਨਾ ਕੋਈ
ਮਿੱਟੀ 'ਚ ਮਿੱਟੀ ਹੋ ਖੇਡਣਾ
ਸਿੱਟ ਗਾਰਾ ਇਕ ਦੂਜੇ 'ਤੇ।
ਦਿੱਤਾ ਗੇੜਾ ਜਦ ਬਾਂਵਰੇਲੇ ਨੇ
ਭੱਜੇ ਮਗਰ ਸਾਰੇ
ਰਲ ਉਤਸੁਕਤਾ ਨਾਲ।
*-ਦਰਸ਼ਨ ਪਾਲ ਦੋਸਾਂਝ*

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਸਿੱਖਾਂ ਦੀ ਆਰਥਕ ਤੇ ਰਾਜਸੀ ਉਨਤੀ ਲਈ ਕੀ ਪਰੋਗਰਾਮ ਹੋਣਾ ਚਾਹੀਦਾ ਹੈ

*ਉਘੇ ਲਿਖਾਰੀ ਹੀਰਾ ਸਿੰਘ ਦਰਦ (12 ਫਰਵਰੀ 1887-22 ਜੂਨ 1965) ਦਾ ਇਹ ਲੇਖ 'ਸਿੱਖਾਂ ਦੀ ਆਰਥਕ ਤੇ ਰਾਜਸੀ ਉਨਤੀ ਲਈ ਕੀ ਪਰੋਗਰਾਮ ਹੋਣਾ ਚਾਹੀਦਾ ਹੈ' ਉਨ੍ਹਾਂ ਦੀ ਕਿਤਾਬ 'ਪੰਥ ਧਰਮ ਤੇ ਰਾਜਨੀਤੀ' ਵਿਚੋਂ ਲਿਆ ਗਿਆ ਹੈ। ਇਹ ਕਿਤਾਬ 1949 ਵਿਚ ਛਪੀ ਸੀ। ਇਸ ਵਿਚ ਦਰਜ ਵਿਚਾਰ ਅੱਜ ਵੀ ਓਨੇ ਹੀ ਸਾਰਥਕ ਹਨ। ਐਨੇ ਦਹਾਕਿਆਂ ਦੀ ਸਿਆਸਤ ਨੂੰ ਸਮਝਣ-ਸਮਝਾਉਣ ਦੇ ਨੁਕਤੇ ਤੋਂ ਇਹ ਲੇਖ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਸ਼ਬਦ-ਜੋੜ ਉਵੇਂ ਹੀ ਰੱਖੇ ਗਏ ਹਨ ਜਿਵੇਂ ਅਸਲ ਲਿਖਤ ਵਿਚ ਸਨ।*



**ਹੀਰਾ ਸਿੰਘ ਦਰਦ**

ਸੰਸਾਰ ਦੇ ਵੱਖ-ਵੱਖ ਮੁਲਕਾਂ ਵਿਚ ਮਨੁੱਖੀ ਸਮਾਜ ਅੰਦਰ ਘੋਲ ਚਲ ਰਹੇ ਹਨ ਅਤੇ ਤਜਰਬੇ ਹੋ ਰਹੇ ਹਨ ਕਿ ਸਮਾਜਕ ਦੁੱਖਾਂ ਕਲੇਸਾਂ ਦੇ ਕਾਰਨਾਂ ਨੂੰ ਕਿਸ ਤਰ੍ਹਾਂ ਖ਼ਤਮ ਕੀਤਾ ਜਾਵੇ ਤੇ ਕਿਸ ਤਰ੍ਹਾਂ ਅਜਿਹਾ ਸਮਾਜਕ ਨਜ਼ਾਮ ਸਥਾਪਤ ਕੀਤਾ ਜਾਵੇ ਜਿਸ ਵਿਚ ਮਨੁੱਖ ਸਭ ਆਰਥਕ ਤੰਗੀਆਂ ਤੋਂ ਛੁਟਕਾਰਾ ਪਾ ਲਵੇ ਅਤੇ ਮਨੁੱਖੀ ਆਤਮਾ ਤੇ ਮਨੁੱਖਤਾ ਨੂੰ ਵਿਕਾਸ ਕਰਨ, ਵਧਣ ਫੁੱਲਣ ਤੇ ਖੁਸ਼ੀਆਂ ਮਾਣਨ ਦੀ ਪੂਰੀ ਸੁਤੰਤਰਤਾ ਪ੍ਰਾਪਤ ਹੋ ਜਾਵੇ।

ਜਿਸ ਤਰ੍ਹਾਂ ਸਰੀਰਕ ਰੋਗਾਂ ਦੇ ਕਾਰਨ ਤੇ ਇਲਾਜ ਲੱਭਣ ਲਈ ਸਾਇੰਸੀ ਤਜਰਬੇ ਹੋਏ ਹਨ, ਇਨ੍ਹਾਂ ਤਜਰਬਿਆਂ ਨੂੰ ਸਾਰੇ ਸੰਸਾਰ ਵਿਚ ਵਰਤੋਂ ਵਿਚ ਲਿਆਂਦੇ ਜਾਂਦੇ ਹਨ, ਇਸੇ ਤਰ੍ਹਾਂ ਮਨੁੱਖੀ ਸਮਾਜ ਵਿਚ ਪੈਦਾ ਹੋਈ ਗੁਲਾਮੀ ਤੇ ਇਸ ਤੋਂ ਪੈਦਾ ਹੋਏ ਕੋਹੜ ਭੁੱਖ, ਨੰਗ, ਲੁੱਟਾਂ, ਧਾੜੇ, ਕਾਲ ਤੇ ਯੁੱਧਾਂ ਜੰਗਾਂ ਆਦਿ ਦੇ ਅਸਲੀ ਕਾਰਨ ਤੇ ਸਹੀ ਇਲਾਜ ਵੀ ਖੋਜੇ ਤੇ ਲੱਭੇ ਗਏ ਹਨ।

ਇਹ ਤਜਰਬੇ ਸਾਡੇ ਦੇਸ਼ ਵਿਚ ਵੀ ਤੇ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਵੀ ਹੋਏ ਹਨ। ਰੂਸ ਵਿਚ ਵੀ ਹੋਏ ਹਨ। ਸਾਡੇ ਗੁਆਂਢੀ ਦੇਸ਼ ਚੀਨ ਵਿਚ ਪਹਿਲਾਂ ਪ੍ਰਸਿੱਧ ਦੇਸ਼ ਭਗਤ ਨੇਤਾ ਸਨਯਾਤ ਸੈਨ ਦੀ ਅਗਵਾਈ ਵਿਚ ਅਤੇ ਫਿਰ ਕਾਮਰੇਡ ਮਾਓ ਜ਼ੇ ਤੁੰਗ ਦੀ ਅਗਵਾਈ ਵਿਚ 40 ਤੇ 28 ਸਾਲ ਜਨਤਕ ਆਜ਼ਾਦੀ ਦੇ ਘੋਲ ਤੇ ਤਜਰਬੇ ਹੋਏ। ਚੀਨ ਵਿਚ ਜਨਤਕ ਜਿੱਤ ਨੂੰ ਪੂਰਨਤਾ ਤਕ ਪਹੁੰਚਾਉਂਦੇ ਹੋਏ ਮਾਓ ਜ਼ੇ ਤੁੰਗ ਨੇ ਪੀਕਿੰਗ ਵਿਚ ਹੁਣ ਜਨਤਕ ਲੋਕ ਰਾਜ ਦੀ ਰਾਜਧਾਨੀ ਬਣਾ ਲਈ ਹੈ ਤੇ ਇਨ੍ਹਾਂ ਤਜਰਬਿਆਂ ਦਾ ਨਿਚੋੜ ਦੱਸਦਿਆਂ ਹੋਇਆ 9 ਜੁਲਾਈ 1949 ਈ: ਨੂੰ ਉਸ ਨੇ ਲਿਖਿਆ ਹੈ ਕਿ 'ਚੀਨ ਦੇ ਆਜ਼ਾਦੀ ਦੇ ਘੋਲ ਵਿਚ ਸਾਡਾ 40 ਤੇ 28 ਸਾਲ ਦਾ ਤਜਰਬਾ ਦੱਸਦਾ ਹੈ ਕਿ ਬਿਨਾਂ ਛੋਟ ਦੇ ਚੀਨੀ ਲੋਕਾਂ ਨੂੰ ਜਾਂ ਤਾਂ ਸੋਸ਼ਲਿਜ਼ਮ ਦਾ ਰਾਹ ਫੜਨਾ ਚਾਹੀਦਾ ਜਾਂ ਸਾਮਰਾਜ ਦਾ, ਤੀਜਾ ਕੋਈ ਰਾਹ ਨਹੀਂ, ਵਿਚਾਲੇ ਖੜ੍ਹੇ ਹੋਣਾ ਅਸੰਭਵ ਹੈ। ਅਸੀਂ ਚਿਆਂਗ ਕਾਈ ਸ਼ੇਕ ਦੀ ਪਿਛਾਂਹਖਿੱਚੂ ਜੁੰਡਲੀ ਦੇ ਵਿਰੁੱਧ ਲੜ ਰਹੇ ਹਾਂ ਜਿਹੜੀ ਸਾਮਰਾਜ ਦੇ ਪੱਖ ਵਿਚ ਹੈ ਅਤੇ ਅਸੀਂ ਤੀਜੇ ਰਾਹ ਦੇ ਭੁਲੇਖਿਆਂ ਦੇ ਵੀ ਇਤਨੇ ਵਿਰੁੱਧ ਹਾਂ ਜਿਤਨੇ ਕਿ ਸਾਮਰਾਜ ਦੇ ਸਿਰਫ ਚੀਨ ਹੀ ਨਹੀਂ ਸਗੋਂ ਬਿਨਾਂ ਛੋਟ ਦੇ ਸਾਰੇ ਸੰਸਾਰ ਭਰ ਦੇ ਕੁਲ ਹਿੱਸਿਆਂ ਵਿਚ ਹਰ ਕਿਸੇ ਨੂੰ ਜਾਂ ਤਾਂ ਸਾਮਰਾਜ ਦੇ ਪੱਖ ਵਿਚ ਹੋਣਾ ਚਾਹੀਦਾ ਹੈ ਜਾਂ ਸੋਸ਼ਲਿਜ਼ਮ (ਸਮਾਜਵਾਦ) ਦੇ ਪੱਖ ਵਿਚ। ਨਿਰਪੱਖਤਾ ਨਿਰਾ ਫਰੇਬ ਤੇ ਧੋਖਾ ਹੈ। ਤੀਜਾ ਕੋਈ ਰਾਹ ਨਹੀਂ।'

ਸਾਡੇ ਦੇਸ਼ ਵਿਚ ਕਾਂਗਰਸ ਨੇ 62 ਸਾਲ ਆਜ਼ਾਦੀ ਦਾ ਘੋਲ ਲੜਿਆ, ਹਿੰਦੂ ਮਹਾਂ ਸਭਾ, ਮੁਸਲਿਮ ਲੀਗ ਤੇ ਸ਼ਰੋਮਣੀ ਅਕਾਲੀ ਦਲ ਨੇ ਵੀ ਫਿਰਕੂ ਲੀਹਾਂ ਉਪਰ ਵਰ੍ਹਿਆਂ ਬਧੀ ਘੋਲ ਕੀਤੇ, ਮੋਰਚੇ ਲਾਏ ਤੇ 1920 ਤੋਂ ਮੈਂ ਵੀ ਵੱਖ-ਵੱਖ ਘੋਲਾਂ ਤੇ ਮੋਰਚਿਆਂ ਵਿਚ ਹਿੱਸਾ ਲੈ ਰਿਹਾ ਹਾਂ। ਨਤੀਜੇ ਸਾਡੇ ਸਾਹਮਣੇ ਹਨ। ਕਾਂਗਰਸ ਦਾ ਰਾਮ ਰਾਜ, ਮੁਸਲਿਮ ਲੀਗ ਦਾ ਪਾਕਿਸਤਾਨ, ਰਾਸ਼ਟਰੀ ਸੰਘ ਦਾ ਹਿੰਦੀ, ਹਿੰਦੂ, ਹਿੰਦੁਸਤਾਨ ਤੇ ਸ਼ਰੋਮਣੀ ਅਕਾਲੀ ਦਲ ਦਾ ਖਾਲਿਸਤਾਨ। ਫਿਰਕੂ ਘੱਲੂਘਾਰੇ, ਲਹੂ ਤੇ ਲੋਥਾਂ, ਭੁੱਖ ਨੰਗ, ਚੋਰ ਮੰਡੀਆਂ ਇਖਲਾਕ ਅਸਮਤਾਂ ਤੇ ਈਮਾਨਾਂ ਦੀਆਂ ਵਿਕਰੀਆਂ, ਕਾਲਾਂ ਦੀ ਭਰਮਾਰ ਤੇ ਕਾਲਾ ਸ਼ਾਹ ਭਵਿਖ ਤੇ ਮਾਯੂਸੀ। ਸੁ ਅੱਖੀਂ ਡਿੱਠੇ ਤੇ ਹੱਡ ਬੀਤੇ ਸਾਰੇ ਤਜਰਬਿਆਂ ਦਾ ਮੇਰਾ ਨਿਚੋੜ ਵੀ ਈਹੋ ਹੈ ਜਿਹੜਾ ਮਾਓ ਜ਼ੇ ਤੁੰਗ ਦਾ ਹੈ।



ਰਾਹ ਕੇਵਲ ਦੋ ਹੀ ਹਨ, ਤੀਜਾ ਕੋਈ ਰਾਹ ਨਹੀਂ। ਸਾਰੇ ਮੁਲਕਾਂ ਦੇ ਲੋਕਾਂ ਵਾਸਤੇ, ਸਾਰੀਆਂ ਕੌਮਾਂ ਸਾਰੇ ਮਜ਼ਹਬਾਂ ਤੇ ਸਾਰੇ ਪੱਖਾਂ ਵਾਸਤੇ ਇਕ ਰਸਤਾ ਹੈ ਸੋਸ਼ਲਿਜ਼ਮ (ਸਮਾਜਵਾਦ) ਦਾ, ਮਨੁੱਖੀ ਗੁਲਾਮੀ, ਧੱਕੇ ਤੇ ਜਬਰ, ਲੁੱਟ ਖਸੁੱਟ ਤੇ ਜੁੱਧ ਜੰਗ ਸੱਦਾ ਲਈ ਖ਼ਤਮ ਕਰ ਕੇ ਮਨੁੱਖੀ ਬਰਾਬਰੀ ਤੇ ਭਰਾਤਰੀ ਭਾਵ ਦੀਆਂ ਨੀਹਾਂ ਉਪਰ ਅਮਨ, ਉਨਤੀ, ਅਤੇ ਸਭ ਕੌਮਾਂ ਲਈ ਬਰਾਬਰੀ, ਆਜ਼ਾਦੀ ਤੇ ਖੁਸ਼ਹਾਲੀ ਭਰਿਆ ਭਵਿਖ ਬਣਾਉਣ ਦਾ ਅਤੇ ਦੂਜਾ ਰਸਤਾ ਹੈ ਸਾਮਰਾਜ ਦਾ ਲੁੱਟ ਖਸੁੱਟ, ਭੁੱਖ ਨੰਗ, ਬੀਮਾਰੀਆਂ, ਕਾਲਾਂ, ਜੁੱਧਾਂ ਜੰਗਾਂ ਤੇ ਤਬਾਹੀਆਂ ਦਾ। ਸਾਰੇ ਸੰਸਾਰ ਵਿਚ ਇਨ੍ਹਾਂ ਦੋ ਹੀ ਰਸਤਿਆਂ ਉਪਰ ਚਲਣ ਦੀ ਕਤਾਰਬੰਦੀ ਬਣ ਰਹੀ ਹੈ। ਇਨ੍ਹਾਂ ਦੋਹਾਂ ਰਾਹਾਂ ਵਿਚੋਂ ਸਾਨੂੰ ਇਕ ਰਸਤਾ ਚੁਣਨਾ ਪਏਗਾ, ਹੋਰ ਕੋਈ ਤੀਜਾ ਪੰਥਕ ਰਸਤਾ ਨਹੀਂ ਹੈ।

ਪੰਥ ਦੇ ਇਕ ਹਿੱਸੇ ਨੇ ਸਰਦਾਰ ਬਲਦੇਵ ਸਿੰਘ ਤੇ ਰਾਜ-ਪਰਮੁਖ ਮਹਾਰਾਜਾ ਸਾਹਿਬ ਪਟਿਆਲਾ ਦੇ ਧੜਿਆਂ ਅਰਥਾਤ ਭਾਗੋ ਪੰਥੀਆਂ ਨੇ ਆਪਣਾ ਰਸਤਾ ਚੁਣ ਲਿਆ ਹੈ ਅਤੇ ਉਹ ਉਸ ਉਪਰ ਸਰਗਰਮੀ ਨਾਲ ਚਲ ਰਹੇ ਹਨ। ਉਹ ਰਸਤਾ ਹੈ ਹਿੰਦੀ ਬੁਰਜ਼ਵਾਜੀ ਤੇ ਪਿਛਾਂਹ ਖਿੱਚੂ ਤਾਕਤਾਂ ਦੇ ਗਰੁੱਪ ਦਾ, ਸਾਮਰਾਜ ਨਾਲ ਸਮਝੌਤੇ ਦਾ, ਮਿਹਨਤੀ ਹਿੰਦੀ ਜਨਤਾ ਦੀ ਲੁੱਟ ਖਸੁੱਟ ਕਰਨ ਤੇ ਇਸਨੂੰ ਭੁੱਖ, ਨੰਗ, ਕਾਲ ਤੇ ਯੁੱਧਾਂ ਵਿਚ ਠੇਲ੍ਹਣ ਦਾ। ਪੰਥ ਦੀ ਮਿਹਨਤੀ ਕਿਰਤੀ ਤੇ ਕਿਸਾਨ ਜਨਤਾ ਵਿਚੋਂ ਭੀ ਜਿਨ੍ਹਾਂ ਦੀਆਂ ਅੱਖਾਂ ਖੁੱਲ੍ਹ ਚੁੱਕੀਆਂ ਹਨ, ਉਨ੍ਹਾਂ ਨੇ ਆਪਣਾ ਰਸਤਾ ਚੁਣ ਲਿਆ ਹੈ। ਉਹ ਆਪਣੀਆਂ ਜਮਾਤੀ ਜਥੇਬੰਦੀਆਂ ਕਿਸਾਨ ਸਭਾਵਾਂ ਤੇ ਮਜ਼ਦੂਰ ਜਮਾਤ ਦੀ ਅਜ਼ਮਾਈ ਪਰਖੀ ਹੋਈ ਅਗਵਾਈ ਹੇਠਾਂ ਸਮਾਜਵਾਦਕ ਪਰੋਗਰਾਮ ਨੂੰ ਪੂਰਨ ਕਰਨ ਲਈ ਮੈਦਾਨ ਵਿਚ ਅੱਗੇ ਵਧ ਰਹੇ ਹਨ। ਜਿੱਤ ਤੇ ਸ਼ਾਨਦਾਰ ਭਵਿਖ ਉਨ੍ਹਾਂ ਦੇ ਸਾਹਮਣੇ ਹੈ।

ਜਿਹੜੇ ਅਜੇ ਡਾਵਾਂਡੋਲ ਹਨ, ਭੁਲੇਖਿਆਂ ਵਿਚ ਪਏ ਹਨ, ਜਿਨ੍ਹਾਂ ਨੂੰ ਪੰਥਕ ਜਾਂ ਕਾਂਗਰਸੀ ਅਗਵਾਈ ਵਲ ਅਜੇ ਝਾਕਾਂ ਲੱਗੀਆਂ ਹਨ, ਉਨ੍ਹਾਂ ਨੂੰ ਹੁਣ ਦੋ ਟੁਕ ਫੈਸਲਾ ਕਰਨਾ ਪਏਗਾ। ਅੱਧ ਵਿਚਾਲੇ ਰਹਿਣ ਦਾ ਕੁਝ ਲਾਭ ਨਹੀਂ ਹੋਵੇਗਾ।

ਇਹ ਆਸ ਉੱਕੀ ਨਹੀਂ ਰੱਖਣੀ ਚਾਹੀਦੀ ਕਿ ਸਮੁੱਚਾ ਪੰਥ ਇਕੋ ਪਾਸੇ ਚਲੇਗਾ। ਨਾ ਹੀ ਪੰਥ ਦੇ ਨਾਂ ਉਪਰ ਸੁਲਾਹ ਤੇ ਏਕਤਾ ਕਾਨਫੰਰਸਾਂ ਕਰਨ ਤੇ ਕਾਨਵੈਨਸ਼ਨਾਂ ਬੁਲਾਉਣ ਦਾ ਕੁਝ ਫਾਇਦਾ ਹੈ। ਪੰਥ ਵਿਚ ਸਾਫ ਦੋ ਜਮਾਤਾਂ ਹਨ। ਉਨ੍ਹਾਂ ਦੇ ਲਾਭ ਤੇ ਰਸਤੇ ਵੱਖੋ-ਵੱਖਰੇ ਹਨ। ਵੱਖ-ਵੱਖ ਮੁਲਕਾਂ ਵਿਚ ਤੇ ਸਾਡੇ ਆਪਣੇ ਮੁਲਕ ਦੇ ਸਮਾਜਕ ਘੋਲਾਂ ਦੇ ਇਤਿਹਾਸ ਨੇ ਵੀ ਦੋ-ਟੂਕ ਫੈਸਲੇ ਕਰਕੇ ਸਿੱਧੇ ਸਾਫ ਦੋ ਰਸਤੇ ਸਾਡੇ ਸਾਹਮਣੇ ਰੱਖ ਦਿੱਤੇ ਹਨ। ਮੈਨੂੰ ਭਰੋਸਾ ਹੈ ਕਿ ਸਿੱਖ ਮਿਹਨਤੀ ਜਨਤਾ ਅੰਦਰ ਇਨਕਲਾਬੀ ਰੂਹ ਉਛਾਲੇ ਮਾਰ ਰਹੀ ਹੈ ਅਤੇ ਉਹ ਜ਼ਰੂਰ ਹੁਣ ਸਮਾਜਵਾਦ ਦੇ ਸਹੀ ਰਾਹ ਉਪਰ ਚਲ ਕੇ ਆਪਣਾ ਸ਼ਾਨਦਾਰ ਤੇ ਖੁਸ਼ਹਾਲ ਭਵਿਖਤ ਬਣਾਏਗੀ।

ਸਿੱਖ ਜਨਤਾ ਦੇ ਦੁੱਖੀ ਦਿਲਾਂ ਤੇ ਤੜਫਦੇ ਜਜ਼ਬਾਤਾਂ ਨੂੰ ਮੈਂ ਪੂਰੀ ਤਰ੍ਹਾਂ ਅਨੁਭਵ ਕਰਦਾ ਹਾਂ। ਉਸਨੂੰ ਬੜੀਆਂ ਚੋਟਾਂ ਲੱਗੀਆਂ ਤੇ ਉਸਦੀਆਂ ਆਸਾਂ ਦੀਆਂ ਕਿਆਰੀਆਂ ਉੱਜੜੀਆਂ ਹਨ। ਸਿੱਖ ਜਨਤਾ ਚਾਹੁੰਦੀ ਹੈ, ਉਸ ਨੂੰ ਧਾਰਮਕ ਆਜ਼ਾਦੀ ਮਿਲੇ। ਉਸਦੇ ਧਾਰਮਕ ਉਨਤੀ ਦੇ ਰਾਹ ਵਿਚ ਕੋਈ ਰੋਕ ਨਾ ਪਵੇ। ਪੰਜਾਬੀ ਬੋਲੀ ਉਸ ਦੀ ਜਿੰਦ ਜਾਨ ਹੈ, ਪੰਜਾਬੀ ਬੋਲੀ ਵਿਚ ਉਸ ਦਾ ਧਰਮ ਹੈ, ਕਲਚਰ ਹੈ, ਇਤਿਹਾਸ ਹੈ, ਸਭਿਅਤਾ ਹੈ। ਉਹ ਪੰਜਾਬ ਵਿਚ ਪੰਜਾਬੀ ਬੋਲੀ, ਕਲਚਰ ਤੇ ਸਭਿਅਤਾ ਨੂੰ ਵਧਣ ਫੁੱਲਣ ਲਈ ਪੂਰੀ ਆਜ਼ਾਦੀ ਚਾਹੁੰਦੀ ਹੈ। ਪੰਜਾਬੀ ਯੂਨੀਵਰਸਿਟੀ ਬਣੇ, ਪੰਜਾਬੀ ਅਦਾਲਤੀ ਬੋਲੀ ਹੋਵੇ, ਪੰਜਾਬੀ ਹੀ ਸਿੱਖਿਆ ਦਾ ਸਾਧਨ ਬਣੇ ਅਤੇ ਇਸਦੇ ਨਾਲ ਹੀ ਉਹ ਆਰਥਕ ਖੁਸ਼ਹਾਲੀ ਚਾਹੁੰਦੀ ਹੈ। ਹਰ ਇਕ ਸਿੱਖ ਕਿਸਾਨ ਨੂੰ ਵਾਹੀ ਕਰਨ ਜੋਗੀ ਜ਼ਮੀਨ ਮਿਲੇ, ਹਰ ਮਿਹਨਤੀ ਤੇ ਦਸਤਕਾਰ ਨੂੰ ਕੰਮ ਮਿਲੇ, ਕੋਈ ਵਿਹਲਾ ਨਾ ਰਹੇ, ਕੋਈ ਭੁੱਖਾ ਨਾ ਰਹੇ । ਬਿਰਧਾਂ ਦੀ ਪੈਨਸ਼ਨ ਲੱਗੇ, ਤਾਲੀਮ ਤੇ ਹੁਨਰ ਸਿਖਲਾਈ ਦੇ ਸਭ ਨੂੰ ਇਕੋ ਜਿਹੇ ਮੌਕੇ ਮਿਲਣ, ਸਹੂਲਤਾਂ ਮਿਲਣ। ਆਰਥਕ ਖੁਸ਼ਹਾਲੀ ਤੇ ਪ੍ਰਸੰਨਤਾ ਪ੍ਰਾਪਤ ਕਰਨ ਲਈ ਸਿੱਖ ਜਨਤਾ ਵਿਆਕੁਲ ਹੋ ਰਹੀ ਹੈ। ਇਸੇ ਲਈ ਪੰਜਾਬੀ ਬੋਲਦਾ ਪ੍ਰਾਂਤ ਉਸਦੀ ਮੰਗ ਬਣ ਗਈ ਹੈ।

ਉਸਦੀਆਂ ਇਹ ਖਾਹਸ਼ਾਂ ਤੇ ਉਮੰਗਾਂ ਵਰਤਮਾਨ ਬੁਰਜ਼ਵਾ ਸੰਗ ਜਗੀਰਦਾਰ ਜੁੱਟ ਦੀ ਹਕੂਮਤ ਵਿਚ ਪੂਰੀਆਂ ਨਹੀਂ ਹੋ ਸਕਦੀਆਂ। ਇਨ੍ਹਾਂ ਮੰਗਾਂ ਦੀ ਉੱਤੋਂ ਉੱਤੋਂ ਹਮਾਇਤ ਕਰਨ ਵਾਲੀ ਅਕਾਲੀ ਲੀਡਰਸ਼ਿਪ ਪੂਰੀਆਂ ਨਹੀਂ ਕਰਾ ਸਕਦੀ ਕਿਉਂਕਿ ਉਹ ਕਾਂਗਰਸੀ ਹਕੂਮਤ ਨਾਲ ਘਿਉ ਖਿੱਚੜੀ ਹੋ ਚੁੱਕੀ ਹੈ। ਇਹ ਮੰਗਾਂ ਜਨਤਕ ਤੇ ਸਹੀ ਜਮਹੂਰੀ ਨਜ਼ਾਮ ਦਾ ਜ਼ਰੂਰੀ ਹਿੱਸਾ ਹਨ। ਇਹ ਤਾਂ ਹੀ ਪੂਰੀਆਂ ਹੋਣਗੀਆਂ ਜੇ ਜਨਤਕ ਏਕਤਾ ਤੇ ਜੱਥੇਬੰਦੀ ਨਾਲ ਘੋਲ ਕਰਕੇ ਇਥੇ ਨਵਾਂ ਸਮਾਜਵਾਦਕ ਨਜ਼ਾਮ ਸਥਾਪਤ ਕੀਤਾ ਜਾਏਗਾ। ਇਸ ਵਾਸਤੇ ਮੈਂ ਵਿਸ਼ਵਾਸ ਨਾਲ ਸਿੱਖ ਜਨਤਾ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਯਕੀਨੀ ਤੌਰ 'ਤੇ ਉਸ ਦਾ ਭਲਾ ਸਮਾਜਵਾਦਕ ਧੜੇ ਵਿਚ ਜਿਹੜਾ ਕੌਮੀ ਤੇ ਕੌਮਾਂਤਰੀ ਤੌਰ ਉਪਰ ਮਜ਼ਦੂਰ ਏਕਤਾ ਅਤੇ ਮਜ਼ਦੂਰ ਸ਼ਰੇਣੀ ਦੀ ਅਗਵਾਈ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਜਿਹੜਾ ਧੜਾ ਅਮਨ ਤੇ ਆਜ਼ਾਦੀ ਦੇ ਚਾਹਵਾਨ ਕੌਮਾਂਤਰੀ ਧੜੇ ਅਰਥਾਤ ਸੋਵੀਅਤ ਧੜੇ ਦਾ ਹਾਮੀ ਹੋਵੇ। ਇਸ ਵਾਸਤੇ ਸਿੱਖ ਜਨਤਾ ਆਪਣਾ ਭਲਾ ਕਰਨ ਤੇ ਆਪਣਾ ਭਵਿਖਤ ਖੁਸ਼ਹਾਲ ਬਣਾਉਣ ਲਈ ਅਤੇ ਵਰਤਮਾਨ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਵਿਰਸੇ ਵਿਚ ਲਿਆ ਇਨਕਲਾਬੀ ਫਰਜ਼ ਪੂਰਾ ਕਰਨ ਲਈ ਮੈਦਾਨ ਵਿਚ ਨਿਤਰੇ । ਸਾਂਝੀਆਂ ਕਿਰਤੀ ਕਿਸਾਨ ਜਥੇਬੰਦੀਆਂ ਵਿਚ ਭਰਤੀ ਹੋਵੇ। ਮਜ਼ਦੂਰ ਤੇ ਕਿਸਾਨ ਏਕਤਾ ਪੱਕੀ ਕਰੇ ਅਤੇ ਨਵੇਂ ਅਗਾਂਹ ਵਧੂ ਜਨਤਕ ਘੋਲ ਵਿਚ ਸ਼ਾਮਲ ਹੋ ਕੇ ਜਿੱਤਾਂ ਪਰਾਪਤ ਕਰੇ, ਇਹੋ ਇਸਦਾ ਫਰਜ਼ ਹੈ। ਇਸੇ ਵਿਚ ਉਸਦੀ ਜਿੱਤ ਹੈ ਇਸੇ ਵਿਚ ਉਸਦਾ ਭਲਾ ਤੇ ਦੇਸ਼ ਦਾ ਭਲਾ ਹੈ।

ਮੈਂ ਸਿੱਖ ਜਨਤਾ ਦਾ ਇਕ ਪੁਰਾਣਾ ਸੇਵਕ ਤੇ ਇਸਦਾ ਇਕ ਅੰਗ ਹੁੰਦਾ ਹੋਇਆ ਇਹੋ ਸਲਾਹ ਦਿਆਂਗਾ ਕਿ ਸਿੱਖ ਜਨਤਾ ਇਸ ਅਜ਼ਮਾਏ ਪਰਖੇ ਹੋਏ ਸਹੀ ਰਸਤੇ ਉਪਰ ਚਲ ਕੇ ਆਪਣਾ ਭਵਿਖ ਸ਼ਾਨਦਾਰ ਬਣਾਵੇ। ਮੈਂ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਹੋਇਆ ਵੇਖਣ ਦੀ ਇੱਛਾ ਨਾਲ ਜੀ ਰਿਹਾ ਹਾਂ। ਮੇਰਾ ਦਿਲ ਸਾਖੀ ਭਰ ਰਿਹਾ ਹੈ ਕਿ ਉਹ ਦਿਨ ਦੂਰ ਨਹੀਂ ਹਨ ਜਦ ਕਿ ਮਿਹਨਤੀ ਜਨਤਾ ਦੀਆਂ ਆਸਾਂ ਨੂੰ ਫਲ ਲੱਗਣਗੇ। ਸਾਮਰਾਜੀ ਜੁੱਗ ਖ਼ਤਮ ਹੋ ਰਿਹਾ ਹੈ। ਅੱਧੀ ਧਰਤੀ ਪੁਰ ਜਨਤਕ ਜੁੱਗ ਪ੍ਰਵੇਸ਼ ਕਰ ਚੁੱਕਾ ਹੈ। ਬਾਕੀ ਅੱਧੀ ਧਰਤੀ ਦੀ ਮਿਹਨਤੀ ਜਨਤਾ ਘੋਲ ਕਰ ਰਹੀ ਹੈ ਤੇ ਇਸ ਨਵੇਂ ਜੁੱਗ ਦੇ ਸੁਆਗਤ ਲਈ ਅੱਖਾਂ ਵਿਛਾ ਰਹੀ ਹੈ। ਇਸ ਨਵੇਂ ਜਨਤਕ ਜੁੱਗ ਦੇ ਹਿੰਦ ਵਿਚ ਆਉਣ ਨਾਲ ਹੀ ਸਿੱਖ ਜਨਤਾ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ ਤੇ ਉਸ ਨੂੰ ਆਰਥਕ, ਧਾਰਮਕ ਤੇ ਕਲਚਰਲ ਆਜ਼ਾਦੀ ਦੀਆਂ ਖੁਸ਼ੀਆਂ ਮਾਣਨ ਦਾ ਮੌਕਾ ਮਿਲੇਗਾ।

ਬੜੇ ਪਰੇਮ ਤੇ ਸਤਿਕਾਰ ਸਹਿਤ-
ਜਨਤਾ ਦਾ ਸੇਵਕ-ਹੀਰਾ ਸਿੰਘ 'ਦਰਦ'।

---

# ਖਿੜੀ ਹੋਈ ਗੁਲਜ਼ਾਰ

**ਡਾ. ਬਿਹਾਰੀ ਮੰਡੇਰ**
**ਫੋਨ: +91-98144-65017**

ਬਦਲੀ ਪਿੱਛੋਂ 2005 ਵਿਚ ਮੈਂ ਸਿਵਲ ਪਸ਼ੂ ਡਿਸਪੈਂਸਰੀ ਕਾਲ ਬੰਜਾਰਾ ਵਿਖੇ ਹਾਜ਼ਰ ਹੋਇਆ। ਡਿਸਪੈਂਸਰੀ ਦੀ ਜਗ੍ਹਾ ਕਾਫੀ ਸੀ। ਬਿਲਡਿੰਗ ਠਕਿ-ਠਾਕ ਸੀ। ਚਾਰਦੀਵਾਰੀ ਕਈ ਥਾਵਾਂ ਤੋਂ ਟੁੱਟੀ ਪਈ ਸੀ। ਮੁੱਖ ਗੇਟ ਵੀ ਟੁੱਟਾ ਹੋਇਆ। ਡਿਸਪੈਂਸਰੀ ਵਿਚ ਚਾਰੇ ਪਾਸੇ ਘਾਹ ਫੂਸ ਉੱਗਿਆ ਹੋਇਆ। ਕੁਝ ਘਰ ਡਿਸਪੈਂਸਰੀ ਵਿਚ ਆਪਣੇ ਪਸ਼ੂ ਵੀ ਬੰਨ੍ਹਦੇ ਸਨ। ਪੰਚਾਇਤ ਦੀ ਮਦਦ ਨਾਲ ਪਹਿਲਾਂ ਗੇਟ ਠੀਕ ਕਰਵਾਇਆ, ਗੇਟ ਨੂੰ ਜਿੰਦਾ ਲਗਾਉਣਾ ਸ਼ੁਰੂ ਕੀਤਾ। ਇਸ ਨਾਲ ਡਿਸਪੈਂਸਰੀ ਵਿਚ ਪਸ਼ੂ ਬੰਨ੍ਹਣ ਵਾਲਿਆਂ ਨੂੰ ਤਕਲੀਫ ਤਾਂ ਹੋਈ ਪਰ ਸਰਪੰਚ ਨੇ ਸਿਆਣਪ ਨਾਲ ਸਭ ਨੂੰ ਸਮਝਾ ਕੇ ਸ਼ਾਂਤ ਕਰ ਦਿੱਤਾ। ਹੌਲੀ ਹੌਲੀ ਡਿਸਪੈਂਸਰੀ ਵਿਚ ਛੋਟੇ ਮੋਟੇ ਕੰਮ ਹੋਣੇ ਸ਼ੁਰੂ ਹੋ ਗਏ। ਚਾਰਦੀਵਾਰੀ ਦੀ ਮੁਰੰਮਤ ਹੋ ਗਈ। ਇਉਂ ਡਿਸਪੈਂਸਰੀ ਦਾ ਚਿਹਰਾ ਮੋਹਰਾ ਬਦਲਣ ਲੱਗਾ।

2006 ਵਿਚ ਮੈਂ ਜਗਦੀਸ਼ ਪਾਪੜਾ ਰਾਹੀਂ ਜੈਵਿਕ ਖੇਤੀ ਵਾਲਿਆਂ ਨਾਲ ਜੁੜ ਗਿਆ। ਮੀਟਿੰਗਾਂ ਹੁੰਦੀਆਂ। ਵਿਦਵਾਨਾਂ ਦੇ ਵਿਚਾਰ ਸੁਣਦਿਆਂ ਵਾਤਾਵਰਨ ਬਾਰੇ ਚੇਤਨਤਾ ਜਾਗੀ। ਪਿੰਡ ਵਿਚ ਕਰਵਾਏ ਪ੍ਰੋਗਰਾਮਾਂ ਸਦਕਾ ਪਿੰਡ ਦੇ ਜਾਗਰੂਕ ਕਿਸਾਨ ਜੈਵਿਕ ਖੇਤੀ ਵਿਚ ਦਿਲਚਸਪੀ ਲੈਣ ਲੱਗ ਪਏ। ਅਸੀਂ ਸਰਪੰਚ ਨਾਲ ਮਿਲ ਕੇ ਡਿਸਪੈਂਸਰੀ ਵਿਚ ਬੂਟੇ ਲਗਾਉਣ ਦਾ ਪ੍ਰੋਗਰਾਮ ਬਣਾਇਆ। ਸਭ ਤੋਂ ਪਹਿਲਾਂ ਡਿਸਪੈਂਸਰੀ ਦੀ ਲੱਗਭਗ 100 ਫੁੱਟ ਚਾਰਦੀਵਾਰੀ ਦੇ ਨਾਲ ਨਾਲ ਅਸ਼ੋਕਾ ਦੇ ਬੂਟੇ ਅਤੇ ਅੰਦਰਲੀ ਜਗ੍ਹਾ ਵਿਚ ਬਰਮਾ ਡੇਕ ਦੇ ਲਗਭਗ 100 ਬੂਟੇ ਲਗਾਏ; ਇੱਕ ਪਾਸੇ 30 ਬੂਟੇ ਨਿੰਮ ਦੇ। ਹੁਣ ਬੂਟੇ ਪਾਲਣ ਲਈ ਪਾਣੀ ਦਾ ਸਵਾਲ ਖੜ੍ਹਾ ਹੋ ਗਿਆ। ਡਿਸਪੈਂਸਰੀ ਵਿਚ ਸਿਰਫ ਨਲਕਾ ਹੀ ਸੀ। ਡਿਸਪੈਂਸਰੀ ਦੀ ਕੰਧ ਸਕੂਲ ਨਾਲ ਸਾਂਝੀ ਸੀ ਤੇ ਸਕੂਲ ਵਿਚ ਮੋਟਰ ਲੱਗੀ ਹੋਈ ਸੀ। ਪੰਚਾਇਤ ਅਤੇ ਸਕੂਲ ਕਮੇਟੀ ਦੇ ਸਹਿਯੋਗ ਸਦਕਾ ਲਿੰਕ ਪਾਈਪ ਪਾ ਕੇ ਡਿਸਪੈਂਸਰੀ ਵਿਚ ਬੂਟਿਆਂ ਲਈ ਪਾਣੀ ਦਾ ਇੰਤਜ਼ਾਮ ਹੋ ਗਿਆ।

ਫਿਰ ਅਸੀਂ ਪੰਚਾਇਤ ਨਾਲ ਮਿਲ ਕੇ ਪਿੰਡ ਦੀਆਂ ਸਾਂਝੀਆਂ ਥਾਵਾਂ 'ਤੇ ਬੂਟੇ ਲਗਾਉਣ ਦੀ ਵਿਉਂਤ ਬਣਾਈ। ਇਉਂ ਪਿੰਡ ਦੀਆਂ ਖਾਲੀ ਪਈਆਂ ਲੱਗਭਗ ਸਾਰੀਆਂ ਥਾਵਾਂ 'ਤੇ ਬੂਟੇ ਲਗਾ ਦਿੱਤੇ। ਸਾਡੀ ਡਿਸਪੈਂਸਰੀ ਹੁਣ ਹਰੇ ਭਰੇ ਬੂਟਿਆਂ ਨਾਲ ਭਰ ਗਈ ਸੀ। ਆਲਮ ਇਹ ਸੀ ਕਿ ਲੰਘਣ ਵਾਲੇ ਲੋਕ ਅੱਡੀਆਂ ਚੁੱਕ ਚੁੱਕ ਕੇ ਅੰਦਰ ਦੇਖਦੇ ਤੇ ਅਸੀਂ ਅੰਦਰ ਬੈਠੇ ਇਹ ਸੋਚਦੇ ਰਹਿੰਦੇ ਕਿ ਕਦੋਂ ਸਾਡੇ ਬੂਟੇ ਵੱਡੇ ਹੋਣ ਅਤੇ ਕੰਧ ਉੱਪਰ ਦੀ ਦਿਖਾਈ ਦੇਣ। ਕਈ ਵਾਰ ਲੋਕ ਡਿਸਪੈਂਸਰੀ ਅੰਦਰ ਆ ਕੇ ਵੀ ਬੂਟੇ ਨਿਹਾਰਦੇ ਅਤੇ ਸਾਡੇ ਕੰਮ ਦੀ ਪ੍ਰਸ਼ੰਸਾ ਕਰਦੇ।

ਖ਼ੈਰ! ਇਸ ਤੋਂ ਬਾਅਦ ਡਿਸਪੈਂਸਰੀ ਨੂੰ ਸ਼ਿੰਗਾਰਨ ਦਾ ਕੰਮ ਸ਼ੁਰੂ ਹੋਇਆ। ਗੇਟ ਉੱਪਰ ਡਾਟ ਬਣਵਾਈ ਅਤੇ ਉੱਪਰ ਸਿਵਲ ਪਸ਼ੂ ਡਿਸਪੈਂਸਰੀ ਕਾਲ ਬੰਜਾਰਾ ਲਿਖਵਾਇਆ। ਬਿਲਡਿੰਗ ਅਤੇ ਚਾਰਦੀਵਾਰੀ ਨੂੰ ਰੰਗ ਕਰਵਾਇਆ। ਡਿਸਪੈਂਸਰੀ ਦੇ ਸਾਹਮਣੇ ਛੋਟਾ ਜਿਹਾ ਪਾਰਕ ਬਣਵਾਇਆ। ਇਸ ਵਿਚ ਘਾਹ ਲਗਾ ਦਿੱਤਾ ਗਿਆ। ਮਨ ਵਿਚ ਪਾਰਕ ਦੇ ਆਲੇ-ਦੁਆਲੇ ਫੁੱਲਾਂ ਵਾਲੇ ਬੂਟੇ ਲਗਾਉਣ ਦਾ ਖਿਆਲ ਆਇਆ। ਫੁੱਲਾਂ ਵਾਲੇ ਕੁਝ ਬੂਟਿਆਂ ਦੀ ਪਨੀਰੀ ਲੈ ਆਏ ਅਤੇ ਕੁਝ ਬੀਜ। ਇਹ ਕੰਮ ਅਸੀਂ ਨਵੰਬਰ ਮਹੀਨੇ ਕੀਤਾ। ਦਸੰਬਰ ਆਉਣ ਤੱਕ ਫੁੱਲਾਂ ਵਾਲੇ ਬੂਟਿਆਂ ਦੀ ਪਨੀਰੀ ਚੱਲ ਪਈ ਸੀ ਅਤੇ ਬੀਜ ਉਗ ਪਏ। ਜਨਵਰੀ ਮਹੀਨੇ ਟਾਵਾਂ ਟਾਵਾਂ ਫੁੱਲ ਝਾਤੀ ਮਾਰਨ ਲੱਗਾ। ਫਰਵਰੀ ਵਿਚ ਤਾਂ ਸਾਰੇ ਬੂਟਿਆਂ ਉੱਪਰ ਫੁੱਲ ਆ ਗਏ ਸਨ। ਦੇਖਦਿਆਂ-ਦੇਖਦਿਆਂ ਡਿਸਪੈਂਸਰੀ ਦੀ ਦਿੱਖ ਨੂੰ ਚਾਰ ਚੰਦ ਲੱਗ ਗਏ। ਪਾਰਕ ਦੇ ਇੱਕ ਪਾਸੇ ਖਾਲੀ ਪਈ ਕਾਫੀ ਜਗ੍ਹਾ ਵਿਚ ਖਸਖਸ ਦੇ ਬੀਜ ਖਲਾਰ ਦਿੱਤੇ। ਹੁਣ ਇਹ ਫੁੱਲ ਭਰਪੂਰ ਮਾਤਰਾ ਵਿਚ ਖਿੜੇ ਹੋਏ ਸਨ। ਦੁਪਹਿਰ ਵੇਲੇ ਡਿਸਪੈਂਸਰੀ ਵਿਚ ਫੁੱਲਾਂ ਦੀ ਗੁਲਜ਼ਾਰ ਪੂਰੀ ਖਿੜ ਜਾਂਦੀ ਸੀ। ਅੱਧੀ ਛੁੱਟੀ ਵੇਲੇ ਸਕੂਲ ਦੀ ਕੰਧ ਉੱਪਰ ਫੁੱਲ ਦੇਖਣ ਲਈ ਬੱਚਿਆਂ ਦੀ ਭੀੜ ਇਕੱਠੀ ਹੋ ਜਾਂਦੀ। ਹੁਣ ਸਾਨੂੰ ਫੁੱਲਾਂ ਦੀ ਰਖਵਾਲੀ ਦੀ ਚਿੰਤਾ ਵੀ ਹੋਣ ਲੱਗੀ। ਅਸੀਂ ਸਕੂਲੇ ਛੁੱਟੀ ਹੋਣ ਤੋਂ ਬਾਅਦ ਹੀ ਡਿਸਪੈਂਸਰੀ ਬੰਦ ਕਰਦੇ।

ਸਾਡੀ ਡਿਸਪੈਂਸਰੀ ਸੋਹਣੀ ਥਾਂ ਬਣ ਚੁੱਕੀ ਸੀ। ਕਈ ਵਾਰ ਬਰਾਤ ਚੜ੍ਹਨ ਵੇਲੇ ਵਿਆਂਹਦੜ ਅਤੇ ਬਰਾਤੀ ਸਾਡੀ ਡਿਸਪੈਂਸਰੀ ਵਿਚ ਫੁੱਲਾਂ ਕੋਲ ਫੋਟੋਆਂ ਖਿਚਾਉਣ ਵੀ ਆਉਂਦੇ। ਇਸ ਤਰ੍ਹਾਂ ਹੱਸਦੇ ਖੇਡਦੇ ਸੋਹਣਾ ਸਮਾਂ ਬੀਤਣ ਲੱਗਾ ਅਤੇ ਮਾਰਚ ਮਹੀਨਾ ਆ ਗਿਆ।... ਮਾਰਚ ਮਹੀਨੇ ਫੁੱਲ ਆਪਣੇ ਪੂਰੇ ਜੋਬਨ 'ਤੇ ਸਨ ਅਤੇ ਆਪਣੇ ਆਖਰੀ ਪੜਾਅ ਵੱਲ ਵਧ ਰਹੇ ਸਨ। ਪੰਜਾਬ ਵਿਚ ਸਰਕਾਰੀ ਸਕੂਲਾਂ ਦਾ ਨਤੀਜਾ ਇਕੱਤੀ ਮਾਰਚ ਨੂੰ ਨਿਕਲਦਾ ਹੈ। ਇਕੱਤੀ ਮਾਰਚ ਆਈ ਅਤੇ ਬੱਚਿਆਂ ਦਾ ਨਤੀਜਾ ਨਿਕਲਿਆ। ਪਾਸ ਹੋਏ ਬੱਚੇ ਖੁਸ਼ੀ ਨਾਲ ਕਿਲਕਾਰੀਆਂ ਮਾਰ ਰਹੇ ਸਨ। ਬੱਚਿਆਂ ਨੇ ਕੱਪੜੇ ਵੀ ਸੋਹਣੇ ਸੋਹਣੇ ਪਾਏ ਹੋਏ ਸਨ। ਸਾਰੇ ਹੀ ਬਣ ਸੰਵਰ ਕੇ ਆਏ ਸਨ। ਨਤੀਜਾ ਨਿਕਲਣ ਤੋਂ ਬਾਅਦ ਕੁਝ ਬੱਚੇ ਸਾਡੇ ਕੋਲ ਆਏ ਅਤੇ ਫੁੱਲਾਂ ਕੋਲ ਫੋਟੋਆਂ ਖਿਚਾਉਣ ਦੀ ਇਜਾਜ਼ਤ ਮੰਗੀ, ਅਸੀਂ ਖੁਸ਼ੀ ਖੁਸ਼ੀ ਦੇ ਦਿੱਤੀ। ਹੋਇਆ ਇੰਝ ਕਿ ਬੱਚੇ ਹੋਰ ਬੱਚਿਆਂ ਨੂੰ ਵੀ ਨਾਲ ਲੈ ਆਏ ਅਤੇ ਉਨ੍ਹਾਂ ਨਾਲ ਉਨ੍ਹਾਂ ਦੇ ਨਵੇਂ ਆਏ ਅਧਿਆਪਕ ਜੱਜ ਰਾਮ ਅਤੇ ਵਰਖਾ ਸਿੰਘ ਵੀ ਸਨ। ਦੋਨੋਂ ਅਧਿਆਪਕ ਡਿਸਪੈਂਸਰੀ ਦੀ ਗੁਲਜ਼ਾਰ ਦੇਖ ਕੇ ਦੰਗ ਰਹਿ ਗਏ। ਇਸ ਤੋਂ ਬਾਅਦ ਇਨ੍ਹਾਂ ਅਧਿਆਪਕਾਂ ਨੇ ਆਪਣੇ ਸਕੂਲ ਵਿਚ ਵੀ ਬੂਟੇ ਲਗਵਾਉਣੇ ਸ਼ੁਰੂ ਕਰ ਦਿੱਤੇ। ਪਿੰਡ ਵਿਚ ਜਦੋਂ ਵੀ ਹੁਣ ਕੋਈ ਨਵਾਂ ਮਕਾਨ ਬਣਦਾ ਹੈ, ਉਸ ਵਿਚ ਅਸ਼ੋਕਾ ਦੇ ਬੂਟੇ ਜ਼ਰੂਰ ਲੱਗਦੇ ਹਨ।

# ਜਿਨਸੀ ਹਿੰਸਾ ਦੇ ਮੁਜਰਮਾਂ ਨੂੰ ਬਚਾ ਰਿਹਾ ਭਾਰਤ ਸਟੇਟ!

**ਡੂੰਘੀ ਖੋਜ 'ਤੇ ਆਧਾਰਿਤ ਕਿਤਾਬ 'ਪੰਜਾਬ ਵਿਚ ਖੇਤੀ ਸੰਕਟ ਦੀ ਕਹਾਣੀ, ਔਰਤਾਂ ਦੀ ਜ਼ੁਬਾਨੀ' ਦੀ ਲੇਖਕਾ ਰੰਜਨਾ ਪਾਢੀ ਦਾ ਇਹ ਲੇਖ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਦੇ ਕੇ ਸੱਤਾ 'ਚ ਆਈ ਆਰ.ਐੱਸ.ਐੱਸ-ਭਾਜਪਾ ਹਕੂਮਤ ਦੀ ਰਾਜਸੀ ਸਰਪ੍ਰਸਤੀ ਹੇਠ ਚੱਲ ਰਹੇ ਬਲਾਤਕਾਰਾਂ ਅਤੇ ਜਿਨਸੀ ਹਿੰਸਾ ਦੇ ਵਰਤਾਰੇ ਦਾ, ਇਸ ਦੇ ਵਿਚਾਰਧਾਰਕ ਸਰੋਤ ਦੇ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਦਾ ਹੈ। ਜਿਨਸੀ ਦਰਿੰਦਗੀ ਉਪਰ ਗੰਭੀਰ ਚਰਚਾ ਦੀ ਜ਼ਰੂਰਤ ਦੇ ਮੱਦੇਨਜ਼ਰ ਇਸ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।**

ਪਿਛਲੇ ਦਹਾਕੇ ਭਿਆਨਕ ਰਿਪੋਰਟਾਂ ਦੀ ਅਨੰਤ ਲੜੀ ਕੌਮੀ ਸੁਰਖ਼ੀਆਂ ਬਣੀ ਹੈ: ਉੱਤਰ ਪ੍ਰਦੇਸ਼ (ਯੂ.ਪੀ.) (2014) ਦੇ ਬਦਾਯੂੰ ਜ਼ਿਲ੍ਹੇ ਵਿਚ ਦੋ ਦਲਿਤ ਲੜਕੀਆਂ ਦੇ ਜਿਨਸੀ ਸ਼ੋਸ਼ਣ ਅਤੇ ਫਾਂਸੀ ਤੋਂ ਲੈ ਕੇ ਮਨੀਪੁਰ ਵਿਚ (2023) ਹਿੰਸਕ ਭੀੜ ਦੁਆਰਾ ਦੋ ਕੁਕੀ-ਜ਼ੋ ਔਰਤਾਂ ਨੂੰ ਨਿਰਵਸਤਰ ਕਰ ਕੇ ਜ਼ਲੀਲ ਕੀਤੇ ਜਾਣ ਤੱਕ; ਜੰਮੂ ਕਸ਼ਮੀਰ (2018) ਵਿਚ ਆਸਿਫ਼ਾ ਬਾਨੋ ਦੇ ਕਾਤਲਾਂ ਦੀ ਤਾਰੀਫ਼ ਕਰਨ ਤੋਂ ਲੈ ਕੇ ਬਲਾਤਕਾਰ ਦੇ ਦੋਸ਼ੀ ਧਾਰਮਿਕ ਆਗੂਆਂ ਦੀ ਹਮਾਇਤ ਵਿਚ ਜਲੂਸ ਕੱਢਣ ਤੱਕ; ਤੇ ਯੂ.ਪੀ. (2020) ਅੰਦਰ ਹਾਥਰਸ ਵਿਚ ਉੱਚ-ਜਾਤੀ ਮਰਦਾਂ ਨੂੰ ਦਿੱਤੀ ਸਜ਼ਾ ਤੋਂ ਲੈ ਕੇ ਗੁਜਰਾਤ (2022) ਵਿਚ ਦੋਸ਼ੀ ਬਲਾਤਕਾਰੀਆਂ ਦੀ ਰਿਹਾਈ ਤੱਕ (ਜਿਸ ਫ਼ੈਸਲੇ ਨੂੰ ਮਗਰੋਂ ਅਦਾਲਤ ਨੇ ਉਲਟਾ ਦਿੱਤਾ)।



ਰੰਜਨਾ ਪਾਢੀ
ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ

ਸ਼ਿਕਾਇਤ ਕਰਤਾਵਾਂ ਦਾ ਕਰੂਰ ਹਮਲਿਆਂ, ਬਲੈਕਮੇਲ ਅਤੇ ਆਪਣੀ ਤੇ ਪਰਿਵਾਰਕ ਜੀਆਂ ਦੀ ਜਾਨ ਨੂੰ ਖ਼ਤਰੇ ਵਿਚ ਪਾਉਣ ਤੋਂ ਬਚਾ ਹੋ ਗਿਆ ਹੈ। ਗਵਾਹਾਂ ਦੀ ਸੁਰੱਖਿਆ ਅਜੇ ਵੀ ਦੂਰ ਦੀ ਗੱਲ ਹੈ। ਕੀ ਇਹ ਮਹਿਜ਼ ਇਤਫ਼ਾਕ ਹੋ ਸਕਦਾ ਹੈ ਕਿ 2014 ਦੀਆਂ ਚੋਣਾਂ ਤੋਂ ਪਹਿਲਾਂ ਸਾਰੇ ਨਾਗਰਿਕਾਂ ਨੂੰ ਗਾਰੰਟੀ ਦਿੱਤੇ 'ਅੱਛੇ ਦਿਨ' ਦਾ ਮਤਲਬ ਹੈ ਕਿ ਔਰਤਾਂ ਅਤੇ ਹਾਸ਼ੀਏ 'ਤੇ ਧੱਕੇ ਸਾਰੇ ਸਮੂਹਾਂ ਨੂੰ ਨਿਆਂ ਤੋਂ ਬਾਹਰ ਰੱਖਿਆ ਜਾਵੇ?

ਇਹ ਸਵਾਲ ਉਠਾਉਣ ਦੀ ਲੋੜ ਹੈ ਕਿ ਸਾਡੇ ਸਮਾਜ ਵਿਚ ਜਿਨਸੀ ਸ਼ੋਸ਼ਣ ਦੇ ਜੁਰਮ ਅਤੇ ਇਸ ਦੀ ਸਜ਼ਾ ਦੀ ਜ਼ਿੰਮੇਵਾਰੀ ਵੱਖ-ਵੱਖ ਹੋਈ ਕਿਉਂ ਜਾਪਦੀ ਹੈ? ਕੀ ਅਸੀਂ ਦੇਖਦੇ ਹਾਂ ਕਿ ਹਿੰਦੁਤਵ ਦਾ ਸਮਾਜਿਕ ਅਤੇ ਸਭਿਆਚਾਰਕ ਸਿਧਾਂਤ ਔਰਤਾਂ ਦੀ ਸਥਿਤੀ ਅਤੇ ਕਦਰ ਨੂੰ ਕਿਵੇਂ ਉਲਟਾ ਰਿਹਾ ਹੈ? ਕਿਵੇਂ ਦਲਿਤ ਅਤੇ ਆਦਿਵਾਸੀ ਭਾਈਚਾਰਿਆਂ ਤੇ ਘੱਟ ਗਿਣਤੀ ਧਾਰਮਿਕ ਸਮੂਹਾਂ ਦੀਆਂ ਔਰਤਾਂ ਜਿਨਸੀ ਹਿੰਸਾ ਅਤੇ ਨਿਆਂ ਤੋਂ ਇਨਕਾਰ ਦਾ ਸ਼ਿਕਾਰ ਹੁੰਦੀਆਂ ਹਨ? ਔਰਤਾਂ ਸਮੇਤ ਜਨਤਾ ਦੇ ਵਰਗਾਂ ਨੂੰ ਅਪਰਾਧ ਦੇ ਦੋਸ਼ੀਆਂ ਦੇ ਬਚਾਅ ਲਈ ਸੜਕਾਂ 'ਤੇ ਆਉਣ ਦਾ ਕੀ ਕਾਰਨ ਹੈ? ਕੀ ਅਸੀਂ ਰਾਜਨੀਤਕ ਤਾਕਤ, ਜਾਤੀ ਉੱਤਮਤਾ ਅਤੇ ਬਾਹੂਬਲ ਦੇ ਸ਼ਕਤੀਸ਼ਾਲੀ ਸਾਂਚੇ ਨੂੰ ਦੇਖਦੇ ਹਾਂ ਜੋ ਜਿਨਸੀ ਅਪਰਾਧਾਂ ਦੇ ਦੋਸ਼ੀਆਂ ਨੂੰ ਬਚਾਉਂਦਾ ਹੈ?

ਜਿਨਸੀ ਹਿੰਸਾ ਹਮੇਸ਼ਾ ਸਮੂਹਿਕ ਹਿੰਸਾ ਦਾ ਹਿੱਸਾ ਰਹੀ ਹੈ। 2013 'ਚ ਜਦੋਂ ਭਾਜਪਾ ਦੇ ਸੱਤਾ ਵਿਚ ਆਉਣ ਬਾਰੇ ਪ੍ਰਚਾਰ ਸਿਖ਼ਰਾਂ ਛੂਹ ਰਿਹਾ ਸੀ, ਯੂ.ਪੀ. ਦੇ ਮੁਜ਼ੱਫਰਨਗਰ ਜ਼ਿਲ੍ਹੇ ਵਿਚ ਫਿਰਕੂ ਹਿੰਸਾ ਭੜਕ ਉੱਠੀ। 60,000 ਤੋਂ ਵੱਧ ਮੁਸਲਮਾਨਾਂ ਨੂੰ ਉਜਾੜ ਦਿੱਤਾ ਗਿਆ ਅਤੇ ਔਰਤਾਂ ਦੇ ਜਿਨਸੀ ਸ਼ੋਸ਼ਣ ਦੀਆਂ ਰਿਪੋਰਟਾਂ ਆਈਆਂ ਸਨ। ਸਰਕਾਰ ਨੇ ਫਾਸਟ ਟਰੈਕ ਅਦਾਲਤਾਂ ਬਣਾਉਣ ਦਾ ਐਲਾਨ ਕੀਤਾ ਪਰ ਦਸ ਸਾਲ ਬਾਅਦ ਉਨ੍ਹਾਂ ਵਿਚੋਂ ਇਕ ਔਰਤ ਅਜੇ ਵੀ ਨਿਆਂ ਉਡੀਕ ਰਹੀ ਹੈ; ਬਾਕੀਆਂ ਨੇ ਸ਼ਿਕਾਇਤਾਂ ਵਾਪਸ ਲੈ ਲਈਆਂ ਹਨ। ਅਜਿਹੇ ਮਾਮਲਿਆਂ ਵਿਚ ਜਿੱਥੇ ਦਲਿਤ ਆਪਣੇ ਜ਼ਮੀਨੀ ਅਧਿਕਾਰਾਂ ਦੀ ਹੱਕ-ਜਤਾਈ ਕਰਦੇ ਹਨ, ਉਨ੍ਹਾਂ ਨੂੰ ਭਾਰੂ ਜਾਤੀਆਂ ਦੇ ਹੱਥੋਂ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਰਿਆਣਾ ਵਿਚ ਪਿੰਡਾਂ ਦੀਆਂ ਪੰਚਾਇਤਾਂ ਦੀ ਮਲਕੀਅਤ ਵਾਲੀ ਸਾਂਝੀ ਜ਼ਮੀਨ, ਦਲਿਤਾਂ ਅਤੇ ਜਾਟਾਂ ਦਰਮਿਆਨ ਝਗੜੇ ਦਾ ਮੁੱਦਾ ਹੈ।

ਇਹ ਟਕਰਾਅ ਉਦੋਂ ਉਜਾਗਰ ਹੋਇਆ ਜਦੋਂ ਮਾਰਚ 2014 'ਚ ਭਗਾਣਾ ਪਿੰਡ ਵਿਚ ਚਾਰ ਨੌਜਵਾਨ ਦਲਿਤ ਲੜਕੀਆਂ ਨਾਲ ਪੰਜ ਨੌਜਵਾਨਾਂ ਨੇ ਬਲਾਤਕਾਰ ਕੀਤਾ। ਇਸ ਤੋਂ ਬਾਅਦ ਧਾਨੁਕ ਭਾਈਚਾਰੇ ਦੇ 90 ਪਰਿਵਾਰਾਂ ਨੇ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਕਰੀਬ ਦੋ ਮਹੀਨੇ ਰੋਸ ਪ੍ਰਦਰਸ਼ਨ ਕੀਤਾ। ਫਿਰ ਦਿੱਲੀ ਪੁਲਿਸ ਨੇ ਰੋਸ ਪ੍ਰਦਰਸ਼ਨ ਜ਼ਬਰਦਸਤੀ ਚੁਕਵਾ ਦਿੱਤਾ। ਭਾਰਤ ਨੂੰ ਪੂੰਜੀ ਨਿਵੇਸ਼ਕਾਂ ਲਈ ਸਾਜ਼ਗਰ ਸਥਾਨ ਵਜੋਂ ਪੇਸ਼ ਕਰਨ ਲਈ ਦਿੱਤੀ ਤਰਜੀਹ ਅਕਸਰ ਦਲਿਤਾਂ ਵਿਰੁੱਧ ਹਿੰਸਾ ਨੂੰ ਦਬਾਉਣ ਅਤੇ ਨਿਆਂ ਤੋਂ ਇਨਕਾਰ ਕਰਨ ਦਾ ਕਾਰਨ ਬਣ ਜਾਂਦੀ ਹੈ।

ਸਮਾਜਿਕ ਤਰੱਕੀ ਦੇ ਆਪਣੇ ਅਧਿਕਾਰ ਦੀ ਹੱਕ-ਜਤਾਈ ਕਰਨ ਵਾਲੇ ਦਲਿਤਾਂ ਨੂੰ ਅਕਸਰ ਜਿਨਸੀ ਹਮਲੇ ਅਤੇ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਅਗਸਤ 2013 ਵਿਚ ਹਰਿਆਣਾ ਦੇ ਪਿੰਡ ਬਨੀਆਖੇੜਾ ਦੀ 20 ਸਾਲਾ ਵਿਦਿਆਰਥਣ ਇਮਤਿਹਾਨ ਦੇਣ ਜੀਂਦ ਲਈ ਬੱਸ ਵਿਚ ਚੜ੍ਹੀ ਪਰ ਉਸ ਦੀ ਲਾਸ਼ ਖੇਤ ਵਿਚੋਂ ਮਿਲੀ। ਜਦੋਂ ਭਾਈਚਾਰੇ ਨੇ ਕੇਸ ਦਰਜ ਕਰਨ ਦੀ ਮੰਗ ਕੀਤੀ ਤਾਂ ਲਾਠੀਚਾਰਜ ਕੀਤਾ ਗਿਆ ਜਿਸ ਨਾਲ ਲੜਕੀ ਦੇ ਪਿਤਾ ਸਮੇਤ ਕਈ ਜਣੇ ਜ਼ਖ਼ਮੀ ਹੋ ਗਏ। ਛੇ ਦਲਿਤਾਂ ਨੂੰ ਗ੍ਰਿਫ਼ਤਾਰ ਕਰ ਲਿਆ। ਦਲਿਤ ਭਾਈਚਾਰੇ ਨੂੰ ਬੁਨਿਆਦੀ ਕਾਨੂੰਨੀ ਪ੍ਰਕਿਰਿਆਵਾਂ ਅਤੇ ਨਿਆਂ ਵਿਵਸਥਾਵਾਂ ਮੁਹੱਈਆ ਕਰਨ ਤੋਂ ਸ਼ਰੇਆਮ ਇਨਕਾਰ ਦਾ ਸਾਹਮਣਾ ਕਰਨਾ ਪੈਂਦਾ ਹੈ, ਇੱਥੋਂ ਤੱਕ ਕਿ ਵਕੀਲਾਂ ਅਤੇ ਮਰਦ ਕਾਰਕੁਨਾਂ ਨੂੰ ਵੀ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ।




'ਅਨਡੂਇੰਗ ਇੰਪਿਊਨਿਟੀ: ਸਪੀਚ ਆਫਟਰ ਸੈਕਸ਼ੂਅਲ ਵਾਇਲੈਂਸ' ਵਿਚ ਵੀ. ਗੀਤਾ (2016) ਚਰਚਾ ਕਰਦੀ ਹੈ ਕਿ ਕਿਵੇਂ ਉੱਚ ਜਾਤੀ ਮਰਦ ਹੇਠਲੀ ਜਾਤੀ ਦੀਆਂ ਔਰਤਾਂ ਦੇ ਜਿਸਮਾਂ ਨੂੰ ਕੰਟਰੋਲ ਕਰ ਕੇ ਅਤੇ ਉਨ੍ਹਾਂ ਦੀ ਰੱਖਿਆ ਕਰਨ ਵਿਚ ਅਸਫ਼ਲ ਰਹਿੰਦੇ ਉਨ੍ਹਾਂ ਦੇ ਮਰਦਾਂ ਨੂੰ ਅਪਮਾਨਿਤ ਕਰ ਕੇ ਆਪਣੇ ਅਧਿਕਾਰ ਦਾ ਦਾਅਵਾ ਕਰਦੇ ਹਨ। ਦੱਖਣੀ ਛੱਤੀਸਗੜ੍ਹ ਵਿਚ ਆਦਿਵਾਸੀ ਔਰਤਾਂ ਨੂੰ ਸੁਰੱਖਿਆ ਬਲਾਂ ਅਤੇ ਨੀਮ-ਫ਼ੌਜੀ ਸਮੂਹਾਂ ਹੱਥੋਂ ਵਿਆਪਕ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ ਕਿਉਂਕਿ ਉਹ ਜ਼ਮੀਨ ਅਤੇ ਵਸੀਲਿਆਂ ਦੀ ਕਾਰਪੋਰੇਟਾਂ ਵੱਲੋਂ ਲੁੱਟਮਾਰ ਦਾ ਵਿਰੋਧ ਕਰਦੀਆਂ ਹਨ। ਐਫ.ਆਈ.ਆਰ. ਅਤੇ ਮੀਡੀਆ ਦੇ ਧਿਆਨ ਦੇ ਬਾਵਜੂਦ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

ਯੂ.ਪੀ. ਦੇ ਉਨਾਓ ਦੀ 17 ਸਾਲਾ ਲੜਕੀ ਦਾ ਸੰਤਾਪ ਜੂਨ 2017 ਵਿਚ ਸ਼ੁਰੂ ਹੋਇਆ ਜਦੋਂ ਕੁਝ ਅਜਨਬੀਆਂ ਨੇ ਉਸ ਨੂੰ ਨੌਕਰੀ ਦੇਣ ਦਾ ਲਾਰਾ ਲਾ ਕੇ ਆਪਣੇ ਜਾਲ ਵਿਚ ਫਸਾਇਆ; ਭਾਜਪਾ ਵਿਧਾਇਕ ਕੁਲਦੀਪ ਸੈਂਗਰ ਨੇ ਜਿਨਸੀ ਸ਼ੋਸ਼ਣ ਕੀਤਾ। ਪੁਲਿਸ ਵੱਲੋਂ ਕੋਈ ਕਾਰਵਾਈ ਨਾ ਕਰਨ ਅਤੇ ਆਰਮਜ਼ ਐਕਟ ਤਹਿਤ ਆਪਣੇ ਪਿਤਾ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਦੇ ਹੋਏ, ਉਸ ਨੇ 8 ਅਪਰੈਲ 2018 ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਆਤਮਦਾਹ ਦੀ ਕੋਸ਼ਿਸ਼ ਕੀਤੀ। ਉਸ ਤੋਂ ਬਾਅਦ ਪੁਲਿਸ ਹਿਰਾਸਤ ਵਿਚ ਉਸ ਦੇ ਪਿਤਾ ਦੀ ਮੌਤ ਹੋ ਗਈ। ਸਾਲ ਬਾਅਦ ਇਕ ਟਰੱਕ ਨੇ ਉਸ ਆਟੋਰਿਕਸ਼ਾ ਨੂੰ ਟੱਕਰ ਮਾਰ ਦਿੱਤੀ ਜਿਸ ਵਿਚ ਉਹ ਜਾ ਰਹੀ ਸੀ। ਇਸ ਘਟਨਾ ਵਿਚ ਉਸ ਦੀਆਂ ਦੋ ਰਿਸ਼ਤੇਦਾਰ ਔਰਤਾਂ ਮਾਰੀਆਂ ਗਈਆਂ।

ਜਦੋਂ ਆਖ਼ਿਰਕਾਰ, ਭਾਜਪਾ ਵਿਧਾਇਕ ਕੁਲਦੀਪ ਸੈਂਗਰ ਨੂੰ ਬਲਾਤਕਾਰ ਲਈ ਦੋਸ਼ੀ ਠਹਿਰਾਇਆ ਗਿਆ ਤਾਂ ਰਾਏਬਰੇਲੀ ਵਿਚ ਉਸ ਉੱਪਰ ਜਾਨਲੇਵਾ ਹਮਲਾ ਕੀਤਾ ਗਿਆ ਅਤੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ 'ਚ ਇਲਾਜ ਲਈ ਹਵਾਈ ਜਹਾਜ਼ ਰਾਹੀਂ ਦਿੱਲੀ ਦੇ ਹਸਪਤਾਲ ਲਿਜਾਣਾ ਪਿਆ। ਪੇਂਡੂ ਭਾਰਤ ਅਤੇ ਛੋਟੇ ਕਸਬਿਆਂ ਦੀਆਂ ਅਜਿਹੀਆਂ ਘਟਨਾਵਾਂ ਉਦੋਂ ਹੀ ਖ਼ਬਰਾਂ ਬਣਦੀਆਂ ਜਦੋਂ ਪੀੜਤਾਂ ਨੂੰ ਹਵਾਈ ਉਡਾਣਾਂ ਰਾਹੀਂ ਕੌਮੀ ਰਾਜਧਾਨੀ ਦੇ ਹਸਪਤਾਲਾਂ ਵਿਚ ਪਹੁੰਚਾਇਆ ਜਾਂਦਾ ਹੈ। ਇਹ ਚੇਤੇ ਰੱਖਣਾ ਜ਼ਰੂਰੀ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਮੁਖੀ ਮੋਹਨ ਭਾਗਵਤ ਨੇ ਦਿੱਲੀ ਵਿਚ 2012 ਦੇ ਨਿਰਭੈ ਸਮੂਹਿਕ ਬਲਾਤਕਾਰ ਤੋਂ ਬਾਅਦ ਕਿਹਾ ਸੀ ਕਿ ਅਜਿਹੇ ਜੁਰਮ ਸਿਰਫ਼ ਸ਼ਹਿਰੀ ਇੰਡੀਆ ਵਿਚ ਹੁੰਦੇ ਹਨ ਜਿਸ ਉੱਪਰ ਪੱਛਮ ਦਾ ਪ੍ਰਭਾਵ ਹੈ, ਇਹ 'ਭਾਰਤ' ਵਿਚ ਨਹੀਂ ਹੁੰਦੇ।

ਜਨਵਰੀ 2018 ਵਿਚ ਅੱਠ ਸਾਲਾ ਆਸਿਫ਼ਾ ਬਾਨੋ ਨੂੰ ਜੰਮੂ ਦੇ ਕਠੂਆ ਜ਼ਿਲ੍ਹੇ ਦੇ ਇਕ ਪਿੰਡ ਤੋਂ ਅਗਵਾ ਕਰ ਲਿਆ ਗਿਆ ਅਤੇ ਹਫ਼ਤੇ ਬਾਅਦ ਉਸ ਦੀ ਲਾਸ਼ ਮਿਲੀ। ਉਹ ਬਕਰਵਾਲ ਖ਼ਾਨਾਬਦੋਸ਼ ਭਾਈਚਾਰੇ ਮੁਸਲਿਮ ਕਬੀਲੇ ਨਾਲ ਸਬੰਧਿਤ ਸੀ। ਜਾਂਚ ਤੋਂ ਪਤਾ ਲੱਗਾ ਕਿ ਮੰਦਰ ਦੇ ਪੁਜਾਰੀ ਅਤੇ ਸਥਾਨਕ ਪੁਲਿਸ ਸਮੇਤ ਗਿਰੋਹ ਨੇ ਨਸ਼ੀਲਾ ਪਦਾਰਥ ਖੁਆ ਕੇ ਬੇਹੋਸ਼ ਕਰਨ ਉਪਰੰਤ ਮੰਦਰ ਵਿਚ ਉਸ ਨਾਲ ਬਲਾਤਕਾਰ ਕੀਤਾ।

ਹਿੰਦੂ ਸੱਜੇ ਪੱਖੀ ਸਮੂਹਾਂ ਨੇ ਰੈਲੀਆਂ ਕੱਢ ਕੇ ਦੋਸ਼ੀਆਂ ਦੀ ਹਮਾਇਤ ਕੀਤੀ ਅਤੇ ਜੰਮੂ ਬਾਰ ਕੌਂਸਲ ਨੇ ਪੀੜਤ ਦੇ ਵਕੀਲ ਨੂੰ ਸ਼ਰੇਆਮ ਧਮਕੀ ਦਿੱਤੀ। ਹਿੰਦੂ ਏਕਤਾ ਮੰਚ ਦੇ ਹਮਾਇਤੀ ਵਕੀਲਾਂ ਨੇ ਕ੍ਰਾਈਮ ਬ੍ਰਾਂਚ ਦੀ ਟੀਮ ਦੇ ਅਦਾਲਤ ਪਹੁੰਚਣ 'ਤੇ ਉਸ ਦਾ ਰਸਤਾ ਰੋਕ ਲਿਆ। ਸੂਬੇ ਦੇ ਜੰਗਲਾਤ ਅਤੇ ਉਦਯੋਗਾਂ ਦੇ ਇੰਚਾਰਜ ਭਾਜਪਾ ਮੰਤਰੀਆਂ ਨੇ ਦੋਸ਼ੀਆਂ ਦੀ ਹਮਾਇਤ ਵਿਚ ਕੱਢੇ ਜਲੂਸ ਵਿਚ ਹਿੱਸਾ ਲਿਆ। ਸਮੂਹਿਕ ਬਲਾਤਕਾਰ ਬੇਜ਼ਮੀਨੇ ਬਕਰਵਾਲ ਮੁਸਲਿਮ ਭਾਈਚਾਰੇ ਨੂੰ ਬੇਕਿਰਕ ਸੰਦੇਸ਼ ਸੀ ਕਿ ਉਹ ਚਰਾਂਦਾਂ ਉੱਪਰ ਆਪਣੇ ਅਧਿਕਾਰਾਂ ਦਾ ਦਾਅਵਾ ਕਰਨਾ ਛੱਡ ਦੇਣ।

ਜਦੋਂ ਬਹਾਦਰ ਔਰਤਾਂ ਨੇ ਆਪਣੇ ਹੱਕਾਂ ਲਈ ਖੜ੍ਹਨ ਦੀ ਹਿੰਮਤ ਕੀਤੀ ਹੈ ਤਾਂ ਆਪੇ ਬਣੇ ਗੁਰੂਆਂ ਅਤੇ ਧਰਮ-ਗੁਰੂਆਂ ਦਾ ਪਰਦਾਫਾਸ਼ ਹੋ ਗਿਆ ਹੈ। ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਅਗਸਤ 2017 'ਚ ਅਤੇ ਆਸਾਰਾਮ ਬਾਪੂ ਨੂੰ 2019 ਵਿਚ ਬਲਾਤਕਾਰ ਦਾ ਦੋਸ਼ੀ ਠਹਿਰਾਇਆ ਗਿਆ।

ਫਿਰ ਵੀ ਅਗਸਤ 2019 ਵਿਚ 23 ਸਾਲਾ ਕਾਨੂੰਨ ਦੀ ਵਿਦਿਆਰਥਣ ਲਾਪਤਾ ਹੋ ਗਈ। ਉਹ ਸਾਬਕਾ ਭਾਜਪਾ ਕੇਂਦਰੀ ਮੰਤਰੀ ਸਵਾਮੀ ਚਿਨਮਯਾਨੰਦ ਦੀ ਅਗਵਾਈ ਵਾਲੇ ਟਰੱਸਟ ਦੁਆਰਾ ਯੂ.ਪੀ. ਦੇ ਸ਼ਾਹਜਹਾਂਪੁਰ ਵਿਚ ਚਲਾਏ ਜਾ ਰਹੇ ਕਾਲਜ ਵਿਚ ਸੀ। ਉਸ ਨੇ ਵੀਡੀਓ ਪੋਸਟ ਪਾ ਕੇ ਚਿਨਮਯਾਨੰਦ ਉੱਪਰ ਇਕ ਸਾਲ ਤੱਕ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ। ਭਾਜਪਾ ਮੰਤਰੀ ਨੂੰ ਗ੍ਰਿਫ਼ਤਾਰ ਤਾਂ ਕਰ ਲਿਆ ਗਿਆ ਪਰ ਉਸ ਨੇ ਉਲਟਾ ਉਸ ਲੜਕੀ ਅਤੇ ਉਸ ਦੇ ਦੋਸਤਾਂ ਉੱਪਰ ਇਹ ਦੋਸ਼ ਲਾ ਕੇ ਐਫ.ਆਈ.ਆਰ. ਦਰਜ ਕਰਵਾ ਦਿੱਤੀ ਕਿ ਉਹ ਉਸ ਤੋਂ 5 ਕਰੋੜ ਰੁਪਏ ਫਿਰੌਤੀ ਵਸੂਲਣਾ ਚਾਹੁੰਦੇ ਸਨ। ਪੀੜਤ ਲੜਕੀ ਨੂੰ ਦੋ ਮਹੀਨੇ ਜੇਲ੍ਹ ਵਿਚ ਗੁਜ਼ਾਰਨੇ ਪਏ। ਵਿਵਾਦਾਂ ਕਾਰਨ ਭਾਜਪਾ ਨੂੰ ਚਿਨਮਯਾਨੰਦ ਨਾਲੋਂ ਨਾਤਾ ਤੋੜਨਾ ਪਿਆ ਜੋ ਹੁਣ ਭਾਜਪਾ ਦਾ ਮੈਂਬਰ ਨਹੀਂ ਹੈ। ਮਾਰਚ 2021 ਵਿਚ ਉਸ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ।

2020 'ਚ ਹਾਥਰਸ (ਉੱਤਰ ਪ੍ਰਦੇਸ਼) ਵਿਚ 19-ਸਾਲਾ ਮੁਟਿਆਰ ਕੰਮ 'ਤੇ ਜਾ ਰਹੀ ਸੀ ਜਦੋਂ ਉਸ ਨੂੰ ਪਿੰਡ ਦੇ ਉੱਚ-ਜਾਤੀ ਠਾਕੁਰਾਂ ਨੇ ਅਗਵਾ ਕਰ ਕੇ ਦਰਿੰਦਗੀ ਕੀਤੀ। ਰੀੜ੍ਹ ਦੀ ਹੱਡੀ ਤੋੜ ਦਿੱਤੇ ਜਾਣ ਅਤੇ ਜੀਭ ਵੱਢਣ ਕਾਰਨ ਜ਼ਿੰਦਗੀ-ਮੌਤ ਦੀ ਲੜਾਈ ਲੜਦਿਆਂ, ਉਸ ਨੇ ਬਹਾਦਰੀ ਨਾਲ ਉਨ੍ਹਾਂ ਚਾਰ ਸ਼ਖ਼ਸਾਂ ਦੇ ਨਾਮ ਲਏ ਜਿਨ੍ਹਾਂ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਭਾਜਪਾ ਦੇ ਸਾਬਕਾ ਵਿਧਾਇਕ ਰਾਜਵੀਰ ਸਿੰਘ ਪਹਿਲਵਾਨ ਨੇ ਇਸ ਘੋਰ ਵਹਿਸ਼ੀ ਜੁਰਮ ਨੂੰ ਦਬਾਉਣ ਲਈ ਉੱਚ ਜਾਤੀ ਲੋਕਾਂ ਨੂੰ ਇਕਜੁੱਟ ਕੀਤਾ, ਆਰ.ਐੱਸ.ਐੱਸ. ਅਤੇ ਇਸ ਦੇ ਸਹਿਯੋਗੀਆਂ ਨੇ ਵੀ ਇਹੀ ਕੀਤਾ। ਗਿਣ-ਮਿੱਥ ਕੇ ਪੈਦਾ ਕੀਤੇ ਇਸ ਜਨੂੰਨੀ ਮਾਹੌਲ ਵਿਚ ਨਿਰਪੱਖ ਜਾਂਚ ਨਹੀਂ ਹੋਣ ਦਿੱਤੀ ਗਈ ਸਗੋਂ ਕਈ ਤਰੀਕਿਆਂ ਨਾਲ ਜਾਂਚ ਵਿਚ ਹੇਰਾਫੇਰੀ ਕੀਤੀ ਗਈ।

ਜਦੋਂ ਦੋ ਹਫ਼ਤਿਆਂ ਬਾਅਦ ਦਿੱਲੀ ਦੇ ਸਫਦਰਜੰਗ ਹਸਪਤਾਲ ਵਿਚ ਪੀੜਤ ਲੜਕੀ ਦੀ ਮੌਤ ਹੋ ਗਈ ਤਾਂ ਪੁਲਿਸ ਨੇ ਉਸ ਦੀ ਲਾਸ਼ ਦਾ ਉਸ ਦੇ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਹੀ ਜ਼ਬਰਦਸਤੀ ਸਸਕਾਰ ਕਰ ਦਿੱਤਾ। ਮੁੱਢਲੀ ਜਾਂਚ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਕਿ ਉਸ ਦੀ ਪੋਸਟਮਾਰਟਮ ਰਿਪੋਰਟ ਅਤੇ ਮੈਡੀਕਲ ਰਿਪੋਰਟ ਦੋਵਾਂ ਵਿਚ ਜਿਨਸੀ ਸ਼ੋਸ਼ਣ ਦਾ ਕੋਈ ਜ਼ਿਕਰ ਨਹੀਂ ਹੈ। ਰਾਜ ਸਰਕਾਰ ਨੇ ਹਾਥਰਸ ਦੇ ਪੁਲਿਸ ਸੁਪਰਡੈਂਟ ਤੇ ਚਾਰ ਹੋਰ ਪੁਲਿਸ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਅਤੇ ਹੁਕਮ ਦਿੱਤਾ ਕਿ ਪੀੜਤ ਪਰਿਵਾਰ ਦੇ ਮੈਂਬਰਾਂ ਦਾ ਪੌਲੀਗ੍ਰਾਫ ਟੈਸਟ ਕਰਵਾਇਆ ਜਾਵੇ। ਪ੍ਰਚਾਰ ਲਈ ਸਰਕਾਰ ਨੇ ਜਨ ਸੰਪਰਕ ਫਰਮ ਨੂੰ ਵੀ ਕਿਰਾਏ 'ਤੇ ਰੱਖਿਆ ਤਾਂ ਜੋ ਇਹ ਕਹਾਣੀ ਪ੍ਰਚਾਰੀ ਜਾ ਸਕੇ ਕਿ ਜਿਨਸੀ ਹਮਲਾ ਨਹੀਂ ਹੋਇਆ। ਇਹ ਦਿਖਾਉਣ ਲਈ ਕਿ ਸਾਰਾ ਵਿਰੋਧ ਕੌਮਾਂਤਰੀ ਸਾਜ਼ਿਸ਼ ਦਾ ਹਿੱਸਾ ਸੀ, ਪੁਲਿਸ ਨੇ ਇਕ ਵੈੱਬਸਾਈਟ ਦਾ ਹਵਾਲਾ ਦਿੱਤਾ ਜਿਸ ਵਿਚ ਅਜਿਹੀ ਸਮੱਗਰੀ ਸੀ ਜੋ ਅਮਰੀਕਾ ਵਿਚ ਬਲੈਕ ਲਾਈਵਜ਼ ਮੈਟਰ ਵੈੱਬਸਾਈਟ ਤੋਂ ਕਾਪੀ-ਪੇਸਟ ਕੀਤੀ ਗਈ ਸੀ।

ਹਾਥਰਸ ਦੀ ਘੇਰਾਬੰਦੀ ਕਰ ਲਈ ਅਤੇ ਕਿਸੇ ਨੂੰ ਵੀ ਉੱਥੇ ਨਹੀਂ ਜਾਣ ਦਿੱਤਾ ਗਿਆ (ਰਿਪੋਰਟਿੰਗ ਕਰਨ ਜਾ ਰਹੇ ਪੱਤਰਕਾਰ ਸਿਦੀਕ ਕੱਪਨ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਕੇ ਸਾਲਾਂ ਤੱਕ ਜੇਲ੍ਹ ਵਿਚ ਸਾੜਿਆ ਗਿਆ)। ਦਲਿਤ ਔਰਤਾਂ ਅਤੇ ਸਮਲਿੰਗੀਆਂ ਵੱਲੋਂ ਜਾਤ ਆਧਾਰਿਤ ਅੱਤਿਆਚਾਰਾਂ ਉੱਪਰ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ ਦੇ ਬਾਵਜੂਦ ਮਾਰਚ 2023 ਤੱਕ ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਅਦਾਲਤ ਦੁਆਰਾ ਚਾਰ ਵਿਚੋਂ ਤਿੰਨ ਦੋਸ਼ੀਆਂ ਨੂੰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ। ਮੁੱਖ ਦੋਸ਼ੀ ਨੂੰ ਕਤਲ ਦੀ ਬਜਾਇ ਇਰਾਦਾ ਕਤਲ ਲਈ ਉਮਰ ਕੈਦ ਦੀ ਸਜ਼ਾ ਸੁਣਾਈ।

18 ਸਤੰਬਰ 2022 ਨੂੰ 19 ਸਾਲਾ ਅੰਕਿਤਾ ਭੰਡਾਰੀ ਜਿਸ ਨੇ ਉੱਤਰਾਖੰਡ ਵਿਚ ਰਿਸ਼ੀਕੇਸ਼ ਨੇੜੇ ਰਿਜ਼ੋਰਟ ਵਿਚ ਰਿਸੈਪਸ਼ਨਿਸਟ ਵਜੋਂ ਨੌਕਰੀ ਸ਼ੁਰੂ ਕੀਤੀ ਸੀ, ਦੀ ਹੱਤਿਆ ਕਰ ਦਿੱਤੀ ਗਈ। ਪੁਲਿਸ ਨੇ ਰਿਜ਼ੋਰਟ ਦੇ ਮਾਲਕ ਅਤੇ ਸਾਥੀਆਂ 'ਤੇ ਹੱਤਿਆ ਕਰਨ ਦਾ ਦੋਸ਼ ਲਗਾਇਆ ਹੈ। ਉਸ ਲੜਕੀ ਨੇ ਰਿਜ਼ੋਰਟ ਵਿਚ ਵੀ.ਆਈ.ਪੀ. ਮਹਿਮਾਨਾਂ ਨੂੰ ਜਿਸਮ ਵੇਚਣ ਲਈ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਘਟਨਾ ਬਾਰੇ ਉੱਤਰਾਖੰਡ ਮਹਿਲਾ ਮੰਚ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਿਜ਼ੋਰਟ ਜੋ ਪੁਲਿਸ ਦੇ ਕੰਟਰੋਲ ਵਿਚ ਸੀ, ਨੂੰ 23 ਸਤੰਬਰ ਦੀ ਰਾਤ ਨੂੰ ਅੰਸ਼ਕ ਤੌਰ 'ਤੇ ਢਾਹ ਦਿੱਤਾ ਗਿਆ ਜਿਸ ਲਈ ਕਥਿਤ ਤੌਰ 'ਤੇ ਸਥਾਨਕ ਭਾਜਪਾ ਵਿਧਾਇਕ ਰੇਣੂ ਬਿਸ਼ਟ ਦੁਆਰਾ ਲਿਆਂਦੇ ਬੁਲਡੋਜ਼ਰ ਦੀ ਵਰਤੋਂ ਕੀਤੀ ਗਈ। ਸਬੂਤ ਮਿਟਾਉਣ ਦੀ ਇਹ ਕਾਰਵਾਈ ਮੁਜਰਮਾਂ ਅਤੇ ਰਾਜ ਦੇ ਅਧਿਕਾਰੀਆਂ ਵਿਚਕਾਰ ਮਿਲੀਭੁਗਤ ਵੱਲ ਇਸ਼ਾਰਾ ਕਰਦੀ ਹੈ।

ਭਾਜਪਾ ਦੀ ਹਕੂਮਤ ਵਾਲੇ ਮਨੀਪੁਰ ਵਿਚ ਹਿੰਸਾ ਘੱਟਗਿਣਤੀ ਭਾਈਚਾਰਿਆਂ ਅਤੇ ਔਰਤਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਰਾਜ ਸੱਤਾ ਅਤੇ ਬਹੁਗਿਣਤੀਵਾਦੀ ਰਾਜਨੀਤੀ ਦਾ ਨਤੀਜਾ ਸੀ। ਜੂਨ 2023 ਵਿਚ, ਇਕ ਵੀਡੀਓ ਪੂਰੇ ਮੁਲਕ ਵਿਚ ਵਾਇਰਲ ਹੋਇਆ ਜਿਸ ਵਿਚ ਦੋ ਕੁਕੀ-ਜ਼ੋ ਔਰਤਾਂ ਨੂੰ ਨਿਰਵਸਤਰ ਕਰ ਕੇ ਜਨਤਕ ਤੌਰ 'ਤੇ ਘੁੰਮਾਇਆ ਜਾ ਰਿਹਾ ਸੀ, ਭੀੜ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ ਅਤੇ ਉਨ੍ਹਾਂ ਦਾ ਸਮੂਹਿਕ ਬਲਾਤਕਾਰ ਕੀਤਾ ਗਿਆ। ਇਹ ਘਟਨਾ ਮਈ ਦੇ ਅੱਧ ਵਿਚ ਵਾਪਰੀ ਸੀ ਅਤੇ ਰਾਜ ਵਿਚ ਔਰਤਾਂ ਤੇ ਲੜਕੀਆਂ ਨਾਲ ਛੇੜਛਾੜ ਅਤੇ ਜਿਨਸੀ ਸ਼ੋਸ਼ਣ ਦੀਆਂ ਕਈ ਹੋਰ ਐਫ.ਆਈ.ਆਰ. ਵੀ ਦਰਜ ਕੀਤੀਆਂ ਗਈਆਂ ਹਨ। ਜਾਪਦਾ ਹੈ ਕਿ ਪ੍ਰਸ਼ਾਸਨ ਤੰਤਰ ਨੇ ਇਨ੍ਹਾਂ ਘਿਨਾਉਣੇ ਜੁਰਮਾਂ ਦੇਖ ਕੇ ਅਣਡਿੱਠ ਕਰਨਾ ਪਸੰਦ ਕੀਤਾ ਹੈ।

ਸਜ਼ਾ ਦਾ ਕੋਈ ਡਰ ਨਾ ਹੋਣਾ ਹਿੰਦੂ ਨੌਜਵਾਨਾਂ ਵਿਚ ਜ਼ਹਿਰੀਲੀ ਮਰਦਾਨਗੀ ਨੂੰ ਹੱਲਾਸ਼ੇਰੀ ਦਿੰਦੀ ਹੈ ਜੋ ਮੁਸਲਿਮ ਔਰਤਾਂ ਨੂੰ ਅਪਮਾਨਿਤ ਕਰਨ ਵਾਲੇ ਐਪਸ ਤੋਂ ਸਪੱਸ਼ਟ ਹੈ। ਓਪਨ-ਸੋਰਸ ਐਪ 'ਸੁਲੀ ਡੀਲਜ਼' ਮੁਸਲਿਮ ਔਰਤਾਂ ਦੀ ਨਿੱਜੀ ਜਾਣਕਾਰੀ ਅਤੇ ਫੋਟੋਆਂ ਪ੍ਰਦਰਸ਼ਿਤ ਕਰਦੀ ਹੈ। 2021 ਦੇ ਅੱਧ 'ਚ ਅਜਿਹੀਆਂ 100 ਦੇ ਕਰੀਬ ਫੋਟੋਆਂ ਦੀ ਨਿਲਾਮੀ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਗਈ। ਜ਼ਮਾਨਤ 'ਤੇ ਰਿਹਾਅ ਹੋਣ ਤੋਂ ਪਹਿਲਾਂ ਦੋਸ਼ੀ ਨੂੰ ਕੁਝ ਮਹੀਨੇ ਹੀ ਜੇਲ੍ਹ ਵਿਚ ਬਿਤਾਉਣੇ ਪਏ। ਇਸ ਤੋਂ ਬਾਅਦ 2022 ਦੇ ਸ਼ੁਰੂ 'ਚ ਅਜਿਹੀ ਹੀ ਇਕ ਹੋਰ 'ਬੁਲੀ ਬਾਈ' ਸ਼ੁਰੂ ਕਰ ਦਿੱਤੀ ਗਈ ਜਿਸ ਨੇ ਸੋਸ਼ਲ ਮੀਡੀਆ ਪ੍ਰੋਫਾਈਲਾਂ ਤੋਂ ਡਾਊਨਲੋਡ ਕੀਤੀਆਂ ਫੋਟੋਆਂ ਨਾਲ ਛੇੜਛਾੜ ਕੀਤੀ ਅਤੇ ਇਨ੍ਹਾਂ ਔਰਤਾਂ ਨੂੰ ਵਿਕਣ ਲਈ 'ਉਪਲਬਧ' ਦੇ ਰੂਪ 'ਚ ਦਰਸਾਇਆ ਗਿਆ। ਇਸ ਕਿਰਦਾਰਕੁਸ਼ੀ ਦਾ ਨਿਸ਼ਾਨਾ ਬਣਾਈਆਂ ਔਰਤਾਂ ਵਿਚ ਪ੍ਰਮੁੱਖ ਔਰਤ ਪੱਤਰਕਾਰ ਅਤੇ ਕਾਰਕੁਨ ਸ਼ਾਮਲ ਸਨ ਜਿਨ੍ਹਾਂ ਨੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੁਆਰਾ ਲਿਆਂਦੇ ਗਏ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਦਾ ਵਿਰੋਧ ਕੀਤਾ ਸੀ।

ਇਹ ਦੇਖਣਾ ਹਾਸੋਹੀਣਾ ਹੈ ਕਿ ਸਿਆਸੀ ਤਾਕਤ ਵਾਲੇ ਲੋਕ ਹਿੰਦੂ ਅਤੇ ਮੁਸਲਮਾਨ, ਦੋਹਾਂ ਫਿਰਕਿਆਂ ਦੀਆਂ ਔਰਤਾਂ ਦੇ ਰਖਵਾਲੇ ਹੋਣ ਦਾ ਮਖੌਟਾ ਪਾਉਂਦੇ ਹਨ। ਅਖੌਤੀ 'ਲਵ ਜਹਾਦ' ਦੇ ਹੋਕਰੇ ਮਾਰ ਕੇ ਹਿੰਦੂ ਧੀਆਂ ਨੂੰ ਮੁਸਲਮਾਨ ਸ਼ਿਕਾਰੀਆਂ ਤੋਂ 'ਸੁਰੱਖਿਅਤ' ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਨਫ਼ਰਤੀ ਮੁਹਿੰਮ ਜਿਸ ਵਿਚ ਔਰਤਾਂ ਦੀ ਸਹਿਮਤੀ, ਖ਼ੁਦਮੁਖ਼ਤਾਰੀ ਅਤੇ ਇੱਛਾ ਦੀ ਕੋਈ ਪ੍ਰਵਾਹ ਨਹੀਂ ਹੈ। ਦੂਜੇ ਪਾਸੇ, ਇਹੀ ਲੋਕ ਮੁਸਲਮਾਨ ਔਰਤਾਂ ਨੂੰ ਤਿੰਨ ਤਲਾਕ ਅਤੇ ਹਿਜਾਬ ਤੋਂ 'ਮੁਕਤ ਕਰਾਉਣ' ਦੇ ਠੇਕੇਦਾਰ ਬਣਦੇ ਹਨ। ਸੁਰੱਖਿਆ ਅਤੇ ਨਫ਼ਰਤ ਦੀ ਇਹ ਦੋਧਾਰੀ ਤਲਵਾਰ ਕੌਮੀ ਰਾਜਨੀਤੀ ਦਾ ਆਧਾਰ ਬਣ ਗਈ ਹੈ, ਔਰਤ ਵਿਰੋਧੀ ਨਫ਼ਰਤ ਨੂੰ ਹਵਾ ਦੇ ਰਹੀ ਹੈ ਅਤੇ ਘੱਟ ਗਿਣਤੀ ਭਾਈਚਾਰੇ ਨੂੰ ਦਹਿਸ਼ਤਜ਼ਦਾ ਕਰ ਰਹੀ ਹੈ।

ਬਹੁਗਿਣਤੀਵਾਦੀ ਰਾਜਨੀਤੀ, ਡੂੰਘੀ ਜੜ੍ਹਾਂ ਵਾਲੀ ਮਰਦ-ਪ੍ਰਧਾਨ ਸੱਤਾ ਅਤੇ ਰਾਜ-ਸ਼ਕਤੀ ਦਾ ਗੱਠਜੋੜ ਜੁਰਮ ਦੇ ਦੋਸ਼ੀਆਂ ਦੀ ਸੁਰੱਖਿਆ ਦੇ ਰੂਪ ਵਿਚ ਉਜਾਗਰ ਹੁੰਦਾ ਹੈ। 15 ਅਗਸਤ 2022 ਨੂੰ ਉਨ੍ਹਾਂ 11 ਦੋਸ਼ੀਆਂ ਨੂੰ ਜੇਲ੍ਹ ਤੋਂ ਰਿਹਾ ਕੀਤਾ ਗਿਆ ਜਿਨ੍ਹਾਂ ਨੂੰ 2002 'ਚ ਗੁਜਰਾਤ ਵਿਚ ਬਿਲਕਿਸ ਬਾਨੋ ਨਾਲ ਸਮੂਹਿਕ ਬਲਾਤਕਾਰ ਕਰਨ ਅਤੇ ਉਸ ਦੇ ਪਰਿਵਾਰਕ ਜੀਆਂ ਦਾ ਕਤਲੇਆਮ ਕਰਨ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਤਲਖ਼ ਵਿਡੰਬਨਾ ਹੈ ਉਸ ਮੌਕੇ ਉਨ੍ਹਾਂ ਦਾ

(ਬਾਕੀ ਅਗਲੇ ਸਫੇ 'ਤੇ)

ਮਠਿਆਈਆਂ ਖੁਆ ਕੇ ਅਤੇ ਹਾਰ ਪਾ ਕੇ ਸਵਾਗਤ ਕੀਤਾ ਗਿਆ। ਭਾਜਪਾ ਵਿਧਾਇਕ ਸੀ.ਕੇ. ਰਾਉਲਜੀ ਨੇ ਕਿਹਾ ਕਿ ਉਹ ਤਾਂ 'ਬ੍ਰਾਹਮਣ' ਹਨ ਅਤੇ 'ਚੰਗੇ ਸੰਸਕਾਰਾਂ' ਵਾਲੇ ਲੋਕ ਹਨ। ਉਹ ਭਾਜਪਾ ਦੇ ਉਨ੍ਹਾਂ ਦੋ ਆਗੂਆਂ ਵਿਚੋਂ ਇਕ ਸੀ ਜੋ ਗੁਜਰਾਤ ਸਰਕਾਰ ਦੇ ਉਸ ਪੈਨਲ ਦਾ ਹਿੱਸਾ ਸਨ ਜਿਸ ਨੇ ਸਰਬਸੰਮਤੀ ਨਾਲ ਬਲਾਤਕਾਰੀਆਂ ਨੂੰ ਰਿਹਾ ਕਰਨ ਦਾ ਫੈਸਲਾ ਕੀਤਾ ਸੀ। ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ ਹੈ ਅਤੇ ਸਾਰੇ ਮੁਜਰਮਾਂ ਨੂੰ ਆਤਮ-ਸਮਰਪਣ ਕਰਨ ਦਾ ਆਦੇਸ਼ ਦਿੱਤਾ।

ਦਿਹਾਤੀ ਹਰਿਆਣਾ ਦੀਆਂ ਮਹਿਲਾ ਪਹਿਲਵਾਨਾਂ ਨੇ ਆਲਮੀ ਮੰਚ 'ਤੇ ਆਪਣੀਆਂ ਪ੍ਰਾਪਤੀਆਂ ਨਾਲ ਭਾਰਤ ਦਾ ਨਾਂ ਰੌਸ਼ਨ ਕੀਤਾ। ਕਿਸੇ ਵੀ ਭਾਰਤੀ ਔਰਤ ਲਈ ਖੇਡਾਂ ਦੀ ਮਰਦ-ਪ੍ਰਧਾਨ ਦੁਨੀਆ ਵਿਚ ਅਜਿਹੀਆਂ ਬੁਲੰਦੀਆਂ 'ਤੇ ਪਹੁੰਚਣਾ ਸੰਘਰਸ਼ ਹੀ ਤਾਂ ਹੈ ਪਰ ਇਹ ਸੰਘਰਸ਼ ਉਦੋਂ ਹੋਰ ਵੀ ਬਦਤਰ ਹੋ ਜਾਂਦਾ ਹੈ ਜਦੋਂ ਸੰਘਰਸ਼ ਵਿਚ ਮਰਦ ਸ਼ਿਕਾਰੀਆਂ ਨੂੰ ਹਟਾਉਣਾ ਸ਼ਾਮਲ ਹੋ ਜਾਂਦਾ ਹੈ, ਉਸ ਸੰਸਦ ਮੈਂਬਰ ਸਮੇਤ ਜੋ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦਾ ਮੁਖੀ ਸੀ।

28 ਮਈ 2023 ਨੂੰ ਜਦੋਂ ਨਵੀਂ ਪਾਰਲੀਮੈਂਟ ਇਮਾਰਤ ਦਾ ਮਹੂਰਤ ਕੀਤਾ ਜਾ ਰਿਹਾ ਸੀ, ਪੁਲਿਸ ਜੰਤਰ-ਮੰਤਰ ਉੱਪਰ ਫੈਡਰੇਸ਼ਨ ਖ਼ਿਲਾਫ਼ ਪ੍ਰਦਰਸ਼ਨ ਕਰ ਰਹੀਆਂ ਮਹਿਲਾ ਪਹਿਲਵਾਨਾਂ ਉੱਪਰ ਜਾ ਝਪਟੀ। ਇਹ ਦਰਸਾਉਂਦਾ ਹੈ ਕਿ ਦੋਸ਼ੀ ਨੂੰ ਬਚਾਉਣ ਲਈ ਸੱਤਾਧਾਰੀ ਤਾਕਤਾਂ ਮਿਲ ਕੇ ਕੰਮ ਕਰ ਸਕਦੀਆਂ ਹਨ। ਸਾਕਸ਼ੀ ਮਲਿਕ ਜੋ ਭਾਜਪਾ ਸਰਕਾਰ ਦੀ 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਦੇ ਬਰੈਂਡ ਅੰਬੈਸਡਰਾਂ ਵਿਚੋਂ ਇਕ ਹੈ, ਨੇ ਐਲਾਨ ਕੀਤਾ ਕਿ ਉਹ ਰੋਸ ਵਜੋਂ ਕੁਸ਼ਤੀ ਛੱਡ ਰਹੀ ਹੈ। ਤੁਰੰਤ ਬਾਅਦ ਪਹਿਲਵਾਨ ਬਜਰੰਗ ਪੂਨੀਆ ਅਤੇ ਵਿਨੇਸ਼ ਫੋਗਾਟ ਨੇ ਵੀ ਰੋਸ ਵਜੋਂ ਪ੍ਰਧਾਨ ਮੰਤਰੀ ਨੂੰ ਆਪਣੇ ਕੌਮੀ ਪੁਰਸਕਾਰ ਮੋੜ ਦਿੱਤੇ।

ਮੁਜਰਮਾਂ ਦੀ ਸੰਸਥਾਈ ਸਰਪ੍ਰਸਤੀ ਨਿਆਂ ਦੀ ਮੰਗ ਕਰਨ ਵਾਲੀਆਂ ਪੜ੍ਹੀਆਂ-ਲਿਖੀਆਂ ਅਤੇ ਦਲੇਰ ਔਰਤਾਂ ਲਈ ਚੋਖੀਆਂ ਰੁਕਾਵਟਾਂ ਖੜ੍ਹੀਆਂ ਕਰਦੀ ਹੈ। ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਅਤੇ ਤਹਿਲਕਾ ਦੇ ਮੁੱਖ ਸੰਪਾਦਕ ਤਰੁਣ ਤੇਜਪਾਲ, ਦੋਹਾਂ ਨੂੰ ਬਰੀ ਕਰ ਦਿੱਤਾ ਗਿਆ। ਦਸੰਬਰ 2023 ਵਿਚ ਯੂ.ਪੀ. ਵਿਚ ਔਰਤ ਸਿਵਲ ਜੱਜ ਨੇ ਚੀਫ਼ ਜਸਟਿਸ ਨੂੰ ਚਿੱਠੀ ਲਿਖ ਕੇ ਜ਼ਿਲ੍ਹਾ ਜੱਜ ਵਿਰੁੱਧ ਕੇਸ ਦਰਜ ਕਰਾਉਣ ਲਈ ਮਹੀਨਿਆਂ ਤੱਕ ਸੰਘਰਸ਼ ਕਰਨ ਤੋਂ ਬਾਅਦ ਆਪਣੀ ਜ਼ਿੰਦਗੀ ਖ਼ਤਮ ਕਰਨ ਦੀ ਇੱਛਾ ਪ੍ਰਗਟ ਕੀਤੀ।

ਸਰੀਰਕ ਖ਼ੁਦਮੁਖ਼ਤਾਰੀ ਅਤੇ ਸਲਾਮਤੀ ਲਈ ਔਰਤਾਂ ਦੀ ਲੜਾਈ ਅਦਾਲਤ ਦੇ ਕਮਰੇ ਤੋਂ ਪਾਰ ਫੈਲੀ ਹੋਈ ਹੈ। ਵੱਖ-ਵੱਖ ਰੂਪਾਂ 'ਚ ਜਿਨਸੀ ਹਿੰਸਾ ਦੀ ਸਹਿਣਸ਼ੀਲਤਾ, ਜਨਤਕ ਹਿੱਸੇਦਾਰੀ ਤੋਂ ਪ੍ਰੇਰਿਤ ਹੁੰਦੀ ਹੈ। ਸਮਾਜ ਦੇ ਕੁਝ ਹਿੱਸੇ ਆਪਣੇ ਆਪ ਜੱਜ ਬਣ ਜਾਂਦੇ ਹਨ, ਉਹ ਇਹ ਫ਼ੈਸਲਾ ਕਰਦੇ ਹਨ ਕਿ ਕਿਸ ਨੂੰ ਬਚਾਇਆ ਜਾਣਾ ਚਾਹੀਦਾ ਹੈ ਅਤੇ ਕਿਸ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਭਾਵੇਂ ਆਗੂ ਹੋਣ ਜਾਂ ਨਾਗਰਿਕ, ਨੈਤਿਕ ਦਿਸ਼ਾ-ਨਿਰਦੇਸ਼ ਆਪਣੇ ਮਨੋਰਥ ਤੋਂ ਭਟਕ ਗਿਆ ਹੈ, ਜਿਸ ਨਾਲ ਸਾਰਿਆਂ ਦਰਮਿਆਨ ਕਾਫ਼ੀ ਭਰਮ ਪੈਦਾ ਹੋ ਗਿਆ ਹੈ।

ਚੇਤੇ ਕਰੋ, ਨਿਰਭੈ ਬਲਾਤਕਾਰ ਕੇਸ ਦੇ ਛੇ ਵਿਚੋਂ ਚਾਰ ਦੋਸ਼ੀਆਂ ਨੂੰ 20 ਮਾਰਚ 2020 ਦੇ ਤੜਕੇ ਕਿਵੇਂ ਫਾਂਸੀ ਦਿੱਤੀ ਗਈ? ਸੁਪਰੀਮ ਕੋਰਟ ਨੇ ਇਸ ਕੇਸ ਜਿਸ ਬਾਰੇ ਕਿਹਾ ਗਿਆ ਕਿ ਇਸ ਨੇ ਸਮਾਜ ਦੀ ਸਮੂਹਿਕ ਜ਼ਮੀਰ ਨੂੰ ਝੰਜੋੜਿਆ ਹੈ, ਨੂੰ 'ਦੁਰਲੱਭ ਵਿਚੋਂ ਵੀ ਦੁਰਲੱਭ' ਮਾਮਲਾ ਕਰਾਰ ਦਿੱਤਾ। ਕਾਰਗਰ ਨਿਆਂ ਪ੍ਰਣਾਲੀ ਅਤੇ ਤੇਜ਼ ਰਫ਼ਤਾਰ ਮੁਕੱਦਮੇ ਦੀ ਅਣਹੋਂਦ 'ਚ ਫਾਂਸੀ ਦੀ ਸਜ਼ਾ ਸਟੇਟ ਦੇ ਹੱਥਾਂ ਵਿਚ ਹਥਿਆਰ ਬਣ ਜਾਂਦੀ ਹੈ। ਇਹ ਡਰੀ ਜਨਤਾ ਨੂੰ ਖ਼ੁਸ਼ ਕਰਨ ਲਈ ਉਪਯੋਗੀ ਹੋ ਸਕਦਾ ਹੈ ਪਰ ਸਟੇਟ ਆਪਣੀਆਂ ਔਰਤ ਨਾਗਰਿਕਾਂ ਦੀ ਸੁਰੱਖਿਆ ਲਈ ਉਚਿਤ ਪ੍ਰਕਿਰਿਆ ਦੀ ਪਾਲਣਾ ਕਰਨ ਦਾ ਆਪਣਾ ਸੰਵਿਧਾਨਕ ਫਰਜ਼ ਤਿਆਗ ਦਿੰਦਾ ਹੈ। ਔਰਤ ਸਮੂਹਾਂ ਨੇ ਬਦਲਾ ਲੈਣ ਵਾਲੇ ਨਿਆਂ ਦਾ ਹਮੇਸ਼ਾ ਵਿਰੋਧ ਕੀਤਾ ਹੈ ਅਤੇ ਜਮਹੂਰੀ ਅਧਿਕਾਰਾਂ ਦੀ ਲਹਿਰ ਫਾਂਸੀ ਦੀ ਸਜ਼ਾ ਨੂੰ ਖ਼ਤਮ ਕਰਨ ਲਈ ਦ੍ਰਿੜ ਹੈ। ਜਿੰਨਾ ਚਿਰ ਇਹ ਕਾਨੂੰਨ ਦੀਆਂ ਕਿਤਾਬਾਂ ਵਿਚ ਰਹੇਗੀ, ਜਿਨਸੀ ਹਮਲੇ ਦੀ ਸਜ਼ਾ ਵਜੋਂ ਇਸ ਦੀ ਵਰਤੋਂ ਅਸਪਸ਼ਟ ਖੇਤਰ ਹੋਵੇਗਾ। ਇਹ ਸਮੂਹਿਕ ਜ਼ਮੀਰ ਕਿਸ ਦੇ ਇਸ਼ਾਰੇ 'ਤੇ ਘੜੀ ਜਾ ਰਹੀ ਹੈ? ਉਸ ਸਮਾਜ ਵਿਚ ਕਿਸ ਲੋਕਾਚਾਰ ਨੂੰ ਮਨਜ਼ੂਰੀ ਮਿਲ ਰਹੀ ਹੈ ਜਿੱਥੇ ਮੱਧਯੁਗੀ ਲਾਲਸਾ 'ਚ ਗੁਸਿਆ ਅਵਾਮ ਬਦਲਾਊ ਸਜ਼ਾ ਦੀ ਮੰਗ ਕਰ ਰਿਹਾ ਹੈ?

ਇਹ ਵੀ ਓਨਾ ਹੀ ਬੇਚੈਨ ਕਰਨ ਵਾਲਾ ਹੈ ਜਦੋਂ ਅਵਾਮ ਵੱਲੋਂ ਗੈਰ-ਨਿਆਇਕ ਕਤਲਾਂ ਰਾਹੀਂ, ਜਿਨ੍ਹਾਂ ਨੂੰ ਮੁਕਾਬਲੇ ਦਾ ਨਾਂ ਦਿੱਤਾ ਜਾਂਦਾ ਹੈ, ਦੋਸ਼ੀਆਂ ਨੂੰ ਮਾਰ ਮੁਕਾਉਣ ਦੀ ਜੈ-ਜੈਕਾਰ ਕੀਤੀ ਜਾਂਦੀ ਹੈ। ਨਵੰਬਰ 2019 ਵਿਚ ਤਿਲੰਗਾਨਾ ਸਰਕਾਰ ਨੇ ਹੈਦਰਾਬਾਦ ਵਿਚ 26 ਸਾਲਾ ਵੈਟਰਨਰੀ ਡਾਕਟਰ ਦਾ ਜਿਨਸੀ ਸ਼ੋਸ਼ਣ ਕਰਨ ਦੇ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਲੋਕਾਂ ਦੇ ਰੋਹ ਦੇ ਜਵਾਬ ਵਿਚ ਸਰਕਾਰ ਨੇ ਫਾਸਟ ਟਰੈਕ ਅਦਾਲਤ ਸਥਾਪਤ ਕਰਨ ਦੇ ਆਦੇਸ਼ ਦਿੱਤੇ। ਅਗਲੇ ਹੀ ਦਿਨ ਚਾਰਾਂ ਦੋਸ਼ੀਆਂ ਨੂੰ ਪੁਲਿਸ ਨੇ ਘਟਨਾ ਵਾਲੀ ਥਾਂ 'ਤੇ ਲਿਜਾ ਕੇ ਗੋਲੀ ਮਾਰ ਦਿੱਤੀ। ਪੁਲਿਸ ਅਨੁਸਾਰ ਜਦੋਂ ਮੁਲਜ਼ਮਾਂ ਨੂੰ ਉੱਥੇ ਲਿਜਾ ਕੇ ਅਪਰਾਧ ਦਾ ਦ੍ਰਿਸ਼ ਮੁੜ ਦੁਹਰਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਮੁਲਜ਼ਮਾਂ ਨੇ ਉਨ੍ਹਾਂ ਦੀਆਂ ਬੰਦੂਕ ਖੋਹ ਲਈਆਂ ਅਤੇ ਪੁਲਿਸ ਪਾਰਟੀ ਨੂੰ ਸਵੈ-ਰੱਖਿਆ ਵਿਚ ਉਨ੍ਹਾਂ ਨੂੰ ਮਾਰਨ ਲਈ ਮਜਬੂਰ ਹੋਣਾ ਪਿਆ। ਲੋਕਾਂ ਦੇ ਇਕ ਹਿੱਸੇ ਨੇ ਪੁਲਿਸ ਮੁਲਾਜ਼ਮਾਂ ਉੱਪਰ ਗੁਲਾਬ ਦੇ ਫੁੱਲ ਵਰਸਾਏ ਅਤੇ ਸ਼ਾਬਾਸ਼ ਦਿੰਦਿਆਂ ਜੈਕਾਰੇ ਲਾਏ ਜਦਕਿ ਚਾਰ ਦੋਸ਼ੀਆਂ ਦੇ ਮੁਕਾਬਲੇ ਦੀ ਜਾਂਚ ਲਈ ਸੁਪਰੀਮ ਕੋਰਟ ਦੁਆਰਾ ਬਣਾਏ ਜਸਟਿਸ ਵੀ.ਐੱਸ. ਸਿਰਪੁਰਕਰ ਕਮਿਸ਼ਨ ਨੇ ਸਿੱਟਾ ਕੱਢਿਆ ਕਿ ਪੁਲਿਸ ਨੇ 'ਮਾਰਨ ਦੇ ਇਰਾਦੇ ਨਾਲ' ਜਾਣਬੁੱਝ ਕੇ ਦੋਸ਼ੀਆਂ 'ਤੇ ਗੋਲੀ ਚਲਾਈ ਸੀ।

ਔਰਤਾਂ ਵਿਰੁੱਧ ਜੁਰਮਾਂ ਦੇ ਜਵਾਬ ਵਜੋਂ 'ਮੁਕਾਬਲਿਆਂ' ਵਿਚ ਕਤਲਾਂ ਦਾ ਇਹ ਗੁਣਗਾਨ ਇਸ ਗੱਲ ਤੋਂ ਧਿਆਨ ਹਟਾਉਂਦਾ ਹੈ ਕਿ ਸਟੇਟ ਨੂੰ ਕਿਵੇਂ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਜਿਵੇਂ ਜਿਨਸੀ ਹਿੰਸਾ ਅਤੇ ਰਾਜ ਦੇ ਜਬਰ ਵਿਰੁੱਧ ਔਰਤਾਂ ਨਾਂ ਦੇ ਸਮੂਹ ਨੇ ਦੱਸਿਆ ਹੈ, ਲਾਰੀ ਵਰਕਰਾਂ ਨੂੰ ਫਾਂਸੀ ਅਤੇ ਕਤਲ ਦੀ ਮੰਗ ਕਰਨਾ ਸੌਖਾ ਹੈ ਪਰ ਉਨ੍ਹਾਂ ਬਹੁਤ ਸਾਰੇ ਪਿਓਆਂ, ਚਾਚਿਆਂ, ਭਰਾਵਾਂ, ਧਰਮ ਗੁਰੂਆਂ ਅਤੇ ਸੁਰੱਖਿਆ ਬਲਾਂ ਤੇ ਫ਼ੌਜ ਵਾਲਿਆਂ ਬਾਰੇ ਕੀ ਕਹਿਣਾ ਹੈ ਜੋ ਕਾਨੂੰਨੀ ਅਤੇ ਸਮਾਜਿਕ ਸੁਰੱਖਿਆ ਦੁਆਰਾ ਉਨ੍ਹਾਂ ਨੂੰ ਦਿੱਤੀ ਸਜ਼ਾ ਤੋਂ ਮੁਕਤੀ ਕਾਰਨ ਬੇਖ਼ੌਫ਼ ਹੋ ਕੇ ਬਲਾਤਕਾਰ ਕਰਦੇ ਹਨ? ਸਮੂਹਿਕ ਜ਼ਮੀਰ ਇਹ ਦੱਸਦੀ ਹੈ ਕਿ ਕਿਸ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ: ਝੁੱਗੀ-ਝੌਂਪੜੀ ਵਾਲਿਆਂ ਅਤੇ ਕਿਰਤੀਆਂ ਨੂੰ ਪਰ ਧਰਮ ਗੁਰੂਆਂ, ਅਕਾਦਮੀਸੀਅਨਾਂ, ਕਾਨੂੰਨਦਾਨਾਂ ਜਾਂ ਰਾਜਨੀਤਕ ਬਾਹੂਬਲੀਆਂ ਨੂੰ ਨਹੀਂ।

ਇਸ ਸਮੂਹਿਕ ਜ਼ਮੀਰ ਦੇ ਗੰਭੀਰ ਨਤੀਜਿਆਂ ਵਿਚੋਂ ਇਕ ਹੈ ਬਲਾਤਕਾਰੀਆਂ ਨੂੰ ਸੰਤ ਦਾ ਰੁਤਬਾ ਦੇਣ ਦੀ ਸ਼ਰਧਾ, ਉਨ੍ਹਾਂ ਦੇ ਜੁਰਮਾਂ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦੀ ਹੈ। 2013 'ਚ ਆਸਾਰਾਮ ਬਾਪੂ 'ਤੇ ਦੋਸ਼ ਲੱਗਣ ਤੋਂ ਲੈ ਕੇ 2018 'ਚ ਦੋਸ਼ੀ ਠਹਿਰਾਏ ਜਾਣ ਤੱਕ ਦਿੱਲੀ ਦੇ ਜੰਤਰ-ਮੰਤਰ ਅਤੇ ਹੋਰ ਥਾਵਾਂ 'ਤੇ ਵੱਡੀ ਗਿਣਤੀ 'ਚ ਔਰਤਾਂ ਸਮੇਤ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਲਗਾਤਾਰ ਧਰਨੇ ਦਿੱਤੇ ਗਏ। ਅਜਿਹੇ ਧਰਮ-ਗੁਰੂ ਪੈਰੋਲ 'ਤੇ ਲੰਮਾ ਸਮਾਂ ਬਿਤਾਉਂਦੇ ਹਨ, ਇੱਥੋਂ ਤੱਕ ਕਿ ਮੰਤਰੀ ਅਤੇ ਉੱਚ ਨੌਕਰਸ਼ਾਹ ਵੀ ਉਨ੍ਹਾਂ ਨੂੰ ਮਿਲਣ ਆਉਂਦੇ ਹਨ।

ਸਮਾਜ ਵਿਗਿਆਨਕ ਮਾਇਨਿਆਂ 'ਚ ਸਮੂਹਿਕ ਜ਼ਮੀਰ ਉਦੋਂ ਉਭਰੀ ਸਮਝੀ ਜਾਂਦੀ ਹੈ ਜਦੋਂ ਨੈਤਿਕ ਤੌਰ 'ਤੇ ਘੱਟ ਆਲੋਚਨਾਤਮਕ ਸਮਾਜਾਂ ਨੇ ਹੌਲੀ-ਹੌਲੀ ਕੁਝ ਬੁਨਿਆਦੀ ਵਿਸ਼ਵਾਸਾਂ ਅਤੇ ਸਿਧਾਂਤਾਂ ਨੂੰ ਵਿਕਸਤ ਕੀਤਾ ਜਿਸ ਦੀ ਉਨ੍ਹਾਂ ਨੇ ਸਮੂਹਿਕ ਤੌਰ 'ਤੇ ਸਰਵਉੱਚ ਆਮ ਭਲਾਈ ਦੇ ਰੂਪ ਵਿਚ ਪੁਸ਼ਟੀ ਕੀਤੀ। ਪ੍ਰਚਲਿਤ ਸਮਾਜਿਕ ਅਤੇ ਸੱਭਿਆਚਾਰਕ ਲੋਕਾਚਾਰ ਵਿਚ, ਬਹੁਗਿਣਤੀਵਾਦੀ ਏਜੰਡੇ ਦੇ ਅਨੁਸਾਰੀ ਬਦਲੀ ਹੋਈ ਸਮੂਹਿਕ ਜ਼ਮੀਰ ਦਾ ਨਿਰਮਾਣ ਹੁੰਦਾ ਹੈ। ਇਹ 'ਦੂਜੇ' ਨੂੰ ਜ਼ਖ਼ਮੀ ਕਰਨ, ਨੁਕਸਾਨ ਪਹੁੰਚਾਉਣ ਅਤੇ ਉਸ ਦੀ ਕਦਰ ਨੂੰ ਘਟਾਉਣ ਰਾਹੀਂ ਕੀਤਾ ਜਾ ਰਿਹਾ ਹੈ।

ਖ਼ਾਸ ਮਨੋਰਥ ਨਾਲ ਬਣਾਈ ਸਮੂਹਿਕ ਜ਼ਮੀਰ ਬਹੁਗਿਣਤੀ ਦੀ ਇੱਛਾ 'ਤੇ ਚੱਲਦੀ ਹੈ। ਸੰਵਿਧਾਨ ਦੀ ਪ੍ਰਸਤਾਵਨਾ 'ਅਸੀਂ ਲੋਕ' ਦੀ ਪੁਸ਼ਟੀ ਕਰਦੀ ਹੈ ਪਰ ਬਹੁਗਿਣਤੀਵਾਦ ਦੀ ਚੜ੍ਹਤ 'ਦੂਜੇ' ਲਈ ਨਿਯਮਾਂ ਅਤੇ ਕਾਨੂੰਨਾਂ ਨੂੰ ਖ਼ਤਮ ਕਰ ਰਹੀ ਹੈ। ਸਮੂਹਿਕ ਜ਼ਮੀਰ ਦੀ ਅੱਜ ਦੀ ਪੁਨਰ-ਰਚਨਾ ਨੂੰ ਮੁਖ਼ਾਤਬ ਹੋਣ ਲਈ ਹਰ ਵਾਰ ਚਲਾਕੀ ਨਾਲ ਉਭਾਰੇ ਗਏ ਜਨੂਨ ਦੇ ਪਹਿਲੂਆਂ ਨੂੰ ਸਮਝਣ ਦੀ ਲੋੜ ਹੈ। ਜੇ ਦੋਸ਼ੀ ਮੁਸਲਿਮ ਜਾਂ ਦਲਿਤ ਜਾਂ ਲਾਰੀ ਮੁਲਾਜ਼ਮ ਹੈ ਅਤੇ ਪ੍ਰਭਾਵਿਤ ਸਵਰਨ ਹੈ ਤਾਂ ਸਮੂਹਿਕ ਜ਼ਮੀਰ ਜਾਗ ਉੱਠਦੀ ਹੈ ਅਤੇ ਇਹ ਸਖ਼ਤ ਸਜ਼ਾ ਦੀ ਮੰਗ ਕਰਦੀ ਹੈ। ਜੇ ਦੋਸ਼ੀ ਸਵਰਨ, ਧਰਮ-ਗੁਰੂ, ਬੁਲਡੋਜ਼ਰ ਰਾਜ, ਚਰਚ ਦੀ ਤੋੜਫੋੜ ਕਰਨ ਵਾਲਾ ਹਿੰਦੂ ਕਾਨੂੰਨ ਘਾੜਾ ਹੈ ਅਤੇ ਪੀੜਤ ਮੁਸਲਮਾਨ, ਦਲਿਤ ਜਾਂ ਆਦਿਵਾਸੀ ਹੈ ਤਾਂ ਉਹੀ ਸਮੂਹਿਕ ਜ਼ਮੀਰ ਬਰੀ ਕਰ ਦਿੰਦੀ ਹੈ।

ਜੇ ਦੋਸ਼ੀ ਤੇ ਪੀੜਤ ਦੋਵੇਂ ਸਵਰਨ ਹਨ, ਜਿਵੇਂ ਖੋਜਕਰਤਾਵਾਂ ਜਾਂ ਕਾਨੂੰਨ ਦੇ ਸਿਖਾਂਦਰੂਆਂ ਅਤੇ ਪੱਤਰਕਾਰਾਂ ਜਾਂ ਅਦਾਲਤ ਦੇ ਮੁਲਾਜ਼ਮਾਂ ਦੇ ਮਾਮਲੇ ਵਿਚ ਹੁੰਦਾ ਹੈ ਤਾਂ ਸ਼ਕਤੀ ਦੇ ਸਟੈਂਡਰਡ ਨਿਖੇੜੇ ਮਰਦ-ਪ੍ਰਧਾਨ ਅਤੇ ਜਮਾਤੀ ਧੌਂਸ ਅਨੁਸਾਰ ਕੰਮ ਕਰਦੇ ਹਨ। ਦੂਜੇ ਨੂੰ ਦਬਾਉਣ ਦੇ ਉਦੇਸ਼ ਵਾਲੀਆਂ ਇਹ ਰਣਨੀਤੀਆਂ ਹਰ ਜਗ੍ਹਾ ਲਾਗੂ ਕੀਤੀਆਂ ਜਾਂਦੀਆਂ ਹਨ- ਸੰਸਥਾਵਾਂ ਅਤੇ ਨਿਆਂਪਾਲਿਕਾ ਤੋਂ ਲੈ ਕੇ ਮੀਡੀਆ ਹਾਊਸਾਂ ਅਤੇ ਵਿਦਿਅਕ ਅਦਾਰਿਆਂ ਤੱਕ। ਇਸ ਤਰ੍ਹਾਂ ਸਮੂਹਿਕ ਜ਼ਮੀਰ ਦਾ ਰਸਾਇਣ ਵਿਗਿਆਨ ਸ਼ੱਕੀ, ਮਨਘੜਤ ਅਤੇ ਸਵਾਰਥੀ ਹੈ। ਜਿਨਸੀ ਜੁਰਮਾਂ ਉੱਪਰ ਹਲਕੀਆਂ ਟਿੱਪਣੀਆਂ ਕਰਨਾ ਜਵਾਬਦੇਹੀ ਜਾਂ ਜ਼ਿੰਮੇਵਾਰੀ ਨੂੰ ਤਿਲਾਂਜਲੀ ਦੇਣ ਦਾ ਮਖੌਟਾ ਹੈ। ਜਨਤਕ ਖੇਤਰ ਦੇ ਨਿਰੀਖਣਾਂ ਵਿਚ ਜੀਨਾਂ ਪਾਉਣ ਤੋਂ ਲੈ ਕੇ ਚਾਓ ਮੀਨ ਖਾਣ ਤੱਕ ਨੂੰ ਬਲਾਤਕਾਰ ਦਾ ਕਾਰਨ ਦੱਸਿਆ ਗਿਆ ਹੈ। ਯੂ.ਪੀ. ਮਹਿਲਾ ਕਮਿਸ਼ਨ ਦੀ ਇਕ ਮੈਂਬਰ ਨੇ ਟਿੱਪਣੀ ਕੀਤੀ ਕਿ ਜਿਨਸੀ ਸ਼ੋਸ਼ਣ ਵਧਣ ਦਾ ਮੁੱਖ ਕਾਰਨ ਮੋਬਾਇਲ ਫੋਨ ਹੈ। ਮੁੱਖ ਧਾਰਾ ਦੇ ਮੀਡੀਆ ਦਾ ਵੱਡਾ ਹਿੱਸਾ ਇਨ੍ਹਾਂ ਔਰਤ ਵਿਰੋਧੀ ਅਪਮਾਨਜਨਕ ਟਿੱਪਣੀਆਂ ਨੂੰ ਚਮਕਾ ਕੇ ਪੇਸ਼ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ।



ਵਧੀਕੀਆਂ ਖ਼ਿਲਾਫ਼ ਜੂਝ ਰਹੀਆਂ ਕੁੜੀਆਂ ਬਾਰੇ ਚਿੱਤਰ।

ਸਜ਼ਾ ਤੋਂ ਛੋਟ ਸੰਸਦ ਦੇ ਸੈਸ਼ਨਾਂ ਵਿਚ ਨੇਤਾਵਾਂ ਦੀ ਦੂਸ਼ਣਬਾਜ਼ੀ ਵਿਚ ਮਚੀ ਅਫ਼ਰਾ-ਤਫ਼ਰੀ ਨਾਲ ਸੰਚਾਲਤ ਹੁੰਦੀ ਹੈ। ਉਸ ਅਰਾਜਕਤਾ ਨੂੰ ਯਾਦ ਕਰੋ ਜਦੋਂ ਜੁਲਾਈ 2023 'ਚ ਮਾਨਸੂਨ ਸੈਸ਼ਨ ਸ਼ੁਰੂ ਹੋਇਆ ਅਤੇ ਵਿਰੋਧੀ ਧਿਰ ਨੇ ਮਨੀਪੁਰ ਵਿਚ ਜਾਰੀ ਹਿੰਸਾ ਉਪਰ ਚਰਚਾ ਦੀ ਮੰਗ ਕੀਤੀ। ਜਦੋਂ ਕਾਂਗਰਸ ਆਗੂ ਮਲਿਕਾਰਜੁਨ ਖੜਗੇ ਨੇ ਪ੍ਰਧਾਨ ਮੰਤਰੀ ਦੀ ਮੌਜੂਦਗੀ 'ਤੇ ਜ਼ੋਰ ਦਿੱਤਾ ਤਾਂ ਉਸ ਦਾ ਮਾਈਕ੍ਰੋਫ਼ੋਨ ਬੰਦ ਕਰ ਦਿੱਤਾ ਗਿਆ। ਭਾਜਪਾ ਦੇ ਰਾਜ ਸਭਾ ਦੇ ਨੇਤਾ ਪਿਊਸ਼ ਗੋਇਲ ਨੇ ਕਿਹਾ ਕਿ ਉਨ੍ਹਾਂ ਨੂੰ ਵਿਰੋਧੀ ਧਿਰ ਦੇ ਰਾਜ ਵਾਲੇ ਰਾਜਾਂ ਰਾਜਸਥਾਨ, ਛੱਤੀਸਗੜ੍ਹ, ਤਿਲੰਗਾਨਾ ਅਤੇ ਪੱਛਮੀ ਬੰਗਾਲ ਵਿਚ ਔਰਤਾਂ ਵਿਰੁੱਧ ਹਿੰਸਾ 'ਤੇ ਵੀ ਚਰਚਾ ਕਰਨੀ ਚਾਹੀਦੀ ਹੈ। 'ਮੋਦੀ ਮੋਦੀ' ਚੀਕਦਿਆਂ ਡੈਸਕ ਜ਼ੋਰ-ਜ਼ੋਰ ਨਾਲ ਥਪਥਪਾਏ ਜਾਣ ਲੱਗੇ ਅਤੇ ਇਸ ਤੋਂ ਬਾਅਦ ਵਿਰੋਧੀ ਧਿਰ ਨੇ 'ਮਨੀਪੁਰ ਮਨੀਪੁਰ' ਚੀਕਣਾ ਸ਼ੁਰੂ ਕਰ ਦਿੱਤਾ। ਇਸ ਮੁਕਾਬਲੇਬਾਜ਼ੀ ਵਾਲੇ ਸਿਆਸੀ ਅਦਾਨ-ਪ੍ਰਦਾਨ ਵਿਚ ਜਿੱਥੇ ਇਕ-ਦੂਜੇ ਵਿਰੁੱਧ ਜੁਰਮਾਂ ਨੂੰ ਤੇਜ਼ੀ ਨਾਲ ਰੱਦ ਕਰ ਦਿੱਤਾ ਜਾਂਦਾ ਹੈ, ਉੱਥੇ ਹਰ ਵਾਰ ਜੁਰਮਾਂ ਦੀ ਗੰਭੀਰਤਾ ਨੂੰ ਢਾਹ ਲਾਈ ਜਾਂਦੀ ਹੈ।

ਅਪਰੈਲ 2014 'ਚ ਸਮਾਜਵਾਦੀ ਪਾਰਟੀ ਦੇ ਸੁਪਰੀਮੋ ਮੁਲਾਇਮ ਸਿੰਘ ਯਾਦਵ ਨੇ ਜਿਨਸੀ ਸ਼ੋਸ਼ਣ ਦੇ ਮਾਮਲਿਆਂ 'ਚ ਫਾਂਸੀ ਦੀ ਸਜ਼ਾ ਦਾ ਇਕਦਮ ਵਿਰੋਧ ਕੀਤਾ ਸੀ। ਉਸ ਅਨੁਸਾਰ, 'ਮੁੰਡੇ ਤਾਂ ਮੁੰਡੇ ਹੀ ਰਹਿਣਗੇ' ਅਤੇ 'ਮੁੰਡੇ ਹਮੇਸ਼ਾ ਗ਼ਲਤੀਆਂ ਕਰਨਗੇ' ਪਰ ਉਨ੍ਹਾਂ ਨੂੰ ਫਾਂਸੀ ਦੇਣ ਦੀ ਕੋਈ ਲੋੜ ਨਹੀਂ। ਉਸ ਨੇ ਸਾਰਿਆਂ ਨੂੰ ਭਰੋਸਾ ਦਿੱਤਾ ਕਿ ਉਹ ਬਲਾਤਕਾਰ ਲਈ ਫਾਂਸੀ ਦੀ ਸਜ਼ਾ ਨੂੰ ਖ਼ਤਮ ਕਰਨ ਲਈ ਕਾਨੂੰਨ ਵਿਚ ਸੋਧ ਕਰਨਗੇ। ਗ਼ੌਰ ਕਰੋ, ਫਾਂਸੀ ਦੀ ਸਜ਼ਾ ਖ਼ਤਮ ਕਰਨ ਬਾਰੇ ਇਹ ਨਹੀਂ ਸੀ, ਸਿਰਫ਼ ਬਲਾਤਕਾਰ ਦੇ ਦੋਸ਼ੀਆਂ ਲਈ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਬਾਰੇ ਸੀ।

ਭਾਰਤ ਵਿਚ ਮੌਜੂਦਾ ਹਕੂਮਤ ਰਾਜ ਸੱਤਾ ਅਤੇ ਮਰਦ-ਪ੍ਰਧਾਨ ਸੱਤਾ ਦੇ ਪ੍ਰੋਸ਼ਨ ਕਰਨ ਵਾਲੇ ਇਤਿਹਾਸ 'ਤੇ ਆਧਾਰਿਤ ਹੈ। ਮਈ 2002 'ਚ ਗੁਜਰਾਤ ਵਿਚ ਫਿਰਕੂ ਹਿੰਸਾ ਬਾਰੇ ਚਰਚਾ ਦੌਰਾਨ ਕੇਂਦਰੀ ਮੰਤਰੀ ਜਾਰਜ ਫਰਨਾਂਡਿਜ਼ ਨੇ ਘਿਨਾਉਣੇ ਰੂਪ 'ਚ ਪੁੱਛਿਆ ਸੀ, "ਬਲਾਤਕਾਰ ਕੋਈ ਨਵੀਂ ਗੱਲ ਹੈ?" ਇਕ ਸਮੇਂ ਐਮਰਜੈਂਸੀ ਵਿਰੋਧੀ ਅੰਦੋਲਨ ਦੀ ਪ੍ਰਮੁੱਖ ਸ਼ਖ਼ਸੀਅਤ ਦੇ ਰਵੱਈਏ ਵਿਚ ਇਹ ਤਬਦੀਲੀ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਸਰਕਾਰ ਵਿਚ ਆਪਣੇ ਅਹੁਦੇ ਨੂੰ ਸੁਰੱਖਿਅਤ ਕਰਨ ਲਈ ਗਿਣਿਆ-ਮਿਥਿਆ ਕਦਮ ਸੀ। ਉਸ ਦੇ ਸਵਾਲ ਨੇ ਗੁਜਰਾਤ ਵਿਚ ਮੁਸਲਿਮ ਭਾਈਚਾਰੇ ਦੇ ਖ਼ਿਲਾਫ਼ ਸਮੂਹਿਕ ਹਿੰਸਾ ਅਤੇ ਗਿਣਮਿਥ ਕੇ ਅੰਜਾਮ ਦਿੱਤੀਆਂ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਵਿਚ ਮੋਦੀ ਦੀ ਕਥਿਤ ਸ਼ਮੂਲੀਅਤ ਤੋਂ ਧਿਆਨ ਹਟਾ ਦਿੱਤਾ। ਵਿਡੰਬਨਾ ਇਹ ਹੈ ਕਿ ਦਸੰਬਰ 2013 'ਚ ਰੈਲੀ ਵਿਚ ਮੋਦੀ ਨੇ ਨਵੀਂ ਦਿੱਲੀ ਵਿਚ ਵੋਟਰਾਂ ਨੂੰ ਵਿਧਾਨ ਸਭਾ ਚੋਣਾਂ ਵਿਚ ਆਪਣੀ ਵੋਟ ਪਾਉਣ ਵੇਲੇ ਨਿਰਭੈ ਨੂੰ ਚੇਤੇ ਰੱਖਣ ਦੀ ਅਪੀਲ ਕੀਤੀ।

ਪਿਛਲੇ ਦਿਨੀਂ ਸੰਸਦ ਮੈਂਬਰ ਬ੍ਰਿਜ ਭੂਸ਼ਣ ਜੋ ਜ਼ਮਾਨਤ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ, ਨੇ ਮਨੀਪੁਰ ਦੀਆਂ ਔਰਤਾਂ ਦੇ ਵੀਡੀਓ ਨੂੰ ਅਧਿਕਾਰਤ ਤੌਰ 'ਤੇ 'ਮੰਦਭਾਗਾ' ਦੱਸਿਆ। ਅਨੁਰਾਗ ਠਾਕੁਰ ਜਿਸ ਨੇ ਫਰਵਰੀ 2020 'ਚ ਆਪਣੇ ਮੁਸਲਿਮ ਵਿਰੋਧੀ ਭੜਕਾਊ ਭਾਸ਼ਣ 'ਗੋਲੀ ਮਾਰੋ ਸਾਲੋਂ ਕੋ' ਨਾਲ ਉੱਤਰ-ਪੂਰਬੀ ਦਿੱਲੀ ਵਿਚ ਹਿੰਸਾ ਭੜਕਾਈ ਸੀ, ਨੇ ਔਰਤ ਪਹਿਲਵਾਨਾਂ ਨੂੰ ਜਿਨਸੀ ਹਿੰਸਾ ਦੇ ਦੋਸ਼ਾਂ ਦੀ ਜਾਂਚ ਲਈ ਕਮੇਟੀ ਬਣਾਉਣ ਦਾ ਭਰੋਸਾ ਦਿੱਤਾ। ਅਜਿਹੇ ਦੋਹਰੇ ਮਾਪਦੰਡਾਂ ਦੀ ਚਾਲ ਮੌਜੂਦਾ ਹਕੂਮਤ ਵੱਲੋਂ ਆਪਣੇ ਕਥਿਤ ਜੁਰਮਾਂ ਨੂੰ ਢਕਣ ਲਈ ਬਹੁਤ ਸਾਵਧਾਨੀ ਨਾਲ ਖੇਡੀ ਜਾਂਦੀ ਹੈ।

ਅਖ਼ਬਾਰੀ ਮੀਡੀਆ ਔਰਤਾਂ ਵਿਰੁੱਧ ਜੁਰਮਾਂ ਦੀ ਰਿਪੋਰਟ ਕਰਨ ਵੇਲੇ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਅਕਸਰ ਹੀ ਨਜ਼ਰਅੰਦਾਜ਼ ਕਰਦਾ ਹੈ। ਸਮੂਹਿਕ ਜ਼ਮੀਰ ਦੇ ਸ਼ਕਤੀਸ਼ਾਲੀ ਐਂਪਲੀਫਾਇਰ ਦੇ ਰੂਪ 'ਚ ਮੀਡੀਆ ਦੀ ਬੇਰੁਖੀ ਸਿੱਧੇ ਤੌਰ 'ਤੇ ਨਿਆਂ ਤੋਂ ਇਨਕਾਰ ਵੱਲ ਲੈ ਜਾਂਦੀ ਹੈ। ਮਰਦਾਨਗੀ ਦੀ ਵਡਿਆਈ ਪ੍ਰਮੁੱਖ ਹੋ ਜਾਂਦੀ ਹੈ ਕਿਉਂਕਿ ਖ਼ਬਰਾਂ ਦੀ ਕਵਰੇਜ ਅਮਾਨਵੀ ਜਨਤਕ ਮੁਕੱਦਮੇ ਵਰਗੀ ਹੁੰਦੀ ਹੈ। ਅਜਿਹੀਆਂ ਮਿਸਾਲਾਂ ਜਿੱਥੇ ਭੀੜ ਦੋਸ਼ੀ ਵਿਅਕਤੀਆਂ ਦੀ ਹਮਾਇਤ ਕਰਦੀ ਹੈ, ਕਾਨੂੰਨੀ ਪ੍ਰਕਿਰਿਆ ਵਿਚ ਅੜਿੱਕਾ ਪਾਉਂਦੀ ਹੈ ਜਾਂ ਜ਼ਮਾਨਤ 'ਤੇ ਆਏ ਦੋਸ਼ੀਆਂ ਦੀ ਜੈ-ਜੈਕਾਰ ਕਰਦੀ ਹੈ, ਅਕਸਰ ਟੀ.ਵੀ. ਚੈਨਲਾਂ ਅਤੇ ਨਿਊਜ਼ ਮੀਡੀਆ ਦੀਆਂ ਸੁਰਖ਼ੀਆਂ ਬਣਦੀ ਹੈ। ਆਲੋਚਨਾਤਮਕ ਜਾਂਚ ਜਾਂ ਖੋਜੀ ਰਿਪੋਰਟਿੰਗ ਵਿਚ ਜੁੱਟਣ ਦੀ ਬਜਾਇ ਮੁੱਖਧਾਰਾ ਮੀਡੀਆ ਭਾਰੂ ਬਿਰਤਾਂਤ ਨੂੰ ਦੁਹਰਾਉਣ ਅਤੇ ਉਤਸ਼ਾਹਤ ਕਰਨ ਦਾ ਝੁਕਾਅ ਰੱਖਦਾ ਹੈ।

ਨਿਊਜ਼ ਚੈਨਲ ਕਈ ਵਾਰ ਐੱਫ.ਆਈ.ਆਰ. ਜਾਂ ਬਚੇ ਹੋਏ ਵਿਅਕਤੀ ਦੇ ਬਿਆਨ 'ਤੇ ਸ਼ੱਕ ਕਰਨ ਲਈ ਪਹਿਲੀ ਨਜ਼ਰੇ ਸਬੂਤ ਦੀ ਵਰਤੋਂ ਆਧਾਰ ਵਜੋਂ ਕਰਦੇ ਹਨ। ਕਿਸੇ ਔਰਤ ਦੇ ਜਾਤੀ ਪਿਛੋਕੜ 'ਤੇ ਸਵਾਲ ਉਠਾਉਣ ਦੀ ਪ੍ਰਵਿਰਤੀ ਵੀ ਹੈ ਅਤੇ ਔਰਤ ਦੇ ਚਰਿੱਤਰ ਦੀ ਪੁਣਛਾਣ ਕਰਨ ਦੀ ਸਦੀਆਂ ਪੁਰਾਣੀ ਪ੍ਰਥਾ ਖ਼ਬਰਾਂ ਦਾ ਵਿਸ਼ਾ ਬਣ ਜਾਂਦੀ ਹੈ। ਚਰਿੱਤਰ ਦਾ ਨਿਰਣਾ ਕਰਨ ਵਿਚ ਇਹ ਡੂੰਘੀਆਂ ਜੜ੍ਹਾਂ ਵਾਲਾ ਲਿੰਗਵਾਦ ਅੱਠ ਸਾਲਾਂ ਦੀ ਆਸਿਫ਼ਾ ਬਾਨੋ ਤੱਕ ਵੀ ਫੈਲਿਆ ਹੋਇਆ ਸੀ। ਅਜਿਹੀ ਰਿਪੋਰਟਿੰਗ ਉਨ੍ਹਾਂ ਤੱਥਾਂ ਅਤੇ ਹਾਲਾਤ ਨੂੰ ਉਜਾਗਰ ਕਰਨ ਦੀ ਸਮਾਜਿਕ ਜ਼ਿੰਮੇਵਾਰੀ ਤੋਂ ਮੀਡੀਆ ਨੂੰ ਮੁਕਤ ਕਰ ਦਿੰਦੀ ਹੈ ਜੋ ਜਾਂਚ ਵਿਚ ਸਹਾਇਤਾ ਕਰ ਸਕਦੇ ਹਨ ਜਾਂ ਨਿਆਂ ਨੂੰ ਉਤਸ਼ਾਹਤ ਕਰ ਸਕਦੇ ਹਨ। ਭਾਵੇਂ ਇਹ ਸਮੂਹਿਕ ਜ਼ਮੀਰ ਦੇ ਹੋਕਰੇ ਮਾਰਨ ਵਾਲੀਆਂ ਅਦਾਲਤਾਂ ਹੋਣ ਜਾਂ ਬਲਾਤਕਾਰੀ ਧਰਮ-ਗੁਰੂਆਂ ਦੀ ਪੂਜਾ ਕਰਨ ਵਾਲੀਆਂ ਔਰਤਾਂ ਹੋਣ, ਜਾਂ ਭਾਵੇਂ ਇਹ ਇਕ ਦੂਜੇ ਨੂੰ ਦੋਸ਼ੀ ਠਹਿਰਾਉਣ ਵਾਲੀ ਸਿਆਸੀ ਜਮਾਤ ਹੋਵੇ, ਸਜ਼ਾ ਤੋਂ ਛੋਟ ਇਸ ਮੁਲਕ ਵਿਚ ਦਿਨ-ਰਾਤ ਕੰਮ ਕਰਦੀ ਹੈ। ਇਹ ਨਾ ਸਿਰਫ਼ ਜਿਨਸੀ ਹਿੰਸਾ ਦੇ ਕੰਮ ਨੂੰ ਅਦਿੱਖ ਬਣਾ ਦਿੰਦਾ ਹੈ ਸਗੋਂ ਸਮਾਜਿਕ ਜੁਰਮ ਦੇ ਰੂਪ 'ਚ ਇਸ ਦੀ ਵਰਤੋਂ ਦੀ ਸ਼ਕਤੀਸ਼ਾਲੀ ਰੂਪ 'ਚ ਸਰਪ੍ਰਸਤੀ ਵੀ ਕਰਦਾ ਹੈ। ਇਹ ਔਰਤਾਂ ਅਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਦਬਾਉਣ ਲਈ ਜਿਨਸੀ ਹਿੰਸਾ ਨੂੰ 'ਜਾਇਜ਼' ਸਿਆਸੀ ਹਥਿਆਰ ਦੇ ਰੂਪ 'ਚ ਸੁਰੱਖਿਅਤ ਕਰਦਾ ਹੈ।

ਭਾਰਤੀ ਸਮਾਜ ਵਿਚ ਸਟੇਟ-ਜਾਤਪਾਤ-ਮਰਦ ਪ੍ਰਧਾਨ ਸੱਤਾ ਦੇ ਗੱਠਜੋੜ ਦੁਆਰਾ ਪੈਦਾ ਕੀਤੀ ਚੁਣੌਤੀਆਂ ਹਿੰਦੂ ਸੱਜੇ-ਪੱਖੀ ਤਾਕਤਾਂ ਦੁਆਰਾ ਰਾਜਨੀਤਕ ਸੱਤਾ ਉੱਪਰ ਮਜ਼ਬੂਤ ਪਕੜ ਬਣਾ ਲੈਣ ਨਾਲ ਹੋਰ ਡੂੰਘੀਆਂ ਹੋ ਗਈਆਂ ਹਨ। ਇਹ ਗੱਲ ਕਿ ਨਵਉਦਾਰਵਾਦੀ ਆਰਥਿਕਤਾ ਭਾਰਤ ਨੂੰ ਵਿਸ਼ਵ ਅਰਥਵਿਵਸਥਾ ਦਾ ਹਿੱਸਾ ਬਣਾਉਣ ਲਈ ਆਪਣੇ ਪ੍ਰੋਗਰਾਮਾਂ ਅਤੇ ਨੀਤੀਆਂ ਨੂੰ ਲਾਗੂ ਕਰਨ 'ਤੇ ਤੁਲੀ ਹੋਈ ਹੈ, ਇਸ ਦੇ ਆਪਣੇ ਸਮਾਜਿਕ ਨਤੀਜੇ ਹਨ। ਪੂੰਜੀਵਾਦ ਦੀ ਵਿਚਾਰਧਾਰਕ ਦ੍ਰਿੜਤਾ ਦੀ ਪ੍ਰਵਾਹ ਕੀਤੇ ਬਿਨਾ, ਰਾਜ ਸੱਤਾ ਤੋਂ ਪਾਰ ਲੰਘਣ ਅਤੇ ਉਸ ਨਾਲ ਮਿਲੀਭੁਗਤ ਕਰਨ ਦੀ ਅਦਭੁੱਤ ਸਮਰੱਥਾ, ਅੱਜ ਬਹੁਗਿਣਤੀਵਾਦੀ ਭਾਵਨਾਵਾਂ ਅਤੇ ਇੱਛਾਵਾਂ ਨੂੰ ਜਾਇਜ਼ ਠਹਿਰਾਉਣ ਦੇ ਹਿੰਦੂਤਵੀ ਏਜੰਡੇ ਨੂੰ ਹੁਲਾਰਾ ਦੇ ਰਹੀ ਹੈ।

ਪਾੜੇ ਵਧਾਉਣ ਲਈ ਸਮਾਜ ਵਿਚਲੀਆਂ ਮੌਜੂਦਾ ਵਿਰੋਧਤਾਈਆਂ ਨੂੰ ਜਾਣਬੁੱਝ ਕੇ ਭੜਕਾਇਆ ਜਾਂਦਾ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੀ 2022 ਦੀ ਰਿਪੋਰਟ ਮੁਲਕ ਵਿਚ ਹਾਸ਼ੀਏ 'ਤੇ ਧੱਕੇ ਅਤੇ ਕਮਜ਼ੋਰ ਵਰਗਾਂ ਵਿਰੁੱਧ ਦਰਜ ਕੀਤੇ ਜੁਰਮਾਂ ਦੀ ਗਿਣਤੀ ਵਿਚ ਵਾਧਾ ਦਰਸਾਉਂਦੀ ਹੈ। ਇਹ ਉਹ ਸਮੂਹ ਹਨ ਜਿਨ੍ਹਾਂ ਨੂੰ ਸਾਰੇ ਪੱਧਰਾਂ 'ਤੇ ਢਾਂਚਾਗਤ ਰੁਕਾਵਟਾਂ ਅਤੇ ਸੰਸਥਾਈ ਬੇਰੁਖੀ ਦਾ ਸਾਹਮਣਾ ਕਰਨਾ ਪੈਂਦਾ ਹੈ।

1970ਵਿਆਂ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਉੱਪਰ ਵਿਚਾਰ ਕਰਦੇ ਹੋਏ ਔਰਤ ਸਮੂਹਾਂ ਨੂੰ ਸਮਾਜ, ਕਾਨੂੰਨ ਘਾੜਿਆਂ ਅਤੇ ਨੀਤੀ ਘਾੜਿਆਂ ਨੂੰ ਬਲਾਤਕਾਰ ਨੂੰ ਜੁਰਮ ਮੰਨਣ ਲਈ ਮਜਬੂਰ ਕਰਨ ਦੇ ਚੁਣੌਤੀਪੂਰਨ ਸੰਘਰਸ਼ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲੜਾਈ ਵਿਚ ਨਾ ਸਿਰਫ਼ ਕਾਨੂੰਨੀ ਸੁਧਾਰਾਂ ਦੀ ਵਕਾਲਤ ਕਰਨਾ ਸਗੋਂ ਸਮਾਜ ਵਿਚ ਜਾਗਰੂਕਤਾ ਵਧਾਉਣਾ ਵੀ ਸ਼ਾਮਲ ਹੈ। ਜੁਰਮ ਨਾਲ ਜੁੜੀਆਂ ਜਗੀਰੂ ਅਤੇ ਮਰਦ-ਪ੍ਰਧਾਨ ਧਾਰਨਾਵਾਂ ਦਾ ਪਰਦਾਫਾਸ਼ ਕਰਨ ਲਈ ਬਲਾਤਕਾਰ ਨਾਲ ਜੁੜੀਆਂ ਮਿੱਥਾਂ, ਜਿਵੇਂ ਪੀੜਤ ਨੂੰ ਦੋਸ਼ੀ ਠਹਿਰਾਉਣਾ ਜਾਂ ਇਸ ਨੂੰ ਮਰਦ ਦੀ ਹਵਸ ਦੇ ਨਤੀਜੇ ਵਜੋਂ ਜਾਇਜ਼ ਠਹਿਰਾਉਣਾ, ਨੂੰ ਰੱਦ ਕੀਤਾ ਗਿਆ। ਹਿਰਾਸਤ ਵਿਚ ਬਲਾਤਕਾਰ, ਭਾਵੇਂ ਇਹ ਥਾਣੇ 'ਚ ਹੋਵੇ ਜਾਂ ਰਾਜ ਦੁਆਰਾ ਸੰਚਾਲਿਤ ਸੰਸਥਾਵਾਂ ਵਿਚ, ਨਾਲ ਮੱਥਾ ਲਾਉਣ ਦਾ ਮਤਲਬ ਹੈ ਮਰਦ-ਪ੍ਰਧਾਨ ਰਾਜ ਵਿਚ ਸੱਤਾ ਦੀ ਬੇਕਿਰਕ ਦੁਰਵਰਤੋਂ ਨੂੰ ਚੁਣੌਤੀ ਦੇਣਾ। ਔਰਤਾਂ ਦੇ ਸਮੂਹਾਂ ਨੇ ਜਵਾਬਦੇਹੀ ਦੀ ਮੰਗ ਕਰਦੇ ਹੋਏ ਕਸ਼ਮੀਰ ਅਤੇ ਉੱਤਰ-ਪੂਰਬ ਵਰਗੇ ਸੰਘਰਸ਼ ਦੇ ਖੇਤਰਾਂ ਵਿਚ ਹਥਿਆਰਬੰਦ ਬਲਾਂ ਅਤੇ ਨੀਮ-ਫ਼ੌਜੀ ਬਲਾਂ ਨੂੰ ਸਜ਼ਾ ਤੋਂ ਛੋਟ ਦਾ ਵੀ ਵਿਰੋਧ ਕੀਤਾ ਹੈ।

ਸਮੂਹਿਕ ਹਿੰਸਾ ਦੀਆਂ ਸਥਿਤੀਆਂ ਵਿਚ ਰਾਜਨੀਤਕ ਪਾਰਟੀਆਂ ਅਤੇ ਰਾਜਤੰਤਰ ਦੀ ਹਮਾਇਤ ਪ੍ਰਾਪਤ ਗ਼ੈਰ-ਰਾਜਕੀ ਐਕਟਰ ਅਕਸਰ ਸਮੁੱਚੇ ਭਾਈਚਾਰਿਆਂ ਨੂੰ ਦਬਾਉਣ ਲਈ ਜਿਨਸੀ ਹਿੰਸਾ ਦੀ ਵਰਤੋਂ ਕਰਦੇ ਹਨ।

ਭਾਜਪਾ ਦੀ ਅਗਵਾਈ ਵਾਲੀ ਸਰਕਾਰ ਅਤੇ ਇਸ ਦੇ ਵਿਚਾਰਧਾਰਕ ਸਹਿਯੋਗੀ ਹਿੰਦੂਤਵ ਸਿਧਾਂਤ ਨੂੰ ਹੁਲਾਰਾ ਦਿੰਦੇ ਹਨ ਜਿਸ ਦੀ ਜੜ੍ਹ ਜਾਤੀ ਸਰਵਉੱਚਤਾ ਅਤੇ ਮਨੂਸਮ੍ਰਿਤੀ 'ਚੋਂ ਉਪਜੀ ਔਰਤਾਂ ਪ੍ਰਤੀ ਘਿਰਣਾ ਦੀ ਵਡਿਆਈ ਵਿਚ ਪਈ ਹੈ। ਹਿੰਦੂਤਵ ਭਾਰੂ, ਹਮਲਾਵਰ ਮਰਦ ਤਸਵੀਰ ਪੇਸ਼ ਕਰਦਾ ਹੈ ਜਿਸ ਨੂੰ ਬੁਲਡੋਜ਼ਿੰਗ ਅਤੇ ਮੁਕਾਬਲਿਆਂ ਵਿਚ ਕਤਲਾਂ ਵਰਗੀਆਂ ਕਾਰਵਾਈਆਂ ਦੁਆਰਾ ਮਜ਼ਬੂਤ ਕੀਤਾ ਜਾਂਦਾ ਹੈ। ਹਿੰਦੂਤਵ ਪ੍ਰੋਜੈਕਟ ਵਿਚ ਸ਼ਾਮਲ ਰਾਜਨੀਤਕ ਸਰਪ੍ਰਸਤੀ ਪ੍ਰਾਪਤ ਨੌਜਵਾਨ ਇਸ ਦੇ ਝਾੜਕੂ, ਜੇਤੂ ਪਹਿਲੂ ਨਾਲ ਆਕਰਸ਼ਤ ਹੁੰਦੇ ਹਨ, ਜਿਵੇਂ ਵਾਰਾਣਸੀ ਦੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਕੈਂਪਸ ਵਿਚ ਬੀਟੈੱਕ ਵਿਦਿਆਰਥਣ ਨਾਲ ਤਿੰਨ ਨੌਜਵਾਨਾਂ ਦੁਆਰਾ ਸਮੂਹਿਕ ਬਲਾਤਕਾਰ ਵਿਚ ਦੇਖਿਆ ਗਿਆ ਜਿੱਥੇ ਦੋਸ਼ੀਆਂ ਵਿਚੋਂ ਦੋ ਜਣੇ ਭਾਜਪਾ ਦੇ ਆਈ.ਟੀ. ਸੈੱਲ ਵਾਲੇ ਸਨ।

ਹਿੰਦੂਤਵੀ ਤਾਕਤਾਂ ਉੱਚ-ਜਾਤੀ ਬਲਾਤਕਾਰੀਆਂ ਦੇ ਬਚਾਅ ਲਈ ਔਰਤਾਂ ਨੂੰ ਲਾਮਬੰਦ ਕਰਦੀਆਂ ਹਨ ਜੋ ਸਜ਼ਾਯਾਫ਼ਤਾ ਅਧਿਆਤਮਿਕ ਆਗੂਆਂ ਦੀ ਰਿਹਾਈ ਦੀ ਮੰਗ ਕਰਦੀਆਂ ਦਿੱਤੇ ਜਾਂਦੇ ਧਰਨਿਆਂ ਅਤੇ ਜਲੂਸਾਂ ਵਿਚ ਨਜ਼ਰ ਆਉਂਦੀਆਂ ਹਨ। ਬਹੁਗਿਣਤੀਵਾਦੀ ਵਿਚਾਰਧਾਰਾ ਦੇ ਵਧ ਰਹੇ ਦਬਦਬੇ ਨੂੰ ਆਤਮਸਾਤ ਕਰ ਲਿਆ ਗਿਆ ਹੈ ਅਤੇ ਵਿਚਾਰਧਾਰਾ 'ਤੇ ਆਧਾਰਿਤ ਕਿਸੇ ਵੀ ਫਿਰਕੇਦਾਰਾਨਾ ਪਛਾਣ ਦੇ ਪਿਛਾਖੜੀ ਬਣ ਜਾਣ ਦਾ ਖ਼ਤਰਾ ਹੈ।

ਜਿਨਸੀ ਹਿੰਸਾ ਦੇ ਸਦਮੇ ਅਤੇ ਕਲੰਕ ਦੇ ਅਸਰਦਾਰ ਇਲਾਜ ਲਈ ਬਹੁਤ ਲੰਮਾ ਸਮਾਂ ਲੱਗਦਾ ਹੈ। ਜ਼ਿੰਦਾ ਬਚੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਮਾਜੀ ਅਤੇ ਮਾਨਸਿਕ ਲਾਗਤ ਉੱਜੜ ਕੇ ਵਸਣ ਅਤੇ ਬੇਅੰਤ ਸਾਲਾਂ ਦੀ ਆਰਥਿਕ ਅਸਥਿਰਤਾ ਦਾ ਕਾਰਨ ਬਣ ਸਕਦੀ ਹੈ। ਕੀ ਅਸੀਂ ਸਮੂਹਿਕ ਜ਼ਮੀਰ ਦੀ ਪੁਨਰ ਰਚਨਾ ਦੀ ਕਲਪਨਾ ਕਰ ਸਕਦੇ ਹਾਂ ਜੋ ਖ਼ਬਰਾਂ ਦੀਆਂ ਰਿਪੋਰਟਾਂ, ਮੈਡੀਕਲ ਟੈਸਟਾਂ ਅਤੇ ਪੋਸਟਮਾਰਟਮ ਦੇ ਸਦਮੇ ਘਟਾਉਣ ਲਈ ਹਮਦਰਦੀ ਨੂੰ ਉਤਸ਼ਾਹਿਤ ਕਰਦੀ ਹੋਵੇ? ਕੀ ਇਹ ਅਦਾਲਤੀ ਮੁਕੱਦਮਿਆਂ, ਮੀਡੀਆ ਟਰਾਇਲਾਂ ਅਤੇ ਹਰ ਪੀੜਤ ਦੇ ਗੁੱਸੇ ਅਤੇ ਅਪਮਾਨ ਦੀਆਂ ਕਹਿਣੀਆਂ ਨੂੰ ਘੱਟ ਕਰੇਗੀ? ਇਹ ਯਾਦ ਰੱਖਣਾ ਲਾਹੇਵੰਦ ਹੈ ਕਿ ਅਜਿਹੀਆਂ ਭਾਰੀ ਮੁਸ਼ਕਿਲਾਂ ਦੇ ਬਾਵਜੂਦ ਜੋ ਔਰਤ ਨਿਆਂ ਦੀ ਮੰਗ ਕਰਦੀਆਂ ਹਨ, ਉਹ ਸਿਰਫ਼ ਆਪਣੇ ਲਈ ਹੀ ਨਹੀਂ ਸਗੋਂ ਪੂਰੇ ਸਮਾਜ ਦੇ ਭਵਿੱਖ ਲਈ ਬੋਲ ਰਹੀਆਂ ਹਨ।

# ਪਾਕਿਸਤਾਨ ਵਿਚ ਆਰਥਿਕ ਤੇ ਸਿਆਸੀ ਘਮਸਾਣ

ਡੂੰਘੇ ਆਰਥਿਕ-ਸਿਆਸੀ ਸੰਕਟ ਵਿਚ ਘਿਰਿਆ ਪਾਕਿਸਤਾਨ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਖਾਦ ਸੰਕਟ, ਹਿੰਸਾ, ਡਾਲਰ ਮੁਕਾਬਲੇ ਪਾਕਿਸਤਾਨੀ ਰੁਪਏ ਦੀ ਕਦਰ ਘਟਾਈ, ਅਤਿਵਾਦੀ ਹਮਲੇ, ਹੜ੍ਹ, ਦਵਾਈਆਂ ਤੇ ਭੋਜਨ ਦੀ ਥੁੜ੍ਹ ਅਤੇ ਲਗਾਤਾਰ ਵਧ ਰਹੇ ਵਿਦੇਸ਼ੀ ਤੇ ਘਰੇਲੂ ਕਰਜ਼ ਦੇ ਚੌਤਰਫੇ ਹਮਲੇ ਦੀ ਮਾਰ ਹੇਠ ਹੈ। ਟੈਕਸ ਵਿਚ ਵਾਧੇ ਅਤੇ ਬਿਜਲੀ ਸਬਸਿਡੀ ਵਾਪਸ ਲੈਣ ਕਾਰਨ ਪਾਕਿਸਤਾਨ ਦੇ ਅਨੇਕ ਟੈਕਸਟਾਈਲ ਤੇ ਨਿਰਮਾਣ ਉਦਯੋਗ ਬੰਦ ਹੋ ਗਏ ਅਤੇ ਬੇਰੁਜ਼ਗਾਰਾਂ ਦੀ ਭੀੜ ਲਗਾਤਾਰ ਵਧ ਰਹੀ ਹੈ। ਅਰਥਚਾਰੇ ਦੇ ਲੜਖੜਾਉਣ ਨਾਲ ਜਨਤਕ ਸਹੂਲਤਾਂ ਉੱਤੇ ਲਗਾਤਾਰ ਲਾਏ ਕੱਟਾਂ ਕਾਰਨ ਲੋਕ ਕਰਜ਼, ਗਰੀਬੀ ਅਤੇ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਗਏ ਹਨ। ਵਿਦੇਸ਼ੀ ਦਖਲਅੰਦਾਜ਼ੀ ਅਤੇ ਫੌਜੀ ਕੰਟਰੋਲ ਦੇ ਪ੍ਰਭਾਵ ਕਾਰਨ ਪਾਕਿਸਤਾਨ ਦਾ ਸਿਆਸੀ ਅਤੇ ਸਮਾਜਿਕ ਸੰਕਟ ਦਿਨੋ-ਦਿਨ ਹੋਰ ਡੂੰਘਾ ਹੋ ਰਿਹਾ ਹੈ। ਸੰਕਟਾਂ ਦੇ ਭੰਨੇ ਪਾਕਿਸਤਾਨ ਵਿਚ ਮੱਚੇ ਚੋਣ ਘਮਸਾਣ ਨੇ ਇਸ ਨੂੰ ਹੋਰ ਗਹਿਰਾ ਕਰ ਦਿੱਤਾ।



ਮਨਦੀਪ
ਫੋਨ: +1-438-924-2052

ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਆਗੂ ਅਤੇ ਸਾਬਕਾ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਮੁੜ ਫਿਰ ਸੱਤਾ ਵਿਚ ਆ ਚੁੱਕੇ ਹਨ। ਪਾਕਿਸਤਾਨੀ ਅਵਾਮ ਨੂੰ ਗੁਰਬਤ ਤੇ ਮੁਸ਼ਕਿਲਾਂ ਵਿਚੋਂ ਕੱਢਣ ਦੇ ਵਾਅਦਿਆਂ ਵਾਲੀਆਂ ਤਿੰਨ ਮੁੱਖ ਪਾਰਟੀਆਂ ਵਿਚਕਾਰ ਆਪਸੀ ਸਖਤ ਟੱਕਰ ਰਹੀ। ਰਵਾਇਤੀ ਸਿਆਸਤ ਤੋਂ ਹਟ ਕੇ ਪਰਦੇ ਤੇ ਆਈ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀ.ਟੀ.ਆਈ.) ਜਿਸ ਦਾ ਮੁੱਖ ਨੇਤਾ ਸਾਬਕਾ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਹੈ, ਮੌਜੂਦਾ ਚੋਣ ਸਿਆਸਤ ਦਾ ਕੇਂਦਰ ਬਿੰਦੂ ਰਿਹਾ। ਪਿਛਲੀਆਂ ਚੋਣਾਂ ਵਿਚ ਭਾਵੇਂ ਇਮਰਾਨ ਖਾਨ ਫੌਜੀ ਜਨਰਲਾਂ ਦੀ ਮਦਦ ਨਾਲ ਸੱਤਾ ਵਿਚ ਆਇਆ ਸੀ ਪਰ ਉਸ ਨੂੰ ਤਨਾਸ਼ਾਹ ਕਿਸਮ ਦੇ ਫੌਜੀ ਜਨਰਲਾਂ ਤੇ ਅਮਰੀਕੀ ਸਾਮਰਾਜ ਵਿਰੋਧੀ ਤਿੱਖੇ ਸੁਰ ਕਾਰਨ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ। ਪੀ.ਟੀ.ਆਈ. ਅਤੇ ਇਮਰਾਨ ਖਾਨ ਪਾਕਿਸਤਾਨੀ ਨੌਜਵਾਨਾਂ ਤੇ ਅਗਾਂਹਵਧੂ ਹਲਕਿਆਂ ਵਿਚ ਚੋਖਾ ਪ੍ਰਭਾਵ ਸਿਰਜਣ ਵਿਚ ਕਾਮਯਾਬ ਰਹੇ। ਇਮਰਾਨ ਖਾਨ ਦੁਆਰਾ ਰੂਸ ਅਤੇ ਚੀਨ ਨਾਲ ਨੇੜਤਾ ਵਧਾਉਣ, ਅਫਗਾਨਿਸਤਾਨ ਵਿਚੋਂ ਅਮਰੀਕੀ ਸਾਮਰਾਜ ਦੇ ਬੇਆਬਰੂ ਹੋ ਕੇ ਨਿਕਲਣ ਸਮੇਂ ਅਮਰੀਕਾ ਵਿਰੋਧੀ ਟਿੱਪਣੀ ਕਰਨ, ਕੌਮਾਂਤਰੀ ਮੁਦਰਾ ਕੋਸ਼ ਦੇ ਸਮਝੌਤੇ ਦੀ ਉਲੰਘਣਾ ਕਰਨ ਅਤੇ ਅਮਰੀਕਾ ਵਿਰੋਧੀ ਸੁਰਾਂ ਕਾਰਨ ਅਮਰੀਕਾ ਦੀ ਸ਼ਹਿ ਤੇ ਪਾਕਿਸਤਾਨੀ ਫੌਜੀ ਜਨਰਲਾਂ ਨੇ ਕੌਮੀ ਅਸੈਂਬਲੀ ਵਿਚ ਬੇਭਰੋਸਗੀ ਮਤਾ ਪਾਸ ਕਰਵਾ ਕੇ ਇਮਰਾਨ ਖਾਨ ਨੂੰ ਸੱਤਾ ਦੀ ਕੁਰਸੀ ਤੋਂ ਲਾਹ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ। ਉਸ ਨੂੰ ਮੌਜੂਦਾ ਚੋਣਾਂ ਤੋਂ ਲਾਂਭੇ ਰੱਖਣ ਦੇ ਮਕਸਦ ਨਾਲ ਕਈ ਕੇਸਾਂ ਵਿਚ ਉਲਝਾ ਕੇ ਲੰਮੀ ਕੈਦ ਕਰ ਦਿੱਤੀ ਗਈ। ਚੋਣਾਂ ਵਿਚ ਇਮਰਾਨ ਦੀ ਪੀ.ਟੀ.ਆਈ. ਦੇ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਬੈਟ ਨਹੀਂ ਦਿੱਤਾ ਜਿਸ ਕਰ ਕੇ ਇਸ ਦੇ ਜ਼ਿਆਦਾਤਰ ਉਮੀਦਵਾਰ ਆਜ਼ਾਦ ਤੌਰ 'ਤੇ ਚੋਣ ਲੜੇ। ਉਹਨਾਂ ਨੂੰ ਚੋਣ ਪ੍ਰਚਾਰ ਤੇ ਸਭਾਵਾਂ ਕਰਨ ਤੋਂ ਰੋਕਿਆ ਗਿਆ।

ਦੂਜੇ ਪਾਸੇ, ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਦੇਸ਼ ਨਿਕਾਲੇ ਦੇ ਸ਼ਿਕਾਰ ਨਵਾਜ਼ ਸ਼ਰੀਫ ਨੂੰ ਵਤਨ ਵਾਪਸ ਬੁਲਾਇਆ ਗਿਆ ਤੇ ਉਸ ਦੇ ਕੇਸ ਖਤਮ ਕੀਤੇ ਗਏ। ਨਵਾਜ਼ ਸ਼ਰੀਫ ਤੇ ਉਸ ਦੇ ਭਰਾ ਸ਼ਾਹਬਾਜ਼ ਸ਼ਰੀਫ ਨੇ ਮਿਲ ਕੇ ਪਾਕਿਸਤਾਨ ਦੀ ਰਵਾਇਤੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਲਈ ਚੋਣ ਮੁਹਿੰਮ ਲਾਮਬੰਦ ਕੀਤੀ। ਨਵਾਜ਼ ਸ਼ਰੀਫ ਨੂੰ ਫੌਜੀ ਸਥਾਪਤੀ ਅਤੇ ਅਮਰੀਕੀ ਕੂਟਨੀਤੀ ਦਾ ਥਾਪੜਾ ਪ੍ਰਾਪਤ ਰਿਹਾ। ਇਸ ਤੋਂ ਬਿਨਾਂ ਬੇਨਜ਼ੀਰ ਭੁੱਟੋ ਦਾ ਵਾਰਸ ਨੌਜਵਾਨ ਸਿਆਸਤਦਾਨ ਬਿਲਾਵਲ ਭੁੱਟੋ ਜ਼ਰਦਾਰੀ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਵੱਲੋਂ ਚੋਣ ਮੈਦਾਨ ਵਿਚ ਨਿਤਰਿਆ। ਚੋਣਾਂ ਦੌਰਾਨ ਇਹਨਾਂ ਪਾਰਟੀਆਂ ਨੇ ਮਹਿੰਗਾਈ ਘਟਾਉਣ, ਰੁਜ਼ਗਾਰ ਦੇਣ, ਸਸਤੀ ਬਿਜਲੀ, 30 ਲੱਖ ਬੇਘਰੇ ਲੋਕਾਂ ਨੂੰ ਨਵੇਂ ਘਰ ਦੇਣ ਆਦਿ ਬੁਨਿਆਦੀ ਮੁੱਦਿਆਂ ਤੇ ਚੋਣ ਪ੍ਰਚਾਰ ਤੇ ਵਾਅਦੇ ਕੀਤੇ। ਇਮਰਾਨ ਨੇ ਲੋਕਾਂ ਦੁਆਰਾ ਸਿੱਧੀ ਕੈਬਨਿਟ ਦੀ ਚੋਣ ਕਰਨ ਲਈ ਸੰਵਿਧਾਨ ਵਿਚ ਤਬਦੀਲੀ ਦਾ ਮੁੱਦਾ ਵੀ ਉਭਾਰਿਆ। ਨਵਾਜ਼ ਸ਼ਰੀਫ ਨੇ ਭਾਰਤ ਨਾਲ ਸੁਖਾਵੇਂ ਸਬੰਧ ਬਣਾਉਣ ਲਈ ਕਸ਼ਮੀਰ ਨੂੰ ਵੱਖਰੇ ਰਾਜ ਦੇ ਤੌਰ 'ਤੇ ਦਰਜਾ ਦੇਣ ਤੇ ਧਾਰਾ 370 ਬਹਾਲ ਕਰਵਾਉਣ ਦੀ ਲੋਕ-ਲੁਭਾਊ ਮੰਗ ਨੂੰ ਖੂਬ ਪ੍ਰਚਾਰਿਆ।

ਲੋਕ-ਲੁਭਾਊ ਪ੍ਰਚਾਰ ਤੋਂ ਬਿਨਾਂ ਇਹਨਾਂ ਚੋਣਾਂ ਵਿਚ ਹਰ ਵਾਰ ਵਾਂਗ ਵੱਡੀ ਪੱਧਰ 'ਤੇ ਹਿੰਸਾ, ਮੌਤਾਂ, ਤਾਲਿਬਾਨ ਹਮਲਿਆਂ ਦੀਆਂ ਧਮਕੀਆਂ ਅਤੇ ਧਾਂਦਲੀਆਂ ਨੂੰ ਅੰਜਾਮ ਦਿੱਤਾ ਗਿਆ। ਇਸ ਦੌਰਾਨ ਚੋਣ ਕਮਿਸ਼ਨ ਮੂਕ ਦਰਸ਼ਕ ਬਣਿਆ ਰਿਹਾ ਅਤੇ ਲੋਕਤੰਤਰੀ ਚੋਣਾਂ ਵਿਚ ਫੌਜੀ ਜਨਰਲਾਂ ਦੀ ਸਿੱਧੀ ਦਖਲਅੰਦਾਜ਼ੀ ਹੁੰਦੀ ਰਹੀ। ਨਤੀਜੇ ਵਾਲੇ ਦਿਨ ਸਾਜ਼ਿਸ਼ੀ ਢੰਗ ਨਾਲ ਚੋਣ ਨਤੀਜੇ ਲੇਟ ਕੀਤੇ ਗਏ। ਹਮੇਸ਼ਾ ਵਾਂਗ ਐਤਕੀਂ ਵੀ ਪਾਕਿਸਤਾਨ ਦੀਆਂ ਚੋਣਾਂ ਵਿਚ ਲੋਕਤੰਤਰੀ ਵਿਧੀ-ਵਿਧਾਨ, ਨਿਰਪੱਖਤਾ, ਸੰਵਿਧਾਨਕ ਮਰਿਆਦਾ ਤੇ ਪਾਰਦਰਸ਼ਤਾ ਦੀ ਘਾਟ ਰਹੀ। ਪਾਕਿਸਤਾਨ ਵਿਚ ਵੀ ਮੀਡੀਆ ਉੱਤੇ ਸੱਤਾਧਾਰੀਆਂ ਦਾ ਪ੍ਰਭਾਵ ਹੈ ਅਤੇ ਅਗਾਂਹਵਧੂ, ਜਮਹੂਰੀ ਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਦਬਾਅ ਕੇ ਰੱਖਿਆ ਜਾਂਦਾ ਹੈ।

ਇਹਨਾਂ ਚੋਣਾਂ ਦਾ ਦਿਲਚਸਪ ਪਹਿਲੂ ਇਹ ਰਿਹਾ ਕਿ ਫੌਜੀ ਜਨਰਲਾਂ, ਰਵਾਇਤੀ ਪਾਰਟੀਆਂ ਤੇ ਅਮਰੀਕੀ ਦਖਲਅੰਦਾਜ਼ੀ ਦੀਆਂ ਕਾਰਵਾਈਆਂ ਨਾਲ ਇਮਰਾਨ ਖਾਨ ਦੀ ਪਾਰਟੀ ਨੂੰ ਹਰਾਉਣ ਲਈ ਅਨੇਕ ਯਤਨ ਕੀਤੇ ਗਏ। ਦੋ ਸਾਲ ਪਹਿਲਾਂ ਇਮਰਾਨ ਖਾਨ ਉੱਤੇ ਫੌਜੀ ਹਮਲਾ, ਪਾਰਟੀ ਦਾ ਚੋਣ ਨਿਸ਼ਾਨ ਬੱਲਾ ਨਾ ਦੇਣਾ, ਪੀ.ਟੀ.ਆਈ. ਦੇ ਨਾਮਵਰ ਨੇਤਾਵਾਂ ਦੀਆਂ ਗ੍ਰਿਫਤਾਰੀਆਂ, ਪਾਰਟੀ ਦਫਤਰਾਂ ਉੱਤੇ ਛਾਪੇ, ਇਮਰਾਨ ਖਾਨ ਉੱਤੇ ਦਰਜਨਾਂ ਕੇਸ ਤੇ ਸਜ਼ਾਵਾਂ ਆਦਿ ਦੇ ਬਾਵਜੂਦ ਪਾਕਿਸਤਾਨੀ ਅਵਾਮ ਵਿਚ ਪੀ.ਟੀ.ਆਈ. ਤੇ ਇਮਰਾਨ ਖਾਨ ਦੀ ਹਰਮਨ-ਪਿਆਰਤਾ ਵਿਚ ਕਮੀ ਨਹੀਂ ਆਈ। ਇਮਰਾਨ ਖਾਨ ਨੇ ਇਹ ਹਰਮਨ-ਪਿਆਰਤਾ ਫੌਜੀ ਸਥਾਪਤੀ, ਭ੍ਰਿਸ਼ਟ ਤੰਤਰ, ਅਮਰੀਕੀ ਦਖਲਅੰਦਾਜ਼ੀ ਤੇ ਧਾਰਮਿਕ ਕੱਟੜਪੰਥੀ ਨੂੰ 'ਵੰਗਾਰ' ਕੇ ਹਾਸਲ ਕੀਤੀ। ਜੇਲ੍ਹ ਵਿਚ ਬੰਦ ਹੋਣ ਅਤੇ ਫੌਜੀ ਸਥਾਪਤੀ ਦੇ ਜ਼ੋਰ ਲਾਉਣ ਦੇ ਬਾਵਜੂਦ ਉਹ ਪਾਕਿਸਤਾਨੀ ਚੋਣ ਸਿਆਸਤ ਦਾ ਕੇਂਦਰ ਬਿੰਦੂ ਰਿਹਾ। ਪਾਕਿਸਤਾਨੀ ਅਵਾਮ ਦੇਸ਼ ਵਿਚ ਫੈਲੀ ਆਰਥਿਕ ਤੇ ਸਮਾਜਿਕ ਬੇਚੈਨੀ ਵਿਚੋਂ ਆਸ ਦੀ ਕਿਰਨ ਭਾਲ ਕਰ ਰਿਹਾ ਹੈ ਤੇ ਉਹਨਾਂ ਦੀ ਮੌਜੂਦਾ ਚੋਣਾਂ ਵਿਚ ਸ਼ਮੂਲੀਅਤ ਇਸੇ ਭਾਲ ਦਾ ਨਤੀਜਾ ਹੈ। ਦੂਜੇ ਪਾਸੇ ਮੌਜੂਦਾ ਚੋਣਾਂ ਵਿਚ ਲੋਕਾਂ ਦੇ ਬੁਨਿਆਦੀ ਮੁੱਦਿਆਂ ਨਾਲੋਂ ਪਾਕਿਸਤਾਨੀ ਸਿਆਸਤਦਾਨਾਂ ਦੇ ਆਪਸੀ ਵਿਰੋਧ ਜ਼ਿਆਦਾ ਤਿੱਖੇ ਰਹੇ।



ਪਾਕਿਸਤਾਨ 126 ਅਰਬ ਡਾਲਰ ਦੇ ਕੁੱਲ ਬਾਹਰੀ ਕਰਜ਼ ਵਿਚੋਂ 7.4 ਅਰਬ ਡਾਲਰ ਦਾ ਕੌਮਾਂਤਰੀ ਮੁਦਰਾ ਕੋਸ਼ ਦਾ ਕਰਜ਼ਦਾਰ ਹੈ ਅਤੇ 30 ਅਰਬ ਡਾਲਰ ਚੀਨ ਦਾ ਕਰਜ਼ਦਾਰ ਹੈ; ਉਸ ਕੋਲ ਕੁੱਲ 8.5 ਅਰਬ ਡਾਲਰ ਦਾ ਨਿਗੂਣਾ ਵਿਦੇਸ਼ੀ ਮੁਦਰਾ ਭੰਡਾਰ ਹੈ। ਦੇਸ਼ ਦੇ ਖਰਚੇ ਵਿਕਰਾਲ ਹਨ ਤੇ ਉਪਰੋਂ ਵਿਦੇਸ਼ੀ ਕਰਜ਼ ਦੀ ਅਦਾਇਗੀ ਲਈ ਇਹ ਮੁਦਰਾ ਭੰਡਾਰ ਆਟੇ 'ਚ ਲੂਣ ਬਰਾਬਰ ਵੀ ਨਹੀਂ। ਦਰਾਮਦਾਂ ਅਤੇ ਕਰਜ਼ ਭੁਗਤਾਨ ਸੰਤੁਲਨ ਦਾ ਸੰਕਟ ਮੌਜੂਦਾ ਸੰਕਟ ਦੀ ਚੂਲ ਹੈ। ਬੀਤੇ ਵਿੱਤੀ ਵਰ੍ਹੇ 'ਚ ਅਮਰੀਕੀ ਡਾਲਰ ਦੇ ਮੁਕਾਬਲੇ ਪਾਕਿਸਤਾਨੀ ਰੁਪਏ ਵਿਚ 20% ਦੀ ਵੱਡੀ ਇਤਿਹਾਸਕ ਗਿਰਾਵਟ ਆਈ। ਮਹਿੰਗਾਈ ਨਾਲ ਨਜਿੱਠਣ ਲਈ ਪਾਕਿਸਤਾਨੀ ਕੇਂਦਰੀ ਬੈਂਕ, ਅਮਰੀਕੀ ਫੈਡਰਲ ਬੈਂਕਾਂ ਦੀ ਤਰਜ਼ ਤੇ ਵਿਆਜ ਦਰਾਂ ਵਿਚ ਲਗਾਤਾਰ ਵਾਧਾ ਕਰ ਰਹੇ ਹਨ ਜਿਸ ਨਾਲ ਦੇਸੀ-ਵਿਦੇਸ਼ੀ ਨਿਵੇਸ਼ ਘਟ ਰਿਹਾ ਹੈ, ਸ਼ੇਅਰ ਬਾਜ਼ਾਰ ਅਤੇ ਰੀਅਲ ਅਸਟੇਟ ਮਾਰਕਿਟ ਡਿੱਗ ਰਹੀ ਹੈ, ਮਹਿੰਗਾਈ ਥੰਮ੍ਹਣ ਦਾ ਨਾਮ ਨਹੀਂ ਲੈ ਰਹੀ। ਧੀਮੀ ਹੋ ਰਹੀ ਆਰਥਿਕ ਗਤੀ ਦੌਰਾਨ 2022-23 ਵਿਚ ਪਾਕਿਸਤਾਨ ਦਾ ਕੁੱਲ ਘਰੇਲੂ ਉਤਪਾਦਨ ਘੱਟ ਰਿਹਾ। ਸਿਆਸੀ ਅਸਥਿਰਤਾ ਕਰ ਕੇ ਆਈਐੱਮਐੱਫ ਦਾ ਪੈਕੇਜ ਰੁਕਿਆ ਹੋਇਆ ਹੈ। ਖਰਚੇ ਚਲਾਉਣ ਅਤੇ ਕਰਜ਼ ਦਾ ਭੁਗਤਾਨ ਕਰਨ ਲਈ ਪਾਕਿਸਤਾਨੀ ਹਕੂਮਤਾਂ ਦੀ ਆਮਦਨ ਅਤੇ ਪੈਦਾਵਾਰ ਨਾਕਾਫੀ ਹੈ। ਪਾਕਿਸਤਾਨ ਦੀ ਕੁੱਲ ਆਰਥਿਕਤਾ ਉਧਾਰ 'ਤੇ ਚੱਲ ਰਹੀ ਹੈ; ਫਿਰ ਵੀ ਵਿਕਾਸ ਦੇ ਫੋਕੇ ਵਾਅਦੇ ਕੀਤੇ ਜਾ ਰਹੇ ਹਨ।

ਜਿੱਥੇ ਭਾਰਤ-ਪਾਕਿਸਤਾਨ ਦਾ ਸਰਹੱਦੀ ਵਿਵਾਦ ਭਾਰਤੀ ਤੇ ਪਾਕਿਸਤਾਨੀ ਹਾਕਮਾਂ ਲਈ ਰਾਮਬਾਣ ਦਾ ਕੰਮ ਕਰ ਰਿਹਾ ਹੈ ਉੱਥੇ ਇਹ ਸਾਮਰਾਜੀ ਤਾਕਤਾਂ, ਖਾਸਕਰ ਅਮਰੀਕਾ ਲਈ ਆਪਣੇ ਦੁਸ਼ਮਣਾਂ ਖਿਲਾਫ ਭੂ-ਸਿਆਸੀ ਤੌਰ 'ਤੇ ਅਹਿਮ ਮੋਹਰਾ ਹੈ। ਭਾਰਤ ਉੱਤੇ ਕੂਟਨੀਤਕ ਦਬਾਅ ਲਈ ਪਾਕਿਸਤਾਨ, ਅਮਰੀਕਾ ਅਤੇ ਚੀਨ ਲਈ ਸਦਾ ਅਹਿਮ ਖੇਤਰ ਰਿਹਾ। ਸੋਵੀਅਤ ਯੂਨੀਅਨ, ਇਰਾਕ, ਸੀਰੀਆ ਅਤੇ ਅਫਗਾਨਿਸਤਾਨ ਵਿਚ 'ਦਹਿਸ਼ਤਗਰਦੀ ਖਿਲਾਫ ਜੰਗ' ਬਹਾਨੇ ਅਮਰੀਕਾ ਨੇ ਵੱਖ ਵੱਖ ਦਹਿਸ਼ਤਗਰਦ ਗਰੁੱਪਾਂ ਨੂੰ ਵਿੱਤੀ ਅਤੇ ਫੌਜੀ ਸਹਾਇਤਾ ਦੇਣ ਦੇ ਨਾਲ ਨਾਲ ਪਾਕਿਸਤਾਨ ਨੂੰ ਵਿਸ਼ੇਸ਼ 'ਟਰੇਨਿੰਗ ਸੈਂਟਰ' ਵਜੋਂ ਵਰਤਿਆ ਅਤੇ ਉਸ ਦੇ ਹਵਾਈ ਖੇਤਰ ਦੀ ਸ਼ਰੇਆਮ ਵਰਤੋਂ ਕੀਤੀ। ਪਾਕਿਸਤਾਨ ਵਿਚ ਅਮਰੀਕੀ ਸਹਾਇਤਾ ਪ੍ਰਾਪਤ ਕੱਟੜ ਫਿਰਕੂ ਇਸਲਾਮੀ ਗੁੱਟਾਂ ਦੀ ਦਹਿਸ਼ਤ ਪਾਕਿਸਤਾਨ ਦੀ ਸਮਾਜਿਕ ਤਰੱਕੀ ਅਤੇ ਆਰਥਿਕ ਵਿਕਾਸ ਲਈ ਸਦਾ ਖਤਰਾ ਬਣੀ ਹੈ। ਪਾਕਿਸਤਾਨ ਦੇ ਫੌਜੀ ਜਨਰਲ ਦਹਿਸ਼ਦਗਰਦ ਇਸਲਾਮੀ ਗੁੱਟਾਂ ਅਤੇ ਅਮਰੀਕੀ ਸਾਮਰਾਜ ਵਿਚਕਾਰ ਵਿਚੋਲਗੀ ਦਾ ਕੰਮ ਕਰ ਰਹੇ ਹਨ। ਇਹ ਫੌਜੀ ਜਨਰਲ ਪਾਕਿਸਤਾਨ ਸਮੇਤ ਵਿਦੇਸ਼ਾਂ 'ਚ ਅਥਾਹ ਧਨ-ਦੌਲਤ ਦੇ ਮਾਲਕ ਹਨ। ਪਾਕਿਸਤਾਨ 'ਚ ਅਮੀਰੀ-ਗਰੀਬੀ ਦਾ ਪਾੜਾ ਡੂੰਘਾ ਹੈ।

ਚੋਣਾਂ 'ਚ ਲੋਕਾਂ ਦੀ ਸਰਗਰਮ ਹਿੱਸੇਦਾਰੀ ਨੇ ਦਿਖਾ ਦਿੱਤਾ ਹੈ ਕਿ ਲੋਕਾਂ ਨੇ ਫੌਜੀ ਜਨਰਲਾਂ, ਰਵਾਇਤੀ ਲੋਟੂ ਤੇ ਭ੍ਰਿਸ਼ਟ ਪਾਰਟੀਆਂ ਅਤੇ ਅਮਰੀਕੀ ਦਖਲ ਵਿਰੁੱਧ ਆਪਣੇ ਬੁਨਿਆਦੀ ਮੁੱਦਿਆਂ ਪ੍ਰਤੀ ਫਿਕਰਮੰਦੀ ਦਿਖਾਈ ਹੈ। ਨਵੀਂ ਸਰਕਾਰ ਫੌਜੀ ਜਨਰਲਾਂ ਤੇ ਅਮਰੀਕੀ ਦਖਲਅੰਦਾਜ਼ੀ ਨਾਲ ਹੋਂਦ ਵਿਚ ਆਈ ਹੈ। ਇਸ ਲਈ ਗਰੀਬੀ, ਨਾ-ਬਰਾਬਰੀ, ਲੁੱਟ-ਜਬਰ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਵਰਗੇ ਅਨੇਕ ਆਰਥਿਕ ਤੇ ਸਮਾਜਿਕ ਮੁੱਦਿਆਂ ਲਈ ਲੜਾਈ ਲੰਮੇ ਸਮੇਂ ਤੱਕ ਜਾਰੀ ਰਹੇਗੀ।

# ਪਾਕਿਸਤਾਨ 'ਚ ਕਾਹਦਾ ਲੋਕਤੰਤਰ !

ਪਾਕਿਸਤਾਨ ਦੇ ਲੋਕ ਕੁਝ ਮਹੀਨਿਆਂ ਤੋਂ ਦੇਸ਼ 'ਚ ਚੱਲ ਰਹੀਆਂ ਚੋਣ ਤਿਆਰੀਆਂ ਨੂੰ ਗਹੁ ਨਾਲ ਵਾਚ ਰਹੇ ਸਨ ਅਤੇ ਮੰਨ ਕੇ ਚੱਲ ਰਹੇ ਸਨ ਕਿ ਨਿਰਪੱਖ, ਆਜ਼ਾਦ ਤੇ ਲੋਕਤੰਤਰੀ ਚੋਣ ਪ੍ਰਕਿਰਿਆ ਲਈ ਗੰਭੀਰਤਾ ਨਾਲ ਕਦਮ ਚੁੱਕੇ ਜਾ ਰਹੇ ਹਨ। ਉਂਝ, ਛੇਤੀ ਹੀ ਸਪੱਸ਼ਟ ਹੋ ਗਿਆ ਕਿ ਜੋ ਉਹ ਦੇਖ ਰਹੇ ਸਨ, ਉਹ ਨਿਰਪੱਖ, ਲੋਕਤੰਤਰੀ ਚੋਣਾਂ ਦੀ ਤਿਆਰੀ ਨਹੀਂ ਸੀ ਸਗੋਂ ਲੜੀਵਾਰ ਡਰਾਮੇ

ਜੀ. ਪਾਰਥਾਸਾਰਥੀ

ਲਈ ਮੰਚ ਤਿਆਰ ਕੀਤਾ ਜਾ ਰਿਹਾ ਸੀ ਜਿਸ ਮੁਤੱਲਕ ਹਦਾਇਤਾਂ ਉਨ੍ਹਾਂ ਦੇ ਸੈਨਾ ਮੁਖੀ ਜਨਰਲ ਆਸਿਮ ਮੁਨੀਰ ਦੇ ਰਹੇ ਸਨ।

ਫ਼ੌਜ ਦਾ ਮੁਖੀ ਬਣਨ ਤੋਂ ਪਹਿਲਾਂ ਜਨਰਲ ਮੁਨੀਰ ਦੇ ਕਰੀਅਰ ਵਿਚ ਕਈ ਵੱਡੇ ਉਤਰਾਅ-ਚੜ੍ਹਾਅ ਆਏ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਜੋ ਜਨਰਲ ਮੁਨੀਰ ਨੂੰ ਬਹੁਤੀ ਤਵੱਜੋ ਨਹੀਂ ਦਿੰਦੇ ਸਨ, ਨੇ ਮੁਨੀਰ ਨੂੰ ਆਈ.ਐਸ.ਆਈ. ਦਾ ਮੁਖੀ ਲਾਉਣ ਬਾਰੇ ਤਤਕਾਲੀ ਸੈਨਾ ਮੁਖੀ ਜਨਰਲ ਬਾਜਵਾ ਦੀਆਂ ਸਿਫ਼ਾਰਿਸ਼ਾਂ ਮੰਨਣ ਤੋਂ ਨਾਂਹ ਕਰ ਦਿੱਤੀ ਸੀ ਬਲਕਿ ਉਨ੍ਹਾਂ ਇਸ ਅਹੁਦੇ ਉੱਤੇ ਆਪਣਾ ਪਸੰਦੀਦਾ ਫ਼ੌਜੀ ਅਫਸਰ ਚੁਣਿਆ। ਜਨਰਲ ਬਾਜਵਾ ਨੇ ਉਸ ਤੋਂ ਬਾਅਦ ਪਾਕਿਸਤਾਨੀ ਸੈਨਾ ਅੰਦਰਲਾ ਆਪਣਾ ਰਸੂਖ਼ ਵਰਤ ਕੇ ਇਮਰਾਨ ਖਾਨ ਨੂੰ ਪ੍ਰਧਾਨ ਮੰਤਰੀ ਵਜੋਂ ਅਹੁਦੇ ਤੋਂ ਫ਼ਾਰਗ ਕਰਨਾ ਯਕੀਨੀ ਬਣਾਇਆ ਤਾਂ ਕਿ ਚੁਣੀ ਹੋਈ ਸਰਕਾਰ ਡੇਗੀ ਜਾ ਸਕੇ। ਪਾਕਿਸਤਾਨ ਵਿਚ ਅਜਿਹੇ ਲੋਕਾਂ ਦੀ ਕੋਈ ਕਮੀ ਨਹੀਂ ਕਿ ਜੋ ਇਹ ਮੰਨਦੇ ਹੋਣ ਕਿ ਇਮਰਾਨ ਖਾਨ ਨੂੰ ਅਹੁਦੇ ਤੋਂ ਲਾਂਭੇ ਕਰਨਾ ਅਮਰੀਕੀ ਸਾਜ਼ਿਸ਼ ਦਾ ਹਿੱਸਾ ਸੀ। ਜਨਰਲ ਬਾਜਵਾ ਅਮਰੀਕਾ ਦੇ ਮਿੱਤਰ ਵਜੋਂ ਜਾਣੇ ਜਾਂਦੇ ਹਨ ਜੋ ਯੂਕਰੇਨ ਵਿਚ ਜ਼ੈਲੇਂਸਕੀ ਸਰਕਾਰ ਨੂੰ ਅੰਦਾਜ਼ਨ 90 ਕਰੋੜ ਡਾਲਰ ਦੇ ਹਥਿਆਰ ਤੇ ਅਸਲਾ ਸਪਲਾਈ ਕਰਨ ਲਈ ਸਹਿਮਤ ਹੋ ਗਏ ਸਨ। ਮੰਨਿਆ ਜਾਂਦਾ ਹੈ ਕਿ ਆਪਣੇ ਪੂਰਬਲੇ ਜਰਨੈਲਾਂ ਤੋਂ ਉਲਟ ਜਨਰਲ ਬਾਜਵਾ ਭਾਰਤ ਦੇ ਹਵਾਲਿਆਂ ਦੇ ਪੱਖ ਤੋਂ ਪ੍ਰੌੜ, ਸ਼ਾਂਤ ਤੇ ਦਰੁਸਤ ਸਨ। ਜ਼ਾਹਿਰਾ ਤੌਰ 'ਤੇ ਜਨਰਲ ਬਾਜਵਾ ਨੂੰ ਇਹ ਅਹਿਸਾਸ ਸੀ ਕਿ ਭਾਰਤ ਨਾਲ ਤਣਾਅ ਵਧਾਉਣ ਦਾ ਕੋਈ ਲਾਭ ਨਹੀਂ ਹੋਵੇਗਾ।

ਇਸ ਕਰ ਕੇ ਹਾਲੀਆ ਚੋਣਾਂ ਦੀ ਬਦਇੰਤਜ਼ਾਮੀ ਅਤੇ ਗਿਣ ਮਿੱਥ ਕੇ ਕੀਤੀ ਧਾਂਦਲੀ ਕਰ ਕੇ ਪਾਕਿਸਤਾਨ ਘੜਮੱਸ ਵਿਚ ਫਸ ਗਿਆ ਹੈ। ਜਮਹੂਰੀ ਅਮਲ ਵਿਚ ਸਮੁੱਚੇ ਤੌਰ 'ਤੇ ਵਿਘਨ ਪਾਉਣ ਦਾ ਕਾਰਜ ਜਨਰਲ ਮੁਨੀਰ ਅਤੇ ਫ਼ੌਜ ਦੀ ਅਗਵਾਈ ਹੇਠ ਸਿਰੇ ਚੜ੍ਹਾਇਆ ਗਿਆ ਹੈ। ਲੋਕਰਾਜ ਦੀ ਕਦਰ ਘਟਾਉਣ ਦੇ ਇਸ ਅਮਲ ਨੂੰ ਠੱਲ੍ਹ ਪਾਉਣ ਲਈ ਇਕਜੁੱਟ ਹੋਣ ਦੀ ਥਾਂ ਨਿਆਂਪਾਲਿਕਾ ਅਤੇ ਸਿਵਲ ਸੇਵਾਵਾਂ ਨੇ ਪੈਰ ਮਲਣੇ ਸ਼ੁਰੂ ਕਰ ਦਿੱਤੇ। ਅਸਲ ਵਿਚ ਉਹ ਪਾਕਿਸਤਾਨ ਦੇ ਸੰਵਿਧਾਨ ਨੂੰ ਪੂਰੀ ਤਰ੍ਹਾਂ ਰੌਂਦਣ ਦੇ ਇਸ ਅਮਲ ਵਿਚ ਸ਼ਰੀਕ ਹੋ ਗਈਆਂ। ਚੁਣਾਵੀ ਪ੍ਰਕਿਰਿਆ ਵਿਚ ਧਾਂਦਲੀ ਦੀ ਇਹ ਖੇਡ ਭਾਵੇਂ ਜਨਰਲ ਮੁਨੀਰ ਦੀ ਅਗਵਾਈ ਹੇਠ ਰਚੀ ਗਈ ਸੀ ਪਰ ਇਸ ਵਿਚ ਰੀੜ੍ਹਹੀਣ ਸਿਵਲ ਪ੍ਰਸ਼ਾਸਨ ਅਤੇ ਪੁਲੀਸ ਦੀ ਵੀ ਸ਼ਮੂਲੀਅਤ ਰਹੀ ਹੈ। ਅਜਿਹੀ ਧਾਂਦਲੀ ਦਾ ਖ਼ਦਸ਼ਾ ਭਾਂਪਦਿਆਂ ਇਮਰਾਨ ਖਾਨ ਨੇ ਆਪਣੇ ਹਮਾਇਤੀਆਂ ਨੂੰ ਸਾਰੇ ਚੁਣਾਵੀ ਅੜਿੱਕੇ ਪਾਰ ਕਰ ਕੇ ਵੋਟਾਂ ਪਾਉਣ ਲਈ ਕਾਇਲ ਕੀਤਾ।

ਫ਼ੌਜ ਦੀਆਂ ਚਾਲਬਾਜ਼ੀਆਂ ਦਾ ਸੰਜੀਦਾ ਵਿਰੋਧ ਕਰਨ ਵਾਲੀ ਇਕਮਾਤਰ ਸਿਆਸੀ ਜਥੇਬੰਦੀ ਇਮਰਾਨ ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਹੈ। ਦੂਜੀਆਂ ਮੁੱਖ ਪਾਰਟੀਆਂ ਲੀਹ 'ਤੇ ਆ ਗਈਆਂ ਅਤੇ ਆਪੋ-ਆਪਣੇ ਪ੍ਰਭਾਵ ਵਾਲੇ ਖੇਤਰਾਂ ਵਿਚ ਅੱਛੀਆਂ ਖ਼ਾਸੀਆਂ ਸੀਟਾਂ ਜਿੱਤਣ ਵਿਚ ਕਾਮਯਾਬ ਰਹੀਆਂ। ਉਂਝ, ਇਸ ਦੇ ਬਾਵਜੂਦ ਫ਼ੌਜ ਨੂੰ ਕਾਫ਼ੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਆਜ਼ਾਦ ਉਮੀਦਵਾਰ ਹੋਣ ਦੇ ਬਾਵਜੂਦ ਤਹਿਰੀਕ-ਏ-ਇਨਸਾਫ਼ ਦੇ ਆਗੂ 93 ਸੀਟਾਂ ਜਿੱਤਣ ਵਿਚ ਕਾਮਯਾਬ ਰਹੇ। ਨਵਾਜ਼ ਸ਼ਰੀਫ਼ ਦੀ ਪਾਕਿਸਤਾਨ ਮੁਸਲਿਮ ਲੀਗ ਅਤੇ ਭੁੱਟੋ-ਜ਼ਰਦਾਰੀ ਖ਼ਾਨਦਾਨ ਦੀ ਪਾਕਿਸਤਾਨ ਪੀਪਲਜ਼ ਪਾਰਟੀ ਕ੍ਰਮਵਾਰ 75 ਅਤੇ 54 ਸੀਟਾਂ ਜਿੱਤ ਸਕੀਆਂ। ਪੂਰੀ ਦੁਨੀਆ, ਖ਼ਾਸਕਰ ਪਾਕਿਸਤਾਨੀ ਅਵਾਮ ਦੀਆਂ ਨਜ਼ਰਾਂ ਵਿਚ ਫ਼ੌਜ ਦਾ ਚਿਹਰਾ ਬੇਨਕਾਬ ਹੋ ਗਿਆ ਜਿਸ ਨੇ ਇੰਨੀ ਬੇਦਰਦੀ ਨਾਲ ਪਾਕਿਸਤਾਨ ਦੇ ਸੰਵਿਧਾਨ ਅਤੇ ਜਮਹੂਰੀ ਅਮਲ ਦੀ ਬੇਹੁਰਮਤੀ ਕੀਤੀ।

ਬਹਰਹਾਲ, ਇਸ ਸਭ ਕੁਝ ਦੇ ਬਾਵਜੂਦ ਇਮਰਾਨ ਖਾਨ ਨੂੰ ਜੇਲ੍ਹ ਵਿਚ ਰੱਖਣ ਲਈ ਫ਼ੌਜ ਨੂੰ ਸ਼ਰੀਫ਼ ਤੇ ਭੁੱਟੋ-ਜ਼ਰਦਾਰੀ ਖ਼ਾਨਦਾਨ ਅਤੇ ਕੁਝ ਛੋਟੀਆਂ ਸਿਆਸੀ ਪਾਰਟੀਆਂ ਦੇ ਰੂਪ ਵਿਚ 'ਨਵੇਂ ਔਜ਼ਾਰ' ਮਿਲ ਗਏ ਹਨ। ਚੋਣਾਂ ਵਿਚ ਧਾਂਦਲੀ ਦੇ ਦੋਸ਼ਾਂ ਨੂੰ ਪਾਕਿਸਤਾਨ ਹਕੂਮਤ ਨੇ ਦਰਕਿਨਾਰ ਕਰ ਦਿੱਤਾ ਹੈ। ਇਸੇ ਦੌਰਾਨ ਰਾਵਲਪਿੰਡੀ ਦੇ ਕਮਿਸ਼ਨਰ ਲਿਆਕਤ ਅਲੀ ਚੱਠਾ ਨੇ ਖ਼ੁਲਾਸਾ ਕੀਤਾ ਹੈ ਕਿ ਕਿਵੇਂ ਉਨ੍ਹਾਂ ਨੂੰ ਚੋਣ ਨਤੀਜੇ ਬਦਲਣ ਲਈ ਮਜਬੂਰ ਕੀਤਾ; ਇਸ ਮਾਮਲੇ ਵਿੱਚ ਉਨ੍ਹਾਂ ਅਸਤੀਫ਼ਾ ਦੇ ਕੇ ਖ਼ੁਦ ਨੂੰ ਕਾਨੂੰਨ ਦੇ ਹਵਾਲੇ ਕਰਨ ਦਾ ਐਲਾਨ ਵੀ ਕੀਤਾ ਪਰ ਬਾਅਦ ਵਿਚ ਉਨ੍ਹਾਂ ਨੂੰ ਆਪਣਾ ਅਸਤੀਫ਼ਾ ਅਤੇ ਬਿਆਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ।

ਚੋਣ ਧਾਂਦਲੀ ਨੂੰ ਲੈ ਕੇ ਨਾ ਕੇਵਲ ਅਮਰੀਕਾ ਵਿਚ ਸੁਆਲ ਉਠਾਏ ਗਏ ਸਗੋਂ ਪਾਕਿਸਤਾਨੀ ਮੀਡੀਆ ਵਿਚ ਸਖ਼ਤ ਤਨਕੀਦ ਹੋਈ। ਪਾਕਿਸਤਾਨ ਮੁਸਲਿਮ ਲੀਗ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਵਿਚਕਾਰ ਸਮਝੌਤੇ ਤੋਂ ਬਾਅਦ ਸ਼ਾਹਬਾਜ਼ ਸ਼ਰੀਫ਼ ਨੇ ਇਕ ਵਾਰ ਫਿਰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਲਿਆ ਹੈ ਅਤੇ ਆਸਿਫ਼ ਅਲੀ ਜ਼ਰਦਾਰੀ ਰਾਸ਼ਟਰਪਤੀ ਬਣ ਗਏ ਹਨ। ਬਿਲਾਵਲ ਭੁੱਟੋ ਜ਼ਰਦਾਰੀ ਦੇ ਪ੍ਰਧਾਨ ਮੰਤਰੀ ਬਣਨ ਦੀ ਖ਼ਾਹਿਸ਼ ਪੂਰੀ ਨਹੀਂ ਹੋ ਸਕੀ ਜਿਸ ਦੇ ਅੰਦਾਜ਼ 'ਚੋਂ ਉਨ੍ਹਾਂ ਦੀ ਮਾਂ ਬੇਨਜ਼ੀਰ ਭੁੱਟੋ ਅਤੇ ਨਾਨਾ ਜ਼ੁਲਫ਼ਿਕਾਰ ਅਲੀ ਭੁੱਟੋ ਦੇ ਚਿੰਨ੍ਹ ਦਿਖਾਈ ਦਿੰਦੇ ਹਨ। ਭਾਰਤ ਨਾਲ ਸਬੰਧਾਂ ਬਾਰੇ ਉਨ੍ਹਾਂ ਦੇ ਵਿਚਾਰ ਆਈ.ਐੱਸ.ਆਈ. ਦੇ ਮੁਖੀ ਨਾਲੋਂ ਬਹੁਤੇ ਵੱਖਰੇ ਨਹੀਂ। ਸਮਝਿਆ ਜਾਂਦਾ ਹੈ ਕਿ ਸ਼ਰੀਫ਼ ਅਤੇ ਭੁੱਟੋ ਖ਼ਾਨਦਾਨਾਂ ਨੂੰ ਇਕਮੁੱਠ ਕਰਾਉਣ ਪਿੱਛੇ ਵੀ ਫ਼ੌਜ ਦਾ ਹੱਥ ਹੈ। ਇਹ ਇਸ ਲਈ ਜ਼ਰੂਰੀ ਸੀ ਤਾਂ ਕਿ ਇਮਰਾਨ ਖਾਨ ਨੂੰ ਮੁੜ ਸੱਤਾ 'ਚ ਆਉਣ ਤੋਂ ਰੋਕਿਆ ਜਾ ਸਕੇ ਜਿਨ੍ਹਾਂ ਨੂੰ ਇਸ ਸਮੇਂ ਤਰ੍ਹਾਂ ਤਰ੍ਹਾਂ ਦੇ ਦੋਸ਼ ਲਾ ਕੇ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ। ਅਮਰੀਕਾ ਅਤੇ ਬਰਤਾਨੀਆ ਜਿਹੇ ਪੱਛਮੀ ਦੇਸ਼ਾਂ ਨੇ ਪਾਕਿਸਤਾਨ ਦੀਆਂ ਚੋਣਾਂ ਨੂੰ ਲੈ ਕੇ ਪੈਦਾ ਹੋਏ ਵਿਵਾਦ ਤੋਂ ਆਪਣਾ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ ਹੈ। ਉਂਝ, ਇਸ ਸਮੁੱਚੇ ਮਾਮਲੇ ਵਿਚ ਪਾਕਿਸਤਾਨ ਦੀ ਸਿਆਸੀ ਜਮਾਤ ਬੁਰੀ ਤਰ੍ਹਾਂ ਪਾਟੋ-ਧਾੜ ਦਾ ਸ਼ਿਕਾਰ ਹੈ। ਇਸ ਦੇ ਨਾਲ ਹੀ ਸਿਵਲ ਪ੍ਰਸ਼ਾਸਨ ਅਤੇ ਪੁਲੀਸ ਢਾਂਚਾ ਸਾਹਸੱਤਹੀਣ ਹੋ ਗਿਆ ਹੈ। ਇਕ ਪਾਕਿਸਤਾਨੀ ਦੋਸਤ ਨੇ ਇਕ ਵਾਰ ਟਿੱਪਣੀ ਕੀਤੀ ਸੀ, "ਹਰ ਦੇਸ਼ ਵਿਚ ਫ਼ੌਜ ਹੁੰਦੀ ਹੈ ਪਰ ਪਾਕਿਸਤਾਨ ਵਿਚ ਫ਼ੌਜ ਕੋਲ ਦੇਸ਼ ਹੈ।"

ਆਰਥਿਕ ਬਦਇੰਤਜ਼ਾਮੀ ਤੋਂ ਇਲਾਵਾ ਪਾਕਿਸਤਾਨ ਨੇ ਗੁਆਂਢੀ ਮੁਲਕਾਂ ਨਾਲ ਰਿਸ਼ਤੇ ਵਿਗਾੜੇ ਹੋਏ ਹਨ। ਭਾਰਤ ਨਾਲ ਇਸ ਦੇ ਰਿਸ਼ਤਿਆਂ ਵਿਚ ਕੋਈ ਤਬਦੀਲੀ ਨਹੀਂ ਆਈ। ਅਫ਼ਗਾਨਿਸਤਾਨ ਅਤੇ ਇਰਾਨ ਨਾਲ ਸਬੰਧਾਂ ਨੂੰ ਵੀ ਆਮ ਨਹੀਂ ਆਖਿਆ ਜਾ ਸਕਦਾ। ਪਾਕਿਸਤਾਨ ਵੱਲੋਂ ਅਫ਼ਗਾਨ ਤਾਲਿਬਾਨ ਡੂਰੰਡ ਲਾਈਨ ਪਾਰ ਕਰਨ ਅਤੇ ਇਰਾਨ ਤੇ ਅਫ਼ਗਾਨਿਸਤਾਨ ਨਾਲ ਲਗਦੀਆਂ ਸਰਹੱਦਾਂ ਤੋਂ ਪਾਰ ਬਲੋਚ ਵੱਖਵਾਦੀਆਂ ਅਤੇ ਤਹਿਰੀਕ-ਏ-ਤਾਲਿਬਾਨ ਦੇ ਹਮਲਿਆਂ ਦੇ ਦੋਸ਼ ਲਾਏ ਜਾਂਦੇ ਹਨ। 16 ਜਨਵਰੀ ਨੂੰ ਇਰਾਨ ਨੇ ਪਾਕਿਸਤਾਨੀ ਇਲਾਕੇ ਅੰਦਰ ਹਵਾਈ ਹਮਲਾ ਕੀਤਾ ਸੀ; ਜਵਾਬ ਵਿਚ ਪਾਕਿਸਤਾਨ ਨੇ ਵੀ ਹਮਲਾ ਕੀਤਾ। ਇਉਂ ਪਾਕਿਸਤਾਨ ਲਈ ਹੁਣ ਭਾਰਤ ਤੋਂ ਇਲਾਵਾ ਇਰਾਨ ਅਤੇ ਅਫ਼ਗਾਨਿਸਤਾਨ ਨਾਲ ਵੀ ਸਰਹੱਦੀ ਤਣਾਅ ਦੇ ਦੋ ਹੋਰ ਮੁਹਾਜ਼ ਖੁੱਲ੍ਹ ਗਏ ਹਨ।

# ਚੱਲ ਮੀਆਂ! ਬੰਦੇ ਨੂੰ ਲੱਭੀਏ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਅੱਜ ਕੱਲ ਬੰਦਾ ਗਵਾਚ ਗਿਆ ਏ। ਕਿਧਰੇ ਨਹੀਂ ਥਿਆਉਂਦਾ। ਪਤਾ ਨਹੀਂ ਕਿਹੜੇ ਖੂਹ-ਖਾਤੇ 'ਚ ਡਿੱਗ ਪਿਆ ਜਾਂ ਕਿਸੇ ਜੰਗਲ ਬੇਲੀਂ ਖੁਦ ਨੂੰ ਤਲਾਸ਼ਦਾ, ਬੌਂਦਲਿਆ ਫਿਰਦਾ। ਬੜੀ ਕੋਸ਼ਿਸ਼ ਕਰਦਾ ਹਾਂ ਕਿ ਕੋਈ ਤਾਂ ਬੰਦਾ ਮਿਲੇ ਜਿਸ ਨਾਲ ਬੰਦਿਆ ਵਰਗੀ ਗੁਫ਼ਤਗੂ ਕਰੀਏ। ਬੰਦਿਆਈ ਦੀਆਂ ਬਾਤਾਂ ਪਾਈਏ। ਪਤਾ ਕਰੀਏ ਕਿ ਉਸਦੇ ਅੰਦਰ ਕੀ ਚੱਲ ਰਿਹਾ ਏ ਅਤੇ ਉਹ ਕਿਹੜੀਆਂ ਗਿਣਤੀਆਂ ਮਿਣਤੀਆਂ ਵਿਚ ਉਲਝਿਆ, ਭੁੱਲ-ਭੁਲੱਈਆਂ ਦਾ ਸ਼ਿਕਾਰ ਏ?

ਕੀ ਬੰਦੇ ਨੂੰ ਇਹ ਵੀ ਪਤਾ ਕਿ ਉਹ ਸੱਚੀਂ ਗਵਾਚ ਚੁੱਕਾ ਏ ਅਤੇ ਉਸਦੀ ਗੁੰਮਸ਼ੁਦਗੀ ਦਾ ਚਾਰੇ ਪਾਸੇ ਢਿੰਢੋਰਾ ਏ? ਪਰ ਇਹ ਢਿੰਡੋਰਾ ਕੁਝ ਕੁ ਵਿਰਲਿਆਂ ਨੂੰ ਹੀ ਸੁਣਾਈ ਦਿੰਦਾ ਅਤੇ ਅਫ਼ਸੋਸ ਕਿ ਵਿਰਲਿਆਂ 'ਚ ਵਿਰਲਾ ਗਵਾਚਿਆ ਬੰਦਾ ਕਿਉਂ ਨਹੀਂ?

ਸਾਡੇ ਸਮਿਆਂ ਦਾ ਇਹ ਕੇਹਾ ਵਿਕਰਾਲ ਰੂਪ ਏ ਕਿ ਬੰਦਾ ਹੀ ਬੰਦੇ ਵਿਚੋਂ ਗੁੰਮ ਜਾਵੇ। ਇਕੱਲਾ ਬੰਦਾ ਨਹੀਂ ਗਵਾਚਦਾ, ਉਸ ਨਾਲ ਬਹੁਤ ਕੁਝ ਬੀਤੇ ਦਾ ਹਿੱਸਾ ਬਣ ਕੇ ਦਫ਼ਨ ਹੋ ਜਾਂਦਾ। ਫਿਰ ਦਫ਼ਨ ਹੋਇਆਂ ਨੂੰ ਕਿਹਨੇ ਭਾਲਣਾ ਅਗਰ ਅਸੀਂ ਜਿਉਂਦੇ ਜੀਅ ਹੀ ਗਵਾਚੇ ਬੰਦੇ ਦੀ ਭਾਲ ਨਾ ਕਰ ਸਕੇ? ਕਦੇ ਆਲੇ-ਦੁਆਲੇ ਨਿਗਾਹ ਮਾਰਨਾ। ਦੱਸਣਾ ਕਿ ਅਜੋਕੇ ਸੰਸਾਰਕ ਵਰਤਾਰਿਆਂ ਵਿਚ ਤੁਹਾਨੂੰ ਬੰਦਾ ਦਿਖਾਈ ਦਿੰਦਾ? ਭਾਵੇਂ ਇਹ ਪਰਿਵਾਰਕ ਜੀਵਨ ਵਿਚ ਦਰਪੇਸ਼ ਮੁਸ਼ਕਲਾਂ ਤੇ ਔਕੜਾਂ ਅਤੇ ਇਨ੍ਹਾਂ ਨੂੰ ਸੁਹਜਮਈ ਤਰੀਕੇ ਨਾਲ ਨਜਿੱਠਣਾ ਹੋਵੇ, ਆਪਣੇ ਕਿੱਤੇ ਵਿਚ ਆਪਣੀ ਕੀਰਤੀ ਅਤੇ ਨੀਅਤ ਵਿਚ ਸੰਤੁਲਨ ਬਣਾਉਣਾ ਹੋਵੇ, ਆਪਣੇ ਈਮਾਨ ਨੂੰ ਈਮਾਨਦਾਰੀ ਦੀ ਤੱਕੜੀ ਵਿਚ ਤੋਲਣਾ ਹੋਵੇ, ਆਪਣੇ ਆਪ ਨੂੰ ਆਪਣੇ ਬਿੰਬ ਦੇ ਹਾਣ ਦਾ ਕਰਨਾ ਹੋਵੇ, ਆਪਣੇ ਸਫ਼ਰ ਨੂੰ ਸਿਰਨਾਵੇਂ ਦੀ ਸੇਧ ਅਨੁਸਾਰ ਸਿਰਜਣਾ ਹੋਵੇ ਜਾਂ ਸੰਬੰਧਾਂ ਵਿਚਲੀ ਪਾਕੀਜ਼ਗੀ ਅਤੇ ਪਲੀਤੀ ਵਿਚਲੇ ਫਰਕ ਨੂੰ ਸਮਝਣਾ ਹੋਵੇ?

ਜ਼ਿੰਦਗੀ ਦੇ ਕਿਸੇ ਵੀ ਰੰਗ ਨੂੰ ਦੇਖਣਾ ਭਾਵੇਂ ਇਹ ਸੰਦਲੀ ਸਮਿਆਂ ਦਾ ਦਸਤਾਵੇਜ਼ੀ ਵਰਣਨ ਹੋਵੇ। ਪੱਤਝੱੜਾਂ ਨੂੰ ਪਿੰਡੇ 'ਤੇ ਹੰਢਾਉਣ ਦੀ ਦਾਸਤਾਨ ਹੋਵੇ। ਪਿਆਰ-ਮੁਹੱਬਤ ਜਾਂ ਨਫ਼ਰਤ ਦੀਆਂ ਕਲਮਾਂ ਲਾਉਣੀਆਂ ਹੋਣ। ਕਿਸੇ ਧਰਤ ਦੇ ਨਾਵੇਂ ਫਸਲਾਂ ਦੇ ਬੋਹਲ਼ ਕਰਨੇ ਹੋਣ ਜਾਂ ਖੇਤਾਂ ਵਿਚ ਖੁਦਕੁਸ਼ੀਆਂ ਉਗਾਉਣੀਆਂ ਹੋਣ, ਤੁਹਾਨੂੰ ਬੰਦਾ ਨਹੀਂ ਸਗੋਂ ਬਹੁਰੂਪੀਆ ਨਜ਼ਰ ਆਵੇਗਾ।

ਅੱਜ-ਕੱਲ੍ਹ ਬੰਦਾ ਨਹੀਂ ਸਗੋਂ ਬੰਦੇ ਦਾ ਰੋਬੋਟੀ ਰੂਪ ਹਰ ਥਾਂ ਅਤੇ ਗਰਾਂ ਹਾਜ਼ਰ-ਨਾਜ਼ਰ। ਭਲਾ! ਰੋਬੋਟ ਵਿਚੋਂ ਤੁਸੀਂ ਮਨੁੱਖੀ ਭਾਵਨਾਵਾਂ ਦਾ ਅਹਿਸਾਸ ਕਿਵੇਂ ਮਹਿਸੂਸ ਕਰ ਸਕਦੇ ਹੋ? ਮਨੁੱਖ ਨੂੰ ਮਨੁੱਖ ਸਮਝ ਕੇ ਉਸ ਦੀਆਂ ਤਮੰਨਾਵਾਂ ਅਤੇ ਤਰਜੀਹਾਂ ਦਾ ਅਦਬ ਕਰਨਾ ਅਤੇ ਆਪਣੇ ਵਰਤਾਰੇ ਨਾਲ ਕਿਸੇ ਨੂੰ ਮਾਨਸਿਕ ਚੋਟ ਤੋਂ ਬਚਾਈ ਰੱਖਣ ਵਾਲੇ ਬੰਦੇ ਤਾਂ ਕਿਧਰੇ ਵੀ ਨਹੀਂ ਲੱਭਦੇ?

ਜਦ ਸਾਡੇ ਅਦਾਰਿਆਂ ਤੇ ਕਲੋਨਜ਼ ਕਾਬਜ਼ ਹੋ ਜਾਂਦੇ ਤਾਂ ਬੰਦੇ ਦਾ ਗਾਇਬ ਹੋ ਜਾਣਾ ਨਿਸ਼ਚਿਤ। ਕਲੋਨਜ਼ ਨੂੰ ਕਿਸੇ ਖਾਸ ਮਕਸਦ ਲਈ ਇਕ ਵੱਖਰੇ ਰੂਪ ਵਿਚ ਪ੍ਰੋਗਰਾਮ ਕੀਤਾ ਜਾਂਦਾ। ਇਹੀ ਪ੍ਰੋਗਰਾਮਿੰਗ ਮਨੁੱਖਤਾ ਦੇ ਨਾਸ਼ ਦਾ ਸਬੱਬ ਜ਼ਰੂਰ ਸਿਰਜੇਗੀ। ਇਹ ਕਲੋਨਜ਼ ਅੱਜ-ਕੱਲ੍ਹ ਸਾਡੇ ਜੀਵਨ ਦੇ ਹਰ ਪਲ ਨੂੰ ਵਿਨਾਸ਼ ਵੱਲ ਲਿਜਾ ਰਹੇ ਹਨ।

ਜਦ ਬੰਦਾ ਕਿਸੇ ਵਿਅਕਤੀ ਨੂੰ ਆਪਣੇ ਨਿੱਜੀ ਮੁਫ਼ਾਦ ਲਈ ਵਰਤਣਾ ਸ਼ੁਰੂ ਕਰ ਦੇਵੇ। ਕਿਸੇ ਨੂੰ ਵਿਸਾਖੀਆਂ ਬਣਾ ਕੇ ਟੀਸੀ 'ਤੇ ਪਹੁੰਚਣ ਦਾ ਹੀਲਾ ਕਰੇ। ਆਪਣੇ ਮਹਿਲ-ਮੁਨਾਰਿਆਂ ਲਈ ਕਿਸੇ ਦੀ ਕੁੱਲੀ ਦੇ ਕੱਖ ਵੀ ਉਡਾ ਦੇਵੇ। ਆਪਣੇ ਖੇਤਾਂ ਨੂੰ ਫਾਰਮ ਬਣਾਉਣ ਲਈ ਕਿਸੇ ਗਰੀਬ ਜੱਟ ਦੀਆਂ ਵੱਟਾਂ ਵੀ ਵਾਹ ਲਵੇ ਜਾਂ ਮਾਇਕ ਮੁਫ਼ਾਦ ਲਈ ਉਹ ਆਪਣੇ ਗੁਆਂਢੀਆਂ ਦੇ ਬੱਚਿਆਂ ਨੂੰ ਨਸ਼ਿਆਂ 'ਤੇ ਲਾਵੇ ਅਤੇ ਫਿਰ ਉਸਦੀ ਸਮੁੱਚੀ ਜਾਇਦਾਦ ਨੂੰ ਹਥਿਆਉਣ ਦਾ ਕੋਹਜ਼ਾ ਯਤਨ ਕਰੇ ਤਾਂ ਬੰਦੇ ਦੇ ਗਵਾਚਣ ਦੀ ਸ਼ਾਹਦੀ ਭਰਨ ਦੀ ਵੀ ਲੋੜ ਨਹੀਂ ਰਹਿੰਦੀ।

ਇਹ ਬੰਦੇ ਦੇ ਗੁੰਮ ਹੋਣ ਦਾ ਕੇਹਾ ਆਲਮ ਕਿ ਬੰਦਾ ਖੁਦ ਹੀ ਵਿਕਾਊ ਹੋ ਗਿਆ। ਜਦ ਬੰਦਾ ਵਿਕਣ ਲੱਗ ਪਵੇ ਤਾਂ ਉਸਦੀ ਮੰਡੀ ਲੱਗਦੀ। ਫਿਰ ਇਹ ਵਪਾਰੀ 'ਤੇ ਨਿਰਭਰ ਕਰਦਾ ਕਿ ਉਸ ਨੇ ਇਸਨੂੰ ਕਿੰਨਾ ਜ਼ਲੀਲ ਕਰ ਕੇ ਆਪਣੇ ਮਨਮਰਜ਼ੀ ਦੇ ਭਾਅ ਖਰੀਦਣਾ। ਖਰੀਦੇ ਹੋਏ ਬੰਦੇ ਗੁਲਾਮ ਤਾਂ ਹੋ ਸਕਦੇ ਪਰ ਇਹ ਬੰਦੇ ਨਹੀਂ ਹੁੰਦੇ।

ਬੰਦਾ ਗਵਾਚਦਾ ਤਾਂ ਨੈਤਿਕਤਾ ਗੁੰਮ ਹੋ ਜਾਂਦੀ। ਕਦਰਾਂ-ਕੀਮਤਾਂ ਸੂਲੀ 'ਤੇ ਲਟਕਾਈਆਂ ਜਾਂਦੀਆਂ। ਸੰਬੰਧਾਂ ਵਿਚਲੀ ਪ੍ਰਪੱਕਤਾ ਅਤੇ ਪਾਕੀਜ਼ਗੀ ਗੰਧਲੀ ਹੁੰਦੀ। ਰਿਸ਼ਤਿਆਂ ਵਿਚ ਉਗਦੀਆਂ ਤਰੇੜਾਂ। ਆਪਸੀ ਮੁਹੱਬਤ ਵਿਚ ਪੈਦਾ ਹੋ ਜਾਂਦੀਆਂ ਵਿੱਥਾਂ। ਇਹ ਵਿੱਥਾਂ ਹੀ ਹੁੰਦੀਆਂ ਜੋ ਨੇੜੇ ਹੁੰਦਿਆਂ ਵੀ ਸੱਤ ਸਮੁੰਦਰਾਂ ਦੀ ਦੂਰੀ ਉਪਜਾਉਂਦੀਆਂ।

ਬੰਦੇ 'ਚੋਂ ਬੰਦਾ ਕਿੰਝ ਭਾਲਾਂ
ਬੰਦਿਆਂ ਦੇ ਰੂਪ ਹਜ਼ਾਰਾਂ।
ਕੁਝ ਉਜੜੀਆਂ ਬਸਤੀਆਂ ਵਰਗੇ
ਕੁਝ ਮਹਿਕਦੀਆਂ ਗੁਲਜ਼ਾਰਾਂ।

ਬੰਦਾ, ਬੰਦੇ ਦਾ ਦੋਖੀ ਵੀ ਏ
ਤੇ ਬੰਦਾ, ਬੰਦੇ ਦਾ ਦਾਰੂ,
ਬੰਦਾ, ਬੰਦੇ ਲਈ ਕਬਰ ਵੀ ਪੁੱਟੇ
ਤੇ ਬੰਦਾ, ਡਿੱਗੇ ਲਈ ਠਾਹਰਾਂ।

ਬੰਦਾ, ਬੰਦੇ ਲਈ ਬਰਖ਼ੁਰਦਾਰੀ
ਤੇ ਬੰਦਾ ਬਦਤਮੀਜ਼ੀ
ਪਰ ਬੰਦੇ ਦੀ ਭਲਿਆਈ ਉਤੋਂ



ਮੈਂ ਲੱਖ ਬਹਿਸ਼ਤਾਂ ਵਾਰਾਂ।

ਬੰਦਾ ਆਪਣਾ ਤੇ ਬੰਦਾ ਬਿਗਾਨਾ,
ਕੁਝ ਪਿੰਡੇ ਦੀ ਲੋਈ,
ਬੰਦੇ, ਬੰਦੇ 'ਚ ਫਰਕ ਹੈ ਹੁੰਦਾ
ਤੇ ਕੁਝ ਬਣਦੈ ਦਸਤਾਰਾਂ।

ਬੰਦੇ ਦੀ ਫ਼ਿਤਰਤ ਬੰਦਿਆਂ ਵਿਚੋਂ
ਰੂਪ ਵਟਾਵੇ ਲੱਖਾਂ,
ਪਰ ਬੰਦਿਆਈ ਨਾ ਕਿਧਰੇ ਦਿੱਸਦੀ
ਨਾ ਗ਼ੈਰਾਂ ਨਾ ਯਾਰਾਂ।

ਬੰਦਾ, ਬੰਦੇ ਦੇ ਚਾਅ ਚੁਰਾਏ
ਤੇ ਸੁਪਨ-ਸੋਚ ਨੂੰ ਨੋਚੇ,
ਕੋਈ ਨਾ ਸੱਖਣੀ ਤਲੀ ਟਿਕਾਏ
ਸੱਜਣਾਂ ਜਹੀਆਂ ਬਹਾਰਾਂ।

ਇਕ ਬੰਦਾ ਸਿਰਨਾਵਾਂ ਖੋਹਵੇ
ਤੇ ਦੂਸਰਾ ਸਫ਼ਰ ਚੁਰਾਵੇ,
'ਕੱਲਾ ਜੀਅ ਬਲਾਵੀਂ ਘਿਰਿਆ
ਕਿੰਝ ਸਭ ਨੂੰ ਛਿੱਛਕਾਰਾਂ।

ਬੰਦਿਆਂ ਬਾਝੋਂ ਘੁੱਪ ਹਨੇਰਾ
ਤੇ ਦਰਗਾਹੇ ਬੁੱਝਿਆ ਦੀਵਾ,
ਕੋਈ ਨਾ ਸੁੰਨੇ ਬੰਨੇਰਿਆਂ ਉਤੇ
ਧਰੇ ਚਿਰਾਗਾਂ ਦੀਆਂ ਡਾਰਾਂ।

ਕੁਝ ਕੁ ਅੰਦਰਲਾ ਬੰਦਾ ਲੱਭ ਕੇ
ਮਿੱਥਦੇ ਖ਼ੁਦ ਤਰਜ਼ੀਹਾਂ,
ਤਾਂ ਹੀ ਉਨ੍ਹਾਂ ਦੇ ਅੰਬਰ ਲਿਸ਼ਕਣ
ਸੂਰਜ ਚੰਨ ਹਜ਼ਾਰਾਂ।
ਅੰਦਰਲੇ ਬੰਦੇ ਦਾ ਕੋਰਾ ਵਰਕਾ
ਸ਼ਬਦ ਸ਼ਬਦ ਜਦ ਹੋਵੇ
ਤਾਂ ਬਹਿ ਖੁਦ ਦੀ ਬੁੱਕਲੇ
ਲਿਖਦਾ ਰੂਹ-ਪੁਕਾਰਾਂ।

ਆਪਣੇ ਪੈਰੀਂ ਸਫ਼ਰ ਉਗਾਉਣਾ
ਬੰਦਿਆਂ ਦੀ ਦਿਲਦਾਰੀ
ਕਿਸੇ ਦੀ ਆਸ ਤੇ ਚਾਨਣ-ਲੋਚਾ
ਬੰਦੇ ਲਈ ਦੁਰਕਾਰਾਂ।

ਇੰਜ ਸੀ ਹੋਇਆ, ਉਂਝ ਸੀ ਹੋਣਾ
ਲੋਕਾਂ ਨੇ ਤਾਂ ਕਹਿਣਾ,
ਜੋ ਹੋਇਆ ਇਹ ਆਪ ਹੀ ਕੀਤਾ
ਬੰਦੇ ਦੀਆਂ ਵਿਚਾਰਾਂ।

ਬੰਦੇ ਤਾਂ ਆਮ ਹੀ ਮਿਲਦੇ ਪਰ ਬੰਦੇ ਦੇ ਅੰਦਰ ਵੱਸਦਾ ਬੰਦਾ ਬਹੁਤ ਹੀ ਵਿਰਲਿਆਂ ਨੂੰ ਥਿਆਉਂਦਾ ਕਿਉਂਕਿ ਅਸੀਂ ਆਪਣੇ ਅੰਦਰ ਵੱਸਦੇ ਬੰਦੇ ਨੂੰ ਬੰਦਾ ਹੀ ਨਹੀਂ ਸਮਝਦੇ।

ਜਦ ਬੰਦੇ 'ਚੋਂ ਬੰਦਾ ਗੁੰਮਦਾ ਤਾਂ ਬਹੁਤ ਕੁਝ ਅਣਕਿਆਸਿਆ ਅਤੇ ਅਣਹੋਇਆ ਵਾਪਰਦਾ। ਇਹ ਬੰਦੇ ਦੇ ਗਵਾਚਣ ਦਾ ਹੀ ਆਲਮ ਹੈ ਕਿ ਸੰਸਾਰ ਕਤਲੋ-ਗਾਰਤ ਦੀ ਧਰਾਤਲ ਬਣ ਗਿਆ। ਨਫ਼ਰਤ ਨੇ ਸਾਨੂੰ, ਸਾਡੇ ਘਰ-ਪਰਿਵਾਰ ਅਤੇ ਸਮਾਜ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਧਰਮ ਨੇ ਪਿਆਰ ਸਿਖਾਉਣਾ ਸੀ ਪਰ ਧਾਰਮਿਕ ਆਗੂਆਂ ਵਿਚੋਂ ਵੀ ਬੰਦਾ ਗ਼ੈਰਹਾਜ਼ਰ ਹੋ ਜਾਵੇ ਤਾਂ ਧਰਮ ਦੇ ਨਾਮ 'ਤੇ ਜਾਤਾਂ ਸਿਰਜੀਆਂ ਜਾਂਦੀਆਂ। ਆਪਣੇ ਧਰਮ ਨੂੰ ਉਚਾ ਤੇ ਵੱਡਾ ਸਿੱਧ ਕਰਨ ਲਈ ਦੂਸਰੇ ਧਰਮ ਨੂੰ ਨਿੰਦਿਆ ਜਾਂਦਾ। ਇਹ ਕੇਹੀ ਅਵੱਗਿਆ ਕਿ ਹੁਣ ਤਾਂ ਮਨੁੱਖ, ਕਿਸੇ ਹੋਰ ਧਰਮ ਦੇ ਧਾਰਮਿਕ ਅਸਥਾਨ ਦੇ ਮਲਬੇ 'ਤੇ ਆਪਣਾ ਧਾਰਮਿਕ ਅਸਥਾਨ ਬਣਾ ਕੇ, ਆਪਣੇ ਧਰਮ ਦਾ ਝੰਡਾ ਬੁਲੰਦ ਕਰਨ ਦੀ ਕੋਝੀ ਹਰਕਤ ਨੂੰ ਆਪਣਾ ਸਨਮਾਨ ਸਮਝਣ ਲੱਗ ਗਿਆ।

ਬੰਦਾ ਸਿਰਫ਼ ਬਾਹਰੀ ਰੂਪ ਵਿਚ ਹੀ ਨਹੀਂ ਗੁੰਮਿਆ ਸਗੋਂ ਬੰਦੇ ਅੰਦਰੋਂ ਗੁੰਮ ਗਏ ਬੰਦੇ ਕਾਰਨ ਹੀ ਮਨੁੱਖੀ ਮਨ ਵਿਚ ਕਰੂਰਤਾ ਪੈਦਾ ਹੁੰਦੀ। ਜਦ ਉਹ ਨਿੱਕੀਆਂ-ਨਿੱਕੀਆਂ ਬੱਚੀਆਂ ਦੀ ਪੱਤ ਲੁੱਟਦਾ ਤਾਂ ਕਦਰਾਂ-ਕੀਮਤਾਂ ਤਾਰ ਤਾਰ ਹੁੰਦੀਆਂ। ਸਮਾਜਿਕ ਤੰਦਾਂ ਦੀ ਕੋਮਲਤਾ ਨੂੰ ਆਪਣੀ ਧੌਂਸ ਨਾਲ ਮਿੱਧਣ ਲਈ ਬੰਦਾ ਹੀ ਕਸੂਰਵਾਰ ਹੈ? ਨਹੀਂ! ਇਹ ਬੰਦੇ ਦੇ ਅੰਦਰੋਂ ਗੈਰਹਾਜ਼ਰ ਹੋਏ ਬੰਦੇ ਦੀ ਗਵਾਹੀ।

ਬੰਦੇ ਦੀ ਗੁੰਮਸ਼ੁਦੀ ਕਾਰਨ ਹੀ ਅਸੀਂ ਕੁਦਰਤ ਦੀ ਬੇਰੁਹਮਤੀ ਕਰਨ, ਕੁਦਰਤੀ ਦਾਤਾਂ ਦੀ ਬੇਥਵੀ ਅਤੇ ਬੇਲੋੜੀ ਵਰਤੋਂ, ਇਸਦੀ ਪਲੀਤਪੁਣੇ ਅਤੇ ਤਬਾਹੀ ਵਿਚ ਮੁੱਖ ਭੂਮਿਕਾ ਨਿਭਾ ਰਹੇ ਹਾਂ। ਇਹ ਬੰਦੇ ਦੀ ਸੋਝੀ ਵਿਚਲਾ ਵਿਗਾੜ ਹੀ ਹੈ ਕਿ ਗੈਰਹਾਜ਼ਰ ਵਿਅਕਤੀ ਕੁਦਰਤ ਤੋਂ ਦੂਰ ਜਾਂਦਾ ਸਿਰਫ਼ ਆਪਣੀ ਕਬਰ ਦੀ ਖੁਦਾਈ ਹੀ ਕਰ ਰਿਹਾ। ਜਿੰਨਾ ਚਿਰ ਬੰਦੇ ਵਿਚ ਬੰਦਾ ਵੱਸਦਾ ਸੀ, ਉਹ ਸੀਮਤ ਸਾਧਨਾਂ ਨਾਲ ਸੁਖਨ ਅਤੇ ਸਹਿਜ ਦਾ ਸਿਰਨਾਵਾਂ ਸੀ। ਉਸਦੇ ਮਨ ਵਿਚ ਕਦੇ ਖੁਦਕੁਸ਼ੀ ਦਾ ਵਿਚਾਰ ਨਹੀਂ ਸੀ ਆਇਆ ਕਿਉਂਕਿ ਉਹ ਕੁਦਰਤ ਦੀ ਆਗਿਆ ਦਾ ਪਾਲਣ ਕਰਦਾ, ਆਪਣੀ ਜੀਵਨ-ਜਾਚ ਨੂੰ ਬਦਲਦੇ ਹਾਲਾਤ ਅਤੇ ਲੋੜਾਂ ਅਨੁਸਾਰ ਢਾਲ ਕੇ ਜੀਵਨ ਨੂੰ ਭਰਪੂਰ ਜਿਉਂਦਾ ਸੀ। ਪਰ ਜਦੋਂ ਦਾ ਬੰਦੇ ਵਿਚ ਬੰਦਾ ਗੁੰਮਿਆ ਏ ਉਸ ਨੇ ਆਪਣੀਆਂ ਇੱਛਾਵਾਂ ਅਤੇ ਤਮੰਨਾਵਾਂ ਨੂੰ ਇੰਨਾ ਬੇਲਗਾਮ ਕਰ ਲਿਆ ਕਿ ਉਹ ਬਹੁਤਾਤ ਵਿਚੋਂ ਹੀ ਸੁੱਖ ਨੂੰ ਭਾਲਦਾ, ਸਿਰਫ਼ ਦੁੱਖਾਂ ਨਾਲ ਪੀੜਤ ਹੁੰਦਿਆਂ ਆਪਣੇ ਜੀਵਨ ਨੂੰ ਵਿਅਰਥ ਹੀ ਗਵਾ ਦਿੰਦਾ ਏ।

ਕੀ ਬੰਦੇ ਵਿਚੋਂ ਗੁੰਮ ਹੋਏ ਬੰਦੇ ਕਾਰਨ ਬੰਦਾ ਜ਼ਿਆਦਾ ਸੁਖੀ ਏ? ਕੀ ਉਸਨੇ ਜੀਵਨ ਦੇ ਸੱਚ ਦੀ ਸਮਝ ਆਈ? ਕੀ ਉਸਨੂੰ ਮਹੱਲ ਰੂਪੀ ਘਰ ਵਿਚੋਂ ਉਹ ਸਕੂਨ ਮਿਲਿਆ ਜਿਹੜਾ ਉਸਨੂੰ ਪਿੰਡ ਦੇ ਨਿੱਕੇ ਜਿਹੇ ਘਰ ਵਿਚ ਮਿਲਦਾ ਸੀ। ਹਾਜ਼ਮੇ ਦਾ ਚੂਰਨ ਖਾਣ ਵਾਲੇ, ਨੀਂਦ ਦੀਆਂ ਗੋਲੀਆਂ ਨਾਲ ਸੌਣ ਵਾਲੇ ਅਤੇ ਨਿੱਕੇ ਨਿੱਕੇ ਦਾਇਰਿਆਂ ਵਿਚ ਸੁੰਗੜੇ ਹੋਏ ਮਨੁੱਖ ਨੇ ਕਦੇ ਸੋਚਿਆ ਵੀ ਆ ਕਿ ਚੁੱਲੇ ਅੱਗੇ ਬੈਠ ਕੇ ਆਪਣੀ ਰੋਟੀ ਦੀ ਉਡੀਕ ਕਰਨਾ। ਫਿਰ ਥਾਲੀ ਵਿਚ ਗਰਮ-ਗਰਮ ਫੁਲਕੇ ਅਤੇ ਮਾਂ ਦੇ ਲੱਪ ਨਾਲ ਪਾਏ ਸਾਗ ਨਾਲ ਰੋਟੀ ਖਾਣ ਨਾਲ ਮਿਲਦੀ ਲੱਜ਼ਤ, ਕਦੇ ਸੱਤ-ਸਟਾਰੀ ਹੋਟਲਾਂ ਵਿਚ ਖਾਣਾ ਖਾਣ ਸਮੇਂ ਮਿਲੀ ਆ?

ਬੰਦੇ ਦਾ ਗੁੰਮ ਹੋਣਾ ਹੀ ਏ ਕਿ ਦੁਨੀਆਂ ਅੱਜ ਅੱਗ ਦੇ ਅੰਬਾਰ 'ਤੇ ਬੈਠੀ ਏ। ਪਤਾ ਨਹੀਂ ਕਿਹੜੇ ਵੇਲੇ ਕਿਸ ਨੇ ਪਲੀਤੀ ਲਾ ਦਿਤੀ ਤਾਂ ਮਨੁੱਖ ਦੀ ਸਿਰਜੀ ਹੋਈ ਦੁਨਿਆਵੀ ਸਲਤਨਤ ਨੇ ਪਲਾਂ ਵਿਚ ਹੀ ਫਨਾਹ ਹੋ ਜਾਣਾ। ਫਿਰ ਮਿੱਟੀ ਵਿਚ ਮਿੱਟੀ ਹੋਏ ਮਨੁੱਖ ਨੂੰ ਇਹ ਵੀ ਅਹਿਸਾਸ ਨਹੀਂ ਹੋਣਾ ਕਿ ਇੰਜ ਕਿਉਂ ਹੋਇਆ ਕਿਉਂਕਿ ਮਨੁੱਖ ਨੇ ਤਾਂ ਆਪ ਵੀ ਨਹੀਂ ਬਚਣਾ।

ਇਹ ਜੰਗਾਂ, ਨਫਰਤੀ ਅੱਗਾਂ, ਲਹੂ ਭਿੱਜੀਆਂ ਤਲਵਾਰਾਂ ਤੇ ਤ੍ਰਿਸ਼ੂਲਾਂ ਨੂੰ ਲਿਸ਼ਕਾਉਣਾ, ਭਗਵੇਂ, ਨੀਲੇ, ਪੀਲੇ ਜਾਂ ਹਰੇ ਰੰਗਾਂ ਨੂੰ ਅਸੀਂ ਕੇਹਾ ਵਰਤਿਆ ਕਿ ਰੰਗਾਂ ਦੀ ਦੁਨੀਆਂ ਵੀ ਸ਼ਰਮਸ਼ਾਰ ਹੋਈ, ਗਵਾਚੇ ਬੰਦੇ ਨੂੰ ਲੱਭ ਰਹੀ ਏ। ਕੀ ਚਿੱਟੀ ਧੁੱਪ ਵਿਚ ਸਮੇਟੇ ਸੱਤੇ ਰੰਗ ਵੀ ਕਦੇ ਆਪਸ ਵਿਚ ਉਲਝੇ ਨੇ ਕਿ ਫਲਾਣੇ ਰੰਗ ਦੀ ਜ਼ਿਆਦਾ ਅਹਿਮੀਅਤ ਅਤੇ ਬਾਕੀਆਂ ਦੀ ਘੱਟ ਏ?

ਬੰਦਾ ਜਦ ਘਰ ਵਿਚੋਂ ਗੁੰਮ ਹੋ ਜਾਵੇ ਤਾਂ ਘਰ ਵਿਚ ਉਗੀਆਂ ਕੰਧਾਂ ਫਿਰ ਘਰ ਨੂੰ ਘਰ ਨਹੀਂ ਰਹਿਣ ਦਿੰਦੀਆਂ। ਸਗੋਂ ਇਹ ਨਿੱਕੇ ਨਿੱਕੇ ਖਾਨਿਆਂ ਵਿਚ ਵੰਡਿਆ, ਆਪਣੇ ਹਿੱਸੇ ਦੀਆਂ ਹਿਚਕੀਆਂ ਨਾਲ ਹੌਲੀ ਹੌਲੀ ਗਲ਼ ਜਾਂਦਾ। ਤਾਂ ਹੀ ਅਜੋਕੇ ਘਰ, ਘਰ ਨਹੀਂ ਸਗੋਂ ਅਘਰ ਹੋ ਗਏ ਨੇ।

ਬੰਦਾ ਜਦ ਪਰਿਵਾਰ ਵਿਚੋਂ ਗਾਇਬ ਹੁੰਦਾ ਤਾਂ ਫਿਰ ਤਿੱੜਕ ਜਾਂਦੇ ਰਿਸ਼ਤੇ, ਸੰਬੰਧਾਂ ਦੀਆਂ ਰੇਸ਼ਮੀ ਤੰਦਾਂ ਵਿਚ ਪੈਦਾ ਹੋਈ ਖਿੱਚੋਤਾਣ ਹੌਲੀ-ਹੌਲੀ ਰਿਸ਼ਤਿਆਂ ਨੂੰ ਹੀ ਖਾ ਜਾਂਦੀ। ਫਿਰ ਅਸੀਂ ਰਿਸ਼ਤੇ ਨਹੀਂ ਨਿਭਾਉਂਦੇ ਸਿਰਫ਼ ਰਿਸ਼ਤਿਆਂ ਨੂੰ ਨਿਭਾਉਣ ਦਾ ਢੌਂਗ ਹੀ ਰਚਾਉਂਦੇ। ਦੁਨੀਆਂ ਨੂੰ ਭਾਵੇਂ ਪਤਾ ਨਾ ਲੱਗੇ ਪਰ ਬੰਦੇ ਦੇ ਅੰਦਰ ਜੇਕਰ ਬੰਦਾ ਜਿਉਂਦਾ ਹੋਵੇ ਤਾਂ ਉਸਨੂੰ ਜ਼ਰੂਰ ਪਤਾ ਹੁੰਦਾ ਕਿ ਉਹ ਕੀ ਕਰ ਰਿਹਾ ਅਤੇ ਇਸਦੇ ਕੀ ਅਰਥ ਨੇ?

ਬੰਦਾ ਜਦ ਆਪਣੇ ਕਿੱਤੇ ਵਿਚ ਹੁੰਦਿਆਂ ਵੀ ਨਾ ਹੋਵੇ ਤਾਂ ਉਸਦੀ ਕੀਰਤੀ ਅਤੇ ਕਰਮ ਵਿਚ ਅਸਾਵਾਂਪਣ ਪੈਦਾ ਹੁੰਦਾ। ਇਹੀ ਅਸਾਵਾਂਪਣ ਫਿਰ ਸਮਾਜਿਕ ਅਧੋਗਤੀ ਦਾ ਅਧਾਰ ਹੁੰਦਾ ਜਿਸ ਕਾਰਨ ਪੈਦਾ ਹੋਇਆ ਵਿਗਾੜ ਅੱਜ ਕੱਲ੍ਹ ਸਾਡੇ ਰਾਜਸੀ, ਧਾਰਮਿਕ, ਤੇ ਸਮਾਜਿਕ ਵਰਤਾਰਿਆਂ ਵਿਚ ਪ੍ਰਤੱਖ ਹੈ। ਇਹ ਵਿਗਾੜ ਕਦੇ ਨਹੀਂ ਰੁਕਦਾ ਕਿਉਂਕਿ ਇਸਨੂੰ ਸਮਝਣ ਅਤੇ ਰੋਕਣ ਵਾਲਾ

ਅੰਤਰੀਵੀ ਬੰਦਾ ਤਾਂ ਹੈ ਹੀ ਨਹੀਂ। ਪਰ ਸਭ ਤੋਂ ਮਾਰੂ ਹੁੰਦਾ ਹੈ ਬੰਦੇ ਦਾ ਆਪਣੇ ਵਿਚੋਂ ਜਾਣ-ਬੁੱਝ ਕੇ ਗੈਰ-ਹਾਜ਼ਰ ਹੋ ਜਾਣਾ ਅਤੇ ਖੁਦ ਨੂੰ ਅਜੇਹੀਆਂ ਅਲਾਮਤਾਂ ਵਿਚ ਲਬੇੜ ਲੈਣਾ ਕਿ ਉਹ ਖੁਦ ਦੀ ਸ਼ਰਮਸ਼ਾਰੀ ਨੂੰ ਸਮਝਣ ਤੋਂ ਇਨਕਾਰੀ ਹੋ ਜਾਂਦਾ। ਆਪਣੀ ਕਮੀਨਗੀ ਤੇ ਕੁਕਰਮੀ ਵਰਤਾਰੇ ਨੂੰ ਸਹੀ ਅਤੇ ਸੱਚਾ ਸਾਬਤ ਕਰਨ ਲਈ ਹਰ ਹੀਲਾ ਵਰਤਦਾ ਅਤੇ ਇਹੀ ਆਦਤ ਉਸਦੀ ਜੀਵਨ-ਤੋਰ ਨੂੰ ਰਸਾਤਲ ਵੱਲ ਲੈ ਜਾਂਦੀ ਅਤੇ ਫਿਰ ਉਹ ਇਸ ਗਰਕਣੀ ਵਿਚੋਂ ਕਦੇ ਨਹੀਂ ਨਿਕਲਦਾ।

ਬੰਦੇ ਵਿਚ ਗੈਰ-ਹਾਜ਼ਰ ਬੰਦਾ ਦੀ ਕੇਹੀ ਮਨੋਸਥਿਤੀ ਕਿ ਉਹ ਕਈ ਵਾਰ ਖੁਦ ਨੂੰ ਸੌੜੇ ਦਾਇਰਿਆਂ ਦਾ ਕੈਦੀ ਬਣਾ ਲੈਂਦਾ ਏ। ਵਰਨਾ ਉਹ ਤਾਂ ਅੰਬਰ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ। ਕਈ ਵਾਰ ਅੰਦਰਲਾ ਬੰਦਾ, ਇਕੱਲ ਦੇ ਆਲਮ ਵਿਚ ਰਾਤ ਵੇਲੇ ਰੂਹ ਦੀ ਤਖਤੀ 'ਤੇ ਲਿਖਦਾ ਇੰਜ ਰੋਂਦੇ ਜਜ਼ਬਾਤਾਂ ਨੂੰ ਕਿ ਉਹ ਰੱਜ ਕੇ ਰੋ ਵੀ ਲੈਂਦਾ ਪਰ ਫਿਰ ਵੀ ਪਤਾ ਨਹੀਂ ਲੱਗਣ ਦੇਂਦਾ ਰਾਤਾਂ ਨੂੰ। ਬੰਦੇ ਅੰਦਰ ਰਹਿੰਦੇ ਬੰਦੇ ਨੂੰ ਕਦੇ ਦੇਖਣਾ ਹੋਵੇ ਤਾਂ ਪਿੰਡ ਵਾਲਿਆਂ ਦੀ ਤਹਿਜ਼ੀਬ ਨੂੰ ਦੇਖਣਾ ਕਿ ਉਹ ਤੁਹਾਡੇ ਨਾਲ ਗੁੱਸੇ ਹੋ ਜਾਂਦੇ ਨੇ ਜੇ ਤੁਸੀਂ ਪਿੰਡ ਜਾ ਕੇ ਉਨ੍ਹਾਂ ਨੂੰ ਮਿਲ ਕੇ ਨਾ ਆਓ। ਬੰਦੇ ਵਿਚੋਂ ਬੰਦੇ ਦੀ ਗੈਰ-ਹਾਜ਼ਰੀ ਵੀ ਕੇਹੀ ਕਿ ਘਰ ਅੰਦਰੋਂ ਟੁੱਟ ਜਾਂਦੇ ਪਰ ਖੜ੍ਹੇ ਰਹਿ ਜਾਂਦੇ ਨੇ ਮਕਾਨ ਬੇਸ਼ਰਮਾਂ ਵਾਂਗ।

ਬੰਦੇ ਵਿਚ ਜਦ ਬੰਦਾ ਗੁੰਮ ਜਾਂਦਾ ਤਾਂ ਉਸਨੂੰ ਜਿਸਮ ਨੋਚਣ ਦਾ ਕੇਹਾ ਜਨੂੰਨ ਹੋ ਜਾਂਦਾ ਕਿ ਨਾਬਾਲਗ ਅਤੇ ਲਾਚਾਰ ਬੱਚੀਆਂ ਦੀ ਇਜ਼ਤ ਲੁੱਟਣਾ ਅਜੇਹੇ ਬੇਗ਼ੈਰਤਾਂ ਲਈ ਕਾਨੂੰਨ ਹੋ ਜਾਂਦਾ।

ਸਭ ਤੋਂ ਅਹਿਮ ਹੈ ਕਿ ਬੰਦੇ ਨੂੰ ਇਹ ਅਹਿਸਾਸ ਹੋਵੇ ਕਿ ਕੀ ਉਸਦੇ ਅੰਦਰਲਾ ਬੰਦਾ ਗੁੰਮ ਹੈ? ਕਿਉਂ ਗੁੰਮ ਹੋਇਆ? ਕਿਵੇਂ ਇਸਨੂੰ ਆਪਣੇ ਕੋਲ ਬੁਲਾਉਣਾ, ਸੀਨੇ ਨਾਲ ਲਾਉਣਾ, ਇਸ ਅੰਦਰਲੇ ਬੰਦੇ ਦੀ ਰਹਿਬਰੀ ਵਿਚੋਂ ਆਪਣੇ ਜੀਵਨ-ਜਾਚ ਨੂੰ ਕਮਾਉਣਾ ਅਤੇ ਸਮਾਜ ਨੂੰ ਸਿਹਤਮੰਦ ਅਤੇ ਸੇਧਮਈ ਵਰਤਾਰਿਆਂ ਦਾ ਜਾਗ ਲਾਉਣਾ।

ਵਾਸਤਾ ਈ ਲੋਕੋ! ਆਪਣੇ ਅੰਦਰਲੇ ਬੰਦੇ ਨੂੰ ਭਾਲੋ। ਆਪਣੀਆਂ ਰੂਹਾਂ ਨੂੰ ਹੰਘਾਲੋ। ਆਪਣੇ ਮਸਤਕ ਵਿਚ ਦੀਵਾ ਬਾਲੋ। ਜੀਵਨ-ਰਾਹਾਂ ਨੂੰ ਰੁਸ਼ਨਾਓ। ਆਪਣਾ ਗਵਾਚਿਆ ਖੁਦ ਹੀ ਪਾਓ ਤਾਂ ਕਿ ਤੁਹਾਡਾ ਆਪਣਾ, ਤੁਹਾਡੀਆਂ ਖ਼ੈਰਾਂ ਮੰਗਦਾ, ਤੁਹਾਡੀਆਂ ਬੁਲਾਵਾਂ ਉਤਾਰੇ ਅਤੇ ਤੁਹਾਡੀਆਂ ਮਾਣਮੱਤੀਆਂ ਪ੍ਰਾਪਤੀਆਂ 'ਤੇ ਘਰ ਆਉਣ 'ਤੇ ਪਾਣੀ ਵਾਰੇ। ਘਰ ਨੂੰ ਘਰ ਹੋਣ 'ਤੇ ਮਾਣ ਹੋਵੇ। ਜਦ ਘਰ, ਘਰ ਬਣ ਗਿਆ ਤਾਂ ਗਵਾਚੇ ਬੰਦੇ ਦਾ ਲਕਬ ਮੱਥੇ ਤੋਂ ਲਹਿ ਜਾਂਦਾ। ਫਿਰ ਬੰਦਾ ਸੱਚੀਂ ਆਪਣੇ ਅੰਦਰਲੇ ਬੰਦੇ ਨਾਲ ਇਕਸੁਰ ਅਤੇ ਇਕ ਸੋਚ ਹੁੰਦਾ। ਇਹੀ ਇਕਸੁਰਤਾ ਉਸਦੇ ਜੀਵਨ ਦਾ ਸਭ ਤੋਂ ਵੱਡਾ ਅਤੇ ਅਹਿਮ ਸੱਚ ਹੁੰਦਾ। ਕੀ ਤੁਸੀਂ ਕਦੇ ਇਸ ਸੱਚ ਨੂੰ ਸਮਝਣ ਅਤੇ ਕਮਾਉਣ ਦੀ ਲੋਚਾ ਪੈਦਾ ਕੀਤੀ ਹੈ? ਜੇ ਇਸ ਸੱਚ ਨੂੰ ਪਾਉਣਾ ਹੈ ਤਾਂ ਆਪਣੇ ਅੰਦਰਲੇ ਬੰਦੇ ਦੀ ਭਾਲ ਵਿਚ ਆਪਣੀ ਯਾਤਰਾ ਸ਼ੁਰੂ ਕਰੋ। ਪਰ ਇਹ ਯਾਤਰਾ ਸਿਰਫ਼ ਆਪਣੇ ਅੰਦਰੋਂ ਹੀ ਸ਼ੁਰੂ ਕਰਨੀ ਪਵੇਗੀ।

## ਸੰਪਾਦਕ ਦੀ ਡਾਕ

ਪੰਜਾਬ ਟਾਈਮਜ਼ ਦੇ 9 ਮਾਰਚ ਦੇ ਅੰਕ ਵਿਚ ਗੁਰਪ੍ਰੀਤ ਸਿੰਘ ਬਿਲਿੰਗ ਦਾ ਲੇਖ 'ਬਹੁਤ ਚੇਤੇ ਆਉਂਦੀ ਹੈ ਆਕਾਸ਼ਵਾਣੀ ਦੀ ਪੁਰਾਣੀ ਉਰਦੂ ਸਰਵਿਸ' ਪੜ੍ਹਿਆ। ਪੜ੍ਹ ਕੇ ਮੈਨੂੰ ਵੀ ਅਕਾਸ਼ਵਾਣੀ ਦੇ ਪੁਰਾਣੇ ਦਿਨ ਯਾਦ ਆ ਗਏ। ਉਰਦੂ ਸਰਵਿਸ ਮੇਰੀ ਪਸੰਦੀਦਾ ਸਰਵਿਸ ਸੀ। ਕਾਫ਼ੀ ਉਰਦੂ ਦੇ ਲਫਜ਼ ਇਹ ਸਰਵਿਸ ਸੁਣਦਿਆਂ ਸਿੱਖੇ। ਅਸੀਂ ਪਹਿਲਾਂ ਰੇਡੀਓ 'ਤੇ ਸੁਣਦੇ ਸੀ, ਫਿਰ ਏਆਈਆਰ ਦੀ ਐਪ 'ਤੇ ਸੁਣੀ ਪਰ ਹੁਣ ਇੱਥੇ ਵੀ ਬੰਦ ਕਰ ਦਿੱਤੀ ਗਈ ਹੈ ਪਰ ਵਿਵਿਧ ਭਾਰਤੀ ਦੀ ਸਰਵਿਸ ਸੁਣਦੇ ਹਾਂ, ਆਲ ਇੰਡੀਆ ਰੇਡੀਓ ਜਲੰਧਰ ਸੁਣਦੇ ਹਾਂ। ਅੱਗੇ ਅਸੀਂ ਪੋਸਟ ਕਾਰਡ 'ਤੇ ਫਰਮਾਇਸ਼ਾਂ ਭੇਜਦੇ ਸੀ, ਹੁਣ ਵ੍ਹਟਸਐਪ 'ਤੇ ਭੇਜਦੇ ਹਾਂ। ਰੇਡੀਓ ਸੁਣਨ ਦਾ ਅਤੇ ਆਪਣਾ ਨਾਮ ਸੁਣਨ ਦਾ ਭੁੱਸ ਅਜੇ ਵੀ ਕਾਇਮ ਹੈ। ਹੁਣ ਅਸੀਂ ਇੱਥੇ ਲੋਕਲ ਰੇਡੀਓ ਸੁਣਦੇ ਹਾਂ ਅਤੇ ਕਦੇ-ਕਦੇ ਫੋਨ ਕਰ ਕੇ ਪ੍ਰੋਗਰਾਮਾਂ ਵਿਚ ਸ਼ਾਮਲ ਹੁੰਦੇ ਹਾਂ। ਪਰ ਆਕਾਸ਼ਵਾਣੀ ਸਾਡੇ ਚੇਤਿਆਂ ਵਿਚ ਹਮੇਸ਼ਾ ਰਹੇਗਾ। ਅਸੀਂ ਵੱਡੇ ਰੇਡੀਓ ਤੋਂ ਲੈ ਕੇ ਪਾਕੇਟ ਰੇਡੀਓ ਤਕ ਪ੍ਰੋਗਰਾਮ ਸੁਣੇ ਹਨ। ਵਿਦੇਸ਼ ਵਿਚ ਆ ਕੇ ਇਕ ਵਾਰ ਤਾਂ ਆਕਾਸ਼ਵਾਣੀ ਦੀ ਬਹੁਤ ਕਮੀ ਮਹਿਸੂਸ ਹੋਈ ਪਰ ਫਿਰ ਇੰਟਰਨੈੱਟ ਅਤੇ ਐਪਸ ਦੀਆਂ ਸਹੂਲਤਾਂ ਨੇ ਸਾਨੂੰ ਫਿਰ ਆਕਾਸ਼ਵਾਣੀ ਨਾਲ ਜੋੜ ਦਿੱਤਾ। ਹੁਣ ਜਦੋਂ ਵੀ ਮੌਕਾ ਮਿਲਦਾ ਹੈ, ਰੇਡੀਓ ਜ਼ਰੂਰ ਸੁਣਦੇ ਹਾਂ। ਇੰਡੀਆ ਵਿਚ ਤਾਂ ਅਸੀਂ ਰੇਡੀਓ ਲਿਸਨਰਜ਼ ਕਲੱਬ ਵੀ ਬਣਾਏ ਹੋਏ ਸੀ। ਬੀ.ਬੀ.ਸੀ. ਤੋਂ ਲੈ ਕੇ ਰੇਡੀਓ ਸੀਲੋਨ ਤੋਂ ਲੈ ਕੇ ਵਿਦੇਸ਼ੀ ਰੇਡੀਓ ਸਟੇਸ਼ਨ ਹਮੇਸ਼ਾਂ ਸਾਡੇ ਰੇਡੀਓ ਤੋਂ ਚੱਲਦੇ ਸਨ। ਸਮੇਂ ਦੇ ਨਾਲ-ਨਾਲ ਰੇਡੀਓ ਨੇ ਵੀ ਨਵਾਂ ਰੂਪ ਲੈ ਲਿਆ ਹੈ, ਪਰ ਇਹ ਸਾਡੇ ਨਾਲ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਜੁੜਿਆ ਰਹੇਗਾ।

*-ਇੰਦਰਜੀਤ ਮੰਗਾ*
*ਪਿਟਸਬਰਗ (ਕੈਲੀਫੋਰਨੀਆ)*

*ਇਜ਼ਰਾਈਲ ਵੱਲੋਂ ਫਲਸਤੀਨੀਆਂ ਉਤੇ ਜੋ ਜ਼ੁਲਮ ਢਾਹਿਆ ਜਾ ਰਿਹਾ ਹੈ, ਉਸ ਦੀ ਹਰ ਪਾਸਿਓਂ ਨਿੰਦਾ ਹੋ ਰਹੀ ਹੈ। ਪਿਛਲੇ ਸਾਲ ਅਕਤੂਬਰ ਵਿਚ ਫਲਸਤੀਨੀਆਂ ਦੀ ਕੱਟੜ ਜਥੇਬੰਦੀ ਹਮਾਸ ਦੇ ਹਮਲਿਆਂ ਵਿਚ 1400 ਯਹੂਦੀ ਮਾਰੇ ਗਏ ਸਨ। ਉਸ ਤੋਂ ਬਾਅਦ ਇਜ਼ਰਾਈਲ ਦਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਗਾਜ਼ਾ ਉਤੇ ਲਗਾਤਾਰ ਬੰਬ ਵਰ੍ਹਾ ਰਿਹਾ ਹੈ। ਸਕੂਲ, ਹਸਪਤਾਲ ਤੱਕ ਵੀ ਬਖਸ਼ੇ ਨਹੀਂ ਗਏ। ਇਜ਼ਰਾਈਲ ਹਮਾਸ ਨੂੰ ਖਤਮ ਕਰਨ ਦੇ ਨਾਂ ‘ਤੇ ਫਲਸਤੀਨੀਆਂ ਦਾ ਘਾਣ ਕਰ ਰਿਹਾ ਹੈ। ਉਘੇ ਵਿਦਵਾਨ ਰਾਮਚੰਦਰ ਗੁਹਾ ਨੇ ਇਕ ਨਾਵਲ ਦੇ ਬਹਾਨੇ ਇਨ੍ਹਾਂ ਜ਼ੁਲਮਾਂ ਅਤੇ ਇਨ੍ਹਾਂ ਜ਼ੁਲਮਾਂ ਪਿਛਲੀ ਸਿਆਸਤ ਬਾਰੇ ਕੁਝ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ।*

# ਫਲਸਤੀਨ: ਨਾਵਲ ‘ਚੋਂ ਲੱਭੇ ਟਕਰਾਅ ਦੇ ਬੀਜ

ਬੰਗਲੌਰ ’ਚ ਪੁਰਾਣੀਆਂ ਕਿਤਾਬਾਂ ਦੀ ਇੱਕ ਵਧੀਆ ਦੁਕਾਨ ਵਿਚ ਘੁੰਮਦਿਆਂ, ਮੇਰੀ ਨਜ਼ਰ ਇੱਕ ਨਾਵਲ ’ਤੇ ਪਈ ਜਿਸ ਦਾ ਨਾਂ ਸੀ ‘ਵੈੱਨ ਆਈ ਲਿਵਡ ਇਨ ਮੌਡਰਨ ਟਾਈਮਜ਼’ (ਜਦੋਂ ਮੈਂ ਆਧੁਨਿਕ ਸਮੇਂ ਵਿਚ ਰਹਿੰਦੀ ਸਾਂ)। ਇਸ ਦੀ



ਲੇਖਕਾ ਲਿੰਡਾ ਗ੍ਰਾਂਟ ਬਾਰੇ ਪਹਿਲਾਂ ਕਦੇ ਕਦੇ ਪੜ੍ਹਿਆ ਸੁਣਿਆ ਨਹੀਂ ਸੀ ਪਰ ਨਾਵਲ ਦਾ ਸਿਰਲੇਖ ਧੂਹ ਪਾਉਣ ਵਾਲਾ ਸੀ, ਜਿਵੇਂ ਇਹ ਤੱਥ ਵੀ ਕਿ ਇਹ ਨਾਵਲ

**ਰਾਮਚੰਦਰ ਗੁਹਾ**

ਇਜ਼ਰਾਇਲੀ ਰਿਆਸਤ ਦੇ ਕਾਇਮ ਹੋਣ ਤੋਂ ਕੁਝ ਸਮਾਂ ਪਹਿਲਾਂ ਦੇ ਫਲਸਤੀਨ ਦੀ ਕਹਾਣੀ ਹੈ ਜਦੋਂ ਇਹ ਖਿੱਤਾ ਅੰਗਰੇਜ਼ਾਂ ਦੇ ਸ਼ਾਸਨ ਹੇਠ ਸੀ। ਮੇਰੇ ਲਈ ਇਹ ਦੋ ਕੁ ਗੱਲਾਂ ਹੀ ਕਿਤਾਬ ਖਰੀਦਣ ਲਈ ਕਾਫ਼ੀ ਸਨ। ਫਲਸਤੀਨ ਵਿਚ ਟਕਰਾਅ ਸੁਰਖੀਆਂ ਵਿਚ ਛਾਉਣ ਨਾਲ ਮੈਂ ਸੋਚਿਆ ਕਿ ਇਸ ਦੇ ਪਿਛੋਕੜ ਦਾ ਗਲਪੀ ਚਿਤਰਨ ਚਾਨਣ ਫੈਲਾ ਸਕਦਾ ਹੈ।


ਇਸ ਨੂੰ ਪੜ੍ਹ ਕੇ ਮੈਂ ਨਿਰਾਸ਼ ਨਹੀਂ ਹੋਇਆ। ਇਹ ਨਾਵਲ ਬਰਤਾਨੀਆ ਵਿਚ ਪਲੀ ਯਹੂਦੀ ਮੁਟਿਆਰ ਐਵਲੀਨ ਸਰਟ ਦੇ ਨਜ਼ਰੀਆ ਤੋਂ ਬਿਆਨ ਕੀਤਾ ਗਿਆ ਹੈ ਜੋ ਦੂਜੀ ਆਲਮੀ ਜੰਗ ਖ਼ਤਮ ਹੋਣ ਤੋਂ ਬਾਅਦ ਇਹ ਦੇਖਣ ਲਈ ਫਲਸਤੀਨ ਜਾਂਦੀ ਹੈ ਕਿ ਨਵੇਂ ਯਹੂਦੀ ਰਾਜ ਲਈ ਉਹ ਕੀ ਕਰ ਸਕਦੀ ਹੈ। ਉਹ ਕਿਬੁੱਤਜ਼ ਜਾ ਟਿਕਦੀ ਹੈ ਜਿਸ ਦੀ ਪ੍ਰਸਿੱਧੀ ਦਾ ਕੇਂਦਰਬਿੰਦੂ ਸਮਾਜਵਾਦੀ ਵਿਚਾਰਾਂ ਦਾ ਧਾਰਨੀ ਰੂਸੀ ਯਹੂਦੀ ਹੁੰਦਾ ਹੈ ਜਿਸ ਨੇ ਕਿਬੁੱਤਜ਼ ਦੇ ਟਿੱਬਿਆਂ ’ਤੇ ਫੁੱਲ ਟਹਿਕਣ ਲਾਉਣ ਦਾ ਤਹੱਈਆ ਕੀਤਾ ਹੋਇਆ ਸੀ।

ਕਿਬੁੱਤਜ਼ ਦੇ ਇਸ ਸਖ਼ਤਗੀਰ ਆਗੂ ਦੇ ਮਨ ਵਿਚ ਅਰਬਾਂ ਜੋ ਕਈ ਸਦੀਆਂ ਤੋਂ ਫਲਸਤੀਨ ਵਿਚ ਰਹਿ ਰਹੇ ਸਨ, ਪ੍ਰਤੀ ਕਾਫ਼ੀ ਮੰਦਭਾਵਨਾ ਭਰੀ ਹੋਈ ਸੀ। ਉਹ ਐਵਲੀਨ ਨੂੰ ਦੱਸਦਾ ਹੈ, “ਜੇ ਅੰਗਰੇਜ਼ ਚਲੇ ਜਾਂਦੇ ਹਨ ਤਾਂ ਅਸੀਂ ਪਹਿਲਾਂ ਨਰਮੀ ਨਾਲ ਰਾਜ ਕਰਾਂਗੇ, ਫਿਰ ਸਾਡੇ ਕੁਝ ਵਿਚਾਰ ਉਨ੍ਹਾਂ (ਅਰਬਾਂ) ’ਤੇ ਠੋਸੇ ਜਾਣਗੇ ਅਤੇ ਉਹ ਆਪਣੀ ਕਬਾਇਲੀ ਵਫ਼ਾਦਾਰੀ ਨੂੰ ਤਿਆਗ ਕੇ ਆਧੁਨਿਕ ਚੇਤਨਾ ਧਾਰਨ ਕਰਨਗੇ। ਇਹ ਕਰਨਾ ਪਵੇਗਾ ਜਾਂ ਫਿਰ ਉਨ੍ਹਾਂ ਨੂੰ ਇੱਥੋਂ ਚਲੇ ਜਾਣਾ ਚਾਹੀਦਾ ਹੈ। ਯਕੀਨਨ, ਉਹ ਇਸ ਵਿਸ਼ਾਲ ਅਰਬ ਸਰਜ਼ਮੀਨ ’ਤੇ ਆਪਣੇ ਲਈ ਕੋਈ ਹੋਰ ਟਿਕਾਣਾ ਲੱਭ ਸਕਦੇ ਹਨ? … ਅਸੀਂ ਇਸ ਜ਼ਮੀਨ ਦੇ ਉਨ੍ਹਾਂ ਨੂੰ ਪੈਸੇ ਦਿੱਤੇ ਹਨ ਅਤੇ ਉਨ੍ਹਾਂ ਇਹ ਜ਼ਮੀਨ ਸਾਨੂੰ ਵੇਚ ਦਿੱਤੀ ਸੀ, ਇਹ ਕੰਮ ਇਨ੍ਹਾਂ ਦੇ ਗ਼ੈਰ-ਮੌਜੂਦ ਮਾਲਕਾਂ ਨੇ ਕਰਵਾਇਆ ਸੀ। ਅਸੀਂ ਉਨ੍ਹਾਂ ਨੂੰ ਕਾਫ਼ੀ ਕੀਮਤ ਦਿੱਤੀ ਹੈ, ਅਸੀਂ ਇਨ੍ਹਾਂ ਨਾਲ ਕੋਈ ਧੋਖਾ ਨਹੀਂ ਕੀਤਾ, ਸਾਡੇ ਕਰਕੇ ਨਹੀਂ ਸਗੋਂ ਇਨ੍ਹਾਂ ਕਰ ਕੇ ਹੀ ਇਹ ਜ਼ਮੀਨ ਬੰਜਰ ਤੇ ਬਰਬਾਦ ਹੋਈ ਸੀ। ਮੈਨੂੰ ਨਹੀਂ ਪਤਾ ਕਿ ਉਹ ਇੱਥੇ ਕਿੰਨੇ ਚਿਰ ਤੋਂ ਰਹਿ ਰਹੇ ਹਨ - ਸ਼ਾਇਦ ਮੇਰੇ ਖਿਆਲ ਮੁਤਾਬਿਕ ਸਦੀਆਂ ਤੋਂ, ਪਰ ਜ਼ਰਾ ਦੇਖੋ ਕਿ ਸਿਰਫ਼ ਵੀਹਾਂ ਸਾਲਾਂ ਵਿਚ ਅਸੀਂ ਕੀ ਕੀਤਾ ਹੈ। ਅਤੇ ਕਿਉਂ? ਕਿਉਂਕਿ ਸਾਡਾ ਜਿਸ ਗੱਲ ਵਿਚ ਵਿਸ਼ਵਾਸ ਹੈ, ਉਹ ਹੈ ਭਵਿੱਖ।”

ਇਹ ਸਤਰਾਂ ਪੜ੍ਹ ਕੇ ਮੈਨੂੰ ਚੇਤੇ ਆਇਆ ਕਿ ਇਹੋ ਜਿਹੀਆਂ ਭਾਵਨਾਵਾਂ ਹੀ ਯਹੂਦੀ ਦਾਰਸ਼ਨਿਕ ਮਾਰਟਿਨ ਬੂਬਰ ਨੇ ਸੰਨ 1938 ਵਿਚ ਮਹਾਤਮਾ ਗਾਂਧੀ ਨੂੰ ਲਿਖੀ ਚਿੱਠੀ ਵਿਚ ਪ੍ਰਗਟ ਕੀਤੀਆਂ ਸਨ; ਹਾਲਾਂਕਿ ਉਸ ਕੱਟੜਪੰਥੀ ਯਹੂਦੀ ਤੋਂ ਉਲਟ ਬੂਬਰ, ਯਹੂਦੀਆਂ ਅਤੇ ਅਰਬਾਂ ਵਿਚਕਾਰ ਸੁਲ੍ਹਾ ਦਾ ਹਾਮੀ ਸੀ। ਇਹ ਗੱਲ ਵੱਖਰੀ ਹੈ ਕਿ ਉਹ ਯਹੂਦੀਆਂ ਨੂੰ ਉਨ੍ਹਾਂ ਦੇ ਸਿਖਿਅਕ ਵਜੋਂ ਦੇਖਦਾ ਸੀ। ਦਸਤੀ ਜ਼ਰਾਇਤ ਦੀ ਮੁੱਢਲੀ ਰਿਆਸਤ ਦੀ ਸ਼ਿਕਾਇਤ ਕਰਦਿਆਂ ਉਹ ਦਾਅਵਾ ਕਰਦਾ ਸੀ ਕਿ ਅਰਬਾਂ ਅਤੇ ਉਨ੍ਹਾਂ ਦੇ ਢੰਗ ਤਰੀਕਿਆਂ ਨੂੰ ਸੁਧਾਰਨ ਲਈ ਯਹੂਦੀ ਜ਼ਰੂਰੀ ਸਨ। ਜਿਵੇਂ ਉਹ ਆਖਦਾ ਸੀ: ‘ਧਰਤੀ ਨੂੰ ਪੁੱਛ ਕੇ ਦੇਖੋ ਕਿ ਅਰਬਾਂ ਨੇ ਤੇਰ੍ਹਾਂ ਸੌ ਸਾਲਾਂ ਵਿਚ ਉਸ ਲਈ ਕੀ ਕੀਤਾ ਹੈ ਅਤੇ ਅਸੀਂ ਪੰਜਾਹ ਸਾਲਾਂ ਵਿਚ ਕੀ ਕੀਤਾ ਹੈ! ਕੀ ਉਸ (ਧਰਤੀ) ਦਾ ਜਵਾਬ ਇਸ ਗੱਲ ਦੀ ਤਸਦੀਕ ਨਹੀਂ ਹੋਵੇਗਾ ਕਿ ਇਹ ਧਰਤੀ ਕਿਸ ਨਾਲ ਜੁੜੀ ਹੈ?’

ਮਾਰਟਿਨ ਬੂਬਰ ਫਲਸਤੀਨ ਦੇ ਅਰਬ ਵਸਨੀਕਾਂ ਨੂੰ ਤਕਨੀਕੀ ਲਿਹਾਜ਼ ਤੋਂ ਕਮਤਰ ਨਸਲ ਗਿਣਦਾ ਸੀ। ਉਸ ਨੇ ਗਾਂਧੀ ਨੂੰ ਦੱਸਿਆ ਸੀ, ‘ਇਹ ਜ਼ਮੀਨ ਸਾਨੂੰ ਪਛਾਣਦੀ ਹੈ ਕਿਉਂਕਿ ਇਹ ਸਾਡੇ ਜ਼ਰੀਏ ਜ਼ਰਖ਼ੇਜ਼ ਬਣੀ ਹੈ ਅਤੇ ਇਸ ਨੂੰ ਪਿਆ ਫ਼ਲ ਹੀ ਦੱਸਦਾ ਹੈ ਕਿ ਇਹ ਸਾਨੂੰ ਪਛਾਣਦੀ ਹੈ… ਯਹੂਦੀ ਕਿਸਾਨਾਂ ਨੇ ਆਪਣੇ ਅਰਬ ਕਿਸਾਨ ਭਰਾਵਾਂ ਨੂੰ ਜ਼ਮੀਨ ਨੂੰ ਦੱਬ ਕੇ ਜੋਤਣਾ ਸਿਖਾਉਣਾ ਸ਼ੁਰੂ ਕੀਤਾ। ਅਸੀਂ ਉਨ੍ਹਾਂ ਨੂੰ ਹੋਰ ਵੀ ਸਿਖਾਉਣ ਦੀ ਚਾਹਨਾ ਰੱਖਦੇ ਹਾਂ।’

ਲਿੰਡਾ ਗ੍ਰਾਂਟ ਦੇ ਨਾਵਲ ਦੀ ਸੂਤਰਧਾਰ ਕਿਬੁੱਤਜ਼ ਦੀ ਜ਼ਿੰਦਗੀ ਅਤੇ ਜਰਮਨੀ ਦੀ ਬਾਓਹਾਸ ਇਮਾਰਤਕਲਾ ਦੀ ਤਰਜ਼ ’ਤੇ ਉਸਾਰੇ ਗਏ ਤਲ ਅਵੀਵ ਸ਼ਹਿਰ ਵਿਚ ਕੀਤੇ ਸੰਘਰਸ਼ ਦੇ ਬਿਓਰੇ ਦਿੰਦੀ ਹੈ। ਯਹੂਦੀ ਬਸਤੀ ਵਿਚ ਅਪਾਰਟਮੈਂਟ ਕਿਰਾਏ ’ਤੇ ਲੈ ਕੇ ਰਹਿੰਦਿਆਂ ਉਹ ਬੀਬੀ ਲਿੰਜ਼ ਨੂੰ ਸਹੇਲੀ ਬਣਾ ਲੈਂਦੀ ਹੈ ਜੋ ਨਫ਼ੀਸ ਔਰਤ ਹੈ ਅਤੇ ਬਰਲਿਨ ਵਿਚ ਜੰਮੀ ਪਲੀ ਹੈ। ਲਿੰਜ ਉਸ ਨੂੰ ਦੱਸਦੀ ਹੈ, “ਸਾਡੇ ਯਹੂਦੀ ਸ਼ਹਿਰ ਵਿਚ ਵਿਗਿਆਨੀ ਤੇ ਇਤਿਹਾਸਕਾਰ ਤੇ ਸੰਗੀਤਕਾਰ, ਵਕੀਲ ਤੇ ਡਾਕਟਰ ਸਭ ਹਨ। ਅਰਬ ਅਨਪੜ੍ਹ ਹਨ ਅਤੇ ਉਹ ਸੜਕਾਂ ’ਤੇ ਤਰਬੂਜ਼ ਵੇਚਣ ਤੋਂ ਇਲਾਵਾ ਕੁਝ ਨਹੀਂ ਜਾਣਦੇ। ਕੀ ਆਧੁਨਿਕ ਯੁੱਗ ਦੇ ਸਾਰੇ ਅਗਾਂਹਵਧੂ ਵਿਚਾਰਾਂ ਦਾ ਦਿਲ ਖੋਲ੍ਹ ਕੇ ਸਵਾਗਤ ਕਰਨ ਵਾਲੀ ਇੱਕ ਉੱਦਮੀ, ਸੰਗਠਿਤ ਘੱਟਗਿਣਤੀ ਜੋ ਊਰਜਾ ਤੇ ਸਿੱਖਿਆ ਤੇ ਪ੍ਰਸ਼ਾਸਕੀ ਤਜਰਬੇ ਪੱਖੋਂ ਸਾਡੇ ਤੋਂ ਊਣੀ ਬਹੁਗਿਣਤੀ ਦੇ ਸ਼ਾਸਨ ਹੇਠ ਦਬ ਕੇ ਰਹਿ ਸਕਦੀ ਹੈ?”



*ਲਿੰਡਾ ਗ੍ਰਾਂਟ ਦੇ ਨਾਵਲ ਦਾ ਮੁਖੜਾ।*

*ਨਾਵਲ ਪੜ੍ਹਨ ਤੋਂ ਬਾਅਦ ਗੂਗਲ ’ਤੇ ਲਿੰਡਾ ਗ੍ਰਾਂਟ ਬਾਰੇ ਖੋਜ ਕਰ ਕੇ ਪਾਇਆ ਕਿ ਬਰਤਾਨਵੀ ਸਾਹਿਤਕ ਜਗਤ ਵਿਚ ਉਸ ਦਾ ਕਾਫ਼ੀ ਉੱਚਾ ਮੁਕਾਮ ਹੈ। ਪਿਛਲੇ ਸਾਲ ਨਵੰਬਰ ਵਿਚ ਪ੍ਰਕਾਸ਼ਿਤ ਹੋਏ ਲੇਖ ਵਿਚ ਗ੍ਰਾਂਟ ਨੇ ਬਰਤਾਨਵੀ ਯਹੂਦੀ ਵਜੋਂ ਹਿੰਸਾ ਦੇ ਹਾਲੀਆ ਦੌਰ ਦੇ ਮੱਦੇਨਜ਼ਰ ਆਪਣੀ ਬੇਚੈਨੀ ਜ਼ਾਹਿਰ ਕੀਤੀ ਸੀ। ਉਸ ਨੂੰ ਅਫ਼ਸੋਸ ਹੈ ਕਿ ਫਲਸਤੀਨੀਆਂ ਦੀ ਹਮਾਇਤ ਕਰਨ ਵਾਲੇ ਬਰਤਾਨਵੀ ਲੇਖਕਾਂ ਅਤੇ ਕਲਾਕਾਰਾਂ ਨੇ ਇਜ਼ਰਾਇਲੀ ਨਾਗਰਿਕਾਂ ਦੇ ਕਤਲਾਂ ਦੀ ਸਾਫ਼ ਲਫ਼ਜ਼ਾਂ ਵਿਚ ਨਿੰਦਾ ਨਹੀਂ ਕੀਤੀ।*



*ਲੇਖਕਾ ਲਿੰਡਾ ਗ੍ਰਾਂਟ*

ਉਸ ਸ਼ਹਿਰ ਵਿਚ ਐਵਲੀਨ ਦਾ ਇੱਕ ਨੌਜਵਾਨ ਯਹੂਦੀ ਅਤਿਵਾਦੀ ਨਾਲ ਪਿਆਰ ਸ਼ੁਰੂ ਹੋ ਜਾਂਦਾ ਹੈ ਜੋ ਹਥਿਆਰਬੰਦ ਗਰੁੱਪ ਇਰਗੁਨ ਨਾਲ ਜੁੜਿਆ ਹੁੰਦਾ ਹੈ। ਉਹ ਮੁੰਡਾ ਇਰਗੁਨ ਵਿਚ ਕਿੰਗ ਡੇਵਿਡ ਹੋਟਲ ਵਿਚ ਕੀਤੀ ਗਈ ਬੰਬਾਰੀ ’ਤੇ ਕੋਈ ਪਛਤਾਵਾ ਜ਼ਾਹਰ ਨਹੀਂ ਕਰਦਾ ਜਿਸ ਵਿਚ ਬਹੁਤ ਸਾਰੇ ਯਹੂਦੀ ਵੀ ਮਾਰੇ ਜਾਂਦੇ ਹਨ (ਹਾਲਾਂਕਿ ਉਸ ਦਾ ਮੁੱਖ ਨਿਸ਼ਾਨਾ ਬਰਤਾਨਵੀ ਅਫ਼ਸਰ ਹੁੰਦੇ ਹਨ)। “ਸੁਣ ਐਵਲੀਨ, ਜੇ ਤੁਸੀਂ ਕਿਸੇ ਸ਼ਹਿਰ ਨੂੰ ਮੁੱਢੋਂ ਸੁੱਢੋਂ ਤਬਦੀਲ ਕਰਨਾ ਹੈ ਤਾਂ ਤੁਹਾਨੂੰ ਉਸ ਵਿਚ ਬੰਬ ਲਾਉਣਾ ਪਵੇਗਾ। ਜਦੋਂ ਹਰ ਚੀਜ਼ ਤਹਿਸ ਨਹਿਸ ਹੋ ਜਾਵੇ ਤਾਂ ਤੁਸੀਂ ਨਵੇਂ ਸਿਰੇ ਤੋਂ ਇਸ ਦਾ ਨਿਰਮਾਣ ਸ਼ੁਰੂ ਕਰ ਸਕਦੇ ਹੋ। ਤੁਸੀਂ ਬੰਬ ਧਮਾਕੇ ਵਾਲੀ ਜਗ੍ਹਾ ਕਿਸੇ ਵੀ ਤਰ੍ਹਾਂ ਦਾ ਸੁਫ਼ਨਾ ਚਸਪਾ ਕਰ ਸਕਦੇ ਹੋ।”

ਨਾਵਲ ਦਾ ਅੰਤ ਉਦੋਂ ਹੁੰਦਾ ਹੈ ਜਦੋਂ ਸੂਤਰਧਾਰ ਆਪਣੀ ਉਮਰ ਦੇ ਸੱਤਰਵਿਆਂ ਵਿਚ ਪਹੁੰਚ ਚੁੱਕੀ ਹੁੰਦੀ ਹੈ ਅਤੇ ਆਪਣੀ ਜ਼ਿੰਦਗੀ ’ਤੇ ਪਿੱਛਲਝਾਤ ਕਰਾ ਰਹੀ ਹੁੰਦੀ ਹੈ। ਫਲਸਤੀਨ ਵਿਚ ਇੱਕ ਸਾਲ ਰਹਿਣ ਤੋਂ ਬਾਅਦ ਉਹ ਵਾਪਸ ਇੰਗਲੈਂਡ ਚਲੀ ਜਾਂਦੀ ਹੈ ਜਿੱਥੇ ਉਹ ਇੱਕ ਯਹੂਦੀ ਸੰਗੀਤਕਾਰ ਨਾਲ ਵਿਆਹ ਕਰਵਾ ਲੈਂਦੀ ਹੈ ਅਤੇ ਦੋ ਬੱਚਿਆਂ ਦੀ ਮਾਂ ਬਣ ਜਾਂਦੀ ਹੈ। ਆਪਣੇ ਪਤੀ ਦੀ ਮੌਤ ਤੋਂ ਬਾਅਦ ਉਹ ਵਾਪਸ ਤਲ ਅਵੀਵ ਜਾਣ ਦਾ ਫ਼ੈਸਲਾ ਕਰਦੀ ਹੈ ਅਤੇ ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲ ਉੱਥੇ ਹੀ ਬਿਤਾਉਂਦੀ ਹੈ। ਉਸ ਦੀ ਪੁਰਾਣੀ ਗੁਆਂਢੀ ਬੀਬੀ ਲਿੰਜ ਹਾਲੇ ਵੀ ਉੱਥੇ ਹੈ ਅਤੇ ਇਜ਼ਰਾਇਲੀ ਸਟੇਟ ਤੇ ਫ਼ੌਜ ਵੱਲੋਂ ਫਲਸਤੀਨੀ ਲੋਕਾਂ ’ਤੇ ਕੀਤੇ ਜਾ ਰਹੇ ਜ਼ੁਲਮਾਂ ਦੀ ਸ਼ਿਕਾਇਤ ਕਰਦੀ ਹੈ। ਜਦੋਂ ਬੀਬੀ ਲਿੰਜ ਇਨ੍ਹਾਂ ਜ਼ੁਲਮਾਂ ਬਾਰੇ ਐਵਲੀਨ ਨੂੰ ਦੱਸਦੀ ਹੈ ਤਾਂ ਉਹ ਅੱਗੋਂ ਕਹਿੰਦੀ ਹੈ, “ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦੀ। ਇਹ ਸਭ ਕੁਝ ਸੁਣ ਕੇ ਹੀ ਮੈਂ ਬਹੁਤ ਦੁਖੀ ਹਾਂ ਕਿ ਕੋਈ ਐਨਾ ਜ਼ੁਲਮ ਕਿਵੇਂ ਕਰ ਸਕਦਾ ਹੈ, ਖ਼ਾਸਕਰ ਯਹੂਦੀ। ਬਿਨਾਂ ਸ਼ੱਕ, ਫਲਸਤੀਨੀ ਵੀ ਇਸੇ ਤਰ੍ਹਾਂ ਦੇ ਕਾਰੇ ਕਰਨ ਦੇ ਸਮੱਰਥ ਹਨ ਜਿਵੇਂ ਮੈਂ ਕੈਂਪਾਂ ਵਿਚ ਮਿਲੇ ਕੁਝ ਲੋਕਾਂ ਤੋਂ ਸੁਣਿਆ ਹੈ ਪਰ ਇਹ ਕਦੇ-ਕਦਾਈਂ ਵਾਪਰਨ ਵਾਲੀਆਂ ਘਟਨਾਵਾਂ ਹਨ, ਦਸਤੂਰ ਨਹੀਂ ਹਨ।”

ਕਿਤਾਬ ਦੇ ਆਖ਼ਰੀ ਪੈਰੇ ਵਿਚ ਇੱਕ ਨਾਟਕ ਦਾ ਜ਼ਿਕਰ ਕੀਤਾ ਗਿਆ ਹੈ ਜੋ ਬੀਬੀ ਲਿੰਜ ਅਤੇ ਐਵਲੀਨ ਨੇ ਹਾਲ ਹੀ ਵਿਚ ਦੇਖਿਆ ਸੀ। ਇਸ ਵਿਚ ‘ਗਾਜ਼ਾ ਵਿਚ ਸਾਡੇ ਫ਼ੌਜੀਆਂ ਵੱਲੋਂ ਕੀਤੇ ਗਏ ਅੱਤਿਆਚਾਰਾਂ’ ਦਾ ਵਰਨਣ ਕੀਤਾ ਗਿਆ ਹੈ। ਅਗਲੀ ਸਤਰ ਵਿਚ ਅਜਿਹੀ ਜਗ੍ਹਾ ਦੀ ਗੱਲ ਕੀਤੀ ਗਈ ਹੈ ਜਿੱਥੇ ‘ਹਮਾਸ ਨੇ ਇੱਕ ਕੈਫ਼ੇ ਵਿਚ ਬੰਬ ਧਮਾਕਾ ਕੀਤਾ ਸੀ ਅਤੇ ਕੇਕ ਦੇ ਟੁਕੜੇ ਉਨ੍ਹਾਂ ਦੇ ਗੁਆਂਢ ਦੇ ਫਲੈਟਾਂ ਦੀਆਂ ਖਿੜਕੀਆਂ ’ਚੋਂ ਆ ਕੇ ਡਿੱਗੇ ਸਨ।’

‘ਵੈੱਨ ਆਈ ਲਿਵਡ ਇਨ ਮੌਡਰਨ ਟਾਈਮਜ਼’ 1990ਵਿਆਂ ਵਿਚ ਲਿਖਿਆ ਗਿਆ ਸੀ ਜਦੋਂਕਿ ਵੈਸਟ ਬੈਂਕ ਖੇਤਰ ਵਿਚ ਯਹੂਦੀ ਬਸਤੀਆਂ ਦੀ ਉਸਾਰੀ ਅਤੇ ਫਲਸਤੀਨੀ ਇੰਤਫਾਦਾ (ਨਾਫ਼ਰਮਾਨੀ ਲਹਿਰ) ਦੇ ਉਭਾਰ ਨਾਲ ਓਸਲੋ ਸੰਧੀ ਦੀ ਨਾਕਾਮੀ ਜ਼ਾਹਿਰ ਹੋ ਗਈ ਸੀ। ਅਜਿਹੇ ਮਾਹੌਲ ਵਿਚ ਲਿੰਡਾ ਗ੍ਰਾਂਟ ਨੇ 1940ਵਿਆਂ ਦੇ ਦਹਾਕੇ ਵਿਚ ਇਸ ਟਕਰਾਅ ਦੀ ਉਤਪਤੀ ਦਾ ਗਲਪੀ ਬਿਰਤਾਂਤ ਦੇਣ ਦਾ ਉੱਦਮ ਸ਼ੁਰੂ ਕੀਤਾ ਸੀ। ਹੁਣ ਜਦੋਂ ਇਹ ਟਕਰਾਅ ਬਹੁਤ ਹੀ ਵਹਿਸ਼ੀਆਨਾ ਰੂਪ ਧਾਰਨ ਕਰ ਗਿਆ ਹੈ ਤਾਂ ਇਸ ਕਿਤਾਬ ਨੂੰ ਪੜ੍ਹਨਾ ਇੱਕ ਬਹੁਤ ਹੀ ਗਹਿਰਾ ਤੇ ਮਾਰਮਿਕ ਅਨੁਭਵ ਦਿੰਦਾ ਹੈ। ਅਰਬਾਂ ਪ੍ਰਤੀ ਸਭਿਆਚਾਰਕ ਸਖ਼ਤਾਈ ਅਤੇ ਕੱਟੜਪੰਥੀ ਇਜ਼ਰਾਇਲੀਆਂ ਵੱਲੋਂ ਹਿੰਸਾ ਦੀ ਕੀਤੀ ਜਾਂਦੀ ਪ੍ਰੋੜਤਾ ਯਹੂਦੀ ਸਟੇਟ ਦੀ ਬੁਨਿਆਦ ਵਿਚੋਂ ਝਲਕਦੀ ਹੈ। ਇਸ ਦੇ ਨਾਲ ਹੀ ਇਹ ਨਾਵਲ ਯਹੂਦੀਆਂ ਵੱਲੋਂ ਝੱਲੇ ਗਏ ਤਸੀਹਿਆਂ, ਯੂਰਪ ਵਿਚ ਯਹੂਦੀਆਂ ਪ੍ਰਤੀ ਨਫ਼ਰਤ, ਹਿਟਲਰ ਵੱਲੋਂ ਕੀਤੇ ਗਏ ਕਤਲੇਆਮ ਅਤੇ ਇਜ਼ਰਾਈਲ ਦੇ ਗਠਨ ਤੋਂ ਬਾਅਦ ਸਮੁੱਚੇ ਮੱਧ ਪੂਰਬ ਵਿਚ ਯਹੂਦੀਆਂ ਦੇ ਦਮਨ ਦਾ ਚੇਤਾ ਕਰਾਉਂਦਾ ਹੈ। ਨਵਾਂ ਰਾਜ ਦੁਨੀਆ ਭਰ ਵਿਚ ਯਹੂਦੀਆਂ ਲਈ ਸਭ ਤੋਂ ਵੱਧ ਸੁਰੱਖਿਅਤ ਜਗ੍ਹਾ ਬਣ ਗਿਆ ਹੈ ਜਿਸ ਕਰ ਕੇ ਇਸ ਦੀ ਰਾਖੀ ਲਈ ਉਹ ਸਭ ਕੁਝ ਕਰਨ ਲਈ ਤਿਆਰ ਹੋ ਜਾਂਦੇ ਹਨ।

ਨਾਵਲ ਨੂੰ ਪੜ੍ਹਨ ਤੋਂ ਬਾਅਦ ਮੈਂ ਗੂਗਲ ’ਤੇ ਲਿੰਡਾ ਗ੍ਰਾਂਟ ਬਾਰੇ ਖੋਜ ਕਰ ਕੇ ਪਾਇਆ ਕਿ ਬਰਤਾਨਵੀ ਸਾਹਿਤਕ ਜਗਤ ਵਿਚ ਉਸ ਦਾ ਕਾਫ਼ੀ ਉੱਚਾ ਮੁਕਾਮ ਹੈ। ਪਿਛਲੇ ਸਾਲ ਨਵੰਬਰ ਵਿਚ ਪ੍ਰਕਾਸ਼ਿਤ ਹੋਏ ਲੇਖ ਵਿਚ ਗ੍ਰਾਂਟ ਨੇ ਬਰਤਾਨਵੀ ਯਹੂਦੀ ਵਜੋਂ ਹਿੰਸਾ ਦੇ ਹਾਲੀਆ ਦੌਰ ਦੇ ਮੱਦੇਨਜ਼ਰ ਆਪਣੀ ਬੇਚੈਨੀ ਜ਼ਾਹਿਰ ਕੀਤੀ ਸੀ। ਉਸ ਨੂੰ ਅਫ਼ਸੋਸ ਹੈ ਕਿ ਫਲਸਤੀਨੀਆਂ ਦੀ ਹਮਾਇਤ ਕਰਨ ਵਾਲੇ ਬਰਤਾਨਵੀ ਲੇਖਕਾਂ ਅਤੇ ਕਲਾਕਾਰਾਂ ਨੇ ਇਜ਼ਰਾਇਲੀ ਨਾਗਰਿਕਾਂ ਦੇ ਕਤਲਾਂ ਦੀ ਸਾਫ਼ ਲਫ਼ਜ਼ਾਂ ਵਿਚ ਨਿੰਦਾ ਨਹੀਂ ਕੀਤੀ। ਉਹ ਖ਼ੁਦ ਵੀ ਹਮਾਸ ਵੱਲੋਂ ਕੀਤੇ ਗਏ ਅਪਰਾਧਾਂ ਅਤੇ ਬੈਂਜਾਮਿਨ ਨੇਤਨਯਾਹੂ ਸਰਕਾਰ ਵੱਲੋਂ ਕੀਤੀ ਗਈਆਂ ਵਹਿਸ਼ੀਆਨਾ ਕਾਰਵਾਈਆਂ, ਗਾਜ਼ਾ ਵਿਚ ਕੀਤੀ ਅੰਨ੍ਹੇਵਾਹ ਬੰਬਾਰੀ, ਆਮ ਨਾਗਰਿਕਾਂ ਨੂੰ ਖਾਣ ਪੀਣ ਦੀਆਂ ਵਸਤਾਂ ਤੋਂ ਮਹਿਰੂਮ ਕਰਨ ਦੀ ਮੁਖ਼ਾਲਫ਼ਤ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਬਰਤਾਨਵੀ ਯਹੂਦੀਆਂ ਕੋਲ ਅਜਿਹੀ ਰਣਨੀਤੀ ਦੀ ਘਾਟ ਹੈ ਜੋ ਇਜ਼ਰਾਇਲੀ ਵਿਸਤਾਰਵਾਦ ਅਤੇ ਹਮਾਸ ਦੇ ਨਿਹਵਾਦ ਦੇ ਆਪਾਵਿਰੋਧ ਨੂੰ ਇਕਸੁਰ ਕਰ ਸਕੇ। ਉਸ ਦਾ ਖਿਆਲ ਹੈ ਕਿ ਸ਼ਾਇਦ ਇਸ ਟਕਰਾਅ ਦਾ ਕੋਈ ਹੱਲ ਨਾ ਨਿਕਲ ਸਕੇ।’

ਹੱਲ ਨਿਕਲ ਵੀ ਸਕਦਾ ਹੈ ਜਾਂ ਫਿਰ ਨਹੀਂ ਵੀ ਨਿਕਲ ਸਕਦਾ। ਮੇਰੇ ਖਿਆਲ ਮੁਤਾਬਿਕ ਇਸ ਟਕਰਾਅ ਨੂੰ ਸੁਲਝਾਉਣ ਦਾ ਕੋਈ ਮੌਕਾ ਤਦ ਹੀ ਬਣ ਸਕਦਾ ਹੈ ਜਦੋਂ ਯਹੂਦੀਆਂ ਜਾਂ ਅਰਬਾਂ ਦੀ ਬਜਾਇ ਉਹ ਦੇਸ਼ ਪਹਿਲ ਕਰਨ ਜਿਨ੍ਹਾਂ ਨੇ ਇਹ ਸਮੱਸਿਆ ਮੁੱਢ ਤੋਂ ਪੈਦਾ ਕੀਤੀ ਸੀ। ਗ੍ਰਾਂਟ ਦੇ ਨਾਵਲ ਵਿਚ ਇੱਕ ਬਰਤਾਨਵੀ ਅਫ਼ਸਰ ਕਹਿੰਦਾ ਹੈ, “ਅਰਬਾਂ ਨਾਲ ਸੰਪਰਕ ਕਰਨ ਦੀ ਦਿੱਕਤ ਇਹ ਹੈ ਕਿ ਉਨ੍ਹਾਂ ਕੋਲ ਹਮੇਸ਼ਾ ਲੀਡਰਸ਼ਿਪ ਅਤੇ ਸੰਗਠਨ ਦੀ ਘਾਟ ਰਹੀ ਹੈ ਜਿਸ ਦਾ ਯਹੂਦੀ ਹਮੇਸ਼ਾ ਫ਼ਾਇਦਾ ਚੁੱਕਦੇ ਆਏ ਹਨ। ਮੁੱਕਦੀ ਗੱਲ ਇਹ ਹੈ ਕਿ ਇਹ ਜ਼ਮੀਨ ਅਰਬਾਂ ਦੀ ਹੈ ਪਰ ਹੁਣ ਇਸ ਉਪਰ ਯਹੂਦੀਆਂ ਦਾ ਕਬਜ਼ਾ ਹੈ। ਉਂਝ, ਇੱਥੇ ਯੂਰਪੀਆਂ ਦੀ ਮੌਜੂਦਗੀ ਨਾਲ ਸਾਡੇ ਕੌਮੀ ਹਿੱਤਾਂ ਦੀ ਪੂਰਤੀ ਹੋ ਸਕੇਗੀ।”

ਸੰਨ 1917 ਦੇ ਬੈਲਫੋਰ ਐਲਾਨਨਾਮੇ ਜ਼ਰੀਏ ਯਹੂਦੀਆਂ ਦਾ ਆਪਣਾ ਦੇਸ਼ ਕਾਇਮ ਕਰਨ ਦਾ ਵਾਅਦਾ ਕਰ ਕੇ ਅੰਗਰੇਜ਼ਾਂ ਨੇ ਇਜ਼ਰਾਈਲ ਦੇ ਗਠਨ ਲਈ ਪਹਿਲਾ ਵੱਡਾ ਹੁਲਾਰਾ ਦਿੱਤਾ ਸੀ। ਯਹੂਦੀਆਂ ਦੇ ਦਮਨ ਅਤੇ ਫਿਰ ਕਤਲੇਆਮ ਰਾਹੀਂ ਜਰਮਨਾਂ ਨੇ ਇਸ ਨੂੰ ਦੂਜਾ ਹੁਲਾਰਾ ਦਿੱਤਾ ਸੀ। ਇਜ਼ਰਾਈਲ ਦੇ ਗਠਨ ਅਤੇ ਖ਼ਾਸਕਰ 1967 ਦੀ ਜੰਗ ਤੋਂ ਬਾਅਦ ਇਸ (ਇਜ਼ਰਾਈਲ) ਵੱਲੋਂ ਫਲਸਤੀਨੀਆਂ ਦੇ ਹੱਕਾਂ ਦੇ ਨਿਰੰਤਰ ਹਨਨ ਨੂੰ ਅਮਰੀਕਾ ਨੇ ਹੱਲਾਸ਼ੇਰੀ ਦਿੱਤੀ। ਇਜ਼ਰਾਇਲੀ ਸਟੇਟ ਨੂੰ ਹਥਿਆਰ ਤੇ ਵਿੱਤੀ ਸਾਧਨ ਮੁਹੱਈਆ ਕਰਵਾ ਕੇ, ਯਹੂਦੀ ਬਸਤੀਆਂ ਦੇ ਵਿਸਤਾਰ ਨੂੰ ਨਜ਼ਰਅੰਦਾਜ਼ ਅਤੇ ਸੰਯੁਕਤ ਰਾਸ਼ਟਰ ਵਿਚ ਅਮਨ ਦੀਆਂ ਤਜਵੀਜ਼ਾਂ ਨੂੰ ਵੀਟੋ ਕਰ ਕੇ ਇਸ ਨੂੰ ਮਜ਼ਬੂਤ ਕੀਤਾ ਜਾਂਦਾ ਰਿਹਾ ਹੈ। ਫਲਸਤੀਨ ਵਿਚ ਲੰਮੇ ਅਰਸੇ ਤੋਂ ਚਲੇ ਆ ਰਹੇ ਅਤੇ ਜ਼ਾਹਰਾ ਤੌਰ ’ਤੇ ਹੱਲ ਨਾ ਹੋਣ ਸਕਣ ਵਾਲੇ ਇਸ ਟਕਰਾਅ ਲਈ ਯਹੂਦੀਆਂ ਅਤੇ ਅਰਬਾਂ ਨਾਲੋਂ ਬਰਤਾਨੀਆ ਤੇ ਜਰਮਨੀ, ਖ਼ਾਸਕਰ ਅਮਰੀਕਾ ਜ਼ਿਆਦਾ ਕਸੂਰਵਾਰ ਹਨ।

*ਸੰਨ 1917 ਦੇ ਬੈਲਫੋਰ ਐਲਾਨਨਾਮੇ ਜ਼ਰੀਏ ਯਹੂਦੀਆਂ ਦਾ ਆਪਣਾ ਦੇਸ਼ ਕਾਇਮ ਕਰਨ ਦਾ ਵਾਅਦਾ ਕਰ ਕੇ ਅੰਗਰੇਜ਼ਾਂ ਨੇ ਇਜ਼ਰਾਈਲ ਦੇ ਗਠਨ ਲਈ ਪਹਿਲਾ ਵੱਡਾ ਹੁਲਾਰਾ ਦਿੱਤਾ ਸੀ। ਯਹੂਦੀਆਂ ਦੇ ਦਮਨ ਅਤੇ ਫਿਰ ਕਤਲੇਆਮ ਰਾਹੀਂ ਜਰਮਨਾਂ ਨੇ ਇਸ ਨੂੰ ਦੂਜਾ ਹੁਲਾਰਾ ਦਿੱਤਾ ਸੀ। ਇਜ਼ਰਾਈਲ ਦੇ ਗਠਨ ਅਤੇ ਖ਼ਾਸਕਰ 1967 ਦੀ ਜੰਗ ਤੋਂ ਬਾਅਦ ਇਸ (ਇਜ਼ਰਾਈਲ) ਵੱਲੋਂ ਫਲਸਤੀਨੀਆਂ ਦੇ ਹੱਕਾਂ ਦੇ ਨਿਰੰਤਰ ਹਨਨ ਨੂੰ ਅਮਰੀਕਾ ਨੇ ਹੱਲਾਸ਼ੇਰੀ ਦਿੱਤੀ। ਇਜ਼ਰਾਇਲੀ ਸਟੇਟ ਨੂੰ ਹਥਿਆਰ ਤੇ ਵਿੱਤੀ ਸਾਧਨ ਮੁਹੱਈਆ ਕਰਵਾ ਕੇ, ਯਹੂਦੀ ਬਸਤੀਆਂ ਦੇ ਵਿਸਤਾਰ ਨੂੰ ਨਜ਼ਰਅੰਦਾਜ਼ ਅਤੇ ਸੰਯੁਕਤ ਰਾਸ਼ਟਰ ਵਿਚ ਅਮਨ ਦੀਆਂ ਤਜਵੀਜ਼ਾਂ ਨੂੰ ਵੀਟੋ ਕਰ ਕੇ ਇਸ ਨੂੰ ਮਜ਼ਬੂਤ ਕੀਤਾ ਜਾਂਦਾ ਰਿਹਾ ਹੈ। ਫਲਸਤੀਨ ਵਿਚ ਲੰਮੇ ਅਰਸੇ ਤੋਂ ਚਲੇ ਆ ਰਹੇ ਅਤੇ ਜ਼ਾਹਰਾ ਤੌਰ ’ਤੇ ਹੱਲ ਨਾ ਹੋਣ ਸਕਣ ਵਾਲੇ ਇਸ ਟਕਰਾਅ ਲਈ ਯਹੂਦੀਆਂ ਅਤੇ ਅਰਬਾਂ ਨਾਲੋਂ ਬਰਤਾਨੀਆ ਤੇ ਜਰਮਨੀ, ਖ਼ਾਸਕਰ ਅਮਰੀਕਾ ਜ਼ਿਆਦਾ ਕਸੂਰਵਾਰ ਹਨ।*

# ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਕੌਮੀ ਸੁਰੱਖਿਆ


ਉਮੀਦ ਲਾਈ ਜਾ ਰਹੀ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ (ਮਸਨੂਈ ਬੁੱਧੀ) ਖੁਫੀਆ ਜਾਣਕਾਰੀਆਂ ਇਕੱਤਰ ਕਰਨ ਤੇ ਇਨ੍ਹਾਂ ਨੂੰ ਸਮਝਣ ਦੇ ਸਾਰੇ ਪਹਿਲੂਆਂ ਨੂੰ ਬਿਹਤਰ ਕਰੇਗੀ। ਇਸ ਨਾਲ ਜਲਦੀ ਤੇ ਸਹੀ ਫ਼ੈਸਲੇ ਲਏ ਜਾ ਸਕਣਗੇ। ਅੱਜ ਦੀ ਪੀੜ੍ਹੀ ਨੂੰ ਸ਼ਾਇਦ ਯਾਦ ਨਾ ਹੋਵੇ ਕਿ ਇਸੇ ਤਰ੍ਹਾਂ ਦਾ ਰੌਲਾ 1998-99 ਵਿਚ ਵੀ ਸੀ ਜਦ ਸੀਆਈਏ ਦੇ ਤਤਕਾਲੀ ਡਾਇਰੈਕਟਰ ਜੌਰਜ ਟੈਨੈੱਟ ਨੇ 'ਇਨ-ਕਿਊ-ਟੈੱਲ' ਦਾ ਗਠਨ ਕੀਤਾ ਸੀ। ਇਹ ਪ੍ਰਾਈਵੇਟ ਖੇਤਰ ਦੀਆਂ ਫਰਮਾਂ ਦਾ 'ਹਾਈਬ੍ਰਿਡ' ਮਾਡਲ ਸੀ ਜਿਸ ਨੇ ਸਰਕਾਰ ਵੱਲੋਂ ਚਲਾਏ ਜਾ ਰਹੇ ਤਕਨੀਕੀ ਮਾਡਲਾਂ ਨਾਲ ਕੰਮ ਕਰਨਾ ਸੀ। ਇਸ ਦਾ ਅਸਲ ਨਾਂ 'ਪੈਲੀਅਸ' ਸੀ ਜਿਸ ਨੂੰ ਜੇਮਜ਼

**ਵਾਪੱਲਾ ਬਾਲਚੰਦਰਨ**

ਬਾਂਡ ਫਿਲਮਾਂ ਵਿਚਲੀ 'ਕਿਊ' ਯਾਦ ਕਰਾਉਣ ਲਈ ਬਦਲ ਕੇ 'ਇਨ-ਕਿਊ-ਟੈੱਲ' ਕਰ ਦਿੱਤਾ ਗਿਆ। ਇਸ ਦਾ ਮੰਤਵ ਅਮਰੀਕੀ ਖੁਫ਼ੀਆ ਏਜੰਸੀਆਂ ਕੋਲ 'ਅਲੱਗ-ਥਲੱਗ' ਪਈਆਂ ਵੱਡੀ ਗਿਣਤੀ ਜਾਣਕਾਰੀਆਂ ਨੂੰ ਛਾਂਟਣ ਤੇ ਲੜੀਬੱਧ ਕਰਨ ਵਿਚ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨਾ ਸੀ।

ਖੋਜੀ ਪੱਤਰਕਾਰ ਸ਼ਿਮੋਰ ਹਰਸ਼ ਨੇ 28 ਨਵੰਬਰ, 1999 ਨੂੰ 'ਦਿ ਨਿਊ ਯਾਰਕਰ' ਅਖ਼ਬਾਰ ਵਿਚ ਪ੍ਰਕਾਸ਼ਿਤ ਆਪਣੇ ਲੇਖ 'ਦਿ ਇੰਟੈਲੀਜੈਂਸ ਗੈਪ' ਵਿਚ ਨੈਸ਼ਨਲ ਸਕਿਉਰਿਟੀ ਏਜੰਸੀ (ਐੱਨ.ਐੱਸ.ਏ.) ਅੱਗੇ ਬਣੀ ਇਸ ਮੁਸ਼ਕਲ ਨੂੰ ਸਾਹਮਣੇ ਲਿਆਂਦਾ ਸੀ। 'ਇਨ-ਕਿਊ-ਟੈੱਲ' ਦਾ ਇੱਕ ਹੋਰ ਮਕਸਦ ਅਲ ਕਾਇਦਾ ਦੇ ਬਾਨੀ ਉਸਾਮਾ ਬਿਨ ਲਾਦਿਨ ਨੂੰ ਲੱਭਣ ਵਿਚ ਸੀਆਈਏ ਦੀ ਮਦਦ ਕਰਨਾ ਵੀ ਸੀ ਜਿਸ ਲਈ ਸੀ.ਆਈ.ਏ. ਨੇ ਵਿਸ਼ੇਸ਼ ਡਿਵੀਜ਼ਨ ਬਣਾਈ ਸੀ ਜੋ ਖੁਫੀਆ ਜਾਣਕਾਰੀਆਂ ਨੂੰ ਇੱਕ-ਇੱਕ ਕਰ ਕੇ ਕ੍ਰਮਬੱਧ ਕਰ ਰਹੀ ਸੀ। ਹਾਲਾਂਕਿ ਜਨਤਕ ਤੌਰ 'ਤੇ ਕੋਈ ਰਿਪੋਰਟ ਸਾਹਮਣੇ ਨਹੀਂ ਆਈ ਜਿਸ 'ਚ ਦੱਸਿਆ ਗਿਆ ਹੋਵੇ ਕਿ ਕਿਵੇਂ 'ਇਨ-ਕਿਊ-ਟੈੱਲ' ਨੇ 9/11 ਤੋਂ ਪਹਿਲਾਂ ਲਾਦਿਨ ਦੀ ਖੋਜ ਵਿਚ ਅਮਰੀਕੀ ਏਜੰਸੀਆਂ ਦੀ ਮਦਦ ਕੀਤੀ। ਦੂਜੇ ਪਾਸੇ, ਕੰਪਿਊਟਰ ਨੈੱਟਵਰਕ ਨੇ 20 ਅਪਰੈਲ, 2002 ਨੂੰ ਕਿਹਾ ਕਿ 11 ਸਤੰਬਰ ਦੇ ਅਤਿਵਾਦੀ ਹਮਲਿਆਂ ਤੋਂ ਛੇ ਮਹੀਨਿਆਂ ਦੇ ਅੰਦਰ 'ਇਨ-ਕਿਊ-ਟੈੱਲ 'ਚ ਫੰਡਿੰਗ ਲਈ ਅਰਜ਼ੀਆਂ ਦੀ ਗਿਣਤੀ 1000 ਤੋਂ ਵੀ ਟੱਪ ਗਈ ਹੈ ਜੋ ਇਸ ਦੇ ਲਾਂਚ ਹੋਣ ਦੇ ਦਾਈ ਸਾਲਾਂ ਬਾਅਦ ਤੱਕ 700 ਸੀ।'

ਇਸ ਦੇ ਪਿਛੋਕੜ 'ਚ ਸਾਨੂੰ ਸਟੈਨਫੋਰਡ ਯੂਨੀਵਰਸਿਟੀ ਦੇ ਨਵੰਬਰ 2023 ਦੇ ਇਕ ਖੋਜ ਪੱਤਰ ਉਤੇ ਗੌਰ ਕਰਨਾ ਚਾਹੀਦਾ ਹੈ ਜਿਸ ਵਿਚ ਅਮਰੀਕਾ ਦੀ ਕੌਮੀ ਸੁਰੱਖਿਆ ਕੌਂਸਲ ਨਾਲ ਕੰਮ ਕਰ ਚੁੱਕੀ ਇੰਟੈਲੀਜੈਂਸ ਮਾਹਿਰ ਐਮੀ ਜ਼ੈਂਗਾਰਟ ਦਾ ਹਵਾਲਾ ਦਿੱਤਾ ਗਿਆ ਹੈ। ਇਸ




ਮੁਤਾਬਕ 'ਮਨੁੱਖੀ ਸਮਰੱਥਾ 'ਚ ਵਾਧਾ ਕਰਨ ਵਿਚ ਏਆਈ ਦਾ ਮਹੱਤਵਪੂਰਨ ਰੋਲ ਹੈ...ਇਹ ਵੱਡੀ ਗਿਣਤੀ ਸੂਚਨਾਵਾਂ ਨੂੰ ਆਸਾਨੀ ਨਾਲ ਜੋੜ ਸਕਦੀ ਹੈ ਜਦਕਿ ਮਨੁੱਖ ਆਮ ਤੌਰ 'ਤੇ ਅਜਿਹਾ ਨਹੀਂ ਕਰ ਸਕਦੇ। ਮਿਸਾਲ ਵਜੋਂ, ਸੈਂਕੜੇ ਸੈਟੇਲਾਈਟ ਤਸਵੀਰਾਂ ਨੂੰ ਘੋਖ ਕੇ ਚੀਨੀ ਮਿਜ਼ਾਈਲਾਂ ਦਾ ਪਤਾ ਲਾਉਣ 'ਚ ਇੱਕ ਵਿਅਕਤੀ ਨੂੰ ਲੱਗਣ ਵਾਲੇ ਸਮੇਂ ਨੂੰ ਏਆਈ ਪ੍ਰਣਾਲੀ ਰਾਹੀਂ ਘਟਾਇਆ ਜਾ ਸਕਦਾ ਹੈ, ਸਿੱਟੇ ਵਜੋਂ ਕੋਈ ਵਿਸ਼ਲੇਸ਼ਕ ਚੀਨ ਦੇ ਇਰਾਦਿਆਂ 'ਤੇ ਹੋਰ ਡੂੰਘਾਈ ਨਾਲ ਵਿਚਾਰ ਕਰ ਸਕਦਾ ਹੈ। ਐਮੀ ਨੇ ਇੱਥੇ 'ਫਾਈਵ ਮੋਰਸ' (ਚੁਣੌਤੀਆਂ) ਦੀ ਗੱਲ ਕੀਤੀ ਹੈ ਜਿਸ ਦਾ ਖੁਫ਼ੀਆ ਏਜੰਸੀਆਂ ਨੂੰ ਹੁਣ ਸਾਹਮਣਾ ਕਰਨਾ ਪੈ ਰਿਹਾ ਹੈ: ਭੂਗੋਲਿਕ ਹੱਦਾਂ ਤੋਂ ਬਾਹਰ ਸਰਗਰਮ ਤੱਤਾਂ ਤੋਂ 'ਦਰਪੇਸ਼ ਖ਼ਤਰੇ'; 'ਪਹਿਲਾਂ ਨਾਲੋਂ ਵੱਧ ਡੇਟਾ ਭੰਡਾਰ' ਜੋ ਵਿਸ਼ਲੇਸ਼ਕਾਂ ਦੇ ਵੀ ਹੱਥ ਖੜ੍ਹੇ ਕਰਾ ਰਿਹਾ ਹੈ; 'ਵੱਧ ਰਫ਼ਤਾਰ'; 'ਤੇਜ਼ੀ ਨਾਲ ਫ਼ੈਸਲੇ ਲੈਣ ਦੀ ਸਮਰੱਥਾ' ਤੇ 'ਵੱਧ ਮੁਕਾਬਲਾ'। ਅਮਰੀਕਾ ਨੂੰ ਆਲਮੀ ਪੱਧਰ 'ਤੇ ਖ਼ਤਰਿਆਂ ਦਾ ਸਾਹਮਣਾ ਹੈ। ਤੀਜਾ, ਚੌਥਾ ਤੇ ਪੰਜਵਾਂ ਨੁਕਤਾ ਹੋਰ ਸਪੱਸ਼ਟੀਕਰਨ ਮੰਗਦਾ ਹੈ ਕਿ ਕਿਉਂਕਿ ਸਾਡੇ ਵਿਚੋਂ ਕੁਝ ਫ਼ੈਸਲੇ ਲੈਣ ਲਈ ਰਾਇ ਕਾਇਮ ਕਰਨ ਦੇ ਅਮਰੀਕੀ ਢੰਗ-ਤਰੀਕਿਆਂ ਤੋਂ ਵਾਕਫ਼ ਨਹੀਂ ਹਨ। ਜ਼ੈਂਗਾਰਟ ਦਾ ਕਹਿਣਾ ਹੈ ਕਿ 1962 ਵਿਚ ਕਿਊਬਾ ਦੇ ਮਿਜ਼ਾਈਲ ਸੰਕਟ ਦੌਰਾਨ, ਉੱਥੇ ਤਾਇਨਾਤ ਸੋਵੀਅਤ ਮਿਜ਼ਾਈਲਾਂ ਦਾ ਪਤਾ ਲੱਗਣ ਮੌਕੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਜੌਹਨ ਐੱਫ. ਕੈਨੇਡੀ ਕੋਲ ਕਾਰਵਾਈ ਲਈ ਫ਼ੈਸਲਾ ਲੈਣ ਲਈ 13 ਦਿਨ ਸਨ। ਜਦਕਿ 2001 ਵਿਚ ਤਤਕਾਲੀ ਰਾਸ਼ਟਰਪਤੀ ਜੌਰਜ ਡਬਲਿਊ. ਬੁਸ਼ ਨੂੰ 9/11 ਮਗਰੋਂ 13 ਘੰਟਿਆਂ ਵਿਚ ਹੀ ਕਾਰਵਾਈ ਦੇ ਬਦਲਾਂ ਉਤੇ ਫ਼ੈਸਲਾ ਲੈਣਾ ਪਿਆ। ਅੱਜ ਦੇ ਦੌਰ ਵਿਚ ਫ਼ੈਸਲਾ ਲੈਣ ਲਈ ਸ਼ਾਇਦ ਤੁਹਾਡੇ ਕੋਲ 13 ਮਿੰਟ ਜਾਂ ਉਸ ਤੋਂ ਵੀ ਘੱਟ ਸਮਾਂ ਹੋਵੇ।

ਅਮਰੀਕਾ ਵਿਚ ਫ਼ੈਸਲਾ ਲੈਣ ਦੀ ਤਾਕਤ ਮਹਿਜ਼ ਵ੍ਹਾਈਟ ਹਾਊਸ ਤੱਕ ਮਹਿਦੂਦ ਨਹੀਂ ਹੈ। ਫ਼ੈਸਲੇ ਅਮਰੀਕੀ ਸੰਸਦ (ਕਾਂਗਰਸ) 'ਚੋਂ ਹੋ ਕੇ ਅੱਗੇ ਜਾਂਦੇ ਹਨ, ਇਸ ਦੌਰਾਨ ਮੀਡੀਆ ਤੇ ਸੋਸ਼ਲ ਮੀਡੀਆ 'ਤੇ ਬੈਠੇ 30.2 ਕਰੋੜ ਲੋਕ ਵੀ ਰਾਇ ਕਾਇਮ ਕਰਨ 'ਚ ਭੂਮਿਕਾ ਨਿਭਾਉਂਦੇ ਹਨ, ਜਦਕਿ ਹੋਰਨਾਂ ਮੁਲਕਾਂ ਵਿਚ ਅਜਿਹਾ ਨਹੀਂ ਹੁੰਦਾ। ਪੰਜਵਾਂ ਨੁਕਤਾ ਜੋ 'ਮੁਕਾਬਲਾ ਵਧਣ ਦੀ ਗੱਲ ਕਰਦਾ ਹੈ': ਅਜੋਕੇ ਸਮੇਂ 'ਚ ਮੋਬਾਈਲ ਰੱਖਣ ਵਾਲਾ ਕੋਈ ਵੀ ਵਿਅਕਤੀ ਖੁਫ਼ੀਆ ਸੂਚਨਾਵਾਂ ਇਕੱਤਰ ਕਰ ਸਕਦਾ ਹੈ। ਪਿਛਲੇ ਸਾਲ 'ਫਰਾਂਸ 24' ਨੇ ਦੱਸਿਆ ਕਿ ਬਰਲਿਨ ਦੇ ਗ਼ੈਰ-ਸਰਕਾਰੀ ਸੰਗਠਨ 'ਨੋਮੇਨਿਕ' ਨੇ ਰੂਸ ਦੇ ਹਮਲੇ ਤੋਂ ਬਾਅਦ ਯੂਕਰੇਨ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ ਦੇ 30 ਲੱਖ ਡਿਜੀਟਲ ਰਿਕਾਰਡ ਇਕੱਠੇ ਕੀਤੇ ਹਨ।

ਜ਼ੈਂਗਾਰਟ ਨੇ ਰਣਨੀਤਕ ਸਿੱਟਿਆਂ ਤੇ ਫ਼ੈਸਲੇ ਲੈਣ ਦੇ ਪੱਖ ਤੋਂ ਏਆਈ ਨੂੰ ਅਪਨਾਉਣ ਵਿਚ ਆਉਂਦੀਆਂ ਮੁਸ਼ਕਲਾਂ ਦੀ ਗੱਲ ਵੀ ਕੀਤੀ ਹੈ। ਪਹਿਲਾਂ ਗੱਲ ਤਾਂ ਇਹ ਹੈ ਕਿ ਗਿਣਤੀ ਦੀਆਂ ਕੁਝ ਵੱਡੀਆਂ ਪ੍ਰਾਈਵੇਟ ਕਾਰਪੋਰੇਸ਼ਨਾਂ ਹੀ 'ਫਰੰਟੀਅਰ ਮਾਡਲ' ਬਣਾਉਣ ਦੇ ਸਮਰੱਥ ਹਨ। ਪਰ ਜਦ ਇਨ੍ਹਾਂ ਨੂੰ ਵਰਤਿਆ ਜਾਵੇਗਾ ਤਾਂ ਇਨ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਕੌਣ ਲਏਗਾ। ਦੂਜਾ ਸਵਾਲ: ਇਸ ਨਾਲ ਜੁੜੇ ਜੋਖ਼ਮਾਂ 'ਤੇ ਕੌਣ ਕਾਬੂ ਰੱਖੇਗਾ? ਤੀਜਾ ਸਵਾਲ ਨੈਤਿਕ ਪੱਖ ਤੋਂ ਕੰਟਰੋਲ ਨਾਲ ਸਬੰਧਤ ਹੈ। ਐਮੀ ਜ਼ੈਂਗਾਰਟ ਚਾਹੁੰਦੀ ਹੈ ਕਿ ਅਮਰੀਕੀ ਅਕਾਦਮੀਸ਼ਨ ਅਤੇ ਲੋਕ ਕੌਮੀ ਸੁਰੱਖਿਆ ਲਈ ਵਰਤੀ ਜਾ ਰਹੀ ਮਨੁੱਖ-ਆਧਾਰਿਤ ਏਆਈ ਬਾਰੇ ਸਰਕਾਰ ਨੂੰ 'ਔਖੇ ਸਵਾਲ' ਪੁੱਛਣ।

ਕੀ ਭਾਰਤ ਵਿਚ ਅਸੀਂ ਇਹ ਸਭ ਕਰ ਸਕਦੇ ਹਾਂ? ਚੌਥਾ ਇੱਕ ਖ਼ਤਰਾ ਹੋਰ ਹੈ ਜੋ ਏਆਈ ਦੀ ਅੰਤਿਮ ਵਿਸ਼ਲੇਸ਼ਣ ਦੀ ਸਮਰੱਥਾ ਨਾਲ ਜੁੜਿਆ ਹੈ: 'ਜੇ ਪਰਮਾਣੂ ਜਾਂ ਆਰਥਿਕ ਤਬਾਹੀ ਦੀ ਹੀ ਗੱਲ ਕਰੀਏ ਤਾਂ ਇਨ੍ਹਾਂ ਖ਼ਤਰਿਆਂ ਨਾਲ ਕਿਵੇਂ ਨਜਿੱਠਿਆ ਜਾ ਸਕੇਗਾ? ਨਿਯਮਾਂ ਦਾ ਪਾਲਣ ਕਰਨ ਵਿਚ ਏਆਈ ਬਹੁਤ ਵਧੀਆ ਹੈ। ਜਦੋਂਕਿ ਮਨੁੱਖ ਇਨ੍ਹਾਂ ਦੀ ਉਲੰਘਣਾ ਦੇ ਮਾਮਲੇ ਵਿਚ ਮਾਹਿਰ ਹਨ।' ਇਸ 'ਤੇ ਕੌਮੀ ਸੁਰੱਖਿਆ ਦੇ ਲਿਹਾਜ਼ ਤੋਂ ਫ਼ੈਸਲੇ ਲੈਣ ਵਿਚ ਏਆਈ ਦੀ ਭੂਮਿਕਾ ਨਾਲ ਇੱਕ ਹੋਰ ਪੱਖ ਜੁੜਦਾ ਹੈ। ਇੱਕ ਅਜਿਹੇ ਵਿਅਕਤੀ ਵਜੋਂ ਮੈਂ, ਜਿਸ ਨੇ ਅਖੌਤੀ 'ਖੁਫ਼ੀਆ ਤੰਤਰ ਦੀ ਨਾਕਾਮੀ' ਦੇ ਕਈ ਮਾਮਲਿਆਂ ਦੀ ਪੜਤਾਲ ਕੀਤੀ ਹੈ, ਇਸ ਨਤੀਜੇ ਉਤੇ ਪਹੁੰਚਿਆ ਹਾਂ ਕਿ ਇਕੱਲੀ ਜਾਣਕਾਰੀ ਦੀ ਕਮੀ ਹੀ ਆਖ਼ਰੀ ਫ਼ੈਸਲਾ ਲੈਣ ਵਿਚ ਅੜਿੱਕਾ ਨਹੀਂ ਬਣਦੀ ਬਲਕਿ ਇਸ ਦਾ ਕਾਰਨ ਸਹੀ ਫ਼ੈਸਲੇ ਲੈਣ 'ਚ ਬੰਦੇ ਦਾ ਨਾਕਾਮ ਹੋਣਾ ਹੈ। ਏ.ਆਈ. ਇਸ ਦਾ ਹੱਲ ਕਿਵੇਂ ਕੱਢੇਗੀ?

ਆਰਮੀ ਵਾਰ ਕਾਲਜ, ਪੈਨਸਿਲਵੇਨੀਆ ਦੀ ਰਣਨੀਤਕ ਅਧਿਐਨ ਸੰਸਥਾ ਦੀ ਪਰਲ ਹਾਰਬਰ ਹਮਲਿਆਂ (1941) 'ਤੇ 1974 ਵਿਚ ਹੋਏ ਅਧਿਐਨ ਮੁਤਾਬਕ ਇਸ ਮਾਮਲੇ 'ਚ ਫ਼ੈਸਲਾ ਲੈਣ ਵਾਲਿਆਂ ਨੂੰ ਪਹਿਲਾਂ ਹੀ ਨੌਂ ਅਜਿਹੇ ਸੰਕੇਤ ਮਿਲ ਚੁੱਕੇ ਸਨ, ਜਿਨ੍ਹਾਂ 'ਤੇ ਜੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਂਦਾ ਤਾਂ ਬਚਾਅ ਹੋ ਸਕਦਾ ਸੀ। ਇਨ੍ਹਾਂ ਹਮਲਿਆਂ ਵਿਚ ਕਰੀਬ 2,400 ਸੈਨਿਕ ਮਾਰੇ ਗਏ, ਅੱਠ ਜੰਗੀ ਜਹਾਜ਼, ਤਿੰਨ ਕਰੂਜ਼ ਸ਼ਿੱਪ ਤੇ 188 ਹਵਾਈ ਜਹਾਜ਼ ਤਬਾਹ ਹੋ ਗਏ। 1973 ਦੀ ਯੌਮ ਕਿੱਪੁਰ ਜੰਗ (ਪਹਿਲਾ ਗੇੜ) ਬਾਰੇ ਐਗਰਨਾਟ ਕਮਿਸ਼ਨ ਨੇ ਕਿਹਾ ਸੀ ਕਿ ਇਸ ਸਬੰਧੀ ਅਗਾਊਂ ਮਿਲੇ ਕਈ ਸੰਕੇਤਾਂ ਉਤੇ ਤਤਕਾਲੀ ਇਜ਼ਰਾਈਲੀ ਪ੍ਰਧਾਨ ਮੰਤਰੀ ਗੋਲਡਾ ਮੀਰ ਨੇ ਗ਼ੌਰ ਹੀ ਨਹੀਂ ਕੀਤਾ। ਸੱਤ ਅਕਤੂਬਰ ਨੂੰ ਹਮਾਸ ਦੇ ਹਮਲੇ ਬਾਰੇ ਵੀ 'ਦਿ ਨਿਊਯਾਰਕ ਟਾਈਮਜ਼' (ਪਹਿਲੀ ਦਸੰਬਰ, 2023) ਨੇ ਅਜਿਹਾ ਹੀ ਲਿਖਿਆ ਹੈ।

23 ਅਕਤੂਬਰ, 1983 ਨੂੰ ਬੈਰੂਤ (ਲਿਬਨਾਨ) ਵਿਚ ਬੰਬ ਧਮਾਕਿਆਂ ਵਿਚ 241 ਅਮਰੀਕੀ ਜਲ ਸੈਨਿਕ ਤੇ 58 ਫਰਾਂਸੀਸੀ ਫ਼ੌਜੀ ਮਾਰੇ ਗਏ ਸਨ। ਸੰਨ 2001 ਤੱਕ ਇਸ ਨੂੰ ਖੁਫੀਆ ਤੰਤਰ ਦੀ ਨਾਕਾਮੀ ਮੰਨਿਆ ਗਿਆ। ਕੋਲੰਬੀਆ ਦੀ ਅਦਾਲਤ 'ਚ ਇੱਕ ਮੁਕੱਦਮੇ ਦੀ ਸੁਣਵਾਈ ਦੌਰਾਨ 1983 ਵਿਚ ਅਮਰੀਕੀ ਐੱਨਐੱਸਏ ਵੱਲੋਂ ਜਾਰੀ ਚਿਤਾਵਨੀ ਬਾਰੇ ਪਤਾ ਲੱਗਾ ਜਿਸ 'ਚ ਅਲੀ ਅਕਬਰ ਮੋਹਤਾਸ਼ਮੀਪੋਰ ਦੇ ਜ਼ਿਕਰ ਨਾਲ ਬੰਬ ਧਮਾਕਿਆਂ ਨੂੰ ਇਰਾਨ ਨਾਲ ਜੋੜਿਆ ਗਿਆ ਸੀ। ਅਲੀ ਅਕਬਰ ਉਸ ਵੇਲੇ ਸੀਰੀਆ ਵਿਚ ਇਰਾਨ ਦਾ ਰਾਜਦੂਤ ਸੀ।

ਸੰਨ 1999 ਦੀ ਕਾਰਗਿਲ ਜੰਗ 'ਚ ਸਾਡੀ ਫ਼ੌਜ ਦੇ ਥਿੰਕ ਟੈਂਕ, 'ਸੈਂਟਰ ਫਾਰ ਲੈਂਡ ਵਾਰਫੇਅਰ ਸਟੱਡੀਜ਼' ਨੂੰ ਪਤਾ ਲੱਗਾ ਕਿ ਜੂਨ 1998 ਤੋਂ ਲੈ ਕੇ ਮਈ 1999 ਤੱਕ ਫ਼ੌਜ, ਇੰਟੈਲੀਜੈਂਸ ਬਿਊਰੋ ਤੇ 'ਰਾਅ' ਨੇ ਪਾਕਿਸਤਾਨ ਦੇ ਇਰਾਦਿਆਂ ਬਾਰੇ 43 ਚਿਤਾਵਨੀਆਂ ਜਾਰੀ ਕੀਤੀਆਂ ਸਨ ਜਦਕਿ ਕੌਮੀ ਸੁਰੱਖਿਆ ਪਰਿਸ਼ਦ ਜਿਸ ਦਾ ਗਠਨ 19 ਨਵੰਬਰ 1998 ਨੂੰ ਹੋ ਗਿਆ ਸੀ, ਦੀ ਪਹਿਲੀ ਮੀਟਿੰਗ 8 ਜੂਨ 1999 ਨੂੰ ਘੁਸਪੈਠ ਬਾਰੇ ਸਪੱਸ਼ਟ ਤੌਰ 'ਤੇ ਪਤਾ ਲੱਗਣ ਤੋਂ ਇੱਕ ਮਹੀਨੇ ਬਾਅਦ ਹੋਈ। 9/11 ਦੇ ਹਮਲਿਆਂ ਦੇ ਮਾਮਲੇ ਵਿਚ ਅਮਰੀਕਾ ਦੇ ਕੌਮੀ ਪੱਧਰ ਦੇ ਕਮਿਸ਼ਨ ਨੇ ਨਿਰਣਾ ਲੈਣ 'ਚ ਦੇਰੀ ਕਰਨ ਵਾਲਿਆਂ ਦੀ ਤਿੱਖੀ ਝਾੜ-ਝੰਬ ਕੀਤੀ ਜਿਨ੍ਹਾਂ ਅਗਾਊਂ ਮਿਲੇ ਸੰਕੇਤਾਂ ਨੂੰ ਨਹੀਂ ਵਿਚਾਰਿਆ। ਇਸੇ ਤਰ੍ਹਾਂ 26/11 ਦੇ ਮੁੰਬਈ ਹਮਲਿਆਂ ਤੋਂ ਪਹਿਲਾਂ ਜਾਰੀ 16 ਚਿਤਾਵਨੀਆਂ ਵੀ ਮਹਾਰਾਸ਼ਟਰ ਸਰਕਾਰ ਨੂੰ ਤੱਟੀ ਸੁਰੱਖਿਆ ਹੋਰ ਮਜ਼ਬੂਤ ਕਰਨ ਲਈ ਮਜਬੂਰ ਨਹੀਂ ਕਰ ਸਕੀਆਂ। ਅਜਿਹੀਆਂ ਹਾਲਤਾਂ ਵਿਚ ਇਸ ਗੱਲ ਦੀ ਕੀ ਗਾਰੰਟੀ ਹੈ ਕਿ ਏਆਈ ਨਾਲ ਲੈਸ ਖੁਫ਼ੀਆ ਤੰਤਰ ਬਿਹਤਰ ਸੁਰੱਖਿਆ ਪ੍ਰਬੰਧ ਦੇ ਸਕੇਗਾ?

# ਬਿਰਖਾਂ ਵਰਗੇ ਬਾਬੇ

ਅੱਜ ਫਿਰ ਉਹ ਨਿਗ੍ਹਾ ਚੜ੍ਹਿਆ ਸੀ। ਸੜਕ ਦੇ ਪਾਰਲੇ ਕੰਢੇ ਖੜ੍ਹਾ ਕਿਸੇ ਰਿਕਸ਼ੇ ਟੈਂਪੂ ਦੀ ਉਡੀਕ ਕਰ ਰਿਹਾ ਲੱਗਦਾ ਸੀ। ਅਸੀਂ ਆਹਮੋ-ਸਾਹਮਣੇ ਤੇਜ਼ ਵਗਦੀ ਸੜਕ ਦੇ ਦੋਹਾਂ ਕਿਨਾਰਿਆਂ 'ਤੇ ਖੜ੍ਹੇ ਸਾਂ ਐਨ ਵਿਚਕਾਰ ਲੋਹੇ ਦੀ ਗਰਿੱਲ ਸੀ ਜਿਸ ਨੂੰ ਸਹਿਜੇ ਟੱਪਿਆ ਨਹੀਂ ਸੀ ਜਾ ਸਕਦਾ। ਨਵੇਂ ਬਣੇ ਹਾਈਵੇਅ ਨੇ ਸੜਕਾਂ 'ਤੇ ਗੋਲੀ ਵਾਂਗ ਭੱਜਦੀ ਮਨੁੱਖੀ ਜ਼ਿੰਦਗੀ ਨੂੰ

**ਦੀਪ ਦੇਵਿੰਦਰ ਸਿੰਘ**
**ਫੋਨ: +91-98721-65707**

ਭਾਂਪਦਿਆਂ ਸੱਜੇ-ਖੱਬੇ ਵਾਲਿਆਂ ਦਾ ਸਿੱਧਾ ਮੇਲ-ਜੋਲ ਖ਼ਤਮ ਕਰ ਦਿੱਤਾ ਸੀ। ਹੁਣ ਕਈ ਕਿਲੋਮੀਟਰ ਦੇ ਫਾਸਲੇ ਬਾਅਦ ਹੀ ਬੰਦਾ ਕੁਹਣੀ ਮੋੜ ਮੁੜ ਸਕਦਾ ਸੀ।

ਮੈਂ ਖੜ੍ਹਾ ਖੜੋਤਾ ਉਹਨੂੰ ਗਹੁ ਨਾਲ ਝਾਕਦਿਆਂ ਸਿਆਨਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਉਹਦੇ ਅੱਗੇ ਇੱਕ ਦੋ ਆਟੋ ਵਾਲਿਆਂ ਬਰੇਕ ਵੀ ਮਾਰੀ, ਥੋੜ੍ਹੀ ਜਿਹੀ ਧੌਣ ਬਾਹਰ ਕੱਢ ਕੇ ਉਹਨੂੰ ਜਾਣ ਲਈ ਵੀ ਪੁੱਛਦੇ, ਉਹ ਅੱਗਿਉਂ ਨਾਂਹ ਵਿਚ ਸਿਰ ਹਿਲਾ ਦਿੰਦਾ।

ਮੈਂ ਕਾਹਲੀ ਨਾਲ ਉਪਰੋਂ ਦੀ ਘੁੰਮ ਕੇ ਉਹਦੇ ਸਾਹਮਣੇ ਜਾ ਖੜ੍ਹਾ ਹੋਇਆ। ਉਸ ਥੋੜ੍ਹੀ ਕੁ ਧੌਣ ਉਪਰ ਚੁੱਕੀ ਤੇ ਨਿਗ੍ਹਾ ਭਰ ਕੇ ਮੇਰੇ ਵੱਲ ਝਾਕਿਆ। ਚਿਹਰਾ ਬੁਝਿਆ ਜਿਹਾ ਲੱਗ ਰਿਹਾ ਸੀ। ਸਿਰ ਉਤਲੀ ਪੱਗ ਦੇ ਲੜ ਵੀ ਐਵੇਂ ਬੇਤਰਤੀਬੇ ਜਿਹੇ ਸਨ ਜਿਵੇਂ ਕਾਹਲੀ ਕਾਹਲੀ ਬਗ਼ੈਰ ਸ਼ੀਸ਼ੇ ਵਿਚ ਝਾਤੀ ਮਾਰੀਆਂ ਹੀ ਸਿਰ 'ਤੇ ਵਲੇਟ ਲਈ ਹੋਵੇ। ਅੱਖਾਂ ਵਿਚ ਵਿਚਾਰਗੀ ਤੇ ਲਾਚਾਰਗੀ ਸਾਫ਼ ਦਿਖਾਈ ਦਿੰਦੀ ਸੀ।

ਮੇਰੀਆਂ ਸੋਚਾਂ ਵਿਚ ਸੱਤ-ਅੱਠ ਮਹੀਨੇ ਪਹਿਲਾਂ ਵਾਲਾ ਬਾਪੂ ਖ਼ਜ਼ਾਨ ਸਿਹੁੰ ਪ੍ਰਗਟ ਹੁੰਦਾ ਹੈ। ਮੈਂ ਉਸ ਦਿਨ ਆਪਣੇ ਕਾਰੋਬਾਰ ਦੇ ਬਾਹਰ ਬੈਠਾ ਕੁਝ ਪੜ੍ਹ ਰਿਹਾ ਸਾਂ ਜਦੋਂ ਇਹ ਬਾਪੂ ਸਾਹ ਲੈਣ ਲਈ ਮੇਰੇ ਕੋਲ ਆਣ ਖਲੋਤਾ ਸੀ। ਗੱਲਾਂ ਗੱਲਾਂ 'ਚ ਉਸ ਦੱਸਿਆ ਕਿ ਉਹਦੇ ਦੋ ਪੁੱਤਰ ਨੇ, ਇੱਕ ਪਿੰਡ ਰਹਿੰਦਾ ਤੇ ਦੂਜਾ ਸ਼ਹਿਰ। ਸ਼ਹਿਰਨ ਨੂੰਹ ਬੁਟੀਕ ਚਲਾਉਂਦੀ ਐ ਤੇ ਮੁੰਡਾ ਕਿਸੇ ਕਾਲਜ ਦੀ ਕਨਟੀਨ। ਪਿੰਡ ਵਾਲਾ ਹਮਾਤੜ ਐ ਤੇ ਇਥੋਂ ਵਾਲਾ ਸੌਖੀ ਰੋਟੀ ਖਾਂਦੈ।

ਬਾਪੂ ਖ਼ਜ਼ਾਨ ਸਿਹੁੰ ਕੋਲ ਜ਼ਿੰਦਗੀ ਦੀਆਂ ਬੇਸ਼ੁਮਾਰ ਕਹਾਣੀਆਂ ਸਨ ਜਿਹੜੀਆਂ ਉਸ ਸਾਂਝੀਆਂ ਕੀਤੀਆਂ। ਮੈਂ ਉਹਨੂੰ ਪਾਣੀ-ਧਾਣੀ ਪੁੱਛਿਆ ਤੇ ਤੁਰਦੇ ਨੂੰ ਝਕਦਿਆਂ ਝਕਦਿਆਂ ਕੁਝ ਪੈਸੇ ਵੀ ਦੇਣੇ ਚਾਹੇ। ਉਹਨੇ ਤਲਖ਼ੀ ਜਿਹੀ 'ਚ ਉੱਠਦਿਆਂ ਆਪਣੇ ਗਲ ਪਾਏ ਕਮੀਜ਼ ਦੀ ਵੱਖੀ ਵਾਲੀ ਜੇਬ੍ਹ ਅੰਦਰੋਂ ਕੁਝ ਰੁਪਈਏ ਦਿਖਾਉਂਦਿਆਂ ਕਿਹਾ, "ਤੂੰ ਮੈਨੂੰ ਮਾੜਾ-ਧਾੜਾ ਸਮਝਦੈਂ... ਕਮਾਊ ਪੁੱਤਰ ਐ ਮੇਰੇ", ਤੇ ਨਾਲ ਹੀ ਮੂੰਹ ਫੇਰ ਲਿਆ। ਮੈਂ ਕੱਚਾ ਜਿਹਾ ਹੋ ਗਿਆ ਸਾਂ ਤੇ ਉਹ ਬਿਨਾਂ ਕੁਝ ਹੋਰ ਬੋਲੇ ਖਿਸਕ ਗਿਆ ਸੀ।

ਅੱਜ ਫਿਰ ਉਹ ਮੇਰੇ ਸਾਹਮਣੇ ਸੀ। ਮੇਰੇ ਵੱਲ ਖ਼ਾਲੀ ਖ਼ਾਲੀ ਜਿਹੀ ਨਜ਼ਰੇ ਝਾਕਦਾ। ਮੈਂ ਉਸ ਕੋਲੋਂ ਕੁਝ ਸੁਣਨਾ ਚਾਹੁੰਦਾ ਸਾਂ। ਉਹਦੇ ਬਾਰੇ, ਉਹਦੇ ਜੀਆ-ਜੰਤ ਬਾਰੇ। ਉਹ ਵੀ ਕੁਝ ਕਹਿਣਾ ਚਾਹੁੰਦਾ ਸੀ। ਉਹਦੇ ਬੁੱਲ੍ਹ ਵੀ ਫਰਕਦੇ ਸਨ ਕਦੇ ਕਦੇ। ਫਿਰ ਵੀ ਉਹਦੇ ਕੋਲੋਂ ਪਹਿਲਾਂ ਵਰਗੀ ਲੈਅ ਨਹੀਂ ਸੀ ਬੱਝ ਰਹੀ।

"ਬਾਪੂ ਜੀ ਅੱਜ ਸਵੇਰੇ ਸਵੇਰੇ?" ਮੈਂ ਗੱਲ ਛੇੜੀ।

"ਮੁੰਡਾ ਢਿੱਲਾ-ਮੱਠਾ ਸੀ ਇੱਥੋਂ ਵਾਲਾ। ਮਾਂ ਉਹਦੀ ਖਹਿੜੇ ਪਈ ਸੀ ਕਈ ਦਿਨਾਂ ਦੀ ਕਿ ਪਤਾ ਲੈ ਕੇ ਆ। ਆਪ ਉਹਤੋਂ ਤੁਰਿਆ ਫਿਰਿਆ ਨਹੀਂ ਜਾਂਦਾ। ਸਰੀਰ ਭਾਰਾ, ਗੱਡੀਆਂ-ਮੋਟਰਾਂ 'ਤੇ ਚੜ੍ਹ ਨਹੀਂ ਹੁੰਦਾ ਉਹਤੋਂ।" ਉਸ ਲੜੀ ਤਾਂ ਸ਼ੁਰੂ ਕੀਤੀ ਪਰ ਆਵਾਜ਼ ਧੀਮੀ ਤੇ ਨਿਰਾਸ਼ਤਾ ਵਾਲੀ ਸੀ।

"ਫਿਰ ਮਿਲਿਆ ਮੁੰਡਾ?" ਮੈਂ ਪੁੱਛਿਆ।

"ਲਹੂ ਸਫ਼ੈਦ ਹੋ ਗਏ ਐ ਅੱਜ ਕੱਲ੍ਹ।" ਕਹਿੰਦਿਆਂ ਉਸ ਗੱਲਾਂ ਦੀ ਸ਼ਿਸਤ ਬੰਨ੍ਹ ਲਈ। ਮੈਂ ਵੀ ਉਹਨੂੰ ਅਟਕਾਉਣਾ ਨਹੀਂ ਸੀ ਚਾਹੁੰਦਾ। ਇਸੇ ਲਈ ਹੁੰਗਾਰਾ ਵੀ ਬਹੁਤ ਮੱਠਾ ਜਿਹਾ ਹੀ ਭਰ ਰਿਹਾ ਸਾਂ। ਖੰਘੂਰਾ ਮਾਰਦਿਆਂ ਕਹਿੰਦਾ, "ਏਥੋਂ ਵਾਲਾ ਮੁੰਡਾ ਗੁੱਸੇ ਐ ਛੋਟੇ ਭਰਾ ਨਾਲ। ਕਹਿੰਦਾ ਸੀ, ਮੈਂ ਪਿੰਡ ਵਾਲਾ ਥਾਂ ਵੇਚਣਾ ਆਪਣੇ ਹਿੱਸੇ ਦਾ ਅੱਧਾ। ਪਿੰਡ ਵਾਲੇ ਨੇ ਕਬੀਲਦਾਰੀ ਦੱਸਦਿਆਂ ਨਾਂਹ-ਨੁੱਕਰ ਕੀਤੀ। ਆਪਾਂ ਬੁੱਢਾ-ਬੁੱਢੀ ਜਿਹੜੇ ਬੂਹੇ ਬੈਠੇ, ਉਹਦੀ ਖ਼ੈਰ ਮੰਗਦਿਆਂ ਸਮਝਾਇਆ- ਨਾ ਵੇਚ, ਭੁੱਖੇ ਧਿਆਏ ਰਹਿ ਕੇ ਥਾਂ ਬਣਾਇਆ, ਬਣਿਆ ਰਹਿਣ ਦੇ। ਤੇਰਾ ਵੀ ਆਉਣ ਜਾਣ ਬਣਿਆ ਰਹੂ। ਇਸੇ ਗੱਲੋਂ ਵੱਟ ਖਾ ਗਿਆ।"

ਖ਼ਜ਼ਾਨ ਸਿਹੁੰ ਦੇ ਗੱਲ ਕਰਦਿਆਂ ਕਈ ਰੰਗ ਬਦਲ ਰਹੇ ਸਨ, ਕਹਿੰਦਾ, "ਜਦ ਪਤਾ ਲੱਗਿਆ ਮੁੰਡਾ ਢਿੱਲਾ-ਮੱਠਾ ਰਿਹਾ, ਕਿੱਥੇ ਰਹਿ ਹੁੰਦਾ, ਆਂਦਰਾਂ ਜੂ ਹੋਈਆਂ। ਮਾਂ ਇਹਦੀ ਨੇ ਸਾਰੀ ਰਾਤ ਜ਼ੁਬਾਨ ਮੂੰਹ 'ਚ ਨਹੀਂ ਪਾਈ, ਸੁੱਚੇ ਮੂੰਹ ਹੀ ਤੋਰ'ਤਾ ਕਿ ਜਾ ਕੇ ਪਤਾ ਲੈ ਕੇ ਆ।" ਉਹ ਅਗਲੀ ਗੱਲ ਕਹਿਣ ਲਈ ਰੁਕ ਗਿਆ, ਸ਼ਾਇਦ ਆਪਣੀ ਅੰਦਰਲੀ ਸੱਤਿਆ ਇਕੱਠੀ ਕਰਨ ਲਈ। ਘਗਿਆਈ ਆਵਾਜ਼ ਵਿਚ ਕਹਿੰਦਾ, "ਮੈਂ ਉਹਦੇ ਘਰ ਅੰਦਰਲੇ ਦਰਵਾਜ਼ੇ ਨੂੰ ਕਈ ਵਾਰੀ ਖੜਕਾਇਆ। ਜਾਲੀ ਵਾਲੇ ਬੰਦ ਬੂਹੇ ਅੱਗੇ ਆਇਆ ਵੀ। ਨਿਰਮੋਹਿਆਂ ਵਾਂਗ ਵਿੰਹਦਾ ਰਿਹਾ ਚੁੱਪ-ਚਾਪ। ਹਾਰ ਕੇ ਮੈਂ ਹੀ ਪੁੱਛਿਆ- 'ਕਰਨੈਲ ਸਿਹਾਂ ਕੀ ਹਾਲ ਤੇਰਾ ਹੁਣ'।... ਅੱਗਿਉਂ ਕਹਿੰਦਾ- 'ਪਿੰਡ ਵਾਲੇ ਦੀ ਚਿੰਤਾ ਕਰਿਆ ਕਰ। ਮੌਤ ਨਹੀਂ ਪਈ ਸਾਨੂੰ'। ਕਹਿ ਕੇ ਦਰਵਾਜ਼ਿਓਂ ਓਹਲੇ ਹੋ ਗਿਆ। ਮੁੜ ਕੋਈ ਜੀਅ ਬਾਹਰ ਨਹੀਂ ਆਇਆ।" ਕਹਿੰਦਿਆਂ ਬਾਪੂ ਦਾ ਗੱਚ ਭਰ ਆਇਆ।

ਮੈਂ ਝੰਜੋੜਿਆ ਗਿਆ। ਚਿੱਤ ਕਰੇ ਮੈਂ ਉਹਨੂੰ ਕਲਾਵੇ 'ਚ ਲੈ ਕੇ ਦਿਲਾਸਾ ਦੇਵਾਂ। ਇਸੇ ਲਈ ਉਹਦੇ ਮੋਢੇ 'ਤੇ ਹੱਥ ਧਰਦਿਆਂ ਕਿਹਾ, "ਬਾਬਾ ਜੇ ਕਹੇਂ ਤਾਂ ਬਾਈਪਾਸ ਤੀਕ ਛੱਡ ਆਵਾਂ।" ਥੋੜ੍ਹਾ ਚਿਰ ਉਹ ਮੇਰੇ ਮੂੰਹ ਵੱਲ ਵਿੰਹਦਾ ਰਿਹਾ, ਫਿਰ ਪਤਾ ਨਹੀਂ ਕੀ ਸੋਚ ਕੇ ਕਹਿਣ ਲੱਗਿਆ- "ਦਿਲ ਤਾਂ ਨਹੀਂ ਮੰਨਦਾ ਸ਼ੇਰਾ ਪਰ ਤੂੰ ਐਂ ਕਰ, ਮੈਨੂੰ ਕਿਤੇ ਛੱਡ ਕੇ ਆਉਣ ਨਾਲੋਂ ਅੱਜ ਵੀਹ ਰੁਪਏ ਦੇ। ਪਿੰਡ ਜਾਣ ਲਈ ਪੰਜਾਹ ਲੱਗਣੇ ਐਂ, ਤੀਹ ਬਚੇ ਐ ਮੇਰੇ ਕੋਲ।" ਮੈਂ ਕਾਹਲੀ ਨਾਲ ਸੌ ਦਾ ਨੋਟ ਕੱਢ ਕੇ ਉਹਦੇ ਵੱਲ ਵਧਾਇਆ। ਉਹਨੇ ਅੱਗਿਓਂ ਦੋਵੇਂ ਹੱਥ ਪਿਛਾਂਹ ਕਰਦਿਆਂ ਵੀਹ ਰੁਪਏ ਵਾਲੀ ਲੋੜ ਦੁਹਰਾਈ, "ਪਾੜ੍ਹਿਆ ਕੀ ਕਰਨੇ ਆਂ ਮੈਂ ਵਾਧੂ ਪੈਸੇ, ਪਿੰਡ ਪਹੁੰਚਣ ਲਈ ਵੀਹਾਂ ਦੀ ਲੋੜ ਆ ਬੱਸ।"

ਮੇਰਾ ਵਧਿਆ ਹੱਥ ਉੱਥੇ ਹੀ ਅਟਕ ਗਿਆ। ਮੈਂ ਉਹਦੇ ਚਿਹਰੇ ਵੱਲ ਨੀਝ ਨਾਲ ਝਾਕ ਰਿਹਾ ਸਾਂ। ਉਹਦੇ ਚਿਹਰੇ 'ਤੇ ਬੇਸ਼ੱਕ ਔਲਾਦ ਦੀ ਬੇਰੁਖ਼ੀ ਦਾ ਸੰਘਣਾ ਪ੍ਰਛਾਵਾਂ ਝਲਕ ਰਿਹਾ ਸੀ ਪਰ ਉਹਦੀਆਂ ਮਹੀਨ ਅੱਖਾਂ ਦੀ ਲਿਸ਼ਕ ਅੰਦਰ ਦਰਵੇਸ਼ਾਂ ਵਰਗੀ ਸਹਿਜਤਾ ਕਿਤੇ ਧੁਰ ਅੰਦਰ ਠੰਢਕ ਦਾ ਅਹਿਸਾਸ ਕਰਵਾ ਰਹੀ ਸੀ।

ਕਹਾਣੀ

# ਨੀਵਾਂ ਕੌਣ...

***ਸੁਰਿੰਦਰਗੀਤ ਦੀ ਕਹਾਣੀ 'ਨੀਵਾਂ ਕੌਣ...' ਦਾ ਧਰਾਤਲ ਭਾਵੇਂ ਪਰਦੇਸ ਦਾ ਹੈ ਪਰ ਇਸ ਅੰਦਰਭਾਰਤੀ ਸਮਾਜ ਵਾਲੇ ਵਿਤਕਰੇ ਦੀਆਂ ਗੂੰਜਾਂ ਸੁਣਾਈ ਦਿੰਦੀਆਂ ਹਨ। ਇਹ ਉਹ ਗੂੰਜਾਂ ਹਨ ਜੋ ਪਰਦੇਸੀ ਹੋਣ ਵੇਲੇ ਬੰਦਾ ਆਪਣੇ ਨਾਲ ਹੀ ਲੈ ਤੁਰਦਾ ਹੈ ਅਤੇ ਪਰਦੇਸ ਪੁੱਜ ਕੇ ਨਵੀਂਸ਼ੁਰੂਆਤ ਕਰਨ ਦੀ ਥਾਂ ਪਿਛੋਕੜ ਨਾਲ ਜੁੜਿਆ ਰਹਿੰਦਾ ਹੈ।***

ਬਲਦੇਵ ਸਿੰਘ ਨੇ ਪਤਨੀ ਨੂੰ ਕਿਹਾ, "ਕਰਤਾਰ ਕੁਰੇ, ਤੂੰ ਆਪਣੀ ਜੇਬ 'ਚ ਮਿੱਠੀਆਂ ਗੋਲੀਆਂ ਰੱਖਦੀ ਹੁੰਨੀ ਐਂ- ਦੇਖ ਖਾਂ ਕੋਈ ਗੋਲੀ ਹੈ ਗੀ ਕਿ ਨਹੀਂ।'

'ਸ਼ੁਕਰ ਹੈ ਗਰਮੀਆਂ ਦੇ ਦਿਨ ਸਨ। ਸਿਆਲਾਂ ਦੇ ਦਿਨਾਂ 'ਚ ਤਾਂ ਇਸ ਠੰਢੇ ਮੁਲਕ 'ਚ ਖ਼ਾਸ ਕਰਕੇ ਕੈਲਗਰੀ ਸ਼ਹਿਰ ਦੇ ਕਿਸੇ ਪਾਰਕ 'ਚ ਬੰਦਾ ਕੁਲਫ਼ੀ ਵਾਂਗ ਜੰਮ ਜਾਂਦਾ ਹੈ। ਬਲਦੇਵ ਸਿੰਘ ਤੇ ਓਹਦੀ ਘਰ ਵਾਲੀ ਪਾਰਕ 'ਚ ਇਕ ਬੈਂਚ 'ਤੇ ਬੈਠੇ ਇਕ-ਦੂਸਰੇ ਦੇ ਮੂੰਹ ਵੱਲ ਦੇਖ ਰਹੇ ਸਨ। ਜਾਣ ਤਾਂ ਕਿੱਧਰ ਜਾਣ? ਆਸੇ ਪਾਸੇ ਕੋਈ ਆਪਣਾ ਦਿਖਾਈ ਨਹੀਂ ਸੀ ਦਿੰਦਾ। ਸਮਝ ਵੀ ਕੰਮ ਨਹੀਂ ਸੀ ਕਰ ਰਹੀ। ਸਵੇਰ ਦਾ ਕੁਝ ਖਾਧਾ-ਪੀਤਾ ਵੀ ਨਹੀਂ ਸੀ। ਸਾਹਮਣੇ ਟਿੰਮ ਹੋਰਟਨ (ਕਾਫ਼ੀ ਹਾਊਸ)



**ਸੁਰਿੰਦਰ ਗੀਤ**
**ਫੋਨ: 403 605 3734**

ਦਿਖਾਈ ਤਾਂ ਦੇ ਰਿਹਾ ਸੀ ਪਰ ਤੁਰ ਕੇ ਜਾਣ ਦੀ ਹਿੰਮਤ ਕਿੱਥੋਂ ਲਿਆਉਂਦੇ? ਬਲਦੇਵ ਸਿੰਘ ਦੀ ਜੇਬ ਵਿੱਚ ਕੇਵਲ ਦਸ ਡਾਲਰ ਦਾ ਨੋਟ ਤੇ ਭਾਨ ਸੀ। ਜੇਕਰ ਟਿੰਮ ਹੋਰਟਨ ਜਾਣ ਵੀ ਤਾਂ ਦਸਾਂ ਡਾਲਰਾਂ ਦਾ ਕੀ ਆਉਣਾ ਸੀ। ਅੰਗਰੇਜ਼ੀ 'ਚ ਗੱਲਬਾਤ ਕੌਣ ਕਰੂ?

ਕਰਤਾਰ ਕੁਰ ਨੇ ਆਪਣੀ ਜੈਕਟ ਦੀ ਜੇਬ ਫਰੋਲੀ ਤਾਂ ਕਿਸੇ ਭਲੇ ਵੇਲੇ ਦੀਆਂ ਪਾਈਆਂ ਤਿੰਨ ਚਾਰ ਮਿੱਠੀਆਂ ਗੋਲੀਆਂ ਨਿਕਲ ਆਈਆਂ। ਉਸਨੇ ਇਕ ਗੋਲੀ ਬਲਦੇਵ ਸਿੰਘ ਦੇ ਹੱਥ 'ਤੇ ਧਰੀ ਤੇ ਦੂਸਰੀ ਪੇਪਰ ਲਾਹ ਕੇ ਆਪਣੇ ਮੂੰਹ 'ਚ ਪਾ ਲਈ। ਹੌਲੀ ਹੌਲੀ ਚੂਸਣ ਲੱਗ ਪਈ। ਮਿੱਠੀ ਗੋਲੀ ਨੇ ਦੋਨਾਂ 'ਚ ਜਾਨ ਪਾ ਦਿੱਤੀ। ਕਰਤਾਰ ਕੌਰ ਦੀ ਜੇਬ ਵਿੱਚ ਪਈਆਂ ਦੋ ਹੋਰ ਗੋਲੀਆਂ ਇਸ ਸਮੇਂ ਬਹੁਤ ਸਹਾਈ ਜਾਪਦੀਆਂ ਸਨ। ਕਰਤਾਰ ਕੌਰ ਨੇ ਆਪਣੀ ਜੇਬ ਨੂੰ ਘੁੱਟ ਕੇ ਫੜ ਲਿਆ ਕਿ ਕਿਤੇ ਇਹ ਗੋਲੀਆਂ ਜੇਬ 'ਚੋਂ ਡਿੱਗ ਨਾ ਪੈਣ।

ਬਲਦੇਵ ਸਿੰਘ ਬੈਂਚ ਤੋਂ ਉੱਠਿਆ ਤੇ ਦੋ ਚਾਰ ਕਦਮ ਏਧਰ-ਓਧਰ ਤੁਰਨ ਪਿੱਛੋਂ ਦੂਸਰੇ ਬੈਂਚ 'ਤੇ ਜਾ ਬੈਠਾ। ਕੁਝ ਕੁ ਮਿੰਟਾਂ ਬਾਦ ਕਰਤਾਰ ਕੁਰ ਵੀ ਓਹਦੇ ਮਗਰ ਚਲੀ ਗਈ ਤੇ ਨਾਲ ਦੇ ਬੈਂਚ 'ਤੇ ਜਾ ਬੈਠੀ। ਉੱਡਦਾ ਉੱਡਦਾ ਇਕ ਪੱਤਾ ਬਲਦੇਵ ਸਿੰਘ ਦੀ ਜੈਕਟ ਤੇ ਆ ਡਿੱਗਾ। ਉਸਨੇ ਪੱਤੇ ਨੂੰ ਹੱਥ 'ਚ ਇਉਂ ਫੜਿਆ ਜਿਵੇਂ ਉਸਦਾ ਕੁਝ ਲੱਗਦਾ ਹੋਵੇ। ਪੱਤੇ ਨੂੰ ਗਹੁ ਨਾਲ ਦੇਖਿਆ ਤੇ ਦੋਨਾਂ ਹੱਥਾਂ ਨਾਲ ਪਲੋਸਣ ਲੱਗ ਪਿਆ ਜਿਵੇਂ ਪੱਤਾ ਉਸਨੂੰ ਕੋਈ ਰਾਹ ਦੱਸੇਗਾ।

ਪੱਤਾ ਆਪਣੇ ਟਾਹਣ ਤੋਂ ਟੁੱਟ ਕੇ ਹਵਾ ਵਿਚ ਭਟਕ ਰਿਹਾ ਸੀ। ਬਲਦੇਵ ਸਿੰਘ ਨੂੰ ਮਹਿਸੂਸ ਹੋਇਆ ਜਿਵੇਂ ਉਹ ਵੀ ਟਾਹਣ ਤੋਂ ਟੁੱਟਿਆ ਪੱਤਾ ਹੋਵੇ।

ਬਲਦੇਵ ਸਿੰਘ ਨੇ ਲੰਬਾ ਸਾਹ ਲਿਆ ਤੇ ਕਰਤਾਰ ਕੌਰ ਵੱਲ ਮੂੰਹ ਕਰਕੇ ਆਖਣ ਲੱਗਾ, 'ਏਥੇ ਇਉਂ ਬੈਠਿਆਂ ਨੀ ਸਰਨਾ। ਹੁਣ ਤਾਂ ਬੈਠੇ ਆਂ ਔਖੇ ਸੌਖੇ...ਰਾਤ ਨੂੰ ਕੀ ਬਣੂੰ। ਦਸ ਡਾਲਰਾਂ ਨਾਲ ਕੀ ਬਣਨਾ ਆ। ਭੁੱਖ ਨਾਲ ਤਾਂ ਪਹਿਲਾਂ ਈ ਬੁਰਾ ਹਾਲ ਹੋਇਆ ਪਿਆ। ਜਾਈਏ ਤਾਂ ਕਿੱਥੇ ਜਾਈਏ...ਕਰੀਏ ਤਾਂ ਕੀ ਕਰੀਏ?'

ਕਰਤਾਰ ਕੌਰ ਦਾ ਗੱਚ ਭਰ ਆਇਆ। ਹੁਣ ਤੱਕ ਰੋਕੇ ਹੰਝੂ ਵਹਿ ਤੁਰੇ। ਉਹ ਅੱਖਾਂ ਪੂੰਝਦੀ ਬੋਲੀ, 'ਮੈਂ ਕੀ ਦੱਸਾਂ...ਮੈਨੂੰ ਤਾਂ ਕੁਝ ਨੀ ਔੜਦਾ ਬਈ ਕਿੱਥੇ ਜਾਈਏ ਤੇ ਕੀਹਨੂੰ ਫੋਨ ਕਰੀਏ।'

'ਹਾਂ...ਏਹੀ ਤਾਂ ਮੈਂ ਸੋਚਦਾਂ। ਜੇ ਪੁਲੀਸ ਨੂੰ ਦੱਸਦੇ ਆਂ ਤਾਂ ਗੱਲ ਬਹੁਤੀ ਦੂਰ ਨਿਕਲ ਜੂ ਗੀ। ਆਸ ਸੀ ਕਿ ਉਹਦਾ ਫ਼ੋਨ ਆ ਜਾਊ ਕਿ ਕਿੱਥੇ ਹੋ ਤੁਸੀਂ। ਸਾਨੂੰ ਘਰੋਂ ਕੱਢ ਕੇ ਕੁਝ ਮਹਿਸੂਸ ਕੀਤਾ ਹੋਵੇ ਤੇ ਆ ਕੇ ਲੈ ਜਾਊਗੀ। ਏਨੀ ਚੰਗੀ ਕਿਸਮਤ ਕਿੱਥੇ? ਅੱਜ ਤਾਂ ਰੱਬ ਵੀ ਦੂਰ ਹੋਇਆ ਲੱਗਦੈ ਆਪਣੇ ਤੋਂ।' ਇਕ ਹਉਕਾ ਹਵਾ ਵਿੱਚ ਰਲ ਗਿਆ।

"ਅੱਜ ਤਾਂ ਕੋਈ ਆਪਣਾ ਵੀ ਏਧਰ ਨੀ ਆਉਂਦਾ ਦਿੱਸਦਾ। ਜੇ ਕੋਈ ਏਧਰ ਆਵੇ ਤਾਂ ਖ਼ਬਰੇ ਪੁੱਛ ਹੀ ਲਵੇ ਕਿ ਏਥੇ ਕਿਉਂ ਬੈਠੇ ਹੋ।'

ਕਰਤਾਰ ਕੁਰ ਨੇ ਅਸਮਾਨ ਵੱਲ ਵੇਖਿਆ। ਸੂਰਜ ਸਿਰ 'ਤੇ ਆ ਗਿਆ ਸੀ। ਉਹ ਮੂੰਹ 'ਚ ਕੁਝ ਬੁੜਬੜਾਈ। ਪਰ ਬਲਦੇਵ ਸਿੰਘ ਨੂੰ ਉਸਦੀ ਭੋਰਾ ਵੀ ਸਮਝ ਨਾ ਆਈ।

ਬਲਦੇਵ ਸਿਉਂ ਤੇ ਕਰਤਾਰ ਕੌਰ ਨੂੰ ਕੈਨੇਡਾ ਆਇਆਂ ਦੋ ਸਾਲ ਹੀ ਹੋਏ ਸਨ। ਉਹ ਆਪਣੇ ਪੁੱਤ ਜੋਰਾਵਰ ਦੇ ਜ਼ੋਰ ਦੇਣ 'ਤੇ ਵਿਜ਼ਟਰ ਵੀਜ਼ਾ ਲੈ ਕੇ ਆਏ ਸਨ। ਇਕ ਸਾਲ ਵਧੀਆ ਲੰਘ ਗਿਆ। ਕਿਸਨੂੰ ਪਤਾ ਹੁੰਦਾ ਹੈ ਕਿ ਸਮਾਂ ਆਪਣੀ ਬੁੱਕਲ 'ਚ ਕੀ ਲਕੋਈ ਬੈਠਾ ਹੈ। ਬਲਦੇਵ ਸਿੰਘ ਨੂੰ ਆਪਣੇ ਪੁੱਤ 'ਤੇ ਲੋਹੜਿਆਂ ਦਾ ਮਾਣ ਸੀ ਕਿ ਉਸਨੇ ਪੰਜਾਂ ਛੇਆਂ ਸਾਲਾਂ 'ਚ ਪਿੰਡ ਵਿੱਚ ਸਿਰ ਚੁੱਕ ਕੇ ਤੁਰਨ ਜੋਗਾ ਕਰ ਦਿੱਤਾ। ਕੋਠੀ ਵਰਗਾ ਸੋਹਣਾ ਮਕਾਨ ਬਣਾ ਲਿਆ। ਏਸੇ ਕੋਠੀ ਕਰਕੇ ਜੋਰਾਵਰ ਤੋਂ ਛੋਟੇ ਸਤਨਾਮ ਦਾ ਵਿਆਹ ਵੀ ਚੰਗੇ ਖਾਂਦੇ ਪੀਂਦੇ ਘਰ ਹੋ ਗਿਆ। ਸਤਨਾਮ ਨੇ ਨਵਾਂ ਟ੍ਰੈਕਟਰ ਲੈ ਲਿਆ। ਜੋਰਾਵਰ ਦੇ ਸਿਰ 'ਤੇ ਉਹ ਖੇਤੀ ਬਾੜੀ ਦਾ ਕੰਮ ਬੜੇ ਸ਼ੌਂਕ ਨਾਲ ਕਰੀ ਜਾਂਦਾ ਸੀ।

ਬਲਦੇਵ ਸਿੰਘ ਸੋਚਦਾ ਕਿ ਹੁਣ ਉਸਨੂੰ ਕੋਈ ਫ਼ਿਕਰ ਨਹੀਂ ਹੈ। ਉਸਨੂੰ ਆਪਣੀ ਸਲੱਗ ਔਲਾਦ 'ਤੇ ਏਨਾ ਮਾਣ ਹੋਣ ਲੱਗ ਪਿਆ ਕਿ ਉਹ ਆਪਣੇ ਪਿੰਡ 'ਚ ਆਕੜ ਕੇ ਤੁਰਦਾ ਤੇ ਸੋਚਦਾ ਕਿ ਪਿੰਡ 'ਚ ਉਹਦੇ ਵਰਗਾ ਕੋਈ ਹੋਰ ਨਹੀਂ। ਕੋਠੀ 'ਚ ਬੈਠਾ ਆਪਣੇ ਆਪ ਨੂੰ ਆਸ-ਪਾਸ ਦੇ ਪਿੰਡਾਂ ਦੇ ਸਰਦਾਰਾਂ ਚੋਂ ਸਰਦਾਰ ਸਮਝਦਾ।

ਓਧਰ ਕਰਤਾਰ ਕੌਰ ਦੀ ਤੋਰ ਵੀ ਬਦਲ ਗਈ। ਉਹ ਚੜ੍ਹਦੇ ਤੋਂ ਚੜ੍ਹਦਾ ਲੀੜਾ ਪਾਉਂਦੀ। ਜਦੋਂ ਦਾ ਜ਼ੋਰਾਵਰ ਕੈਨੇਡਾ ਆਇਆ ਸੀ, ਓਦੋਂ ਦਾ ਉਹਨੂੰ ਵੀ ਪਿਊਰ ਡੀਸ਼ੀਂਨ ਦਾ ਪਤਾ ਲੱਗ ਗਿਆ। ਉਸ ਤੋਂ ਪਹਿਲਾਂ ਤਾਂ ਹਾੜ੍ਹੀ ਸਾਉਣੀ ਜਿਹੜਾ ਜੁੜਿਆ ਪਾ ਲਿਆ। ਸਾਰੀ ਉਮਰ ਚੁੱਲ੍ਹੇ 'ਚ ਫੂਕਾਂ ਮਾਰਦੀ ਦੀ ਲੰਘ ਗਈ ਤੇ ਹੁਣ ਨਵੀਂ ਬਣੀ ਰਸੋਈ 'ਚ ਖਲੋ ਕੇ ਰੋਟੀ ਬਣਾਉਣ ਦਾ ਮਜ਼ਾ ਹੀ ਵੱਖਰਾ ਸੀ। ਉਹ ਵੀ ਆਪਣੇ ਗਲੀਂ ਗਵਾਂਢ ਦੀਆਂ ਕੁੜੀਆਂ-ਬੁੜੀਆਂ ਨੂੰ ਚੱਜ ਨਾਲ ਰਹਿਣ-ਸਹਿਣ ਦੇ ਤਰੀਕੇ ਦੱਸਣ ਲੱਗੀ।

ਇਕ ਦਿਨ ਅਚਾਨਕ ਜ਼ੋਰਾਵਰ ਦੇ ਪੇਟ 'ਚ ਵੱਖਰੀ ਹੀ ਕਿਸਮ ਦਾ ਦਰਦ ਹੋਇਆ। ਸੋਚਿਆ ਕੁਝ ਵਾਧੂ-ਘਾਟੂ ਖਾਧਾ-ਪੀਤਾ ਗਿਆ ਹੋਵੇਗਾ। ਕੁਝ ਦਿਨ ਪੇਨਕਿਲਰ ਲੈਂਦਾ ਰਿਹਾ। ਵਧਦੀ ਪੀੜ ਦੇਖ ਕੇ ਉਹ ਡਾਕਟਰ ਦੇ ਗਿਆ ਤਾਂ ਡਾਕਟਰ ਨੇ ਬਹੁਤ ਸਾਰੇ ਟੈਸਟ ਲਿਖ ਦਿੱਤੇ। ਪੇਟ ਦਾ ਅਲਟਰਾਸਾਊਂਡ ਤੇ ਫਿਰ ਐਮ ਆਰ ਆਈ ਤੋਂ ਪਤਾ ਲੱਗਿਆ ਕਿ ਮਿਹਦੇ ਵਿੱਚ ਕੈਂਸਰ ਹੈ। ਕੁਝ ਮਹੀਨਿਆਂ ਦੀ ਬੀਮਾਰੀ ਤੋਂ ਬਾਦ ਉਹ ਰੱਬ ਨੂੰ ਪਿਆਰਾ ਹੋ ਗਿਆ। ਬਲਦੇਵ ਸਿੰਘ ਤੇ ਕਰਤਾਰ ਕੌਰ ਦਾ ਜਹਾਨ ਹੀ ਲੁੱਟਿਆ ਗਿਆ। ਪਿਉ ਲਈ ਪੁੱਤ ਦੀ ਲਾਸ਼ ਨੂੰ ਆਪਣੇ ਮੋਢਿਆਂ ਤੇ ਚੁੱਕਣ 'ਤੋਂ ਵੱਧ ਹੋਰ ਕੁਝ ਵੀ ਦੁਖਦਾਈ ਨਹੀਂ ਹੁੰਦਾ।

ਜ਼ੋਰਾਵਰ ਦੀ ਮੌਤ ਤੋਂ ਬਾਦ ਉਸਦੀ ਪਤਨੀ ਹਰਲੀਨ 'ਤੇ ਉਸਦੇ ਸੱਸ ਸਹੁਰੇ ਵਿਚਾਲੇ ਦਰਾੜ ਤਾਂ ਪਹਿਲਾਂ ਵੀ ਸੀ ਪਰ ਜ਼ੋਰਾਵਰ ਦੀ ਮੌਤ ਤੋਂ ਬਾਦ ਹੋਰ ਗਹਿਰੀ ਹੋ ਗਈ। ਉਸ ਦੇ ਜਿਊਂਦਿਆਂ ਹਰਲੀਨ ਦਾ ਕਦੇ ਹੌਸਲਾ ਨਹੀਂ ਸੀ ਪਿਆ ਕਿ ਉਹ ਬਲਦੇਵ ਸਿੰਘ ਤੇ ਕਰਤਾਰ ਕੁਰ ਨੂੰ ਉੱਚਾ-ਨੀਵਾਂ ਬੋਲੇ। ਹਰਲੀਨ ਨੂੰ ਆਪਣੇ ਸੱਸ-ਸਹੁਰੇ ਦੀ ਰੂੜੀਵਾਦ ਸੋਚ ਉੱਪਰ ਗੁੱਸਾ ਆਉਂਦਾ ਪਰ ਉਹ ਚੁੱਪ ਹੋ ਜਾਂਦੀ। ਜ਼ੋਰਾਵਰ ਕੋਲ ਸ਼ਕਾਇਤ ਕਰਦੀ ਤਾਂ ਉਹ ਇਹ ਆਖ ਕੇ ਗੱਲ ਟਾਲ ਦਿੰਦਾ ਕਿ ਹੌਲੀ-ਹੌਲੀ ਸਭ ਠੀਕ ਹੋ ਜਾਵੇਗਾ।

ਅੱਜ ਸਵੇਰੇ ਹੀ ਤੂੰ-ਤੂੰ, ਮੈਂ-ਮੈਂ ਹੋ ਗਈ। ਮੌਕੇ ਦੀ ਤਲਾਸ਼ ਵਿੱਚ ਹਰਲੀਨ ਨੂੰ ਵਧੀਆ ਵਕਤ ਮਿਲ ਗਿਆ ਤੇ ਉਸਨੇ ਬਲਦੇਵ ਸਿੰਘ ਨੂੰ ਆਖ ਦਿੱਤਾ, 'ਇਸ ਤੋਂ ਪਹਿਲਾਂ ਕਿ ਮੈਂ ਪੁਲੀਸ ਬੁਲਾਵਾਂ...ਆਪਣੇ-ਆਪ ਘਰੋਂ ਬਾਹਰ ਹੋ ਜਾਵੋ। ਮੈਂ ਨਹੀਂ ਤੁਹਾਡੇ ਵਰਗੇ ਲੋਕਾਂ ਨਾਲ ਰਹਿ ਸਕਦੀ। ਮੈਂ ਆਪਣੀ ਜ਼ਿੰਦਗੀ ਆਪਣੇ ਢੰਗ ਨਾਲ ਜੀਣਾ ਚਾਹੁੰਦੀ ਹਾਂ।'

ਲੀੜੇ ਕਪੜੇ ਵੀ ਚੁੱਕਣ ਦਾ ਮੌਕਾ ਨਾ ਦਿੱਤਾ। ਬਲਦੇਵ ਸਿਉਂ ਨੇ ਬਥੇਰਾ ਕਿਹਾ ਕਿ ਪੁੱਤ ਸਾਨੂੰ ਮਾੜੇ-ਮੋਟੇ ਲੀੜੇ-ਕਪੜੇ ਤਾਂ ਚੁੱਕ ਲੈਣ ਦੇ ਪਰ ਉਹ ਟੱਸ ਤੋਂ ਮੱਸ ਨਾ ਹੋਈ।

ਲੀੜੇ ਕਪੜੇ ਪੁਲੀਸ ਨੂੰ ਨਾਲ ਲੈ ਕੇ ਲੈ ਜਾਣੇ ਤੇ ਘਰ ਦੀਆਂ ਚਾਬੀਆਂ ਮੈਨੂੰ ਦੇ ਜਾਵੋ।

ਗੱਲ ਇਉਂ ਹੋਈ ਕਿ ਜ਼ੋਰਾਵਰ ਦੀ ਮੌਤ ਤੋਂ ਪਿੱਛੋਂ ਬਲਦੇਵ ਸਿੰਘ ਤੇ ਜ਼ੋਰਾਵਰ ਦੀ ਪਤਨੀ ਹਰਲੀਨ ਵਿਚਕਾਰ ਪੈਸਿਆਂ ਦਾ ਝਗੜਾ ਛਿੜ ਗਿਆ। ਕਾਨੂਨੀ ਤੌਰ 'ਤੇ ਜੋ ਕੁਝ ਜੋਰਾਵਰ ਦਾ ਸੀ ਉਸ ਉੱਪਰ ਹਰਲੀਨ ਦਾ ਹੱਕ ਬਣਦਾ ਸੀ



ਪਰ ਬਲਦੇਵ ਸਿੰਘ ਨੂੰ ਇਹ ਮਨਜ਼ੂਰ ਨਹੀਂ ਸੀ। ਉਹ ਜ਼ੋਰਾਵਰ ਦੇ ਬੈਂਕ ਬੈਲੈਂਸ 'ਤੇ ਆਪਣਾ ਅਧਿਕਾਰ ਸਮਝਦਾ ਸੀ। ਇਹ ਖਿੱਚੋਤਾਣ ਤੇ ਖਹਿੜਬਾਜ਼ੀ ਸਵੇਰ ਵਾਲੇ ਝਗੜੇ ਦੀ ਜੜ੍ਹ ਸੀ।

ਸਵੇਰੇ ਉਠਣ ਸਾਰ ਬਲਦੇਵ ਸਿੰਘ ਹਰਲੀਨ ਨੂੰ ਆਖਣ ਲੱਗਾ, 'ਭਾਈ ! ਅੱਜ ਬੈਂਕ ਜਾ ਕੇ ਕੰਮ ਮੁਕਾ ਆਈਏ। ਸਾਡਾ ਪੁੱਤ ਸੀ ਉਹ...ਸਾਡਾ ਵੀ ਹੱਕ ਬਣਦਾ ਆ ਉਸਦੇ ਪੈਸੇ ਧੇਲੇ 'ਤੇ। ਅਸੀਂ ਕੀ ਖੱਟਿਆ ਏਥੇ ਆ ਕੇ। ਪੁੱਤ ਕੀ ਗਿਆ...ਅਸੀਂ ਤਾਂ ਮੰਗਤੇ ਬਣ'ਗੇ। ਧੇਲਾ ਨੀ ਮੇਰੀ ਜੇਬ ਵਿੱਚ। ਉਹ ਜਿਊਂਦਾ ਸੀ ਤਾਂ ਕਦੇ ਮੇਰੀ ਜੇਬ ਖਾਲੀ ਨਹੀਂ ਸੀ ਹੋਈ ਤੇ ਹੁਣ...ਵਾਹਿਗੁਰੂ ਨੂੰ ਪਤਾ ਸਾਡੇ ਨਾਲ ਕੀ ਬੀਤਦੀ ਆ!' ਸੁਣ ਕੇ ਹਰਲੀਨ ਦੇ ਸੱਤੀਂ ਕਪੜੀ ਅੱਗ ਲਾ ਦਿੱਤੀ।

'ਦੇਖੋ! ਮੇਰੇ ਤੋਂ ਨਹੀਂ ਇਹ ਰੋਜ਼-ਰੋਜ਼ ਦਾ ਕੰਜਰਖਾਨਾ ਸਹਿ ਹੁੰਦਾ। ਮੈਂ ਤਾਂ ਸੋਚਦੀ ਸੀ ਤੁਸੀਂ ਮੇਰਾ ਸਹਾਰਾ ਬਣੋਂਗੇ ਪਰ ਤੁਸੀਂ ਤਾਂ ਮੈਨੂੰ ਹੀ ਚੱਬਣ ਲੱਗ ਪਏ। ਜ਼ੋਰਾਵਰ ਮੇਰਾ ਪਤੀ ਸੀ...ਮੈਂ ਹੀ ਜਾਣਦੀ ਆਂ ਮੇਰੇ ਤੇ ਜੋ ਬੀਤ ਰਹੀ ਹੈ। ਤੁਹਾਨੂੰ ਉਸਦੀ ਮੌਤ ਨਾਲ ਕੀ, ਤੁਹਾਨੂੰ ਤਾਂ ਪੈਸਾ ਚਾਹੀਦਾ ਆ। ਬੈਂਕ 'ਚ ਸਭ ਕੁਝ ਸਾਡਾ ਸਾਂਝਾ ਸੀ ਤੇ ਇਹ ਘਰ ਸਾਡੇ ਦੋਨਾਂ ਦੇ ਨਾਂ 'ਤੇ ਹੈ...ਕਿਵੇਂ ਮਿਲੂ ਤੁਹਾਨੂੰ? ਆਪੇ ਹੀ ਕਾਨੂੰਨ ਘੜੀ ਜਾਂਨੇ ਆ। ਅਨਪੜ੍ਹ ਕਿਸੇ ਥਾਂ ਦੇ!'

ਬਲਦੇਵ ਸਿਉਂ ਭੁੱਲ ਗਿਆ ਕਿ ਉਹ ਕੈਨੇਡਾ 'ਚ ਬੈਠਾ ਹੈ। ਉਸਨੇ ਹਰਲੀਨ ਵੱਲ ਚਪੇੜ ਚੁੱਕੀ ਪਰ ਕਰਤਾਰ ਕੁਰ ਨੇ ਉਸਦੀ ਬਾਂਹ ਫੜ ਲਈ।

ਬਲਦੇਵ ਸਿੰਘ ਨੇ ਕਰਤਾਰ ਕੁਰ ਨੂੰ ਪੂਰੇ ਜ਼ੋਰ ਨਾਲ ਧੱਕਾ ਦਿੱਤਾ ਪਰ ਚੰਗੀ ਕਿਸਮਤ ਨੂੰ ਉਹ ਸੋਫ਼ੇ 'ਤੇ ਜਾ ਡਿੱਗੀ ਤੇ ਸੱਟ-ਚੋਟ ਤੋਂ ਬਚ ਗਈ।

'ਇਸ ਤੋਂ ਪਹਿਲਾਂ ਕਿ ਮੈਂ ਪੁਲੀਸ ਨੂੰ ਫ਼ੋਨ ਕਰਾਂ, ਮੇਰੇ ਘਰ 'ਚੋਂ ਬਾਹਰ ਹੋ ਜਾਵੋ...ਤੁਹਾਨੂੰ ਪਤਾ ਹੋਣਾ ਚਾਹੀਦੈ ਕਿ ਤੁਸੀਂ ਇਸ ਵੇਲੇ ਮੇਰੇ ਟੁਕੜਿਆਂ 'ਤੇ ਪਲ ਰਹੇ ਹੋ। ਬਾਹਰ ਹੋ ਜਾਉ...ਨਹੀਂ ਤਾਂ ਪੁਲੀਸ ਆ ਕੇ ਤੁਹਾਡੇ ਨਾਲ ਨਿਬੜੂ!'

ਬਲਦੇਵ ਸਿਉਂ 'ਪੁਲੀਸ' ਸ਼ਬਦ ਸੁਣ ਕੇ ਤ੍ਰਬਕ ਗਿਆ ਤੇ ਕਰਤਾਰ ਕੁਰ ਨੂੰ ਆਖਣ ਲੱਗਾ, 'ਉੱਠ ਤੁਰ! ਕੀ ਵੇਹਨੀਂ ਏ ਮੇਰੇ ਵੱਲ। ਹੁਣ ਕੋਈ ਕਸਰ ਬਾਕੀ ਆ ਬੇਇਜ਼ਤੀ ਦੀ!'

ਉਸਦੇ ਤ੍ਰਬਕਣ ਦਾ ਕਾਰਨ ਇਹ ਵੀ ਸੀ ਉਹ ਵਿਜ਼ੀਟਰ ਵੀਜ਼ੇ 'ਤੇ ਸੀ ਤੇ ਪੁਲੀਸ ਨੇ ਫੜ ਕੇ ਤੁਰੰਤ ਵਾਪਿਸ ਭਾਰਤ ਭੇਜ ਦੇਣਾ ਸੀ। ਕੀ ਰਹਿਣੀ ਸੀ ਉਨ੍ਹਾਂ ਦੀ ਇਜ਼ਤ। ਪਿੰਡ 'ਚ ਵੱਖ ਤਰ੍ਹਾਂ ਦੀਆਂ ਗੱਲਾਂ ਹੋਣੀਆਂ ਸਨ। ਗੱਲਾਂ ਨੂੰ ਤਾਂ ਖੰਭ ਲੱਗ ਜਾਂਦੇ ਆ...ਮੂੰਹ 'ਚੋਂ ਨਿਕਲੀ ਨੀ ਤੇ ਉੱਡੀ ਨੀ!

ਘਰੋਂ ਨਿਕਲਣ ਦਾ ਸੀਨ ਯਾਦ ਕਰਕੇ ਬਲਦੇਵ ਸਿਉਂ ਦੀ ਧਾਹ ਨਿਕਲ ਗਈ।

ਕਰਤਾਰ ਕੌਰ ਨੇ ਉਸਦਾ ਮੋਢਾ ਹਲੂਣਿਆ ਤੇ ਕਹਿਣ ਲੱਗੀ, 'ਸਰਦਾਰਾ ਇਉਂ ਚਿੱਤ ਹੌਲਾ ਕੀਤਿਆਂ ਨੀ ਸਰਨਾ। ਹੁਣ ਇਹ ਸੋਚ ਬਈ ਕਿੱਧਰ ਜਾਣਾ ਆ। ਦਿਨ ਚੜ੍ਹਦਾ ਨਹੀਂ ਢੱਲਦਾ ਆ...ਇਉਂ ਏਥੇ ਕਿੰਨਾ ਚਿਰ ਬੈਠਾਂਗੇ? ਮੈਂ ਬਥੇਰਾ ਤੈਨੂੰ ਸਮਝਾਇਆ ਕਿ ਆਰਾਮ ਨਾਲ ਮਿੱਠਾ ਪਿਆਰਾ ਹੋ ਕੇ ਚਾਰ ਦਿਹਾੜੇ ਕੱਟ ਲੈ। ਜੇ ਮੇਰੀ ਮਾੜੀ-ਮੋਟੀ ਸੁਣੀ ਹੁੰਦੀ ਤਾਂ ਆਹ ਦਿਨ ਨਾ ਵੇਖਣਾ ਪੈਂਦਾ।' ਏਨਾ ਕਹਿ ਕੇ ਉਹ ਅੱਖਾਂ ਪੂੰਝਣ ਲੱਗ ਪਈ।

ਬਲਦੇਵ ਸਿਉਂ ਤਾਂ ਪਹਿਲਾਂ ਹੀ ਪਸੀਜਿਆ ਪਿਆ ਸੀ। ਇਕ ਖਿਆਲ ਆਉਂਦਾ ਇਕ ਜਾਂਦਾ। ਆਖਿਰ ਉਸਨੂੰ ਸੁਝੀ ਕਿ ਕਿਉਂ ਨਾ ਸੰਦੀਪ ਨੂੰ ਫ਼ੋਨ ਕਰਕੇ ਦੇਖਾਂ। ਫਿਰ ਰੁਕ ਗਿਆ...।

ਸੰਦੀਪ ਉਨ੍ਹਾਂ ਦੇ ਪਿੰਡ ਦਾ ਮੁੰਡਾ ਸੀ। ਉਸਦੇ ਮਾਂ-ਬਾਪ ਪਿੰਡ ਦੀਆਂ ਗਲੀਆਂ-ਨਾਲੀਆਂ ਦੀ ਸਾਫ਼-ਸਫ਼ਾਈ ਕਰਿਆ ਕਰਦੇ ਸਨ। ਸੰਦੀਪ ਨੇ ਅੰਤਾਂ ਦੀ ਗਰੀਬੀ ਵਿੱਚ ਰਹਿ ਕੇ ਡਿਗਰੀ ਲੈ ਲਈ ਤੇ ਉਹ ਨੰਬਰ ਸਿਸਟਮ 'ਤੇ ਕੈਨੇਡਾ ਆ ਗਿਆ ਤੇ ਏਥੇ ਹੀ ਉਹ ਕਿਸੇ ਇੰਮੀਗਰਾਂਟ ਪੰਜਾਬਣ ਕੁੜੀ ਨੀਰੂ ਨਾਲ ਵਿਆਹ ਕਰਵਾ ਕੇ ਸੈਟਲ ਹੋ ਗਿਆ।

ਕੈਨੇਡਾ ਰਹਿੰਦਿਆਂ ਸੰਦੀਪ ਤੇ ਜ਼ੋਰਾਵਰ ਦੀ ਚੰਗੀ ਦੋਸਤੀ ਸੀ। ਉਹ ਭਰਾਵਾਂ ਵਾਂਗ ਵਰਤਣ ਲੱਗੇ। ਹਰ ਵੀਕ-ਇੰਡ 'ਤੇ ਕਦੇ ਸੰਦੀਪ ਦੇ ਘਰ ਮਹਿਫ਼ਲ ਲੱਗਦੀ ਤੇ ਕਦੇ ਜ਼ੋਰਾਵਰ ਦੇ। ਪਰ ਇਸ ਤੋਂ ਬਲਦੇਵ ਸਿੰਘ ਬਹੁਤ ਖਿੱਝਦਾ। ਉਹ ਅਕਸਰ ਹੀ ਜ਼ੋਰਵਰ ਨੂੰ ਆਖਦਾ ਕਿ ਦੇਖ ਆਪਾਂ ਜੱਟ ਸਰਦਾਰ ਆਂ, ਨਿੱਕੀ ਸੁੱਕੀ ਜਾਤ ਨਾਲ ਵਰਤ-ਵਰਤਾਵਾ ਸਾਨੂੰ ਸ਼ੋਭਦਾ ਨਹੀ। ਕਿੱਥੇ ਅਸੀਂ ਤੇ ਕਿੱਥੇ ਇਹ...ਪਿੰਡ ਦਾ ਗੰਦ ਸਾਫ਼ ਕਰਨ ਵਾਲੇ। ਤੇ ਹੁਣ ਇਹ ਸਾਡੀ ਬਰਾਬਰੀ ਕਰਨ ਲੱਗ ਪਏ ਆ। ਜਾਤ ਤਾਂ ਧੋਤੀ ਨੀ ਜਾਂਦੀ...ਨਾਲ ਹੀ ਰਹਿੰਦੀ ਆ ਬੰਦੇ ਦੇ ਜਨਮ ਤੋਂ ਮਰਨ ਤੱਕ।

ਜ਼ੋਰਾਵਰ ਆਪਣੇ ਬਾਪ ਨੂੰ ਬਥੇਰਾ ਸਮਝਾਉਂਦਾ ਤੇ ਕਹਿੰਦਾ, 'ਦੇਖੋ ਬਾਪੂ ਜੀ...ਜੇਕਰ ਅਸੀਂ ਬਾਬੇ ਨਾਨਕ ਦੇ ਸਿੱਖ ਆਂ ਤਾਂ ਸਾਨੂੰ ਗੁਰੂਆਂ ਦੀ ਮੰਨਣੀ ਵੀ ਚਾਹੀਦੀ ਹੈ। ਬਾਣੀ ਅਨੁਸਾਰ ਬੰਦਾ ਜਾਤ ਤੋਂ ਨਹੀ ਬਲਕਿ ਕਿਰਦਾਰ ਤੋਂ ਪਛਾਣਿਆ ਜਾਂਦਾ ਹੈ। ਇਹ ਜਾਤ-ਪਾਤ ਰੱਬ ਨੇ ਨਹੀਂ ਬਣਾਈ, ਬੰਦੇ ਨੇ ਆਪਣੇ ਸੁਆਰਥ ਲਈ ਆਪ ਬਣਾਈ ਹੈ। ਤੁਹਾਡੇ ਵਰਗੇ ਗੁਰੂ ਦੇ ਸਿੱਖ ਨੂੰ ਅਜਿਹੀਆਂ ਗੱਲਾਂ ਨਹੀਂ ਸ਼ੋਭਦੀਆਂ।'

ਪਰ ਬਲਦੇਵ ਸਿੰਘ 'ਤੇ ਇਨ੍ਹਾਂ ਗੱਲਾਂ ਦਾ ਕੋਈ ਅਸਰ ਨਾ ਹੁੰਦਾ। ਜਦੋਂ ਵੀ ਸੰਦੀਪ ਤੇ ਉਸਦੀ ਪਤਨੀ ਨੀਰੂ ਉਨ੍ਹਾਂ ਦੇ ਘਰ ਆਉਂਦੇ ਤਾਂ ਉਹ ਆਪਣੇ ਕਮਰੇ 'ਚ ਜਾ ਬੈਠਦਾ। ਉਨ੍ਹਾਂ ਦੇ ਗਿਆਂ ਤੋਂ ਹੀ ਬਾਹਰ ਨਿਕਲਦਾ ਤੇ ਕਰਤਾਰ ਕੌਰ ਨੂੰ ਮਿਹਣੇ ਮਾਰਦਾ ਕਿ ਤੈਨੂੰ ਉਨ੍ਹਾਂ ਨਾਲ ਬਹਿ ਕੇ ਖਾਣ ਨਾਲ ਰੋਟੀ ਜਿਆਦਾ ਸਵਾਦ ਲੱਗਦੀ ਆ। 'ਰੱਬ ਤੋਂ ਡਰਿਆ ਕਰ, ਕਿਉਂ ਪੁੱਠੀਆਂ ਗੱਲਾਂ ਕਰਕੇ ਮਨ ਦਾ ਸੁਖ-ਆਰਾਮ ਗਵਾਉਂਦੈਂ। ਸਿਆਣਾ ਬਣ! ਮੁੰਡਾ ਗਲਤ ਨੀ ਕਹਿੰਦਾ। ਪਰ ਬਲਦੇਵ ਸਿਉਂ ਤੇ ਭੋਰਾ ਅਸਰ ਨਾ ਹੁੰਦਾ। ਇਕ ਦਿਨ ਤਾਂ ਉਹ ਸਾਰੀਆਂ ਹੱਦਾਂ ਟੱਪ ਗਿਆ।

ਸੰਦੀਪ ਤੇ ਨੀਰੂ ਸ਼ੁਕਰਵਾਰ ਦੀ ਸ਼ਾਮ ਉਨ੍ਹਾਂ ਦੇ ਘਰ ਆਏ ਹੋਏ ਸਨ। ਹਰਲੀਨ ਫ਼ੁਲਕੇ ਲਾਹ ਰਹੀ ਸੀ ਤੇ ਨੀਰੂ ਸਲਾਦ ਕੱਟਣ ਲੱਗ ਪਈ। ਬਲਦੇਵ ਤੋਂ ਜਰਿਆ ਨਾ ਗਿਆ ਤੇ ਗੁੱਸੇ 'ਚ ਕਹਿਣ ਲੱਗਾ, 'ਦੇਖ ਭਾਈ ਹਰਲੀਨ! ਕਿਸੇ ਓਪਰੇ ਨੂੰ ਰਸੋਈ ਵਿੱਚ ਨਾ ਵੜਨ ਦਿਆ ਕਰ। ਕੰਮ ਆਪ ਕਰ ਲਿਆ ਕਰ ਜਾਂ ਕਰਤਾਰ ਕੁਰ ਨੂੰ ਕਹਿ ਦਿਆ ਕਰ।'

ਇਹ ਗੱਲ ਸੁਣ ਤਾਂ ਸਾਰਿਆਂ ਨੇ ਸੁਣੀ-ਅਣਸੁਣੀ ਕਰ ਦਿੱਤੀ। ਸੰਦੀਪ ਦਾ ਚਿੱਤ ਤਾਂ ਕੀਤਾ ਕਿ ਉਹ ਇਕ ਦਮ ਘਰ 'ਚੋਂ ਬਾਹਰ ਹੋ ਜਾਵੇ ਪਰ ਜ਼ੋਰਾਵਰ ਨਾਲ ਦੋਸਤੀ ਨੇ ਉਸਨੂੰ ਰੋਕ ਲਿਆ।

ਸੰਦੀਪ ਤੇ ਨੀਰੂ ਦੇ ਜਾਣ ਪਿੱਛੋਂ ਜ਼ੋਰਾਵਰ ਨੇ ਆਪਣੇ ਬਾਪ ਨੂੰ ਅੱਗੇ ਤੋਂ ਅਜਿਹਾ ਨਾ ਕਰਨ ਦੀ ਪੱਕੀ ਹਦਾਇਤ ਕਰ ਦਿੱਤੀ। ਉਸ ਦਿਨ ਤਾਂ ਕਰਤਾਰ ਕੁਰ ਨੇ ਵੀ ਬਲਦੇਵ ਸਿੰਘ ਨੂੰ ਆਖ ਦਿੱਤਾ, 'ਤੇਰੀ ਗੰਦੀ ਜ਼ੁਬਾਨ ਕਿਸੇ ਦਿਨ ਕੋਈ ਵੱਡਾ ਕਾਰਾ ਕਰਵਾ ਕੇ ਰਹੂ। ਜੇ ਇਉਂ ਹੀ ਕਰਨਾ ਹੈ ਤਾਂ ਚੱਲ ਮੁੜ ਜਾ ਪਿੰਡ ਨੂੰ। ਤੇਰੇ ਵਰਗੇ ਏਥੇ ਆ ਕੇ ਵੀ ਜਾਤ-ਪਾਤ ਦਾ ਗੰਦ ਪਾਉਣੋਂ ਨਹੀਂ ਟਲਦੇ। ਦੋਨੋਂ ਮੁੰਡੇ ਪਰਦੇਸ਼ਾਂ 'ਚ ਭਰਾਵਾਂ ਵਾਂਗੂੰ ਰਹਿੰਦੇ ਆ...ਇਕ ਦੂਜੇ ਦਾ ਸਹਾਰਾ ਦੋਨਾਂ ਨੂੰ। ਤੇਰਾ ਕਾਲਜਾ ਕਿਉਂ ਮੱਚਦਾ ਰਹਿੰਦੈ। ਤੈਥੋਂ ਜਵਾਕਾਂ ਦਾ ਮੋਹ ਪਿਆਰ ਜਰਿਆ ਨੀ ਜਾਂਦੈ। ਆਇਆ ਵੱਡਾ ਇਹ ਵੱਡੀ ਜਾਤ ਵਾਲਾ। ਮੈਂ ਤਾਂ ਮੁੰਡੇ ਨੂੰ ਆਖ ਦੇਣਾ ਕਿ ਇਹਦੀ ਸੀਟ ਬੁੱਕ ਕਰਵਾ ਕੇ ਤੋਰ ਦੇ ਪਿੰਡ ਨੂੰ।'

...ਤੇ ਜਿਉਂ ਜਿਉਂ ਦਿਨ ਢਲਦਾ ਜਾਂਦਾ ਸੀ, ਬਲਦੇਵ ਸਿਉਂ ਦੀ ਚਿੰਤਾ ਵੱਧਦੀ ਜਾਦੀ ਸੀ। ਫ਼ਿਕਰ ਤਾਂ ਕਰਤਾਰ ਕੁਰ ਨੂੰ ਵੀ ਬਥੇਰਾ ਸੀ ਪਰ ਉਹ ਸ਼ਾਂਤ ਸੀ। ਉਹ ਟਕੋਰ ਵੀ ਲਾ ਜਾਂਦੀ ਕਿ ਇਕ ਦਿਨ ਅਜਿਹਾ ਹੋਣਾ ਹੀ ਸੀ। ਫ਼ਿਕਰ ਤਾਂ ਉਸਨੂੰ ਵੀ ਸੀ ਪਰ ਉਹ ਬਲਦੇਵ ਸਿਉਂ 'ਤੇ ਸਾਰੀ ਗੱਲ ਸੁੱਟ ਬੈਠੀ ਰਹੀ।

ਬਲਦੇਵ ਸਿੰਘ ਦੀ ਲਾਚਾਰੀ ਉਸ ਦੀਆਂ ਅੱਖਾਂ ਥਾਣੀਂ ਵਹਿ ਤੁਰੀ। ਉਸਨੇ ਆਪਣੀ ਪੱਗ ਦਾ ਲੜ ਢਿੱਲਾ ਕਰਕੇ ਅੱਖਾਂ ਪੱਗ ਦੇ ਲੜ ਨਾਲ ਪੂੰਝ ਕੇ ਦੋਬਾਰਾ ਟੰਗ ਲਿਆ। ਉਸ ਦੀਆਂ ਅੱਖਾਂ ਚੋਂ ਵੱਗਿਆ ਨੀਰ ਦੇਖ ਕੇ ਕਰਤਾਰ ਕੌਰ ਦੀਆਂ ਅੱਖਾਂ 'ਚੋਂ ਵੀ ਹੰਝੂ ਕਿਰੇ ਜਿਹੜੇ ਪਾਰਕ ਦੇ ਹਰੇ ਘਾਹ ਨੇ ਪੀ ਲਏ ।

ਢਲਦਾ ਦਿਨ ਦੇਖ ਕੇ ਬਲਦੇਵ ਸਿਉਂ ਨੇ ਆਪਣੀ ਜੇਬ ਚੋਂ ਫ਼ੋਨ ਕੱਢਿਆ ਤੇ ਕਰਤਾਰ ਕੁਰ ਨਾਲ ਸਲਾਹ ਮਸ਼ਵਰਾ ਕੀਤੇ ਬਿਨਾ ਹੀ ਸੰਦੀਪ ਦਾ ਨੰਬਰ ਘੁੰਮਾ ਲਿਆ। ਸੰਦੀਪ ਨੇ ਫ਼ੋਨ ਨਾ ਚੁੱਕਿਆ। ਬਲਦੇਵ ਸਿਉਂ ਦੇ ਦਿਮਾਗ ਵਿੱਚ ਖਿਆਲ ਆਇਆ ਕਿ ਹੋ ਸਕਦਾ ਹੈ ਉਸਦੀ ਨੂੰਹ ਨੇ ਸੰਦੀਪ ਨੂੰ ਦੱਸ ਦਿੱਤਾ ਹੋਵੇ, ਨਹੀਂ ਤਾਂ ਉਸਨੇ ਫ਼ੋਨ ਚੁੱਕ ਲੈਣਾ ਸੀ। ਸੰਦੀਪ ਵੀ ਤਾਂ ਓਹਦਾ ਹੀ ਪੱਖ ਲਊ!

'ਐਸ ਵੇਲੇ ਉਸਨੇ ਕਿੱਥੇ ਜਾਣਾ ਆ? ਅੱਜ ਤਾਂ ਉਸਨੂੰ ਛੁੱਟੀ ਹੈ। ਚੱਲ ਕੁਝ ਦੇਰ ਠਹਿਰ ਕੇ ਫ਼ੋਨ ਕਰਦਾਂ ਨਹੀਂ ਤਾਂ ਫਿਰ ਕੁਝ ਹੋਰ ਸੋਚਣਾ ਪਊ।' ਉਹ ਖਿਆਲਾਂ ਦੀ ਉਧੇੜ ਬੁਣ 'ਚ ਉਲਝਿਆ ਹੋਇਆ ਸੀ।

ਤੇ ਫਿਰ ਉਹ ਸੀਨ ਜਿਸ ਦਿਨ ਸੰਦੀਪ ਤੇ ਉਸਦੀ ਪਤਨੀ ਉਨ੍ਹਾਂ ਨੂੰ ਮਿਲਣ ਆਏ ਸੀ। ਟੇਬਲ ਤੇ ਪਾਈ ਰੋਟੀ ਛੱਡ ਕੇ ਉਹ ਕਮਰੇ 'ਚ ਜਾ ਬੈਠਾ ਸੀ, ਯਾਦ ਆ ਗਿਆ।

ਬਲਦੇਵ ਨੂੰ ਖ਼ਿਆਲ ਆਇਆ ਕਿ ਸ਼ਾਇਦ ਸੰਦੀਪ ਉਸਦਾ ਫ਼ੋਨ ਨਹੀਂ ਚੁੱਕੇਗਾ। ਪਹਿਲਾਂ ਗੱਲ ਹੋਰ ਸੀ। ਜ਼ੋਰਾਵਰ ਇਹਦਾ ਯਾਰ ਸੀ। ਅਸੀਂ ਕੀ ਲੱਗਦੇ ਆਂ ਇਹਦੇ। ਨਾਲੇ ਅਸੀਂ ਕਿਹੜਾ ਕਦੇ ਇਸਨੂੰ ਪਿਆਰ ਨਾਲ ਬੁਲਾਇਆ ਆ!

ਬਲਦੇਵ ਸਿਉਂ ਦੇ ਕਾਲਜੇ 'ਚ ਧੂਹ ਜੇਹੀ ਪਈ ਤੇ ਉਹ ਕਰਤਾਰ ਕੁਰ ਨੂੰ ਕਹਿਣ ਲੱਗਾ, 'ਆਹ ਦੇਈਂ ਇਕ ਗੋਲੀ।'

ਕਰਤਾਰ ਕੁਰ ਨੇ ਅਜੇ ਗੋਲੀ ਤੋਂ ਪੇਪਰ ਲਾਹ ਕੇ ਉਸਨੂੰ ਫੜਾਈ ਹੀ ਸੀ ਕਿ ਬਲਦੇਵ ਸਿੰਘ ਦੇ ਕੋਲ ਬੈਂਚ 'ਤੇ ਪਿਆ ਫ਼ੋਨ ਖੜਕ ਪਿਆ। ਉਸਨੇ ਕਾਹਲ ਨਾਲ ਫ਼ੋਨ ਚੁੱਕਿਆ ਤੇ ਅਗਲੇ ਪਾਸੇ ਤੋਂ ਸੰਦੀਪ ਬੋਲ ਰਿਹਾ ਸੀ ।

'ਕੀ ਹਾਲ ਹੈ ਪੁੱਤ ਸੰਦੀਪ ...।' ਬਲਦੇਵ ਸਿਉਂ ਨੇ ਬੜੇ ਪਿਆਰ ਨਾਲ ਕਿਹਾ।

ਸੰਦੀਪ ਨੂੰ ਕੁਝ ਸ਼ੱਕ ਜਿਹਾ ਹੋਇਆ। ਉਸਦੀ ਆਵਾਜ਼ ਦੀ ਟੋਨ ਪਹਿਲਾਂ ਨਾਲੋਂ ਵੱਖਰੀ ਸੀ।

'ਅਸੀਂ ਠੀਕ ਠਾਕ ਹਾਂ। ਤੁਸੀ ਸੁਣਾਉ'

***(ਬਾਕੀ ਅਗਲੇ ਸਫੇ 'ਤੇ)***

# ਮੈਰਾਥਨ ਦਾ ਵਿਸ਼ਵ ਚੈਂਪੀਅਨ ਕੈਲਵਿਨ ਕਿਪਟਮ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਕੀਨੀਆ ਦਾ ਕੈਲਵਿਨ ਕਿਪਟਮ ਸੂਰਜ ਵਾਂਗ ਚੜ੍ਹਿਆ ਤੇ ਤਾਰੇ ਵਾਂਗ ਅਲੋਪ ਹੋ ਗਿਆ। ਉਸ ਨੇ ਚੜ੍ਹਦੀ ਜੁਆਨੀ 'ਚ ਮੈਰਾਥਨ ਦੌੜ ਦਾ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ ਸੀ। ਖੇਡ ਜਗਤ ਨੂੰ ਬੜੀਆਂ ਆਸਾਂ ਸਨ ਕਿ ਉਹ ਧਰੂ ਤਾਰੇ ਵਾਂਗ ਲੰਮਾ ਸਮਾਂ ਲਿਸ਼ਕੇਗਾ। 42.195 ਕਿਲੋਮੀਟਰ ਯਾਨੀ 26 ਮੀਲ 385 ਗਜ਼ ਦੀ ਮੈਰਾਥਨ ਦੌੜ ਦੋ ਘੰਟੇ ਤੋਂ ਘੱਟ ਸਮੇਂ 'ਚ ਦੌੜੇਗਾ ਤੇ ਪੋਲ ਵਾਲਟਰ ਸਰਗੀ ਬੁਬਕਾ ਵਾਂਗ ਵਾਰ-ਵਾਰ ਵਿਸ਼ਵ ਰਿਕਾਰਡ ਤੋੜੇਗਾ। ਪਰ ਹੋਣੀ ਉਹਦੇ ਰਾਹ 'ਚ ਸ਼ਹਿ ਲਾਈ ਬੈਠੀ ਸੀ। ਜਿਵੇਂ ਉਹਦੀ ਚੜ੍ਹਾਈ ਹੋਈ ਸੀ ਉਵੇਂ ਉਹਦਾ ਅੰਤ ਵੀ ਅਚਾਨਕ ਹੋਇਆ। ਉਹ ਅਜੇ 24 ਸਾਲਾਂ ਦਾ ਹੋਇਆ ਸੀ ਕਿ ਕਾਰ ਹਾਦਸੇ ਵਿਚ ਆਪਣੇ ਕੋਚ ਨਾਲ ਅਗਲੇ ਜਹਾਨ ਤੁਰ ਗਿਆ। ਉਸ ਦੀ ਜੁਆਨੀ 'ਚ ਹੋਈ ਦਰਦਨਾਕ ਮੌਤ ਦਾ ਸੋਗ ਵਿਸ਼ਵ ਭਰ 'ਚ ਮਨਾਇਆ ਗਿਆ। ਵਿਸ਼ਵ ਦੇ ਮਹਾਨ ਖਿਡਾਰੀਆਂ ਅਤੇ ਕੀਨੀਆ ਦੇ ਪ੍ਰੈਜ਼ੀਡੈਂਟ ਵਿਲੀਅਮ ਰੂਟੋ ਨੇ ਉਸ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ।

ਉਹਦਾ ਜਨਮ 2 ਦਸੰਬਰ 1999 ਨੂੰ ਹੋਇਆ ਸੀ ਤੇ ਮੌਤ 11 ਫਰਵਰੀ 2024 ਨੂੰ ਹੋਈ। ਉਦੋਂ ਮੈਰਾਥਨ ਦਾ ਵਿਸ਼ਵ ਰਿਕਾਰਡ ਉਸੇ ਦੇ ਨਾਂ ਸੀ ਜਿਸ ਦਾ ਸਮਾਂ ਸੀ 2 ਘੰਟੇ 35 ਸਕਿੰਟ। ਉਹਦਾ ਰੰਗ ਕਾਲ਼ਾ, ਜੁੱਸਾ ਇਕਹਿਰਾ, ਨੈਣ ਨਕਸ਼ ਤਿੱਖੇ, ਕੱਦ 5 ਫੁੱਟ 11 ਇੰਚ ਤੇ ਭਾਰ 65 ਕਿਲੋ ਸੀ। ਉਹ ਵਿਸ਼ਵ ਦੀਆਂ ਸਭ ਤੋਂ ਤੇਜ਼ ਦੌੜੀਆਂ ਗਈਆਂ ਸੱਤ ਮੈਰਾਥਨਾਂ ਵਿਚੋਂ ਤਿੰਨਾਂ 'ਚ ਦੌੜਿਆ ਸੀ ਤੇ ਤਿੰਨੇ ਜਿੱਤਿਆ ਸੀ। ਤਿੰਨੇ ਵਾਰ ਉਸ ਨੇ ਆਪਣਾ ਪਹਿਲਾ ਰਿਕਾਰਡ ਨਵਿਆਇਆ ਸੀ। ਲੰਡਨ ਤੇ ਸ਼ਿਕਾਗੋ ਦੀਆਂ ਮੇਜਰਜ਼ ਮੈਰਾਥਨਾਂ ਜਿੱਤਣੀਆਂ ਉਸ ਦੀ ਇਤਿਹਾਸਕ ਪ੍ਰਾਪਤੀ ਮੰਨੀਆਂ ਜਾਂਦੀਆਂ ਹਨ।

ਉਹ ਕੀਨੀਆ ਦੇ ਪਿੰਡ ਚੈਪਸੈਮੋ, ਚੈਪਕੋਰੀਓ ਵਿਚ ਸੈਨਸਨ ਚੈਰੀਯੋਤ ਦੇ ਘਰ ਮਾਤਾ ਮੈਰੀ ਕਾਂਗੋਗੋ ਦੀ ਕੁੱਖੋਂ ਪੈਦਾ ਹੋਇਆ ਸੀ। ਉਹ ਪੰਜ ਭੈਣ ਭਰਾ ਸਨ ਜਿਨ੍ਹਾਂ 'ਚ ਉਹ ਤੀਜੇ ਥਾਂ ਜੰਮਿਆ ਸੀ। ਉਸ ਦਾ ਪਿਤਾ ਚੰਗਾ ਦੌੜਾਕ ਸੀ ਤੇ ਮਾਤਾ ਵਾਲੀਬਾਲ ਦੀ ਖਿਡਾਰਨ ਜਿਸ ਨੇ ਕੀਨੀਆ ਦੀ ਟੀਮ ਵੱਲੋਂ ਐਟਲਾਂਟਾਂ ਦੀਆਂ ਓਲੰਪਿਕ ਖੇਡਾਂ-1996 'ਚ ਭਾਗ ਲਿਆ ਸੀ। ਉਹ ਸਾਧਾਰਨ ਕਿਸਾਨ ਸਨ ਜੋ ਖੇਤੀ ਕਰਨ ਨਾਲ ਭੇਡਾਂ ਬੱਕਰੀਆਂ ਵੀ ਪਾਲਦੇ ਸਨ। ਕਿਪਟਮ ਸਕੂਲੋਂ ਆਉਣ ਪਿੱਛੋਂ ਖੇਤੀਬਾੜੀ 'ਚ ਹੱਥ ਵਟਾਉਂਦਾ ਸੀ ਤੇ ਇੱਜੜ ਚਰਾਉਣ ਲੈ ਜਾਂਦਾ ਸੀ। ਉਸ ਦੀਆਂ ਮੁੱਢਲੀਆਂ ਦੌੜਾਂ ਪਸ਼ੂਆਂ ਨੂੰ ਮੋੜੇ ਲਾਉਣ ਤੋਂ ਸ਼ੁਰੂ ਹੋਈਆਂ ਸਨ।

ਉਹ ਰਿਫਟ ਵਾਦੀ ਦੀਆਂ ਚੜ੍ਹਾਈਆਂ ਉੱਤਰਾਈਆਂ ਉੱਤੇ ਚੜ੍ਹਦਾ ਉੱਤਰਦਾ ਦੌੜਦਾ ਹੋਇਆ ਦਮ ਪਕਾਉਂਦਾ ਰਹਿੰਦਾ। ਟੀਵੀ ਤੋਂ ਮੈਰਾਥਨ ਦੌੜਾਂ ਵੇਖਦਾ ਤਾਂ ਉਹਦੇ ਮਨ 'ਚ ਵੀ ਮੈਰਾਥਨ ਦੌੜਾਕ ਬਣਨ ਦੀਆਂ ਲੂਹਰੀਆਂ ਉਠਦੀਆਂ। ਮੈਰਾਥਨ ਦਾ ਵਿਸ਼ਵ ਚੈਂਪੀਅਨ ਇਲੀਓਡ ਕਿਪਚੋਗੇ ਉਹਦਾ ਆਦਰਸ਼ ਬਣ ਗਿਆ ਸੀ। ਕਿਪਟਮ ਨੇ 8 ਅਕਤੂਬਰ 2023 ਨੂੰ ਸ਼ਿਕਾਗੋ ਦੀ ਮੈਰਾਥਨ 2 ਘੰਟੇ 35 ਸਕਿੰਟ ਵਿਚ ਦੌੜ ਕੇ ਵਿਸ਼ਵ ਰਿਕਾਰਡ ਆਪਣੇ ਨਾਂ ਕਰਾ ਲਿਆ ਸੀ। ਅਪ੍ਰੈਲ 2024 'ਚ ਦੌੜੀ ਜਾਣ ਵਾਲੀ ਰੋਟੈਰਡਮ ਮੈਰਾਥਨ ਅਤੇ ਅਗਸਤ 2024 ਵਿਚ ਪੈਰਿਸ ਦੀਆਂ ਓਲੰਪਿਕ ਖੇਡਾਂ ਦੀ ਮੈਰਾਥਨ ਲਈ ਜਦੋਂ ਉਹ ਤੇ ਉਹਦਾ ਕੋਚ ਦੋ ਘੰਟਿਆਂ ਦੀ ਹੱਦ ਤੋੜਨ ਦੀਆਂ ਤਿਆਰੀਆਂ ਕਰ ਰਹੇ ਸਨ ਤਾਂ ਉਨ੍ਹਾਂ ਦੀ ਕਾਰ ਦਾ ਐਕਸੀਡੈਂਟ ਹੋ ਗਿਆ। ਜਿਵੇਂ ਰੌਜਰ ਬੈਨਿਸਟਰ ਨੇ ਮੀਲ ਦੀ ਦੌੜ 'ਚ ਚਾਰ ਮਿੰਟ ਦੀ ਹੱਦ ਤੋੜੀ ਸੀ ਉਵੇਂ ਉਹ ਵੀ ਮੈਰਾਥਨ ਦੌੜ 'ਚ ਦੋ ਘੰਟਿਆਂ ਦੀ ਹੱਦ ਤੋੜਨ ਲਈ ਤਤਪਰ ਸੀ।

ਮੈਰਾਥਨ ਦੌੜ ਦਾ ਪਿਛੋਕੜ ਢਾਈ ਹਜ਼ਾਰ ਸਾਲ ਪਹਿਲਾਂ ਲੜੀ ਗਈ ਲੜਾਈ ਨਾਲ ਸੰਬੰਧਿਤ ਹੈ। 490 ਪੂ.ਈ. ਵਿਚ ਪਰਸ਼ੀਆ ਨੇ ਏਥਨਜ਼ 'ਤੇ ਹਮਲਾ ਕਰਨ ਲਈ ਆਪਣੀ ਫੌਜ ਉਥੋਂ ਕੁਝ ਮੀਲ ਦੂਰ ਪਿੰਡ ਮੈਰਾਥਨ ਵਿਚ ਉਤਾਰੀ ਸੀ। ਉਦੋਂ ਮੈਰਾਥਨ ਛੋਟਾ ਜਿਹਾ ਪਿੰਡ ਸੀ ਜੋ ਹੁਣ ਸ਼ਹਿਰ ਬਣ ਗਿਆ ਹੈ। ਯੂਨਾਨ ਦੇ ਜਰਨੈਲ ਨੇ ਆਪਣੇ ਓਲੰਪਿਕ ਦੌੜਾਕ ਫਿਡੀਪੀਡੀਸ ਨੂੰ ਸਪਾਰਟਾ ਤੋਂ ਮਦਦ ਲੈਣ ਲਈ ਦੌੜਾਇਆ। ਉਹ ਦੌੜਦਾ, ਦਰਿਆ ਤੈਰਦਾ ਤੇ ਪਹਾੜੀਆਂ ਦੀਆਂ ਚੋਟੀਆਂ ਚੜ੍ਹਦਾ ਉਤਰਦਾ ਸਪਾਰਟਾ ਅੱਪੜਿਆ। ਸੁਨੇਹਾ ਦੇ ਕੇ ਵਾਪਸ ਏਥਨਜ਼ ਪਹੁੰਚਿਆ ਹੀ ਸੀ ਕਿ ਬਿਨਾਂ ਆਰਾਮ ਕੀਤੇ ਉਸ ਨੂੰ ਫੌਜ ਨਾਲ ਮੈਰਾਥਨ ਵੱਲ ਕੂਚ ਕਰਨਾ ਪਿਆ। ਮੈਰਾਥਨ ਦੇ ਮੈਦਾਨ ਵਿਚ ਜੰਮ ਕੇ ਲੜਾਈ ਹੋਈ ਜਿਸ ਵਿਚ ਯੂਨਾਨੀ ਜਿੱਤ ਗਏ।




ਜਿੱਤ ਦਾ ਸਮਾਚਾਰ ਤੁਰਤ ਏਥਨਜ਼ ਪੁਚਾਉਣ ਲਈ ਜਰਨੈਲ ਨੇ ਥੱਕੇ ਟੁੱਟੇ ਫਿਡੀਪੀਡੀਸ ਨੂੰ ਮੁੜ ਏਥਨਜ਼ ਵੱਲ ਦੌੜਾਇਆ। ਦੌੜਦਿਆਂ ਉਹਦੇ ਪੈਰਾਂ 'ਚੋਂ ਖ਼ੂਨ ਸਿਮ ਆਇਆ ਜਿਸ ਨਾਲ ਲਹੂ ਦੇ ਨਿਸ਼ਾਨ ਪਹਾੜੀ ਪੱਥਰਾਂ 'ਤੇ ਲੱਗਦੇ ਗਏ। ਏਥਨਜ਼ ਵਾਸੀਆਂ ਨੂੰ ਆਪਣੇ ਓਲੰਪੀਅਨ ਦੌੜਾਕ ਦਾ ਝਾਉਲਾ ਪਿਆ ਤਾਂ ਉਹ ਘਰਾਂ ਦੀਆਂ ਛੱਤਾਂ ਤੋਂ ਉੱਤਰ ਕੇ ਸਮਾਚਾਰ ਸੁਣਨ ਲਈ ਅੱਗੇ ਵਧੇ। ਹੰਭੇ, ਹਫ਼ੇ ਤੇ ਲਹੂ ਲੁਹਾਣ ਹੋਏ ਪੈਰਾਂ ਵਾਲੇ ਸਿਰੜੀ ਦੌੜਾਕ ਨੇ ਸਾਰੀ ਸੱਤਿਆ 'ਕੱਠੀ ਕਰ ਕੇ ਕੇਵਲ ਇਹੋ ਕਿਹਾ, "ਖ਼ੁਸ਼ੀਆਂ ਮਨਾਓ, ਆਪਾਂ ਜਿੱਤ ਗਏ ਆਂ!" ਏਨਾ ਕਹਿ ਕੇ ਉਹ ਡਿੱਗ ਪਿਆ ਤੇ ਪਰਲੋਕ ਸਿਧਾਰ ਗਿਆ।

*

ਮਾਡਰਨ ਓਲੰਪਿਕ ਖੇਡਾਂ 1896 ਵਿਚ ਏਥਨਜ਼ ਤੋਂ ਹੀ ਸ਼ੁਰੂ ਕੀਤੀਆਂ ਗਈਆਂ। ਉਨ੍ਹਾਂ ਖੇਡਾਂ 'ਚ ਫਿਡੀਪੀਡੀਸ ਦੀ ਯਾਦ ਵਿਚ ਪੱਚੀ ਕੁ ਮੀਲ ਲੰਮੀ ਦੌੜ ਸ਼ਾਮਲ ਕੀਤੀ ਗਈ ਜਿਸ ਨਾਂ ਮੈਰਾਥਨ ਦੌੜ ਰੱਖਿਆ ਗਿਆ। ਏਥਨਜ਼ ਦੇ ਇਕ ਰਈਸ ਨੇ ਐਲਾਨ ਕੀਤਾ, ਜੇ ਕੋਈ ਯੂਨਾਨੀ ਦੌੜਾਕ ਇਹ ਦੌੜ ਜਿੱਤ ਜਾਵੇ ਤਾਂ ਉਹ ਦਸ ਲੱਖ ਯੂਨਾਨੀ ਸਿੱਕਿਆਂ ਨਾਲ ਉਸ ਨੂੰ ਆਪਣੀ ਧੀ ਦਾ ਡੋਲਾ ਵੀ ਦੇਵੇਗਾ।

ਦੌੜ ਸ਼ੁਰੂ ਹੋਈ ਤਾਂ ਯੂਨਾਨੀ ਦੌੜਾਕ ਸਪਰਿਡਨ ਲੂਈਸ ਪਹਿਲਾਂ ਪਿੱਛੇ ਰਿਹਾ। ਜਦੋਂ ਦੌੜ ਤਿੰਨ ਕੁ ਮੀਲ ਬਾਕੀ ਰਹਿ ਗਈ ਤਾਂ ਉਹ ਸਭ ਤੋਂ ਮੂਹਰੇ ਹੋ ਗਿਆ। ਯੂਨਾਨੀ ਦਰਸ਼ਕਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ। ਉਹ ਸਟੇਡੀਅਮ ਵਿਚ ਸਭ ਤੋਂ ਪਹਿਲਾਂ ਦਾਖਲ ਹੋਇਆ ਤਾਂ ਦਰਸ਼ਕ ਉਤਸ਼ਾਹ ਵਿਚ ਤਾੜੀਆਂ ਮਾਰਦੇ ਉੱਠ ਖੜ੍ਹੇ ਹੋਏ। ਬਾਦਸ਼ਾਹ ਦੇ ਦੋਵੇਂ ਸ਼ਹਿਜ਼ਾਦੇ ਖ਼ੁਸ਼ੀ ਵਿਚ ਯੂਨਾਨੀ ਦੌੜਾਕ ਨੂੰ ਹੱਲਾਸ਼ੇਰੀ ਦਿੰਦੇ ਉਹਦੇ ਨਾਲ ਦੌੜਨ ਲੱਗੇ। ਸਪਰਿਡਨ ਲੂਈਸ ਮੈਰਾਥਨ ਦੌੜ ਦਾ ਪਹਿਲਾ ਓਲੰਪਿਕ ਚੈਂਪੀਅਨ ਬਣ ਗਿਆ। ਖ਼ੁਸ਼ ਹੋਏ ਯੂਨਾਨ ਦੇ ਬਾਦਸ਼ਾਹ ਨੇ ਜੇਤੂ ਨੂੰ ਵਧਾਈ ਦਿੰਦਿਆਂ ਕਿਹਾ, "ਮੰਗ ਜੋ ਕੁਛ ਮੰਗਣਾ।"

ਲੂਈਸ ਨੇ ਆਖਿਆ, "ਮੇਰੇ ਕੋਲ ਘੋੜਾ ਤਾਂ ਹੈ ਪਰ ਘੋੜਾ-ਗੱਡੀ ਨਹੀਂ।" ਉਹ ਡਾਕੀਆ ਸੀ ਜਿਸ ਦਾ ਕੰਮ ਘੋੜਾ-ਗੱਡੀ ਨਾਲ ਸੁਖਾਲਾ ਹੋ ਸਕਦਾ ਸੀ। ਉਸ ਨੇ ਰਾਜੇ ਤੋਂ ਘੋੜਾ-ਗੱਡੀ ਲੈ ਲਈ ਪਰ ਰਈਸ ਦੀ ਧੀ ਦਾ ਡੋਲਾ ਨਾ ਲਿਆ ਕਿਉਂਕਿ ਉਹ ਪਹਿਲਾਂ ਹੀ ਵਿਆਹਿਆ ਹੋਇਆ ਸੀ। 1896 ਤੋਂ 1924 ਦੀਆਂ ਓਲੰਪਿਕ ਖੇਡਾਂ ਤਕ ਮੈਰਾਥਨ ਦੌੜਾਂ ਦੀ ਦੂਰੀ ਇਕੋ ਜਿੰਨੀ ਨਹੀਂ ਸੀ। ਪਹਿਲੀਆਂ ਓਲੰਪਿਕ ਖੇਡਾਂ ਵਿਚ ਮੈਰਾਥਨ 25 ਮੀਲ ਭਾਵ 40 ਕਿਲੋਮੀਟਰ ਦੀ ਸੀ ਜੋ ਲੂਈਸ ਨੇ 2:58:50 ਟਾਈਮ ਵਿਚ ਦੌੜੀ ਸੀ।

1924 ਵਿਚ ਪੈਰਿਸ ਦੀਆਂ ਓਲੰਪਿਕ ਖੇਡਾਂ ਤੋਂ ਮੈਰਾਥਨ ਦੌੜ ਦੀ ਦੂਰੀ 26 ਮੀਲ 385 ਗਜ਼ ਰੱਖਣੀ ਤੈਅ ਹੋ ਗਈ। ਉਹ ਦੌੜ ਫਿਨਲੈਂਡ ਦੇ ਐਲਵਿਨ ਸਟੈਰੂਜ਼ ਨੇ 2:41:22.6 ਸਮੇਂ ਵਿਚ ਪੂਰੀ ਕੀਤੀ। ਸਮੇਂ ਨਾਲ ਮੈਰਾਥਨ ਦੌੜਾਕ ਤੇਜ਼ ਤੋਂ ਤੇਜ਼ ਦੌੜਦੇ ਰਹੇ ਅਤੇ ਓਲੰਪਿਕ ਤੇ ਵਿਸ਼ਵ ਰਿਕਾਰਡ ਨਵਿਆਉਂਦੇ ਰਹੇ। 2021 ਵਿਚ ਟੋਕੀਓ ਦੀਆਂ ਓਲੰਪਿਕ ਖੇਡਾਂ ਸਮੇਂ ਕੀਨੀਆ ਦਾ ਦੌੜਾਕ ਇਲਿਊਡ ਕਿਪਚੋਗੇ ਮੈਰਾਥਨ 2 ਘੰਟੇ 8 ਮਿੰਟ 38 ਸਕਿੰਟ 'ਚ ਲਾ ਕੇ ਗੋਲਡ ਮੈਡਲ ਜਿੱਤਿਆ। ਹੁਣ ਤਾਂ ਔਰਤਾਂ ਵੀ ਮੈਰਾਥਨ ਦੌੜਦੀਆਂ ਹਨ।

ਕਿਪਟਮ ਦਾ ਪਿੰਡ ਚੈਪਸੈਮੋ ਸਮੁੰਦਰੀ ਸਤ੍ਹਾ ਤੋਂ 2600 ਮੀਟਰ ਦੀ ਉਚਾਈ ਉਤੇ ਹੈ। ਉੱਚੇ ਥਾਂ ਦੌੜਨਾ ਨੀਵੇਂ ਥਾਂ ਦੌੜਨ ਨਾਲੋਂ ਮੁਸ਼ਕਲ ਹੁੰਦਾ ਹੈ ਕਿਉਂਕਿ ਉਚਾਈ ਉਤੇ ਆਕਸੀਜਨ ਘਟਦੀ ਜਾਂਦੀ ਹੈ ਤੇ ਦਮ ਛੇਤੀ ਚੜ੍ਹ ਜਾਂਦਾ ਹੈ। ਅਫਰੀਕਾ ਦੀ ਰਿਫਟ ਵਾਦੀ ਦਾ ਇਲਾਕਾ ਉਚਾਣਾਂ ਨਿਵਾਣਾਂ ਵਾਲਾ ਹੋਣ ਕਰਕੇ ਲੰਮੀਆਂ ਦੌੜਾਂ ਦੌੜਨ ਵਾਲਿਆਂ ਲਈ ਕੁਦਰਤੀ ਸਹਾਈ ਹੈ ਜਿਸ ਕਰਕੇ ਕੀਨੀਆ ਦੇ ਮੈਰਾਥਨ ਦੌੜਾਕ ਵਿਸ਼ਵ ਭਰ 'ਚ ਕਿਸੇ ਨੂੰ ਡਾਹੀ ਨਹੀਂ ਦਿੰਦੇ। ਤਦੇ ਅਬੇਬੇ ਬਕੀਲਾ ਤੋਂ ਲੈ ਕੇ ਕਿਪਚੋਗੇ ਹੋਰਾਂ ਤਕ ਅਫਰੀਕਾ ਦੇ ਮੈਰਾਥਨ ਦੌੜਾਕ ਯੌਰਪ ਤੇ ਏਸ਼ੀਆ ਦੇ ਮੈਰਾਥਨ ਦੌੜਾਕਾਂ ਨੂੰ ਪਿੱਛੇ ਛੱਡ ਜਾਂਦੇ ਹਨ।

ਕਿਪਟਮ ਅਜੇ 13-14 ਸਾਲਾਂ ਦਾ ਸਕੂਲ ਪੜ੍ਹਦਾ ਵਿਦਿਆਰਥੀ ਸੀ ਜਦੋਂ ਉਹ ਲੰਮੀਆਂ ਦੌੜਾਂ ਦੇ ਮੁਕਾਬਲਿਆਂ 'ਚ ਭਾਗ ਲੈਣ ਲੱਗ ਪਿਆ। 2013 ਵਿਚ ਉਸ ਨੇ ਕੀਨੀਆ ਦੇ ਫੈਮਲੀ ਬੈਂਕ ਐਲਡੋਰੈੱਟ ਦੀ ਹਾਫ਼ ਮੈਰਾਥਨ ਦੌੜ 'ਚ ਭਾਗ ਲਿਆ ਤੇ 10ਵੇਂ ਸਥਾਨ 'ਤੇ ਰਿਹਾ। ਅਗਲੇ ਸਾਲ ਉਹ 12ਵੇਂ ਸਥਾਨ 'ਤੇ ਆਇਆ। ਉਸ ਦੀ ਪਹਿਲੀ ਜਿੱਤ 2018 ਵਿਚ ਹੋਈ ਜਦੋਂ ਉਸ ਨੇ 62:01 ਮਿੰਟਾਂ ਵਿਚ ਹਾਫ਼ ਮੈਰਾਥਨ ਜਿੱਤੀ। ਉਦੋਂ ਤਕ ਉਹ ਆਪਣਾ ਕੋਚ ਆਪ ਹੀ ਸੀ। ਟੀਵੀ ਤੋਂ ਹੋਰਨਾਂ ਨੂੰ ਦੌੜਦਿਆਂ ਵੇਖ ਕੇ ਆਪ ਵੀ ਅੰਨ੍ਹੇਵਾਹ ਦੌੜੀ ਜਾਂਦਾ। ਸਕੂਲੇ ਪੜ੍ਹਨਾ, ਭੇਡਾਂ ਬੱਕਰੀਆਂ ਚਾਰਨੀਆਂ ਅਤੇ ਦੌੜੀ ਜਾਣਾ, ਖਾਣਾ ਤੇ ਸੌਣਾ ਉਹਦਾ ਨਿੱਤਨੇਮ ਸੀ। ਉਦੋਂ ਕਿਸੇ ਨੂੰ ਕੀ ਪਤਾ ਸੀ ਕਿ ਇਹ ਮੁੰਡਾ ਨਾ ਸਿਰਫ਼ ਵਿਸ਼ਵ ਚੈਂਪੀਅਨ ਬਣੇਗਾ ਬਲਕਿ 2023 ਵਿਚ ਮੈਰਾਥਨ ਦੌੜ ਦਾ ਨਵਾਂ ਵਿਸ਼ਵ ਰਿਕਾਰਡ ਵੀ ਰੱਖ ਦੇਵੇਗਾ? ਦਸੰਬਰ 2022 ਤੋਂ ਅਕਤੂਬਰ 2023 ਦਰਮਿਆਨ ਦਸ ਮਹੀਨਿਆਂ ਦੇ ਵਕਫ਼ੇ ਵਿਚ ਵਿਸ਼ਵ ਦੀਆਂ ਛੇ ਮਹਾਨ ਮੈਰਾਥਨ ਦੌੜਾਂ 'ਚੋਂ ਤਿੰਨ ਦੌੜਾਂ ਜਿੱਤ ਵੀ ਜਾਵੇਗਾ। ਉਹ ਦੁਨੀਆ ਦਾ ਪਹਿਲਾ ਮੈਰਾਥਨ ਦੌੜਾਕ ਹੋਵੇਗਾ ਜਿਹੜਾ 2: 01 ਮਿੰਟ ਦੀ ਹੱਦ ਤੋੜੇਗਾ ਅਤੇ 2023 ਦਾ ਬੈੱਸਟ ਸਪੋਰਟਸਮੈਨ ਆਫ਼ ਦਾ ਯੀਅਰ ਬਣੇਗਾ। ਤੇ ਇਹ ਵੀ ਕਿਸੇ ਦੇ ਖ਼ਾਬ ਖਿਆਲ 'ਚ ਨਹੀਂ ਸੀ ਕਿ 24 ਸਾਲ ਦੀ ਜੋਬਨ ਰੁੱਤੇ ਉਹ ਸਦੀਵੀ ਵਿਛੋੜਾ ਦੇ ਜਾਵੇਗਾ। ਪਿੱਛੇ ਪਤਨੀ, ਚਾਰ ਤੇ ਸੱਤ ਸਾਲਾਂ ਦੇ ਦੋ ਬੱਚੇ ਅਤੇ ਮਾਪਿਆਂ ਨੂੰ ਰੋਂਦੇ ਕੁਰਲਾਉਂਦੇ ਛੱਡ ਜਾਵੇਗਾ। ਉਸ ਦੀ ਪਤਨੀ ਅਸੈਨਥ ਰੀਓ ਓਲੰਪਿਕਸ-2016 ਦੀ ਦੌੜਾਕ ਸੀ ਜੋ ਦੌੜਨਾ ਛੱਡ ਚੁੱਕੀ ਸੀ।

ਮਾਰਚ 2019 ਵਿਚ ਕਿਪਟਮ ਪਹਿਲੀ ਵਾਰ ਅੰਤਰਰਾਸ਼ਟਰੀ ਪੱਧਰ 'ਤੇ ਪੁਰਤਗਾਲ ਦੀ ਲਿਸਬਨ ਹਾਫ਼ ਮੈਰਾਥਨ ਲਾਉਣ ਗਿਆ ਸੀ ਜੋ ਉਸ ਨੇ ਇਕ ਘੰਟੇ ਦੀ ਹੱਦ ਤੋੜਦਿਆਂ 59:54 ਮਿੰਟਾਂ ਵਿਚ ਪੂਰੀ ਕੀਤੀ ਸੀ। ਉਥੇ ਉਹ 5ਵੇਂ ਸਥਾਨ 'ਤੇ ਰਿਹਾ ਸੀ। 2019 ਵਿਚ ਹੀ ਉਸ ਨੇ ਯੂਰਪ ਦਾ ਟੂਰ ਲਾਉਂਦਿਆਂ ਛੇ ਹੋਰ ਲੰਮੀਆਂ ਦੌੜਾਂ 'ਚ ਭਾਗ ਲਿਆ ਤੇ ਵਤਨ ਪਰਤ ਕੇ ਨਵੰਬਰ ਵਿਚ ਕੀਨੀਆ ਦੀ ਕਾਸ ਹਾਫ਼ ਮੈਰਾਥਨ ਜਿੱਤੀ ਸੀ। 2020 ਵਿਚ ਉਸ ਨੇ 3000 ਮੀਟਰ ਸਟੀਪਲਚੇਜ਼ ਦੇ ਦੌੜਾਕ ਗਰਵਾਇਸ ਹਕੀਜ਼ੀਮਾਨਾ ਨੂੰ ਆਪਣਾ ਕੋਚ ਧਾਰਨ ਕਰ ਲਿਆ ਸੀ। ਉਸ ਸਾਲ ਤੋਂ ਉਹ ਪੂਰੀ ਮੈਰਾਥਨ ਲਾਉਣ ਦੀ ਤਿਆਰੀ ਕਰਨ ਲੱਗਾ ਸੀ। ਦਸੰਬਰ 2020 'ਚ ਜਦੋਂ ਉਹ 21ਵੇਂ ਸਾਲ ਵਿਚ ਸੀ ਤਾਂ ਸਪੇਨ ਦੀ ਵਲੈਂਸੀਆ ਹਾਫ ਮੈਰਾਥਨ 58:42 ਮਿੰਟਾਂ 'ਚ ਦੌੜ ਗਿਆ ਸੀ ਪਰ ਸਥਾਨ ਛੇਵਾਂ ਹੀ ਲੈ ਸਕਿਆ ਸੀ।

ਕੋਵਿਡ ਕਾਲ ਦੌਰਾਨ ਕਿਪਟਮ ਨੇ ਆਪਣੇ ਕੋਚ ਦੀ ਨਿਗਰਾਨੀ ਹੇਠ ਬੜੀ ਸਖ਼ਤ ਟ੍ਰੇਨਿੰਗ ਕੀਤੀ ਸੀ। ਹਕੀਜ਼ੀਮਾਨਾ ਦੇ ਕਥਨ ਅਨੁਸਾਰ ਉਹ ਵਸੋਂ ਤੋਂ ਦੂਰ ਜੰਗਲ ਵਿਚ ਦੌੜਦੇ ਰਹਿੰਦੇ ਸਨ। ਕਈ ਵਾਰ ਹਫ਼ਤੇ 'ਚ 300 ਕਿਲੋਮੀਟਰ ਦੌੜਨ ਦੀ ਪ੍ਰੈਕਟਿਸ ਵੀ ਹੋ ਜਾਂਦੀ। ਇਕ ਘੰਟੇ 'ਚ ਕਿਪਟਮ 21 ਕਿਲੋਮੀਟਰ ਦੌੜ ਜਾਂਦਾ। ਆਖ਼ਰ ਉਸ ਦੀ ਮਿਹਨਤ ਰੰਗ ਲਿਆਈ। 2022 ਦੀ ਵਲੇਂਸੀਆ ਮੈਰਾਥਨ ਉਹ 2 ਘੰਟੇ 2 ਮਿੰਟ ਤੋਂ ਘੱਟ ਸਮੇਂ ਵਿਚ ਦੌੜ ਗਿਆ। ਉਥੇ ਉਸ ਨੇ ਇਹ ਜਾਨਮਾਰੂ ਦੌੜ 1:01:59 ਵਿਚ ਪੂਰੀ ਕੀਤੀ। ਉਹ ਵਿਸ਼ਵ ਦਾ ਤੀਜਾ ਦੌੜਾਕ ਸੀ ਜਿਸ ਨੇ 2 ਘੰਟੇ 2 ਮਿੰਟ ਦੀ ਹੱਦ ਤੋੜੀ। ਚਾਰ ਮਹੀਨਿਆਂ ਪਿੱਛੋਂ ਕਿਪਟਮ ਲੰਡਨ ਦੀ ਮੇਜਰਜ਼ ਮੈਰਾਥਨ ਦੌੜਦਿਆਂ ਫਿਰ ਵਿਸ਼ਵ ਦਾ ਸਭ ਤੋਂ ਤੇਜ਼ਤਰਾਰ ਮੈਰਾਥਨ ਦੌੜਾਕ ਸਿੱਧ ਹੋਇਆ। ਲੰਡਨ ਵਿਚ ਉਸ ਨੇ 26 ਮੀਲ 385 ਗਜ਼ ਦੀ ਦੌੜ ਮੀਂਹ ਪੈਂਦੇ 'ਚ 2:01:25 ਵਿਚ ਪੂਰੀ ਕਰ ਵਿਖਾਈ। ਉਸ ਵੇਲੇ ਵਿਸ਼ਵ ਰਿਕਾਰਡ 2:01:09 ਸੀ ਜੋ ਉਸ ਦੇ ਹਮਵਤਨੀ ਕਿਪਜੋਗੇ ਦੇ ਨਾਂ ਸੀ। ਕਿਪਟਮ ਦੇ ਕੋਚ ਨੇ ਦੱਸਿਆ ਕਿ ਜਦੋਂ ਉਹ ਲੰਡਨ ਮੈਰਾਥਨ ਮੇਜਰਜ਼ ਦੀ ਤਿਆਰੀ ਕਰ ਰਿਹਾ ਸੀ ਤਾਂ ਕਦੇ ਆਰਾਮ ਕਰਨ ਦਾ ਨਾਂ ਨਹੀਂ ਸੀ ਲੈਂਦਾ। ਉਹ ਹਰ ਹਫ਼ਤੇ 300 ਕਿਲੋਮੀਟਰ ਤੋਂ ਵੱਧ ਦੌੜਨ ਦਾ ਅਭਿਆਸ ਕਰਦਾ ਤੇ ਸਪਤਾਹ ਅੰਤ 'ਤੇ ਵੀ ਆਰਾਮ ਨਾ ਕਰਦਾ। ਮਹੀਨਾ ਭਰ ਉਸ ਨੇ ਕਦੇ ਅੱਕਣ ਥੱਕਣ ਦੀ ਗੱਲ ਨਾ ਕੀਤੀ। ਉਸ ਦੇ ਤਿੰਨ ਹੀ ਕੰਮ ਸਨ, ਦੌੜਨਾ, ਖਾਣਾ, ਸੌਣਾ ਅਤੇ ਜਾਗਦਿਆਂ ਹੀ ਫਿਰ ਦੌੜਨਾ, ਖਾਣਾ ਤੇ ਸੌਣਾ।

ਲੰਡਨ ਤੋਂ ਅਗਲੀ ਮੇਜਰਜ਼ ਮੈਰਾਥਨ 8 ਅਕਤੂਬਰ 2023 ਨੂੰ ਸ਼ਿਕਾਗੋ ਵਿਖੇ ਲੱਗਣੀ ਸੀ। ਉਸ ਲਈ ਕਿਪਟਮ ਤੇ ਉਸ ਦੇ ਕੋਚ ਨੇ ਜ਼ਬਰਦਸਤ ਤਿਆਰੀ ਕੀਤੀ ਸੀ। ਸ਼ਿਕਾਗੋ ਦੀ ਦੌੜ ਸ਼ੁਰੂ ਹੋਈ ਤਾਂ ਸਭ ਦੀਆਂ ਨਜ਼ਰਾਂ ਫਿਰ ਕਿਪਟਮ 'ਤੇ ਸਨ। ਉਥੇ ਉਸ ਨੇ ਵਿਸ਼ਵ ਰਿਕਾਰਡ ਤੋੜ ਦਿੱਤਾ। ਉਸ ਦਾ ਸਮਾਂ ਸੀ 2 ਘੰਟੇ 35 ਸਕਿੰਟ। ਉਹਦੇ ਨਾਲ ਕੈਲਵਿਨ ਕਿਪਟਮ ਦੀ ਕੁਲ ਦੁਨੀਆ 'ਚ ਧੰਨ ਧੰਨ ਹੋ ਗਈ ਤੇ ਉਸ ਨੂੰ ਪੈਰਿਸ ਓਲੰਪਿਕ-2024 ਦੀਆਂ ਖੇਡਾਂ ਦਾ ਸਭ ਤੋਂ ਤਕੜਾ ਮੈਰਾਥਨ ਦੌੜਾਕ ਸਮਝਿਆ ਜਾਣ ਲੱਗਾ ਸੀ।

11 ਫਰਵਰੀ 2024 ਨੂੰ ਹਨ੍ਹੇਰੇ ਪਏ ਉਹ ਆਪਣੇ ਕੋਚ ਤੇ ਇਕ ਔਰਤ ਮੁਸਾਫ਼ਿਰ ਨਾਲ ਕੈਪਟਾਗਾਟ ਤੋਂ ਆਪਣੇ ਟਿਕਾਣੇ ਐਲਡੋਰੈੱਟ ਨੂੰ ਮੁੜ ਰਿਹਾ ਸੀ। ਸੜਕ 'ਤੇ ਵਾਹਣਾਂ ਦੀ ਭੀੜ ਸੀ। ਰਾਤ ਦੇ 11 ਵਜੇ ਦਾ ਟਾਈਮ ਸੀ। ਕਿਪਟਮ ਆਪਣੀ ਕਾਰ ਆਪ ਚਲਾ ਰਿਹਾ ਸੀ। ਰਾਹ 'ਚ ਟਾਇਰ ਪੈਂਚਰ ਹੋ ਗਿਆ ਤੇ ਕਾਰ ਸੜਕ ਤੋਂ ਖਤਾਨਾਂ ਵਿਚ ਜਾ ਡਿੱਗੀ ਅਤੇ ਸਿੱਧੀ ਵੱਡੇ ਰੁੱਖ ਨਾਲ ਜਾ ਟਕਰਾਈ। ਉਥੇ ਹੀ ਉਸ ਦੀ ਤੇ ਉਹਦੇ ਕੋਚ ਦੀ ਮੌਤ ਹੋ ਗਈ ਜਦ ਕਿ ਪਿੱਛੇ ਬੈਠੀ ਔਰਤ ਬਚ ਗਈ। ਜ਼ਿੰਦਗੀ ਤੇ ਮੌਤ ਦਾ ਪਤਾ ਨਹੀਂ ਕਿਹੜੀ ਗੋਲ ਕਰ ਦੇਵੇ ਤੇ ਕਿਹੜੀ ਬਚਾ ਲਵੇ?

---

***(ਪਿਛਲੇ ਸਫੇ ਦੀ ਬਾਕੀ)***

ਸੰਦੀਪ ਨੇ ਬੜੇ ਅਦਬ ਨਾਲ ਪੁੱਛਿਆ। ਬਲਦੇਵ ਸਿੰਘ ਕੁਝ ਝਿਜਕਿਆ। ਉਸਨੂੰ ਇਕ ਦਮ ਯਾਦ ਆ ਗਿਆ ਕਿ ਕਿਵੇਂ ਉਸਨੇ ਗੱਲਾਂ ਗੱਲਾਂ ਵਿੱਚ ਸੰਦੀਪ ਤੇ ਉਸਦੀ ਪਤਨੀ ਦੀ ਬੇਇਜ਼ਤੀ ਕੀਤੀ ਸੀ ਜਦੋਂ ਉਹ ਆਪਣੇ ਘਰੋਂ ਵੇਸਣ ਦੀ ਬਰਫ਼ੀ ਬਣਾ ਕੇ ਲਿਆਈ ਸੀ। ਉਸਨੇ ਬੜੀ ਬੇਸ਼ਰਮੀ ਅਤੇ ਬੇਰਹਿਮੀ ਨਾਲ ਆਖਿਆ ਸੀ, 'ਏਥੇ ਆ ਕੇ ਤਾਂ ਕੋਹੜ ਕਿਰਲੀਆਂ ਵੀ ਸ਼ਤੀਰਾਂ ਨੂੰ ਜੱਫ਼ੇ ਪਾਉਣ ਲੱਗ ਜਾਂਦੀਆਂ ਆ'

ਉਹ ਸ਼ਾਇਦ ਕੁਝ ਹੋਰ ਵੀ ਊਲ-ਜਲੂਲ ਬੋਲ ਦਿੰਦਾ ਜੇਕਰ ਜ਼ੋਰਾਵਰ ਨੇ ਅੱਖਾਂ ਦੀ ਘੂਰ ਨਾਲ ਚੁੱਪ ਰਹਿਣ ਦਾ ਇਸ਼ਾਰਾ ਨਾ ਕੀਤਾ ਹੁੰਦਾ।

ਬਲਦੇਵ ਸਿਉਂ ਨੂੰ ਚਿੰਤਾ ਸੀ ਕਿ ਸੰਦੀਪ ਉਸਦੀ ਬੇਇਜ਼ਤੀ ਨਾ ਕਰ ਦੇਵੇ।

ਪਰ ਝਿਜਕਣ ਦਾ ਵੇਲਾ ਨਹੀਂ ਸੀ। ਆਪਣੇ ਦਿਲ ਦੀ ਗੱਲ ਕਰਨੀ ਹੀ ਪੈਣੀ ਸੀ। ਗੱਲ ਉਸਦੇ ਬੁਲ੍ਹਾਂ 'ਤੇ ਆ ਕੇ ਰੁਕ ਗਈ। ਬਲਦੇਵ ਸਿੰਘ ਦਾ ਸਾਰਾ ਸਰੀਰ ਕੰਬਣ ਲੱਗਾ। ਉਸਦਾ ਚਿੱਤ ਤਾਂ ਕੀਤਾ ਕਿ ਫ਼ੋਨ ਕੱਟ ਦੇਵੇ ਪਰ ਕੱਟਿਆਂ ਕਿੱਥੇ ਸਰਨਾ ਸੀ।

ਉਸਨੇ ਮਨ ਕਰੜਾ ਕਰ ਕੇ ਕਿਹਾ, 'ਸੰਦੀਪ...ਮੈਂ ਤੇ ਤੇਰੀ ਚਾਚੀ ਸਵੇਰ ਤੋਂ ਹੀ ਪਾਰਕ 'ਚ ਬੈਠੇ ਆਂ। ਤੇਰੀ ਭਰਜਾਈ ਹਰਲੀਨ ਨੇ ਸਾਨੂੰ ਘਰੋਂ ਕੱਢ ਦਿੱਤਾ ਆ। ਪਤਾ ਨੀ ਲੱਗਦਾ ਹੁਣ ਕਿੱਥੇ ਜਾਈਏ?'

ਸੰਦੀਪ ਇਕ ਦਮ ਬੋਲ ਪਿਆ, 'ਚਾਚਾ ਜੀ...ਫ਼ਿਕਰ ਨਾ ਕਰੋ। ਹੁਣੇ ਆਇਆ। ਮੇਰੇ ਹੁੰਦਿਆਂ ਤੁਸੀਂ ਕਿੱਥੇ ਜਾਣਾ ਹੈ। ਸਾਡਾ ਘਰ ਤੁਹਾਡਾ ਆਪਣਾ ਘਰ ਹੈ।'

ਸੰਦੀਪ ਨੇ ਨੀਰੂ ਨੂੰ ਏਨਾ ਹੀ ਕਿਹਾ ਕਿ ਮੈਂ ਚਾਚਾ ਜੀ ਤੇ ਚਾਚੀ ਜੀ ਨੂੰ ਲੈਣ ਚੱਲਿਆ ਆਂ। ਤੂੰ ਰੋਟੀ ਪਾਣੀ ਦਾ ਪ੍ਰਬੰਧ ਕਰ।

ਨੀਰੂ ਨੂੰ ਪਤਾ ਨਹੀਂ ਸੀ ਕਿ ਸੰਦੀਪ ਉਨ੍ਹਾਂ ਨੂੰ ਕਿੱਥੋਂ ਲੈਣ ਚੱਲਿਆ ਹੈ। ਉਹ ਚਾਚਾ-ਚਾਚੀ ਤੋਂ ਸਮਝ ਗਈ ਸੀ, ਉਹ ਬਲਦੇਵ ਸਿੰਘ ਤੇ ਕਰਤਾਰ ਕੁਰ ਨੂੰ ਲੈਣ ਗਿਆ ਹੈ।

ਸੰਦੀਪ ਨੇ ਦੂਰੋਂ ਹੀ ਬਲਦੇਵ ਸਿੰਘ ਤੇ ਕਰਤਾਰ ਕੁਰ ਨੂੰ ਬੈਂਚ ਤੇ ਬੈਠੇ ਦੇਖ ਲਿਆ। ਉਨ੍ਹਾਂ ਦੀ ਨਜ਼ਰ ਵੀ ਪਾਰਕਿੰਗ ਵੱਲ ਟਿਕੀ ਹੋਈ ਸੀ।

ਸੰਦੀਪ ਨੇ ਬਿਨਾ ਕੋਈ ਸਵਾਲ ਕੀਤੇ ਉਨ੍ਹਾਂ ਨੂੰ ਕਾਰ ਵਿੱਚ ਬਿਠਾਇਆ ਤੇ ਆਪਣੇ ਘਰ ਲੈ ਆਇਆ।

ਬਲਦੇਵ ਸਿਉਂ ਨੇ ਕਹਾਣੀ ਸੁਣਾਉਣੀ ਸ਼ੁਰੂ ਕੀਤੀ ਪਰ ਸੰਦੀਪ ਨੇ ਵਿੱਚੋਂ ਹੀ ਟੋਕ ਕੇ ਕਿਹਾ, 'ਚਾਚਾ ਜੀ ਤੁਸੀਂ ਮੈਨੂੰ ਓਦੋਂ ਹੀ ਕਿਉਂ ਨਹੀਂ ਦੱਸਿਆ। ਤੁਸੀਂ ਮੇਰੇ ਹੁੰਦਿਆਂ ਸਵੇਰ ਦੇ ਪਾਰਕ ਵਿੱਚ ਕਿਉਂ ਬੈਠੇ ਰਹੇ। ਮੈਨੂੰ ਤੁਸੀਂ ਬੇਗਾਨਾ ਕਿਉਂ ਸਮਝਿਆ। ਮੈਨੂੰ ਇਸ ਗੱਲ ਦਾ ਬਹੁਤ ਦੁੱਖ ਹੈ।'

ਸੰਦੀਪ ਦੀਆਂ ਗੱਲਾਂ ਸੁਣ ਕੇ ਬਲਦੇਵ ਸਿੰਘ ਤੇ ਕਰਤਾਰ ਸਿਉਂ ਦੀਆਂ ਅੱਖਾਂ ਚੋਂ ਤ੍ਰਿਪ ਤ੍ਰਿਪ ਪਾਣੀ ਵਹਿ ਤੁਰਿਆ। ਨੀਰੂ ਨੇ ਅੱਗੇ ਵੱਧ ਕੇ ਦੋਨਾਂ ਨੂੰ ਬੜੀ ਨਿੱਘੀ ਜਿਹੀ ਗਲਵਕੜੀ ਪਾਈ ਤੇ ਬੋਲੀ, 'ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮੈਂ ਕੰਮ ਨਹੀਂ ਕਰਦੀ। ਮੈਨੂੰ ਓਦੋਂ ਹੀ ਫ਼ੋਨ ਕਰ ਦੇਣਾ ਸੀ!'

ਅੱਜ ਤਾਂ ਅਸੀਂ ਦੋਨੋਂ ਹੀ ਘਰ ਸਾਂ। ਮੈਨੂੰ ਬੁਰਾ ਲੱਗ ਰਿਹੈ ਕਿ ਸਾਡੇ ਹੁੰਦਿਆਂ ਤੁਸੀਂ ਪਾਰਕ ਵਿੱਚ ਭੁੱਖੇ-ਤਿਹਾਏ ਬੈਠੇ ਰਹੇ।'

ਨੀਰੂ ਨੇ ਜਲਦੀ ਜਲਦੀ ਰੋਟੀ ਬਣਾਈ ਤੇ ਬੜੇ ਅਦਬ ਨਾਲ ਉਨ੍ਹਾਂ ਨੂੰ ਖਵਾਈ ਤੇ ਸੌਣ ਦਾ ਕਮਰਾ ਦਿਖਾ ਦਿੱਤਾ।

ਅਗਲੀ ਸਵੇਰੇ ਸੰਦੀਪ ਤੇ ਨੀਰੂ ਹਰਲੀਨ ਕੋਲੋਂ ਬਲਦੇਵ ਸਿਉਂ ਤੇ ਕਰਤਾਰ ਕੁਰ ਦੇ ਲੀੜੇ ਕਪੜੇ ਤੇ ਦਵਾਈ ਆਦਿ ਫੜ ਲਿਆਏ।

ਦੋ ਤਿੰਨ ਦਿਨ ਸੰਦੀਪ ਦੇ ਘਰ ਰਹਿਣ ਮਗਰੋਂ ਬਲਦੇਵ ਸਿੰਘ ਸੰਦੀਪ ਨੂੰ ਆਖਣ ਲੱਗਾ, 'ਪੁੱਤ ਸੰਦੀਪ ਅਸੀਂ ਕਿੰਨਾ ਚਿਰ ਤੇਰੇ ਤੇ ਬੋਝ ਬਣ ਕੇ ਬੈਠਾਂਗੇ। ਤੂੰ ਇਉਂ ਕਰ ਸਾਡਾ ਭਾਰਤ ਦਾ ਟਿਕਟ ਕਟਾ ਦੇ। ਅਸੀਂ ਪਿੰਡ ਜਾ ਕੇ ਤੇਰੇ ਖ਼ਾਤੇ 'ਚ ਪੈਸੇ ਪਾ ਦਿਆਂਗੇ ਜਾ ਤੇਰੇ ਬਾਪੂ ਨੂੰ ਦੇ ਦੇਵਾਂਗੇ।'

ਸੰਦੀਪ ਹੱਸਿਆ ਤੇ ਕਹਿਣ ਲੱਗਾ, 'ਚਾਚਾ ਜੀ ਤੁਸੀਂ ਮੇਰੇ 'ਤੇ ਬੋਝ ਨਹੀਂ ਹੋ। ਤੁਸੀਂ ਜਿੰਨਾ ਚਿਰ ਚਾਹੋ ਸਾਡੇ ਨਾਲ ਰਹਿ ਸਕਦੇ ਹੋ। ਬੋਝ ਸ਼ਬਦ ਕਹਿ ਕੇ ਮੈਨੂੰ ਨੀਵਾਂ ਨਾ ਕਰੋ।'

ਬਲਦੇਵ ਸਿਉਂ ਨੂੰ ਸ਼ਰਮ ਜਿਹੀ ਮਹਿਸੂਸ ਹੋਈ ਤੇ ਸੋਚਣ ਲੱਗ ਪਿਆ ਕਿ ਜਿਸਨੂੰ ਮੈਂ ਨੀਵਾਂ ਸਮਝਦਾ ਰਿਹਾ, ਉਹ ਕਿੰਨਾ ਉੱਚਾ ਹੈ।

ਸੰਦੀਪ ਨੇ ਬਲਦੇਵ ਸਿੰਘ ਦੇ ਜ਼ੋਰ ਪਾਉਣ ਤੇ ਭਾਰਤ ਦੇ ਟਿਕਟ ਤੇ ਹੋਰ ਨਿੱਕ-ਸੁੱਕ ਲੈ ਦਿੱਤਾ। ਏਥੋਂ ਤੱਕ ਕਿ ਰਿਸ਼ਤੇਦਾਰਾਂ ਲਈ ਵੀ ਕੁਝ ਨਾ ਕੁਝ ਲੈ ਦਿੱਤਾ ਤਾਂ ਜੋ ਇਨ੍ਹਾਂ ਦੇ ਦਿਲ ਵਿੱਚ ਨਾ ਆਵੇ ਕਿ ਜੇ ਜ਼ੋਰਾਵਰ ਜਿਊਂਦਾ ਹੁੰਦਾ ਤਾਂ ਸਾਨੂੰ ਕੁਝ ਲੈ ਕੇ ਨਾ ਦਿੰਦਾ। ਸੰਦੀਪ ਨੇ ਭਰਾਵਾਂ ਵਰਗੇ ਦੋਸਤ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਸਮਝ ਕੇ ਨਿਭਾਇਆ।

ਏਅਰਪੋਰਟ ਤੇ ਜਾਣ ਲੱਗਿਆਂ ਬਲਦੇਵ ਸਿੰਘ ਨੇ ਸੰਦੀਪ ਨੂੰ ਆਪਣੀਆਂ ਬਾਹਾਂ 'ਚ ਲੈਂਦਿਆਂ ਆਖ ਹੀ ਦਿੱਤਾ, 'ਪੁੱਤਰਾ! ਮੈਨੂੰ ਮੁਆਫ਼ ਕਰੀਂ। ਅੱਜ ਤੱਕ ਮੇਰੇ ਅੰਦਰਲਾ ਜੱਟ ਤੈਨੂੰ ਨੀਵਾਂ ਸਮਝਦਾ ਰਿਹਾ। ਅੱਜ ਤੇਰੇ ਕਿਰਦਾਰ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ ਕਿ ਨੀਵਾਂ ਤੂੰ ਨਹੀਂ...ਨੀਵਾਂ ਮੈਂ ਹਾਂ।'

# ਸ਼ਮੀਲ ਰਚਿਤ ਧੂਫ਼ ਦੀ ਖ਼ੁਸ਼ਬੋ 'ਚ ਰਚੀ ਕਵਿਤਾ ਦਾ ਜਲੌਅ

'ਧੂਫ਼' ਸ਼ਮੀਲ ਰਚਿਤ ਕਾਵਿ-ਪੋਥੀ ਹੈ, ਜਿਸ ਵਿਚ ਤਿੰਨ ਕਿਤਾਬਾਂ ਸੰਮਿਲਤ ਹਨ ਜਾਂ ਇੰਝ ਕਹਿ ਲਵੋ ਕਿ ਇਸ ਪੁਸਤਕ ਦੇ ਤਿੰਨ ਭਾਗ ਹਨ। ਹਰੇਕ ਭਾਗ ਦੀਆਂ ਕਵਿਤਾਵਾਂ ਵੱਖ-ਵੱਖ ਸਮੇਂ ਹੋਏ ਵੱਖਰੇ ਵੱਖਰੇ ਅਨੁਭਵ ਦੀਆਂ ਕਵਿਤਾਵਾਂ ਹਨ। ਮੈਂ ਸ਼ਮੀਲ ਨੂੰ ਪਹਿਲੀ ਵਾਰ ਪੜ੍ਹ ਰਿਹਾ ਹਾਂ। ਸ਼ਮੀਲ ਨੂੰ ਪੜ੍ਹਦਿਆਂ ਲੱਗਾ ਕਿ ਮੈਂ ਕਵਿਤਾ ਪੜ੍ਹ ਰਿਹਾ ਹਾਂ। ਅਜਿਹਾ ਬਹੁਤ ਘੱਟ ਵਾਰ ਹੁੰਦਾ ਹੈ। ਮੈਂ ਸੋਚਦਾ ਹਾਂ ਕਿ ਜਦੋਂ ਸਾਡੀ ਕਵਿਤਾ ਕਵਿਤਾ ਨਹੀਂ ਹੁੰਦੀ ਤਾਂ ਕੀ ਹੁੰਦੀ ਹੈ? ਇਹ ਸਵਾਲ ਜਿੰਨਾ ਸਧਾਰਨ ਲੱਗਦਾ ਹੈ, ਉਨਾ ਹੀ ਜਟਿਲ ਹੈ। ਸ਼ਮੀਲ ਦੀ ਕਵਿਤਾ ਕੋਲ ਇਸ ਸਵਾਲ ਦਾ ਜਵਾਬ ਹੈ। ਜਿੱਥੇ ਵੀ ਇਸ ਸਵਾਲ ਦਾ ਜਵਾਬ ਪਿਆ ਹੈ, ਉਥੇ ਹੀ ਕਵਿਤਾ ਹੈ। ਸ਼ਮੀਲ ਕਹਿੰਦਾ ਹੈ 'ਤੈਨੂੰ ਮਿਲ ਕੇ ਇਸ ਤਰ੍ਹਾਂ ਲੱਗਦਾ ਜਿਵੇਂ ਸਟੇਸ਼ਨ ਆ ਗਿਆ ਹੋਵੇ'।

**ਮਲਵਿੰਦਰ**
**ਫੋਨ: 97795-91344**

ਸ਼ਮੀਲ ਦੀ ਕਵਿਤਾ ਪੜ੍ਹ ਕੇ ਵੀ ਪਾਠਕ ਨੂੰ ਲੱਗਦਾ ਜਿਵੇਂ ਮੁਕਾਮ ਆ ਗਿਆ ਹੋਵੇ, ਉਹ ਜਿਸ ਦੀ ਜਗਿਆਸਾ ਸੀ, ਪ੍ਰਾਪਤ ਹੋ ਗਿਆ ਹੋਵੇ। ਸ਼ਮੀਲ ਦੀ ਕਵਿਤਾ ਹਿੱਲਦੇ ਦ੍ਰਿਸ਼ਾਂ ਨੂੰ ਸਥਿਰ ਕਰਦੀ ਹੈ। ਇਹ ਸਥਿਰ ਕਰਨ ਦੀ ਕਲਾ ਇੱਕ ਠਹਿਰਾਅ ਹੈ, ਸਹਿਜ ਹੈ, ਕਵਿਤਾ ਹੈ। ਅਮਰਜੀਤ ਚੰਦਨ ਲਿਖਦਾ ਹੈ ਕਿ ਕਵਿਤਾ ਵਿਰੋਧਾਭਾਸ ਦਾ ਅਭਾਸ ਕਰਵਾਉਂਦੀ ਹੈ। ਅਸਲ ਵਿਚ ਵਿਰੋਧਾਭਾਸ ਇਕ ਕਾਵਿ-ਜੁਗਤ ਹੈ। ਇਹ ਜੁਗਤ ਇੱਥੇ ਕੈਨੇਡਾ ਵਿਚ ਮੈਂ ਗੁਰਦੇਵ ਚੌਹਾਨ ਦੀ ਕਵਿਤਾ ਵਿਚ ਵੀ ਵੇਖੀ ਹੈ। ਵਿਰੋਧਾਭਾਸ ਸਿਰਜਣ ਲਈ ਸਾਨੂੰ ਸਾਡੀ ਹੋਂਦ ਨਾਲ ਜੁੜੀਆਂ ਆਵਾਜ਼ਾਂ ਸੁਣਨੀਆਂ ਪੈਂਦੀਆਂ ਹਨ। ਸਫ਼ਾ 20 'ਤੇ ਕਵਿਤਾ ਹੈ 'ਟਰੇਨ ਵਿਚ ਕਵਿਤਾ':

ਕਵਿਤਾ ਲਿਖਣੀ ਜਿਵੇਂ ਟਰੇਨ ਵਿਚ
ਸ਼ੌਪਿੰਗ ਮੌਲ ਵਿਚ ਕਰਨੀ ਆਰਤੀ
ਫ਼ੈਸ਼ਨ ਸ਼ੋਅ ਵਿਚ ਜਾਣਾ ਬਿਨਾਂ ਮੇਕਅੱਪ ਦੇ
ਦੁਨੀਆਂ ਦੇਖਣੀ ਖੜਾਵਾਂ ਪਾ ਕੇ
ਵਾਈਟ ਹਾਊਸ ਵਿਚ ਜੋਤ ਬਾਲਣੀ ... (ਸਫ਼ਾ 20)

ਇਸ ਕਵਿਤਾ ਵਿਚਲਾ ਵਿਰੋਧਾਭਾਸ ਪਾਰਦਰਸ਼ੀ ਹੈ। ਪਾਠਕ ਸਭ ਸਮਝਦਾ ਹੈ ਤੇ ਸਮਝ ਤੋਂ ਬਾਹਰ ਰਹਿ ਗਏ ਦੇ ਪਾਰ ਜਾਣ ਦੀ ਕੋਸ਼ਿਸ਼ ਵੀ ਕਰਦਾ ਹੈ। ਸ਼ਮੀਲ ਦੀ ਕਵਿਤਾ ਕਿਸੇ ਵਿਚਾਰਧਾਰਕ ਪ੍ਰਤੀਬੱਧਤਾ ਦੀ ਵਲਗਣ ਅੰਦਰ ਨਹੀਂ ਵਿਚਰਦੀ। ਸੰਵੇਦਨਸ਼ੀਲਤਾ ਤੇ ਇਨਸਾਨੀ ਮੁਹੱਬਤ ਉਸ ਲਈ ਸ਼ੁੱਧ ਵਿਚਾਰਧਾਰਾ ਹੈ। ਇਹ ਖੁੱਲ੍ਹ ਉਸ ਨੂੰ ਕਵਿਤਾ ਤੱਕ ਲੈ ਕੇ ਜਾਂਦੀ ਹੈ। ਸ਼ੋਰ, ਹਿੰਸਾ, ਨਾਅਰਾ ਤੇ ਧ੍ਰੂ-ਘਸੀਟ ਕੇ ਲਿਆਂਦੀ ਵਿਚਾਰਧਾਰਾ ਕਵਿਤਾ ਤੋਂ ਬਾਹਰ ਰਹਿ ਜਾਂਦੀ ਹੈ। ਅੰਦਰ ਸਿਰਫ਼ ਕਵਿਤਾ ਹੈ। ਕਵਿਤਾ ਜੋ ਸਾਨੂੰ ਖ਼ੂਬਸੂਰਤ ਇਨਸਾਨ ਬਣਾਉਂਦੀ ਹੈ। ਅਜਿਹੀ ਸੋਚ ਕਵਿਤਾ ਨੂੰ ਬਚਾ ਕੇ ਰੱਖਣ ਦੀ ਜੱਦੋ-ਜਹਿਦ ਹੈ।

ਟਰੇਨ ਕਵਿਤਾ: ਟਰੇਨ ਇਕ ਸਾਧਨ ਹੈ, ਸਹੂਲਤ ਹੈ। ਪਰ ਕਵੀ ਲਈ ਟਰੇਨ ਇੱਕ ਪ੍ਰਤੀਕ ਹੈ, ਬਿੰਬ ਹੈ। ਇਸ ਪ੍ਰਤੀਕ ਦਾ ਆਪਣਾ ਕਾਵਿਕ-ਪਸਾਰ ਹੈ। ਇਸ ਪਸਾਰ ਵਿਚ ਕੁਝ ਦ੍ਰਿਸ਼ ਹਨ, ਅਵਾਜ਼ਾਂ ਹਨ, ਚਿਹਰੇ ਹਨ, ਲੋਕ ਹਨ, ਮਖ਼ਮਲੀ ਖੰਭਾਂ ਵਰਗੇ ਅਹਿਸਾਸ ਹਨ, ਬਿਰਖ ਹਨ, ਯਾਦਾਂ ਹਨ, ਚੇਤੇ ਹਨ, ਰਿਸ਼ਤੇ ਹਨ। ਹਰ ਸ਼ੈਅ ਗਤੀ ਵਿਚ ਹੈ। ਗਤੀ ਵਿਕਾਸ ਦਾ ਪ੍ਰਤੀਕ ਵੀ ਹੁੰਦੀ ਹੈ ਤੇ ਹਿੰਸਾ ਦਾ ਵੀ। ਇਸ ਗਤੀ ਦੇ ਠਹਿਰਾਅ ਦਾ ਅਹਿਸਾਸ ਹੀ ਕਵਿਤਾ ਹੈ। ਇਸ ਠਹਿਰੇ ਹੋਏ ਪਲ

ਇਸ ਪਲ ਅੰਦਰ ਅਨੰਤ ਭਵਿੱਖ ਲੁਪਤ ਹੈ
ਜਿਵੇਂ ਸੰਸਾਰ ਦੇ ਅੰਦਰ ਰੱਬ ਲੁਪਤ ਹੈ (ਸਫ਼ਾ 19)

ਟਰੇਨ ਕਵਿਤਾ ਲਿਖਣ ਦੀ ਥਾਂ ਨਹੀਂ ਹੁੰਦੀ। ਕਿਉਂਕਿ ਉਥੇ ਨਾ ਕੋਈ ਕੁਟੀਆ, ਨਾ ਦਰਗਾਹ, ਨਾ ਝੀਲ ਦਾ ਕਿਨਾਰਾ, ਨਾ ਪਹਾੜੀ ਕਿਨਾਰਾ ਕੋਈ, ਨਾ ਟਿੱਲਾ, ਨਾ ਬੇਲਾ, ਨਾ ਨਦੀ ਕੋਈ ਚੁੱਪ-ਚਾਪ ਵਗਦੀ। ਉਥੇ ਬੈਠਾ ਵੀ ਕਵੀ ਕਵਿਤਾ ਲਿਖਦਾ ਹੈ, ਟਰੇਨ-ਲੋਕ ਸਿਰਜਦਾ ਹੈ। ਇਹ ਟਰੇਨ ਪਲ ਹਨ। ਇਨ੍ਹਾਂ ਪਲਾਂ ਅੰਦਰ ਸੁਪਨੇ ਹਨ। ਹਰ ਸੁਪਨਾ ਟੁੱਟਣ ਤੋਂ ਪਹਿਲਾਂ ਸੁਪਨੇ ਅੰਦਰ ਸੁਪਨਾ ਹੋ ਜਾਂਦਾ ਹੈ, ਕਵਿਤਾ ਹੋ ਜਾਂਦਾ ਹੈ:

ਅਚਾਨਕ ਝਟਕੇ ਨਾਲ ਅੱਖ ਖੁੱਲ੍ਹਦੀ ਹੈ
ਮੇਰਾ ਸਟੇਸ਼ਨ ਆ ਗਿਆ ਹੈ
ਜਿਸ ਨੂੰ ਮੈਂ ਜਾਗ ਸਮਝ ਰਿਹਾ ਸਾਂ,
ਉਹ ਵੀ ਸੁਪਨਾ ਸੀ (ਸਫ਼ਾ 37)

ਟਰੇਨ ਕਵੀ ਦੇ ਅੰਦਰ ਬੈਠਾ ਅਹਿਸਾਸ ਹੈ। ਇਸ ਅਹਿਸਾਸ ਵਿਚੋਂ ਉਹ ਆਪਣੀ ਹੋਂਦ ਦੀ ਤਲਾਸ਼ ਕਰਦਾ ਹੈ। ਇਹ ਤਲਾਸ਼ ਉਸਨੂੰ ਦਾਰਸ਼ਨਿਕ ਬਣਾ ਦਿੰਦੀ ਹੈ। ਦਾਰਸ਼ਨਿਕਤਾ 'ਚੋਂ ਕਵਿਤਾ ਝਰਦੀ ਹੈ। ਇਹ ਕਵਿਤਾ ਮਾਤਰ ਚੁਫੇਰੇ ਦੇ ਦ੍ਰਿਸ਼ਾਂ ਦਾ ਸਰਲ ਬਿਰਤਾਂਤ ਨਹੀਂ ਹਨ। ਇਨ੍ਹਾਂ ਦ੍ਰਿਸ਼ਾਂ, ਅਵਾਜ਼ਾਂ ਤੋਂ ਪਾਰ ਵੇਖਦੀ ਨੀਝ, ਸੂਝ ਤੇ ਮਾਨਵੀ ਦ੍ਰਿਸ਼ਟੀ ਦਾ ਸਿਰਜਣਾਤਮਿਕ ਸੁਹਜ ਹੈ। ਇਸ ਸੁਹਜ ਵਿਚੋਂ ਹੀ ਟਰੇਨ ਦੀ ਹਰਕਤ ਜਿਸਮ ਵਿਚੋਂ ਮਨ ਵਿਚ ਉਤਰ ਕੇ ਸਹਿਜ ਹੋ ਜਾਂਦੀ ਹੈ, ਸਥਿਰ ਹੋ ਜਾਂਦੀ ਹੈ, ਧਰਤੀ ਵਾਂਗ। ਚੱਲ ਰਹੀ ਟਰੇਨ ਵਿਚ ਉਹ ਰਿਸ਼ਤਿਆਂ ਨੂੰ ਵੱਖਰੀ ਤਰ੍ਹਾਂ ਪਰਿਭਾਸ਼ਤ ਕਰਦਾ ਹੈ। ਕਵਿਤਾ ਦੀਆਂ ਕੋਈ ਦੋ-ਚਾਰ ਸਤਰਾਂ ਕਵਿਤਾ ਅੰਦਰ ਇਕ ਨਵੀਂ ਕਵਿਤਾ ਸਿਰਜਦੀਆਂ ਹਨ:

ਇੰਝ ਨਾ ਮਿਲ ਜਿਵੇਂ ਕਦੀ ਵਿਛੜਨਾ ਨਾ ਹੋਵੇ
ਆਖ਼ਰ ਟਰੇਨ ਦੇ ਮੁਸਾਫ਼ਰ ਹਾਂ (ਸਫ਼ਾ 53)

ਟਰੇਨਾਂ ਵੀ ਸਿਮਰਨ ਕਰਦੀਆਂ
ਮਣਕਾ ਮਣਕਾ, ਡੱਬਾ ਡੱਬਾ (ਸਫ਼ਾ 54)
ਅਵਾਜ਼ਾਂ ਦੇ ਸ਼ੋਰ 'ਚੋਂ, ਚੁੱਪ ਦੀ ਤਲਾਸ਼ ਕਰਨੀ
ਗ੍ਰਹਿਸਥ 'ਚੋਂ ਮਾਰਗ ਲੱਭਣਾ ਜਿਵੇਂ। (ਸਫ਼ਾ 44)

ਟਰੇਨ ਕਵਿਤਾਵਾਂ ਦਾ ਇਕ ਸੱਚ ਇਹ ਵੀ ਹੈ ਕਿ ਟਰੇਨ ਦਾ ਸਫ਼ਰ ਰੁਟੀਨ ਬਣ ਜਾਣ ਉਪਰੰਤ ਕਵਿਤਾ ਨੂੰ ਟਰੇਨ ਦੀ ਆਦਤ ਪੈ ਜਾਂਦੀ ਹੈ। ਇਸ ਆਦਤ 'ਚ ਗਤੀ ਭਾਈਵਾਲ ਹੈ। ਗਤੀ ਹੀ ਸੰਸਾਰ ਹੈ। ਮੁਹੱਬਤ ਕਾਇਨਾਤ ਦੀ ਲਿੰਕ ਭਾਸ਼ਾ ਹੈ। ਇਹ ਗਿਆਨ ਵੀ ਕਵੀ ਨੂੰ ਟਰੇਨ ਕੋਲੋਂ ਮਿਲਦਾ ਹੈ। ਟਰੇਨ ਕਵਿਤਾ ਦੇ ਨਕਸ਼ਾਂ ਦਾ ਵਿਸਥਾਰ ਹੈਰਾਨੀਜਨਕ ਲੱਭਤਾਂ ਦੀ ਸਿਰਜਣਾ ਕਰਦਾ ਹੈ। ਕਿਤੇ ਕਵਿਤਾ ਲਿਖਣ ਨਾਲ ਟਰੇਨ ਚੱਲਦੀ ਹੈ, ਕਿਤੇ ਆਪਣੇ ਪੱਥ 'ਤੇ ਕੈਦ ਗ੍ਰਹਿ ਵਾਂਗ ਟਰੇਨ 'ਚ ਕੈਦ ਹੋ ਜਾਂਦਾ ਹੈ। ਬ੍ਰਹਿਮੰਡ ਦੇ ਬਹੁਤ ਸਾਰੇ ਵਰਤਾਰੇ ਟਰੇਨ ਦੀ ਗਤੀ ਵਿਚੋਂ ਆਪਣਾ ਆਕਾਰ ਗ੍ਰਹਿਣ ਕਰਦੇ ਹਨ। ਕਾਇਨਾਤ ਦੇ ਬਹੁਤ ਸਾਰੇ ਰਹੱਸ ਟਰੇਨ ਦੀ ਹੋਂਦ ਅੰਦਰ ਸਿਮਟ ਜਾਂਦੇ ਹਨ। ਟਰੇਨ ਆਪਣੀ ਇੱਕ ਭਾਸ਼ਾ ਵੀ ਸਿਰਜਦੀ ਹੈ। 'ਟਰੇਨਾਂ ਦੀ ਬੋਲੀ' ਕਵਿਤਾ ਹੈ:

ਮਿਟ ਰਹੀ ਹੈ ਟਰੇਨਾਂ ਨਾਲ, ਕਨੇਡਾ ਨਾਲ, ਕਿਤਾਬਾਂ ਨਾਲ, ਗਿਆਨ ਨਾਲ
ਮਨ ਬਣਿਆ ਹੈ ਭਾਸ਼ਾ ਦਾ
ਮੈਂ ਵੀ ਕੀ ਹਾਂ ਭਾਸ਼ਾ ਤੋਂ ਬਿਨਾਂ, ਮਨ ਤੋਂ ਬਿਨਾਂ
ਮੇਰੇ ਅੰਦਰ ਚੱਲ ਰਿਹਾ ਭਾਸ਼ਾਵਾਂ ਦਾ ਯੁੱਧ
ਟਰੇਨ ਭਾਸ਼ਾ ਲੜ ਰਹੀ ਹੈ ਖੇਤਾਂ ਦੀ ਭਾਸ਼ਾ ਨਾਲ
ਪਿੰਡਾਂ ਦੀ ਬੋਲੀ ਨਾਲ ਮੇਰੇ ਅੰਦਰ
ਮੈਂ ਆਪਣੇ ਆਪ ਨਾਲ ਲੜ ਰਿਹਾ ਹਾਂ
ਮੇਰੇ ਅੰਦਰ ਜੋ ਸੀ ਕਿਸਾਨਾਂ ਦੀ ਬੋਲੀ
ਖੇਤਾਂ ਦੀ, ਪਿੰਡਾਂ ਦੀ, ਮਿੱਟੀ ਦੀ,
ਹੌਲੀ ਹੌਲੀ ਖੁਰ ਰਹੀ ਹੈ। (ਸਫ਼ਾ 87)

ਪਿਓ ਦੀਆਂ ਕਵਿਤਾਵਾਂ: ਇਹ ਕਿਤਾਬ ਦਾ ਦੂਜਾ ਭਾਗ ਹੈ। ਇਸ ਭਾਗ ਵਿਚ ਦਾਖ਼ਲ ਹੁੰਦਿਆਂ ਇੰਝ ਨਹੀਂ ਲੱਗਦਾ ਜਿਵੇਂ ਚੱਲਦੀ ਟਰੇਨ ਵਿਚੋਂ ਛਾਲ ਮਾਰ ਕੇ ਉਤਰੇ ਹੋਈਏ। ਟਰੇਨ ਦੇ ਅਹਿਸਾਸ ਵਿਚੋਂ ਹੀ ਪਿਤਾ ਪਰਗਟ ਹੁੰਦਾ ਹੈ। ਕਈ ਥਾਈਂ ਤਾਂ ਪਿਤਾ ਟਰੇਨ ਵਿਚ ਬੈਠਾ ਹੋਇਆ ਵੀ ਮਿਲਦਾ ਹੈ। ਕਿਉਂਕਿ ਪਿਓ ਦੀਆਂ ਕਵਿਤਾਵਾਂ ਵੀ ਕਵਿਤਾਵਾਂ ਹੀ ਰਹਿੰਦੀਆਂ ਹਨ। ਸ਼ਮੀਲ ਦੀ ਕਾਵਿਕ ਸਮਰੱਥਾ ਦੇ ਹਾਣ ਦੀਆਂ ਕਵਿਤਾਵਾਂ। ਪਿਤਾ ਕਵੀ ਲਈ ਕਿਸੇ ਸਰੀਰਕ ਹੋਂਦ ਦਾ ਨਾਂ ਨਹੀਂ ਹੈ। ਪਿਤਾ ਦਿਸਦਾ ਨਹੀਂ ਹੈ, ਚੁੱਪਚਾਪ ਰਹਿੰਦਾ ਹੈ, ਦੀਵਾਰਾਂ ਨਾਲ, ਛੱਤਾਂ 'ਤੇ, ਦਰਵਾਜ਼ਿਆਂ ਅੱਗੇ ਖੜ੍ਹਾ ਰਹਿੰਦਾ ਹੈ ਹਿਫ਼ਾਜ਼ਤ ਲਈ। ਕਿੰਨਾ ਪਿਆਰਾ ਅਹਿਸਾਸ ਹੈ ਪਿਤਾ ਦਾ! ਇਸ ਅਹਿਸਾਸ ਦੇ ਅੰਗ-ਸੰਗ ਰਹਿੰਦਿਆਂ ਪਿਤਾ ਤੋਂ ਦੂਰ ਰਹਿੰਦਾ ਜਾਂ ਪਿਤਾ ਤੋਂ ਬਗ਼ੈਰ ਜ਼ਿੰਦਗੀ ਜਿਉਂਦਾ ਪੁੱਤ ਕਦੀ ਗੁਮਰਾਹ ਨਹੀਂ ਹੁੰਦਾ। ਸਿਰ 'ਤੇ ਪਿਓ ਹੋਣ ਦਾ ਡਰ ਹਰ ਸਥਿਤੀ ਵਿਚ ਉਸ ਦੀ ਅਗਵਾਈ ਕਰਦਾ ਹੈ। ਰਸੂਲ ਹਮਜ਼ਾਤੋਵ ਦੀ ਇੱਕ ਕਵਿਤਾ ਹੈ 'ਜੇ ਤੈਨੂੰ ਚਾਹੁਣ ਵਾਲੇ ਹਜ਼ਾਰ ਬੰਦੇ ਹੋਣ...

ਕਵਿਤਾ ਦੇ ਅਖ਼ੀਰ ਵਿਚ ਉਹ ਕਹਿੰਦਾ ਹੈ ਕਿ ਜੇ ਤੈਨੂੰ ਚਾਹੁਣ ਵਾਲਾ ਕੋਈ ਵੀ ਨਾ ਹੋਵੇ, ਤਾਂ ਇੱਕ ਜ਼ਰੂਰ ਹੋਵੇਗਾ ਕਬਰਾਂ 'ਚ ਸੁੱਤਾ ਤੇਰਾ ਆਪਣਾ ਰਸੂਲ ਹਮਜ਼ਾਤੋਵ ..। ਪਿਓ ਜਦ ਕਿਧਰੇ ਵੀ ਨਹੀਂ ਹੁੰਦਾ ਤਾਂ ਵੀ ਹੁੰਦਾ ਹੈ:

ਜੋ ਮਰ ਗਏ, ਉਹ ਅਸਮਾਨ ਵਿਚ ਬੈਠੇ ਬੱਚਿਆਂ ਦੀ ਫ਼ਿਕਰ ਕਰਦੇ
ਅੱਗੇ ਉਨ੍ਹਾਂ ਦੇ ਪਿਓ, ਉਨ੍ਹਾਂ ਤੋਂ ਅਗਲੇ ਪਿਓ, ਪਿਓਆਂ ਦੇ ਪਿਓ... (ਸਫ਼ਾ 93)

ਧੀਆਂ ਬੰਦੇ ਅੰਦਰ ਪਿਓ ਹੋਣ ਦਾ ਅਹਿਸਾਸ ਗੂੜ੍ਹਾ ਕਰਦੀਆਂ ਹਨ। ਪਿਤਾ ਨੂੰ ਲੱਗਦਾ ਹੈ ਕਿ ਸਭ ਧੀਆਂ ਹੀ ਤਾਂ ਹਨ, ਔਰਤ ਤਾਂ ਕੋਈ ਵੀ ਨਹੀਂ। ਧੀਆਂ ਨਾਲ ਮੁੰਡਾ ਕੋਈ ਪਿਓ ਬਣਦਾ। ਧੀਆਂ ਕਵਿਤਾਵਾਂ ਬਣਦੀਆਂ ਤਾਂ ਬੰਦੇ ਦੇ ਦਿਲ ਅੰਦਰ ਕੁਝ ਵੱਡਾ ਹੁੰਦਾ ਹੌਲੀ ਹੌਲੀ। ਪਰ ਪਿਓ ਫ਼ਿਕਰਮੰਦ ਵੀ ਹੈ। ਉਸ ਨੂੰ ਡਰ ਲੱਗਦਾ ਕਿ ਬੱਚਿਆਂ ਦੀਆਂ ਆਦਤਾਂ ਵਿਗੜ ਨਾ ਜਾਣ:

ਬੱਚੇ ਕੋਈ ਗੁੱਝਾ ਭੇਤ
ਇਹ ਕਿੱਥੋਂ ਹੁੰਦੇ ਹਨ ਜਨਮ ਤੋਂ ਪਹਿਲਾਂ
ਕਿਥੋਂ ਆਉਂਦੇ ਹਨ ਸਾਡੇ ਜੀਵਨ ਵਿਚ। (ਸਫ਼ਾ 114)
ਹਰ ਜੰਗ ਟਾਲਣੀ ਹੈ ਇਨ੍ਹਾਂ ਬੱਚਿਆਂ ਖ਼ਾਤਰ
ਕਾਇਨਾਤ ਇਹ ਚੱਲਦੀ ਰੱਖਣੀ ਹੈ ਬੱਚਿਆਂ ਦੀ ਖ਼ਾਤਰ। (ਸਫ਼ਾ 116)

ਇਹ ਕਵਿਤਾਵਾਂ ਪੜ੍ਹਦਿਆਂ ਸੋਚਦਾ ਹਾਂ ਕਿ ਕਦੋਂ ਕੋਈ ਅਹਿਸਾਸ ਕਵਿਤਾ ਬਣਦਾ ਹੈ। ਕਦੋਂ ਤੁਹਾਡੇ ਅੰਦਰ ਪਿਆ ਪਿਓ ਕਵਿਤਾਵਾਂ ਅੰਦਰ ਢਲਦਾ ਹੈ? ਇਸ ਦਾ ਜਵਾਬ ਵੀ ਸ਼ਮੀਲ ਦੀ ਕਵਿਤਾ ਵਿਚ ਪਿਆ ਹੈ ਜਦੋਂ ਉਸਨੂੰ ਸਮੁੰਦਰ ਪਿਓ ਵਰਗਾ ਲੱਗਦਾ ਹੈ। ਜਿਵੇਂ ਸਮੁੰਦਰ ਆਪਣੇ ਅੰਦਰ ਲਹਿਰਾਂ, ਜਵਾਰਭਾਟੇ, ਨਦੀਆਂ ਤੇ ਜੰਗਾਂ ਸਾਂਭ ਰੱਖਦਾ ਹੈ, ਇਵੇਂ ਹੀ ਪਿਓ ਦਾ ਅਹਿਸਾਸ ਤੁਹਾਡੇ ਅੰਦਰ ਕਵਿਤਾਵਾਂ ਸਾਂਭ ਰੱਖਦਾ ਹੈ। ਧੂਫ਼ ਦੇ ਇਨ੍ਹਾਂ ਸਫ਼ਿਆਂ ਅੰਦਰ ਪਿਓ ਹੋਣਾ ਭਾਵ ਕਵਿਤਾ ਹੋਣਾ ਹੈ:

ਛੋਟੇ, ਵੱਡੇ, ਜੁਆਨ, ਬੁੱਢੇ, ਸਭ ਬੱਚੇ ਹਨ
ਸੜਕਾਂ ਕਿਨਾਰੇ ਬੈਠੇ ਹੋਮਲੈੱਸ, ਜੇਲਾਂ ਵਿਚ ਰੁਲਦੇ ਕੈਦੀ
ਅੱਤਵਾਦੀ, ਸੱਤਵਾਦੀ ਸਭ ਬੱਚੇ ਹਨ ਧਿਆਨੀ, ਨਸ਼ੇੜੀ, ਰਾਹੀਏ, ਕੁਰਾਹੀਏ
ਸਭ ਬੱਚੇ ਕਿਸੇ ਦੇ, ਮਾਵਾਂ ਨੇ ਚਾਅ ਨਾਲ ਜੰਮੇ, ਉਮੀਦਾਂ ਨਾਲ
ਹਰ ਜਿਸਮ, ਹਰ ਚਿਹਰੇ ਅੰਦਰ ਇੱਕ ਬੱਚਾ



ਇਸ ਬੱਚੇ ਨੂੰ ਵੇਖਕੇ ਮੈਂ ਪਿਓ ਬਣਦਾਂ। (ਸਫ਼ਾ 121, 122)

ਇਨ੍ਹਾਂ ਕਵਿਤਾਵਾਂ ਦਾ ਸਿਖ਼ਰ ਹੈ ਕਿ 'ਦੁਨੀਆਂ ਨੂੰ ਦੇਖਣਾ ਮੁਹੱਬਤ ਨਾਲ ਤੇ ਮਾਫ਼ ਕਰ ਦੇਣਾ
ਜਿਵੇਂ ਮਾਂ ਦੇਖਦੀ ਹੈ, ਜਿਵੇਂ ਪਿਓ ਕਰਦਾ ਹੈ। (ਸਫ਼ਾ 126)

ਧੂਫ਼ : ਇਹ ਪੁਸਤਕ ਦਾ ਤੀਜਾ ਭਾਗ ਹੈ। ਇਹ ਪੁਸਤਕ ਦਾ ਟਾਈਟਲ ਵੀ ਹੈ। ਇਸ ਸਿਰਲੇਖ ਦੇ ਨਾਂ ਵਾਲੀ ਕਵਿਤਾ ਉਨ੍ਹਾਂ ਸਥਾਨਾਂ, ਮੌਕਿਆਂ, ਵਰਤਾਰਿਆਂ ਅਤੇ ਅਣਗੌਲੇ ਪਏ ਵਿਸ਼ਿਆਂ ਦੀ ਨਿਸ਼ਾਨਦੇਹੀ ਕਰਦੀ ਹੈ ਜੋ ਕਵਿਤਾ ਹਨ। ਇਸ ਕਵਿਤਾ ਦਾ ਕਲਾਵਾ ਵੱਡਾ ਹੈ, ਪੂਰੀ ਕਾਇਨਾਤ ਦੇ ਜਾਗਦੀ ਹੋਣ ਦੀ ਗਵਾਹੀ ਭਰਦਾ ਕਲਾਵਾ। ਇਹ ਕਵਿਤਾ ਅਗਲੇ ਪੰਨਿਆਂ 'ਤੇ ਪੜ੍ਹੀ ਜਾਣ ਵਾਲੀ ਕਵਿਤਾ ਦੀ ਸੂਹ ਵੀ ਦਿੰਦੀ ਹੈ। ਪਾਠਕ ਇਸ ਕਵਿਤਾ ਕੋਲ ਰੁਕਦਾ ਹੈ, ਸੋਚਦਾ ਹੈ ਅਤੇ ਅਗਲੇ ਪੰਨਿਆਂ 'ਤੇ ਜਾਣ ਦਾ ਬੌਧਿਕ ਸਾਹਸ ਪੈਦਾ ਕਰਦਾ ਹੈ। ਪਰ ਅਗਲੇ ਹੀ ਪੰਨੇ 'ਤੇ ਉਸਦਾ ਇਹ ਫ਼ਿਕਰ ਕਿ ਕਵੀ ਬਹੁਤ ਥੋੜ੍ਹੇ ਬਚੇ ਹਨ ਹੁਣ, ਸਮਕਾਲੀ ਪੰਜਾਬੀ ਕਵਿਤਾ ਦਾ ਫ਼ਿਕਰ ਹੈ। ਪਰ ਸੋਸ਼ਲ ਮੀਡੀਆ 'ਤੇ ਕਵੀਆਂ ਦੀ ਭੀੜ ਸ਼ਮੀਲ ਲਈ ਦਵੰਦ ਪੈਦਾ ਕਰਦੀ ਹੈ। ਫਿਰ ਉਹ ਸ਼ਬਦਾਂ ਨਾਲ ਕਵਿਤਾ ਸਿਰਜਦੇ ਕਵੀਆਂ ਤੋਂ ਥੋੜ੍ਹਾ ਪਾਸੇ ਹੋ ਕੇ ਗੱਲ ਕਰਦਾ ਹੈ। ਇਸ ਲਈ ਆਪਾਂ ਪੰਨਾ 131 'ਤੇ ਦਰਜ ਕਵਿਤਾ ਸੰਧੂਰ ਪੜ੍ਹਦੇ ਹਾਂ:

ਉਹ ਖੀਰੇ ਕਟਦਾ ਹੈ ਗੋਲ ਗੋਲ, ਟਮਾਟਰ, ਮੂਲੀਆਂ
ਤੇ ਸਲੀਕੇ ਨਾਲ ਸਜਾਉਂਦਾ ਹੈ ਸਲਾਦ ਦੀ ਪਲੇਟ
ਔਰਤ ਕੋਈ ਰੋਟੀਆਂ ਬਣਾਉਂਦੀ ਗੋਲ ਗੋਲ
ਕਾਪੀ ਦੇ ਪਹਿਲੇ ਪੰਨੇ 'ਤੇ ਲਿਖਿਆ 'ਵਾਹਿਗੁਰੂ'
ਨਵੀਂ ਖ਼ਰੀਦੀ ਕਾਰ 'ਤੇ ਬੰਨ੍ਹਿਆ ਲਾਲ ਰਿਬਨ
ਕਿਸੇ ਮੂਰਤੀ ਦੇ ਮੱਥੇ 'ਤੇ ਲਾਇਆ ਸੰਧੂਰ
ਭਜਨ ਗਾ ਰਹੀ ਕੋਈ ਬਿਰਧ ਮਾਤਾ
ਇਹ ਸਭ ਕਵੀ ਹਨ। (ਸਫ਼ਾ 131)

ਪਾਠਕ ਸਹਿਜੇ ਹੀ ਕਵੀ ਦੀ ਪਛਾਣ ਕਰਨ ਯੋਗ ਹੋ ਜਾਂਦਾ ਹੈ। ਅੰਬਾਂ ਦੇ ਫਲੇਵਰ, ਕੈਂਚੀ, ਸੁਗਾਤ, ਸਹੀ ਸਮਾਂ, ਹਵਾ ਪਕੜਨ ਦਾ ਅਭਿਆਸ, ਦੁੱਧ 'ਚ ਪੱਤੀ, ਤੁਰਨਾ, ਸੋਫ਼ੇ 'ਤੇ ਸੌਣਾ, ਲਿਵਿੰਗ ਰੂਮ, ਦਾਲ ਰੋਟੀ, ਥੱਕੀਆਂ ਸਬਜ਼ੀਆਂ, ਔਰਗੈਨਿਕ ਬੰਦੇ ਆਦਿ ਅਨੇਕਾਂ ਕਵਿਤਾਵਾਂ ਹਨ ਇਸ ਕਿਤਾਬ ਵਿਚ ਜੋ ਕਵੀ ਦੀ ਕਾਵਿਕ ਦ੍ਰਿਸ਼ਟੀ ਦੀ ਗਵਾਹੀ ਭਰਦੀਆਂ ਹਨ।

ਪੰਜ ਦਹਾਕੇ ਪਹਿਲਾਂ ਦਾ ਕਲਚਰ ਸਾਡੀ ਪੀੜ੍ਹੀ ਨੇ ਵੇਖਿਆ, ਹੰਢਾਇਆ ਹੈ। ਸ਼ਮੀਲ ਉਸ ਪੀੜ੍ਹੀ ਦਾ ਸ਼ਾਇਰ ਹੈ। ਇਸ ਲਈ ਉਸ ਦੀਆਂ ਕਵਿਤਾਵਾਂ ਪੰਜ ਦਹਾਕੇ ਜਾਂ ਉਸ ਤੋਂ ਵੀ ਪਹਿਲਾਂ ਦੀ ਜੀਵਨ-ਜਾਚ ਨੂੰ ਪੇਸ਼ ਕਰਦੀਆਂ ਹਨ। ਔਰਗੈਨਿਕ ਸ਼ਬਦ, ਪੇਂਡੂ ਲੋਕ, ਤੇਲ ਦੀ ਹਮਕ, ਪਿੰਡ, ਅੰਬਾਂ ਦੇ ਫਲੇਵਰ ਆਦਿ ਅਜਿਹੀਆਂ ਕਵਿਤਾਵਾਂ ਹਨ। 'ਧਰਮਾਂ ਦੀ ਖੋਜ ਤੋਂ ਪਹਿਲਾਂ' ਕਵਿਤਾ ਵਿਚ ਪੰਜ-ਛੇ ਦਹਾਕੇ ਪਹਿਲਾਂ ਵਾਲੇ ਪਿੰਡ ਦਾ ਜ਼ਿਕਰ ਹੈ ਜਦੋਂ ਪਿੰਡਾਂ ਵਿਚ ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕ ਰਹਿੰਦੇ ਸਨ ਪਰ ਨਾ ਉਥੇ ਕੋਈ ਸਿੱਖ ਸੀ, ਨਾ ਹਿੰਦੂ, ਨਾ ਮੁਸਲਮਾਨ:

ਪੜ੍ਹੇ ਲਿਖੇ ਲੋਕਾਂ ਦੀਆਂ ਕਾਢਾਂ ਤੋਂ ਪਹਿਲਾਂ
ਪਿੰਡ ਵਿਚ ਧਰਮ ਸੀ ਪਰ ਧਰਮ ਨਹੀਂ ਸਨ। (ਸਫ਼ਾ 146)

ਇਸੇ ਤਰ੍ਹਾਂ ਦੀ ਕਵਿਤਾ ਹੈ 'ਮਾਂ ਦਾ ਧਰਮ'। ਮਿਲਣਾ-ਵਿਛੜਨਾ, ਸੁਗਾਤ, ਬਾਰਸ਼, ਇਹ ਸਤਰਾਂ, 'ਤੇਰੇ ਆਉਣ ਨਾਲ' ਵਰਗੀਆਂ ਕਵਿਤਾਵਾਂ ਪਾਠਕ ਦੇ ਮਨ ਨੂੰ ਦ੍ਰਵਿਤ ਕਰਦੀਆਂ ਹਨ। ਇਹ ਮੁਹੱਬਤ ਕਰਦੇ ਜੀਵਨ ਦਾ ਸਲੀਕਾ ਹੈ :

ਮੁਹੱਬਤ ਨਾਲ ਦੇਖਣਾ ਜੀਵਨ ਦੀ ਖੇਡ
ਕਿਸੇ ਦੀ ਫ਼ਿਕਰ ਕਰਨਾ, ਦੁਆ ਕਰਨਾ ਕਿਸੇ ਲਈ
ਕਵਿਤਾ ਲਿਖਣਾ ਤੇ ਤੁਰ ਜਾਣਾ ਚੁਪ-ਚਾਪ। (ਸਫ਼ਾ 192)

'ਦਾਲ ਰੋਟੀ' ਪਰਵਾਸ ਨਾਲ ਸਬੰਧਤ ਭਾਵਪੂਰਤ ਨਜ਼ਮ ਹੈ। ਬੰਦਾ ਰੋਟੀ-ਰੋਜ਼ੀ ਦੀ ਭਾਲ ਵਿਚ ਚੰਗੇਰਾ ਜੀਵਨ ਜੀਣ ਲਈ ਆਪਣੀ ਜਨਮ ਭੋਇੰ ਛੱਡ ਪਰਦੇਸ ਵਿਚ ਵੱਸ ਜਾਂਦਾ ਹੈ। ਪਰ ਉਸ ਦੀਆਂ ਜੜ੍ਹਾਂ ਆਪਣੇ ਦੇਸ਼ ਵਿਚ ਹੀ ਰਹਿੰਦੀਆਂ ਹਨ। ਇਸ ਕਵਿਤਾ ਵਿਚ ਛੋਟੀ ਉਮਰ ਵਿਚ ਕੈਨੇਡਾ ਆਇਆ ਪ੍ਰੋਫੈਸਰ ਵਰਮਾ ਪੂਰੀ ਤਰ੍ਹਾਂ ਇਸ ਸਿਸਟਮ ਵਿਚ ਲੁਪਤ ਹੋਣ ਤੋਂ ਬਾਅਦ ਵੀ ਢਲਦੀ ਉਮਰੇ ਆਪਣੀ ਮਿੱਟੀ ਨਾਲ ਜੁੜਦਾ ਹੈ। ਦਾਲ-ਰੋਟੀ ਖਾਂਦਾ ਤੇ ਗੁੜ ਦੀ ਚਾਹ ਪੀਂਦਾ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਬੂਟਿਆਂ ਵਾਂਗ ਬੰਦੇ ਦੀਆਂ ਜੜ੍ਹਾਂ ਵੀ ਡੂੰਘੀਆਂ ਹੁੰਦੀਆਂ ਹਨ:

ਮੈਂ ਵੀ ਬੂਟਾ ਪੁੱਟ ਲਿਆਇਆ ਆਪਣੇ ਆਪ ਨੂੰ
ਜੜ੍ਹਾਂ ਲਾ ਲਈਆਂ ਇੱਥੇ
ਪਰ ਮੇਰੀ ਕਿਸਮ ਨਹੀਂ ਬਦਲੀ। (ਸਫ਼ਾ 203)

'ਥੱਕੀਆਂ ਸਬਜ਼ੀਆਂ', 'ਬਾਂਦਰਾਂ ਦਾ ਐਲਾਨਨਾਮਾ', 'ਸ਼ੌਪਿੰਗ ਸਾਧਨਾ', 'ਔਰਗੈਨਿਕ ਬੰਦੇ', 'ਬਾਦਸ਼ਾਹੀ', ਆਦਿ ਕਵਿਤਾਵਾਂ ਸਰਮਾਏਦਾਰੀ ਦੇ ਇਸ ਯੁੱਗ ਵਿਚ ਕਾਰਪੋਰੇਟ ਘਰਾਣਿਆਂ ਦਾ ਮੰਡੀ ਉਪਰ ਕਬਜ਼ਾ ਹੋਣ ਉਪਰੰਤ ਮੁਨਾਫ਼ੇ ਦੀ ਨੀਤੀ ਵਾਲੇ ਹੋਂਦ ਵਿਚ ਆਏ ਬਾਜ਼ਾਰ ਦੇ ਨਵੇਂ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਕਾਰਪੋਰੇਟੀ ਘਰਾਣਿਆਂ ਦੇ ਆਮ ਬੰਦੇ ਉਪਰ ਠੋਸੇ ਗਏ ਵਿਕਾਸ ਦੀ ਹਿੰਸਾ ਨੂੰ ਸ਼ਿੱਦਤ ਨਾਲ ਮਹਿਸੂਸ ਕਰਦੀ ਨਜ਼ਮ ਨਾਲ ਇਸ ਪੁਸਤਕ ਦਾ ਆਰੰਭ ਵਰਗਾ ਅੰਤ ਹੁੰਦਾ ਹੈ:

ਗਰੀਬ ਬਚ ਜਾਣਗੇ ਤਰੱਕੀ ਤੋਂ ਸ਼ਾਇਦ
ਘੱਟ ਸੋਹਣੀ ਧੀ ਜਿਵੇਂ ਬਚ ਜਾਂਦੀ ਸੀ ਧਾੜਵੀਆਂ ਤੋਂ
ਬੱਕਰੀਆਂ ਚਾਰਦੇ, ਰਹਿੰਦੇ ਝੁੱਗੀਆਂ 'ਚ ਦੂਰ ਸਭਿਅਤਾ ਤੋਂ
ਸ਼ਾਇਦ ਬਚ ਜਾਣਗੇ
ਧਾੜਵੀਆਂ ਦੀ ਨਜ਼ਰ ਹਰ ਕੋਨੇ 'ਤੇ, ਆਉਂਦੇ ਰਿਜ਼ੋਰਟ ਬਣਾਉਣ
ਹੋਟਲ ਬਣਾਉਣ,ਬਿਲਡਿੰਗਾਂ ਉਸਾਰਨ, ਖਾਣਾਂ ਖੋਦਣ ਲਈ
ਧਾੜਵੀ ਪਹਾੜ ਖ਼ਰੀਦਦੇ,ਨਦੀਆਂ ਖ਼ਰੀਦਦੇ, ਤੇ ਹਵਾ ਵੀ
ਇਸ ਤੋਂ ਪਹਿਲਾਂ ਕਿ ਸਾਰਾ ਕੁਝ ਵਿਕ ਜਾਏ
ਤੇ ਮਿੱਟੀ ਸਾਰੀ ਜ਼ਹਿਰ ਹੋ ਜਾਏ,
ਕੁਝ ਗਰੀਬ ਬਚ ਜਾਣਗੇ ਸ਼ਾਇਦ ਤਰੱਕੀ ਤੋਂ
ਇਨਸਾਨੀ ਨਸਲ ਦੇ ਸ਼ੁੱਧ ਬੀਜ ਅਗਲੇ ਯੁੱਗ ਲਈ...। (ਸਫ਼ਾ 218)

ਮੈਂ ਇਸ ਪੁਸਤਕ ਧੂਫ਼ ਨੂੰ ਪੜ੍ਹਿਆ ਤੇ ਮਾਣਿਆਂ ਹੈ। ਦੋਸਤੋ! ਤੁਹਾਡੇ ਵੀ ਜੇ ਕਿਤੇ ਹੱਥ ਲੱਗੇ ਤਾਂ ਜ਼ਰੂਰ ਪੜ੍ਹਨੀ। ਜਿਹੜੇ ਸਮਕਾਲੀ ਪੰਜਾਬੀ ਕਵਿਤਾ ਤੋਂ ਨਿਰਾਸ਼ ਹਨ, ਇਹ ਕਿਤਾਬ ਪੜ੍ਹ ਕੇ ਜ਼ਰੂਰ ਸਹਿਮਤ ਹੋਣਗੇ ਕਿ ਕਵਿਤਾ ਨੂੰ ਬਚਾਉਣ ਲਈ ਅਜੇ ਕੁਝ ਲੋਕ ਜੱਦੋ-ਜਹਿਦ ਕਰ ਰਹੇ ਹਨ। ਸਾਨੂੰ ਅਜਿਹੇ ਲੋਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਹ ਕਿਤਾਬ ਯੂਨੀਸਟਾਰ ਬੁੱਕਸ ਮੋਹਾਲੀ ਵੱਲੋਂ ਛਾਪੀ ਗਈ ਹੈ। ਇਸ ਦੇ ਪੰਨੇ 216 ਅਤੇ ਕੀਮਤ 200/ ਰੁਪਏ, ਕੈਨੇਡੀਅਨ 15 ਡਾਲਰ ਹੈ।

---

## ਬੂਟ (ਮਿਨੀ ਕਹਾਣੀ)

ਆਸਪਾਸ ਧੂੰਆਂ ਹੀ ਧੂੰਆਂ! ਚਾਰੇ ਪਾਸੇ ਮੌਤ ਦਾ ਮੰਜ਼ਰ! ਕਦੇ ਸਾਇਰਨ ਦੀ ਆਵਾਜ਼ ਤੇ ਕਦੇ ਕਲੇਜੇ ਨੂੰ ਕੰਬਾ ਦੇਣ ਵਾਲੇ ਗੋਲਿਆਂ ਦੇ ਧਮਾਕੇ! ਕਾਲਜਾ ਮੂੰਹ ਨੂੰ ਆ ਜਾਂਦਾ।

ਇੱਕ ਉਮੀਦ ਲਈ ਪਾਪਾ ਦੀ ਰਾਹ ਵੇਖਦੇ ਮਾਂ, ਦੀਦੀ ਅਤੇ ਮੈਂ। ਵਿਚ-ਵਿਚ ਖੰਡਰ ਹੋਏ ਘਰ ਦੀ ਕੰਧ ਦੀ ਝੀਤ ਵਿਚੋਂ ਝਾਕ ਲੈਂਦੇ। ਦੂਰ-ਦੂਰ ਤੱਕ ਲਪਟਾਂ ਹੀ ਲਪਟਾਂ! ਸੁਲਗਦਾ ਹੋਇਆ ਸਭ ਕੁਝ!

ਠਕ! ਠਕ! ਠਕ! ਨੇੜੇ ਆਉਂਦੀ ਭਾਰੀ-ਭਰਕਮ ਬੂਟਾਂ ਦੀ ਆਵਾਜ਼! ਮੈਂ ਅਤੇ ਮਾਂ ਭੱਜ ਕੇ ਅਲਮਾਰੀ ਦੇ ਪਿੱਛੇ ਲੁਕ ਗਏ ਅਤੇ ਦੀਦੀ ਕੰਟੇਨਰ ਦੇ ਪਿੱਛੇ।

ਬੂਟਾਂ ਦੀ ਆਵਾਜ਼ ਨੇੜੇ ਆ ਗਈ...ਬਹੁਤ ਨੇੜੇ।

ਅਚਾਨਕ ਦੀਦੀ ਦੀ ਚੀਕ... ਮਾਂ ਨੇ ਝੱਟ ਮੇਰੇ ਮੂੰਹ ਤੇ ਹੱਥ ਰੱਖ ਕੇ ਮੈਨੂੰ ਕਸ ਕੇ ਫੜ ਲਿਆ। ਚੀਕ ਘੁਟ ਕੇ ਅੰਦਰ ਹੀ ਸਮਾ ਗਈ।

ਹੌਲੀ-ਹੌਲੀ ਦੀਦੀ ਦੀ ਚੀਕ ਸਿਸਕੀਆਂ ਵਿਚ ਬਦਲ ਗਈ... ਮੁੜਦੇ ਬੂਟਾਂ ਦੀ ਆਵਾਜ਼ ਠਕ, ਠਕ ਦੂਰ ਜਾ ਰਹੀ ਸੀ।

ਸਾਹਮਣੇ ਸੜਦੀ, ਸੁਲਗਦੀ, ਧਧਕਦੀ, ਸਿਸਕਦੀ ਦੀਦੀ... ਅੱਗਾਂ ਹੀ ਅੱਗਾਂ!

*-ਮੂਲ : ਯਸ਼ੋਧਰਾ ਭਟਨਾਗਰ*
*ਅਨੁ : ਪ੍ਰੋ. ਨਵ ਸੰਗੀਤ ਸਿੰਘ*

# ਕੀ ਕੰਧ ’ਤੇ ਲਿਖਿਆ ਪੜ੍ਹ ਰਹੀ ਹੈ, ਭਾਜਪਾ?

ਅਗਲੀ ਲੋਕ ਸਭਾ ਚੋਣ ਦੇ ਨੋਟੀਫਿਕੇਸ਼ਨ ਤੋਂ ਐਨ ਪਹਿਲਾਂ ਭਾਰਤੀ ਚੋਣ ਕਮਿਸ਼ਨ ਵਿਚ ਦੂਜੇ ਸਭ ਤੋਂ ਸਿਖਰਲੇ ਅਧਿਕਾਰੀ ਅਰੁਣ ਗੋਇਲ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਦਾ ਅਸਤੀਫ਼ਾ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਤੁਰੰਤ ਪ੍ਰਵਾਨ ਕਰ ਲਿਆ ਗਿਆ ਹੈ। ਸਾਬਕਾ ਨੌਕਰਸ਼ਾਹ ਅਰੁਣ ਗੋਇਲ ਪੰਜਾਬ ਕੇਡਰ ਦੇ 1965 ਬੈਚ ਦੇ ਆਈ ਏ ਐਸ ਅਧਿਕਾਰੀ ਹਨ, ਜਿਨ੍ਹਾਂ ਨੇ 21 ਨਵੰਬਰ 2022 ਨੂੰ ਕਮਿਸ਼ਨਰ ਵਜੋਂ ਅਹੁਦਾ ਤੁਰਤ-ਫੁਰਤ ਸੰਭਾਲਿਆ ਸੀ



**ਗੁਰਮੀਤ ਸਿੰਘ ਪਲਾਹੀ**
**ਫੋਨ: +91-98158-02070**

ਅਤੇ ਉਨ੍ਹਾਂ ਦਾ ਕਾਰਜਕਾਲ ਦਸੰਬਰ 2027 ਤੱਕ ਸੀ। ਇਹ ਅਧਿਕਾਰੀ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਲਾਡਲਾ ਸੀ। ਉਸਦੇ ਅਸਤੀਫ਼ੇ ਨਾਲ ਕਈ ਸਵਾਲ ਖੜ੍ਹੇ ਹੋ ਗਏ ਹਨ। ਯਾਦ ਰਹੇ ਭਾਰਤੀ ਚੋਣ ਕਮਿਸ਼ਨ ਦੇ ਤਿੰਨ ਮੈਂਬਰ ਹੁੰਦੇ ਹਨ, ਜਿਨ੍ਹਾਂ ਵਿਚੋਂ ਦੋ ਸੀਟਾਂ ਖਾਲੀ ਹੋ ਗਈਆਂ ਹਨ। ਹੁਣ ਸਿਰਫ਼ ਮੁੱਖ ਚੋਣ ਕਮਿਸ਼ਨਰ ਹੀ ਆਪਣੇ ਅਹੁਦੇ ਉਤੇ ਬਿਰਾਜਮਾਨ ਹਨ।

ਸਵਾਲ ਉੱਠ ਰਹੇ ਹਨ ਕਿ ਕੀ ਮੁੱਖ ਚੋਣ ਕਮਿਸ਼ਨਰ ਇਕੱਲੇ ਹੀ ਦੇਸ਼ ਦੀਆਂ ਲੋਕ ਸਭਾ ਚੋਣਾਂ ਕਰਵਾਉਣਗੇ? ਕੀ ਇਹ ਸੰਵਿਧਾਨਕ ਹੋਏਗਾ ਜਾਂ ਕੀ ਅਗਲੇ ਦੋ-ਤਿੰਨ ਦਿਨਾਂ ’ਚ ਮੋਦੀ ਸਰਕਾਰ ਦੋ ਨਵੇਂ ਚੋਣ ਕਮਿਸ਼ਨਰ ਨਿਯੁਕਤ ਕਰ ਦੇਵੇਗੀ, ਜਿਸਦਾ ਅਧਿਕਾਰ ਪਿਛਲੇ ਕੁਝ ਮਹੀਨੇ ਪਹਿਲਾਂ ਸਰਕਾਰ ਨੇ ਪਾਰਲੀਮੈਂਟ ’ਚ ਬਿੱਲ ਪਾਸ ਕਰ ਕੇ ਹਾਸਲ ਕਰ ਲਿਆ ਹੈ? ਕੀ ਇੰਜ ਦੇਸ਼ ਦੀਆਂ ਲੋਕ ਸਭਾ ਚੋਣਾਂ ਨਿਰਪੱਖ ਹੋ ਸਕਣਗੀਆਂ?

ਕੀ ਮੋਦੀ ਸਰਕਾਰ ਨੂੰ ਮੁੜ ਵਾਪਸੀ ਦਾ ਡਰ ਸਤਾ ਰਿਹਾ ਹੈ ਅਤੇ ਉਹ ਕੋਈ ਵੀ ਰਿਸਕ ਨਹੀਂ ਲੈਣਾ ਚਾਹੁੰਦੀ? ਕੀ ਜਾਣ ਵਾਲਾ ਚੋਣ ਕਮਿਸ਼ਨਰ ਅਰੁਣ ਗੋਇਲ ਹੁਣ ਉਨ੍ਹਾਂ ਦਾ ਵਫ਼ਾਦਾਰ ਨਹੀਂ ਸੀ ਰਿਹਾ, ਜਾਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਇਸ਼ਾਰਿਆਂ ’ਤੇ ਚੱਲਣ ਤੋਂ ਪਾਸਾ ਵੱਟਣ ਲੱਗ ਪਿਆ ਸੀ। ਭਾਵੇਂ ਅਰੁਣ ਗੋਇਲ ਦੇ ਚੋਣ ਕਮਿਸ਼ਨ ਤੋਂ ਰੁਖ਼ਸਤ ਹੋਣ ਸਬੰਧੀ ਕਈ ਕਿਆਸਅਰਾਈਆਂ ਹਨ, ਪਰ ਇਕ ਗੱਲ ਪੱਕੀ ਹੈ ਕਿ ਮੋਦੀ ਸਰਕਾਰ ਡਰੀ ਹੋਈ ਹੈ ਅਤੇ ਲੋਕਾਂ ਦੀਆਂ ਭਾਵਨਾਵਾਂ ਸਮਝ ਕੇ ਕੰਧ ’ਤੇ ਲਿਖਿਆ ਸ਼ਾਇਦ ਪੜ੍ਹਨ ਲੱਗ ਪਈ ਹੈ।

ਅਸਲ ’ਚ ਮੋਦੀ ਸਰਕਾਰ ਤੇ ਖ਼ੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਕਾਰਗੁਜ਼ਾਰੀ ਉਤੇ ਵੱਡੇ ਸੁਆਲ ਉੱਠਣ ਲੱਗੇ ਹਨ, ਜਿਥੇ ਸੁਪਰੀਮ ਕੋਰਟ ਦੇ ਵਕੀਲ ਅਤੇ ਹੋਰ ਲੋਕਾਂ ਵਲੋਂ, ਈ.ਵੀ.ਐਮਜ਼ ਰਾਹੀਂ ਵੋਟਾਂ ਕਰਾਉਣੀਆਂ ਛੱਡ ਕੇ ਬੈਲਟ ਪੇਪਰਾਂ ਰਾਹੀਂ ਵੋਟਾਂ ਕਰਾਉਣ ਲਈ ਵੱਡਾ ਦਬਾਅ ਪੈ ਰਿਹਾ ਹੈ, ਉਥੇ ਮੋਦੀ ਸਰਕਾਰ ਵਲੋਂ ਸੀ.ਬੀ.ਆਈ., ਈ.ਡੀ.ਅਤੇ ਹੋਰ ਏਜੰਸੀਆਂ ਰਾਹੀਂ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਪ੍ਰੇਸ਼ਾਨ ਕਰ ਕੇ ਆਪਣੇ ਪਾਲੇ ’ਚ ਕਰਨ ਦੀਆਂ ਕੋਸ਼ਿਸ਼ਾਂ ਆਮ ਲੋਕਾਂ ਨੂੰ ਪ੍ਰਵਾਨ ਨਹੀਂ ਹੋ ਰਹੀਆਂ। ਉਂਜ ਵੀ ਦੇਸ਼ ਵਿਚ ਮੋਦੀ ਸਰਕਾਰ ਦੀਆਂ ਨੀਤੀਆਂ ਕਾਰਨ ਜਿਵੇਂ ਗਰੀਬੀ ਵਧ ਰਹੀ ਹੈ, ਅਮੀਰ-ਗਰੀਬ ਦਾ ਪਾੜਾ ਵਧ ਰਿਹਾ ਹੈ, ਬੇਰੁਜ਼ਗਾਰੀ ਸਿਖ਼ਰਾਂ ’ਤੇ ਹੈ, ਕੁਰੱਪਸ਼ਨ ਅਮਰਵੇਲ ਵਾਂਗ ਵਧ ਰਹੀ ਹੈ, ਉਸ ਨਾਲ ‘ਧਰਮ ਦਾ ਪੱਤਾ’ ਖੇਡਣ ਦੇ ਬਾਵਜੂਦ ਲੋਕਾਂ ’ਚ ਅਸੰਤੋਸ਼ ਹੈ, ਜੋ ਮੋਦੀ ਸਰਕਾਰ ਲਈ ਭਵਿੱਖ ’ਚ ਘਾਤਕ ਹੋ ਸਕਦਾ ਹੈ।

ਇਸ ਅਸੰਤੋਸ਼ ਅਤੇ ਸੁਪਰੀਮ ਕੋਰਟ ਦੇ ਫਰਵਰੀ ਮਹੀਨੇ ਦੇ ਅੱਧ ਵਿਚਕਾਰ ਜਦੋਂ ਚੁਣਾਵੀ ਬਾਂਡਾਂ ਨੂੰ ਗੈਰ-ਸੰਵਿਧਾਨਕ ਕਰਾਰ ਦੇ ਕੇ 12 ਅਪ੍ਰੈਲ 2019 ਤੋਂ ਬਾਅਦ ਜਾਰੀ ਹੋਏ ਬਾਂਡਾਂ ਦਾ ਹਿਸਾਬ-ਕਿਤਾਬ ਸਟੇਟ ਬੈਂਕ ਆਫ ਇੰਡੀਆ ਤੋਂ ਮੰਗ ਲਿਆ ਗਿਆ ਤਾਂ ਮੋਦੀ ਸਰਕਾਰ ਦੀ ਨੀਂਦ ਹਰਾਮ ਹੋ ਗਈ, ਕਿਉਂਕਿ ਦੇਸ਼ ਦੇ ਧੰਨ ਕੁਬੇਰਾਂ ਨੇ ਪੁੱਠੇ ਸਿੱਧੇ ਢੰਗ ਨਾਲ ਭਾਜਪਾ ਦੇ ਭੜੋਲੇ ਭਰ ਦਿੱਤੇ ਸਨ। ਸੁਪਰੀਮ ਕੋਰਟ ਨੇ ਫ਼ੈਸਲਾ ਲਿਆ ਕਿ ਸਾਰੇ ਲੋਕ ਇਹ ਜਾਣ ਸਕਣ ਕਿ ਪਿਛਲੇ ਪੰਜ ਸਾਲਾਂ ਵਿਚ ਕਿਸ ਪਾਰਟੀ ਕੋਲ ਕਿੰਨਾ ਪੈਸਾ ਕਿੱਥੋਂ ਜਾਂ ਕਿਸ ਵਲੋਂ ਆਇਆ? ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਬਿਲਕੁਲ ਸਪੱਸ਼ਟ ਕੀਤਾ ਸੀ ਕਿ ਵੋਟ ਦੀ ਸਹੀ ਵਰਤੋਂ ਲਈ ਲੋਕਾਂ ਅਤੇ ਖ਼ਾਸ ਕਰਕੇ ਵੋਟਰਾਂ ਨੂੰ ਪਾਰਟੀਆਂ ਦੀ ਫੰਡਿੰਗ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸਟੇਟ ਬੈਂਕ ਆਫ਼ ਇੰਡੀਆ, ਇਹ ਸੂਚਨਾ ਮੁਹੱਈਆ ਕਰਨ ਲਈ 30 ਜੂਨ 2024 ਜਾਣੀ ਚੋਣਾਂ ਤੋਂ ਬਾਅਦ ਦਾ ਸਮਾਂ ਮੰਗ ਰਹੀ ਹੈ ਅਤੇ ਵਿਰੋਧੀ ਧਿਰਾਂ ਇਲਜ਼ਾਮ ਲਗਾ ਰਹੀਆਂ ਹਨ ਕਿ ਇਹ ਮੋਦੀ ਸਰਕਾਰ ਦੇ ਤਾਕਤਵਰ ਸਿਪਾਹਸਲਾਰਾਂ ਦੇ ਦਬਾਅ ਹੇਠ ਹੋ ਰਿਹਾ ਹੈ ਤਾਂ ਕਿ ਚੋਣਾਂ ਗੁਜ਼ਰ ਜਾਣ ਅਤੇ ਆਮ ਜਨਤਾ ਤੱਕ ਇਹ ਸੂਚਨਾ ਨਾ ਪੁੱਜੇ ਅਤੇ ਭਾਜਪਾ ਦਾ ਵੱਡੇ ਧੰਨ ਕੁਬੇਰਾਂ, ਕਾਰਪੋਰੇਟਾਂ ਨਾਲ ਗੱਠਜੋੜ ਲੋਕਾਂ ਸਾਹਵੇਂ ਨੰਗਾ ਨਾ ਹੋਵੇ।

ਦੇਸ਼ ’ਚ ਪਿਛਲੇ ਦਹਾਕੇ ’ਚ ਬਹੁਤ ਕੁਝ ਨਵਾਂ ਵਾਪਰ ਰਿਹਾ ਹੈ। ਦੇਸ਼ ’ਚ ਤਾਨਾਸ਼ਾਹੀ ਜਾਂ ਇਕ ਪੁਰਖਾ ਰਾਜ ਦਾ ਰੁਝਾਨ ਵਧ ਰਿਹਾ ਹੈ। ਮੋਦੀ ਸਰਕਾਰ ਵਲੋਂ ਜਿਸ ਢੰਗ ਨਾਲ ਸਰਕਾਰ ਦੇ ਕੀਤੇ ਕੰਮਾਂ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਪ੍ਰਚਾਰ ਸਾਧਨਾਂ ’ਚ ਕਿਸੇ ਦੂਜੇ ਲਈ ਥਾਂ ਹੀ ਨਹੀਂ ਬਚਣ ਦਿੱਤੀ ਜਾ ਰਹੀ, ਉਹ ਇਸ ਗੱਲ ਦਾ ਸੰਕੇਤ ਹੈ ਕਿ ਲੋਕ ਰਾਜ ਕਿਵੇਂ ਦਮ ਤੋੜਦੇ ਹਨ। ਪ੍ਰਧਾਨ ਮੰਤਰੀ ਰਿਲੀਫ ਫੰਡ ਦੇ ਨਾਲ ਇਕ ਨਵਾਂ ਫੰਡ ਪ੍ਰਾਈਮ ਮਨਿਸਟਰ ਕੇਅਰ ਫੰਡ ਬਣਾ ਕੇ ਉਸਨੂੰ ਆਡਿਟ (ਲੇਖੇ-ਜੋਖੇ) ਤੋਂ ਬਾਹਰ ਰੱਖਿਆ ਗਿਆ, ਉਹ ਵੀ ਅਸਲ ਵਿਚ ਆਪਣੀ ਮਰਜ਼ੀ ਨਾਲ ਫੰਡਾਂ ਦੀ ਵਰਤੋਂ ਕਰਨ ਲਈ ਕੀਤਾ ਗਿਆ। ਇਸ ਸਬੰਧੀ ਸੁਪਰੀਮ ਕੋਰਟ ਵਲੋਂ ਸ਼ਾਇਦ ਅਗਲੇ ਕੁਝ ਸਮੇਂ ’ਚ ਸੁਣਵਾਈ ਹੋਵੇ। ਇਸ ਸਬੰਧੀ ਫੈਸਲਾ ਵੀ ਕੇਂਦਰੀ ਹਕੂਮਤ ’ਤੇ ਪ੍ਰਸ਼ਨ ਖੜ੍ਹੇ ਕਰ ਸਕਦਾ ਹੈ। ਪਰ ਇਸ ਸਭ ਦੇ ਬਾਵਜੂਦ ਜਿਸ ਢੰਗ ਨਾਲ ਸਰਕਾਰੀ ਪ੍ਰਚਾਰ ਸਾਧਨ, ਪ੍ਰਾਈਵੇਟ ਮੀਡੀਆ ਨੂੰ ਹਕੂਮਤ ਵਲੋਂ ਆਪਣੇ ਪੱਖ ’ਚ ਵਰਤਿਆ ਜਾ ਰਿਹਾ ਹੈ ਅਤੇ ਸਿਰਫ਼ ਪਿਛਲੇ 10 ਸਾਲਾਂ ’ਚ ਹੀ ਵਿਕਾਸ ਹੋਇਆ, ਉਸਨੂੰ ਆਮ ਲੋਕ ਚੰਗਾ ਨਹੀਂ ਮੰਨ ਰਹੇ।

ਉਪਰੋਂ ਜਾਤ-ਪਾਤ ਨਾਲ ਗੱਠਜੋੜ ਸਿਰਜ ਕੇ ਚੋਣਾਂ ਜਿੱਤੀਆਂ ਜਾ ਰਹੀਆਂ ਹਨ ਅਤੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ‘ਮੋਦੀ ਹੈ ਤਾਂ ਮੁਮਕਿਨ ਹੈ; ਤੇ ਦੇਸ਼ ’ਚ ਉਸ ਤੋਂ ਵੱਡਾ ਕੋਈ ਨੇਤਾ ਨਹੀਂ ਹੈ। ਮੋਦੀ ਨੂੰ ਚਿਹਰਾ ਬਣਾ ਕੇ ਹੀ ਚੋਣਾਂ ਜਿੱਤੀਆਂ ਜਾ ਰਹੀਆਂ ਹਨ। ਭਾਵੇਂ ਇਹ ਜਿੱਤਾਂ ਲੋਕ ਰਾਜ ਨਿਘਾਰ ਦਾ ਕਾਰਨ ਨਹੀਂ ਹਨ, ਪਰ ਚਿੰਤਾ ਇਸ ਗੱਲ ਦੀ ਹੈ ਕਿ ਲੋਕ ਰਾਜ ਸਿਰਫ਼ ਚੋਣਾਂ ਤੱਕ ਸਿਮਟ ਕੇ ਰਹਿ ਗਿਆ ਹੈ ਅਤੇ ਇਸਦੀ ਵਰਤੋਂ ਉਨ੍ਹਾਂ ਨਿਰੰਕੁਸ਼ ਆਗੂਆਂ ਨੂੰ ਸੱਤਾ ’ਤੇ ਬਿਠਾਉਣ ਦੀ ਹੈ ਜੋ ਲੋਕਰਾਜ ਦੀਆਂ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਦੀ ਰੱਤੀ ਭਰ ਵੀ ਪ੍ਰਵਾਹ ਨਹੀਂ ਕਰਦੇ। ਇਥੇ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਭਾਜਪਾ ਤਾਕਤ ਹਥਿਆਉਣ ਲਈ ਸਿਆਸੀ ਵਿਰੋਧੀਆਂ ਅਤੇ ਅਸਹਿਮਤੀ ਰੱਖਣ ਵਾਲਿਆਂ ਖਿਲਾਫ਼ ਨਿਰੰਤਰ ਹਮਲੇ ਕਰ ਰਹੀ ਹੈ ਅਤੇ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਲੋਕਾਂ ਨੂੰ ਬੇਹੂਦਗੀ ਨਾਲ ਸ਼ਿਕਾਰ ਬਣਾਇਆ ਜਾ ਰਿਹਾ ਹੈ, ਜਿਹੜੇ ਹਕੂਮਤ ਵਿਰੁੱਧ ਕੁਝ ਵੀ ਬੋਲਦੇ ਹਨ।

ਅਸਲ ਵਿਚ ਭਾਜਪਾ ਨੂੰ ਲੋਕ ਵਿਰੋਧੀ ਨੀਤੀਆਂ ਕਾਰਨ ਪੈਦਾ ਹੋਏ ਵਿਰੋਧ ਦਾ ਡਰ ਸਤਾ ਰਿਹਾ ਹੈ। ਕਿਸਾਨ ਅੰਦੋਲਨ ਕਰ ਰਹੇ ਹਨ। ਮਜ਼ਦੂਰਾਂ ਦੇ ਕੰਮ ਦੇ ਘੰਟੇ ਵਧਾ ਕੇ ਉਨ੍ਹਾਂ ਨੂੰ ਮੁੜ ਗੁਲਾਮੀ ਵੱਲ ਧੱਕਿਆ ਜਾ ਰਿਹਾ ਹੈ। ਮਹਿੰਗਾਈ ਅੰਤਾਂ ਦੀ ਹੈ। ਨਿੱਜੀਕਰਨ ਦਾ ਦੌਰ ਦੇਸ਼ ’ਚ ਜਾਰੀ ਹੈ। ਦੇਸ਼ ਨੂੰ ਵਿਸ਼ਵ ਕਾਰਪੋਰੇਟਾਂ ਦੀ ਬਸਤੀ ਬਣਾਉਣ ਦਾ ਯਤਨ ਹੈ। ਪਹਿਲੀ ਮਾਰਚ 2024 ਨੂੰ ‘ਦਿ ਹਿੰਦੂ’ ਅਖ਼ਬਾਰ ਦੇ ਆਨ ਲਾਈਨ ਐਡੀਸ਼ਨ ’ਚ ਜਾਗਰਤੀ ਚੰਦਰਾ ਦੀ ਇਕ ਰਿਪੋਰਟ ਛਪੀ ਹੈ, ਜਿਸ ’ਚ ਬਹੁਤ ਸਾਰੀਆਂ ਆਲੋਚਨਾਤਮਕ ਟਿੱਪਣੀਆਂ ਛਪੀਆਂ ਹਨ। ਇਹ ਦੋ ਟਿੱਪਣੀਆਂ ਭਾਰਤ ਦੀ ਮੌਜੂਦਾ ਸਥਿਤੀ ਦਾ ਵਰਣਨ ਹਨ। ਇਕ ਵਿਅਕਤੀ ਦੀ ਟਿੱਪਣੀ ਹੈ, ‘ਭਾਰਤ ਵਿਚ ਅਡਾਨੀ ਤੇ ਅੰਬਾਨੀ ਦੀ ਜ਼ਿੰਦਗੀ ਸਵਰਗ ਵਾਂਗ ਹੈ ਅਤੇ ਸਾਡੇ ਵਰਗਿਆਂ ਲਈ ਇਹ ਨਰਕ ਬਣਿਆ ਹੋਇਆ ਹੈ’, ਦੂਜੀ ਟਿੱਪਣੀ ਹੈ, ‘ਹੁਣ ਅਸੀਂ ਨਵਾਂ ਰੂਸ ਬਣ ਗਏ ਹਾਂ, ਇਥੇ ਉਨ੍ਹਾਂ ਨਾਲੋਂ ਵੀ ਵੱਡੇ ਧੰਨ ਕੁਬੇਰ ਪੈਦਾ ਹੋ ਗਏ ਹਨ’। ਅਸਲ ’ਚ ਦੇਸ਼ ਦੇ ਲੋਕ ਡਰ ਅਤੇ ਮਾਯੂਸੀ ’ਚ ਹਨ ਅਤੇ ਭਾਜਪਾ ਇਸ ਡਰ ਅਤੇ ਮਾਯੂਸੀ ਨੂੰ ਸਮਝਦੀ ਹੈ ਅਤੇ ਹਰ ਹੀਲੇ ਲੋਕਾਂ ਨੂੰ ਭਰਮਾ ਕੇ, ਵਰਗਲਾ ਕੇ ਲੋਕ ਸਭਾ ਚੋਣਾਂ ’ਚ ਆਪਣੇ ਨਾਲ ਖੜ੍ਹੇ ਕਰਨ ਲਈ ਯਤਨਸ਼ੀਲ ਹੈ, ਸਾਮ, ਦਾਮ, ਦੰਡ ਵਰਤ ਕੇ ਵੀ।

ਭਾਜਪਾ ਦਾ ਡਰ ਉਸ ਵੇਲੇ ਹੋਰ ਵੱਡਾ ਹੋ ਰਿਹਾ ਹੈ, ਜਦੋਂ ਉਸਨੂੰ ਇੰਡੀਆ ਗੱਠਜੋੜ, ਵਿਰੋਧੀ ਦਲ ਵਜੋਂ ਇਕੱਠਾ ਹੋ ਕੇ ਟੱਕਰ ਰਿਹਾ ਹੈ, ਭਾਵੇਂ ਕਿ ਇਸ ਗੱਠਜੋੜ ’ਚ ਕਈ ਥਾਈਂ ਤ੍ਰੇੜਾਂ ਹਨ, ਜਾਂ ਗੱਠਜੋੜ ਸੰਤੁਲਿਤ ਨਹੀਂ, ਪਰ ਦੱਖਣੀ ਭਾਰਤ ’ਚ ਭਾਜਪਾ ਨੂੰ ਵੱਡਾ ਚੈਲਿੰਜ ਹੈ, ਜਿੱਥੇ ਭਾਜਪਾ ਜਾਂ ਉਸ ਦੀਆਂ ਗੱਠਜੋੜ ਪਾਰਟੀਆਂ ਪਿਛਲੀਆਂ ਚੋਣਾਂ ਜਾਂ ਵਿਧਾਨ ਸਭਾ ਚੋਣਾਂ ’ਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੀਆਂ। ਉਂਜ ਵੀ ਦੱਖਣੀ ਸੂਬਿਆਂ ਦੇ ਲੋਕ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਬਹੁਤੀ ਤਰਜੀਹ ਨਹੀਂ ਦਿੰਦੇ ਅਤੇ ਇਹ ਮਹਿਸੂਸ ਕਰਦੇ ਹਨ ਕਿ ਦੇਸ਼ ਦੇ ਬਜਟ ’ਚ ਦੱਖਣੀ ਸੂਬਿਆਂ ਨਾਲ ਵਿਤਕਰਾ ਹੁੰਦਾ ਹੈ, ਉਨ੍ਹਾਂ ਨੂੰ ਵਿਕਾਸ ਫੰਡ ਉਨੇ ਨਹੀਂ ਮਿਲਦੇ, ਜਿਨ੍ਹੇ ਉੱਤਰੀ ਸੂਬਿਆਂ ਯੂਪੀ, ਬਿਹਾਰ ਆਦਿ ਨੂੰ ਮਿਲਦੇ ਹਨ ਜਦਕਿ ਟੈਕਸ ਦੇਣ ਲਈ ਉਨ੍ਹਾਂ ਦਾ ਯੋਗਦਾਨ ਵੱਡਾ ਹੈ।

ਭਾਵੇਂ ਭਾਜਪਾ ਜਾਂ ਮੋਦੀ, ਵੋਟਰਾਂ ਨੂੰ ਵਿਕਸਤ ਭਾਰਤ ਦਾ ਸੁਪਨਾ ਵਿਖਾ ਰਹੇ ਹਨ, ਅਤੇ ਯਕੀਨ ਦੁਆ ਰਹੇ ਹਨ ਕਿ ਆਪਣੇ ਤੀਜੇ ਦੌਰ ਵਿਚ ਉਨ੍ਹਾਂ ਦੀ ਗਾਰੰਟੀ ਹੈ ਕਿ ਉਹ ਵਿਕਸਤ ਭਾਰਤ ਬਣਾ ਦੇਣਗੇ। ਪਰ ਆਮ ਵੋਟਰ ਜਾਣਦੇ ਹਨ ਕਿ ਅਮੀਰ ਲੋਕਾਂ ਦਾ ਧਨ ਉਨ੍ਹਾਂ ਤੋਂ ਖੋਹ ਕੇ ਗਰੀਬਾਂ ਨੂੰ ਦੇਣ ਦੀ ਗੱਲ ਝੂਠੀ ਹੈ, ਜਿਵੇਂ ਕਿ ਕਾਲੇ ਧਨ ਨੂੰ ਚਿੱਟਾ ਕਰ ਕੇ ਹਰੇਕ ਭਾਰਤੀ ਦੇ ਖਾਤੇ ਦੋ ਲੱਖ ਪਾਉਣ ਅਤੇ ਹਰ ਵਰ੍ਹੇ ਭਾਰਤੀਆਂ ਲਈ ਦੋ ਕਰੋੜ ਨੌਕਰੀਆਂ ਦੇਣ ਦੀ ਗੱਲ ਝੂਠੀ ਅਤੇ ਚੋਣ ਜੁਮਲਾ ਹੀ ਰਹੀ।

# ਜਿਸਮਾਨੀ ਅਤੇ ਰੂਹਾਨੀ ਇਬਾਦਤ ਦਾ ਨਾਂ ਹੈ ‘ਰੋਜ਼ਾ’

ਅੱਲ੍ਹਾ ਪਾਕ ਨੇ ਆਪਣੇ ਬੰਦਿਆਂ ਦੇ ਜੀਵਨ ਗੁਜ਼ਾਰਨ ਲਈ ਜੋ ਜ਼ਾਬਤੇ ਅਤੇ ਅਸੂਲ ਬਣਾਏ ਨੇ ਯਕੀਨਨ ਉਨ੍ਹਾਂ ਵਿਚ ਸਮੁੱਚੀ ਮਨੁੱਖਤਾ ਲਈ ਭਲਾਈ ਛੁਪੀ ਹੈ। ਇਹੋ ਵਜ੍ਹਾ ਹੈ ਕਿ ਇਨ੍ਹਾਂ ਦੀ ਪੈਰਵੀ ਕਰਨ ’ਤੇ ਹਰ ਪੈਗੰਬਰ, ਨਬੀ ਅਤੇ ਉਨ੍ਹਾਂ ਦੇ ਅਨੁਆਈਆਂ ਨੇ ਜ਼ੋਰ ਦਿੱਤਾ ਹੈ। ਕੁਰਆਨ-ਮਜੀਦ ਵਿਚ ਜੋ ਦਿਸ਼ਾ-ਨਿਰਦੇਸ਼ ਦਰਜ ਹਨ ਉਨ੍ਹਾਂ ਦਾ ਸਹੀ ਢੰਗ ਨਾਲ ਅਧਿਐਨ ਕਰਦਿਆਂ ਜੇਕਰ ਉਨ੍ਹਾਂ ਅਸੂਲਾਂ ’ਤੇ ਚਲਿਆ ਜਾਵੇ ਤਾਂ ਮਨੁੱਖ ਦੀਆਂ ਬਹੁਤ ਸਾਰੀਆਂ ਔਕੜਾਂ ਆਪਣੇ ਆਪ ਆਸਾਨ

**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਅਤੇ ਹਲ ਹੋ ਜਾਣ। ਜਿਨ੍ਹਾਂ ਇਬਾਦਤਾਂ ਨੂੰ ਕੁਰਾਨ ਨੇ ਰੋਜ਼ਾਨਾ ਜੀਵਨ ’ਚ ਕਰਨ ਦੀ ਤਾਕੀਦ ਕੀਤੀ ਹੈ ਜੇਕਰ ਉਨ੍ਹਾਂ ’ਤੇ ਧਿਆਨ ਨਾਲ ਵਿਚਾਰ ਕੀਤਾ ਜਾਵੇ ਤਾਂ ਯਕੀਨਨ ਉਨ੍ਹਾਂ ’ਚ ਮਨੁੱਖਤਾ ਦੀ ਭਲਾਈ ਲਈ ਤੇ ਕੁਰਾਹੇ ਪਏ ਲੋਕਾਂ ਨੂੰ ਸੇਧ ਦੇਣ ਲਈ ਬਹੁਤ ਕੁੱਝ ਮੌਜੂਦ ਹਨ।

ਕੁਰਾਨ ਮਜੀਦ ’ਚ ਅੱਲ੍ਹਾ ਪਾਕ ਫਰਮਾਉਂਦਾ ਹੈ: ‘ਐ ਈਮਾਨ ਵਾਲਿਓ! ਤੁਹਾਡੇ ਉਤੇ ਰੋਜ਼ੇ ਫਰਜ਼ ਕੀਤੇ ਗਏ ਹਨ ਜਿਵੇਂ ਕਿ ਤੁਹਾਡੇ ਤੋਂ ਪਹਿਲੇ ਲੋਕਾਂ ਉਪਰ ਫਰਜ਼ ਕੀਤੇ ਗਏ ਸਨ ਤਾਂ ਕਿ ਤੁਸੀਂ ਪਰਹੇਜ਼ ਗਾਰ (ਬੁਰੇ ਕੰਮਾਂ ਤੋਂ ਬਚਣ ਵਾਲੇ) ਬਣ ਜਾਵੋ।”

ਇਸਲਾਮ ਦੀ ਬੁਨਿਆਦ ਮੂਲ ਰੂਪ ’ਚ ਪੰਜ ਸਿਧਾਂਤਾਂ - ਕਲਮਾ, ਨਮਾਜ਼, ਰੋਜ਼ਾ, ਜ਼ਕਾਤ ਤੇ ਹੱਜ ’ਤੇ ਕਾਇਮ ਹੈ। ਭਾਵ, ਇਸਲਾਮ ਦੇ ਅਨੁਯਾਈ ਦਾ ਈਮਾਨ ਉਦੋਂ ਤੱਕ ਮੁਕੰਮਲ ਨਹੀਂ ਸਮਝਿਆ ਜਾਂਦਾ ਜਦੋਂ ਤੱਕ ਉਹ ਇਨ੍ਹਾਂ ਉਕਤ ਸਿਧਾਂਤਾਂ ਨੂੰ ਜ਼ਿੰਦਗੀ ਵਿਚ ਅਮਲੀ ਰੂਪ ’ਚ ਨਹੀਂ ਅਪਣਾਉਂਦਾ।

ਇਸ ਤੋਂ ਪਹਿਲਾਂ ਕਿ ਅਸੀਂ ਰੋਜ਼ਿਆਂ ਦੇ ਜਿਸਮਾਨੀ ਤੇ ਰੂਹਾਨੀ ਫ਼ਾਇਦਿਆਂ ਦੀ ਗੱਲ ਕਰੀਏ ਆਓ ਪਹਿਲਾਂ ਇਸਲਾਮ ਦੇ ਇਨ੍ਹਾਂ ਪੰਜਾਂ ਸਿਧਾਂਤਾਂ ਬਾਰੇ ਮਾਮੂਲੀ ਜਿਹੀ ਜਾਣਕਾਰੀ ਹਾਸਲ ਕਰੀਏ।

**ਕਲਮਾ:-** ਕਲਮੇ ਦਾ ਅਰਥ ਹੈ ਕਿ ਰੱਬ ਇਕ ਹੈ, ਉਸ ਦਾ ਕੋਈ ਸ਼ਰੀਕ ਨਹੀਂ, ਰੱਬ ਤੋਂ ਇਲਾਵਾ ਕੋਈ ਵੀ ਇਬਾਦਤ ਜਾਂ ਬੰਦਗੀ ਦੇ ਲਾਇਕ ਨਹੀਂ ਤੇ ਹਜ਼ਰਤ ਮੁਹੰਮਦ ਸਾਹਿਬ (ਸ:) ਉਸ ਦੇ ਸੱਚੇ ਪੈਗ਼ੰਬਰ ਅਤੇ ਰਸੂਲ ਹਨ।

**ਨਮਾਜ਼:** ਜਦ ਕੋਈ ਬੰਦਾ ਸੱਚੇ ਦਿਲੋਂ ਕਲਮਾ ਪੜ੍ਹਦਾ ਹੈ, ਭਾਵ ਸਾਰੇ ਜਹਾਨਾਂ ਦਾ ਰੱਬ ਇਕ ਹੋਣ ਦਾ ਇਕਰਾਰ ਕਰਦਾ ਹੈ ਤਾਂ ਉਸ ਉਪਰ ਇਕ ਦਿਨ ’ਚ ਪੰਜ ਨਮਾਜ਼ (ਫ਼ਜਰ, ਜ਼ੁਹਰ, ਅਸਰ, ਮਗ਼ਰਿਬ ਤੇ ਇਸ਼ਾ) ਨਿਸ਼ਚਿਤ ਸਮੇਂ ਦੌਰਾਨ ਪੜ੍ਹਨਾ ਫਰਜ਼ ਹੋ ਜਾਂਦੀਆਂ ਹਨ।

**ਰੋਜ਼ੇ:** ਰਮਜ਼ਾਨ ਮਹੀਨੇ ਦੌਰਾਨ ਰੱਖੇ ਜਾਂਦੇ ਰੋਜ਼ੇ ਇਸਲਾਮ ਦੇ ਪੰਜ ਸਿਧਾਂਤਾਂ ’ਚੋਂ ਇਕ ਹਨ। ਰੋਜ਼ਾ ਜਿਸਮਾਨੀ ਦੇ ਨਾਲ-ਨਾਲ ਰੂਹਾਨੀ ਇਬਾਦਤ ਵੀ ਹੈ। ਕੁਰਆਨ ਮਜੀਦ ’ਚ ਅੱਲ੍ਹਾ ਪਾਕ ਫਰਮਾਉਂਦੇ ਹਨ, ‘ਐ ਈਮਾਨ ਵਾਲਿਓ! ਤੁਹਾਡੇ ਉਪਰ ਉਸੇ ਤਰ੍ਹਾਂ ਰੋਜ਼ੇ ਫ਼ਰਜ਼ ਕੀਤੇ ਗਏ ਹਨ ਜਿਵੇਂ ਤੁਹਾਡੇ ਤੋਂ ਪਹਿਲੇ ਲੋਕਾਂ ਉਪਰ ਫ਼ਰਜ਼ ਕੀਤੇ ਗਏ ਸਨ ਤਾਂ ਕਿ ਤੁਸੀਂ ਪਰਹੇਜ਼ਗਾਰ (ਬੁਰਾਈਆਂ ਤੋਂ ਬਚਣ ਵਾਲੇ) ਬਣੋ।’ ਇਕ ਹੋਰ ਥਾਂ ਅੱਲ੍ਹਾ ਪਾਕ ਫਰਮਾਉਂਦੇ ਹਨ ਕਿ ‘ਰੋਜ਼ਾ ਮੇਰੇ ਲਈ ਹੈ ਤੇ ਮੈਂ ਇਸ ਦੀ ਜਜ਼ਾ (ਇਨਾਮ) ਵੀ ਖ਼ੁਦ ਹੀ ਦੇਵਾਂਗਾ’। ਹਜ਼ਰਤ ਮੁਹੰਮਦ ਸਾਹਿਬ ਫਰਮਾਉਂਦੇ ਹਨ ਕਿ ‘ਰੋਜ਼ਾ ਨਰਕ ਦੀ ਅੱਗ ਤੋਂ ਢਾਲ ਹੈ।’

**ਜ਼ਕਾਤ:** ਜ਼ਕਾਤ ਉਨ੍ਹਾਂ ਮਾਲਦਾਰਾਂ ਜਾਂ ਧਨਵਾਨ ਲੋਕਾਂ ’ਤੇ ਫਰਜ਼ ਹੈ, ਜਿਨ੍ਹਾਂ ਕੋਲ ਸਾਢੇ ਸੱਤ ਤੋਲੇ ਸੋਨਾ ਜਾਂ ਬਵੰਜਾ ਤੋਲੇ ਚਾਂਦੀ ਜਾਂ ਇਸ ਦੀ ਕੀਮਤ ਦੇ ਬਰਾਬਰ ਨਕਦੀ ਹੋਵੇ ਜਾਂ ਚਾਂਦੀ ਅਤੇ ਸੋਨੇ ਦੋਵਾਂ ਦੀ ਸਮੁੱਚੀ ਮਾਲੀਅਤ ਸਾਢੇ ਬਵੰਜਾ ਤੋਲੇ ਚਾਂਦੀ ਦੇ ਬਰਾਬਰ ਹੋਵੇ ਜਾਂ ਇਸ ਤੋਂ ਵਧੇਰੇ ਚਾਂਦੀ ਜਾਂ ਨਕਦੀ ਆਦਿ ਮੌਜੂਦ ਹੋਵੇ ਤਾਂ ਇਸ ਸੂਰਤ ’ਚ ਜ਼ਕਾਤ ਅਦਾ ਕਰਨਾ ਉਸ ਮੁਸਲਮਾਨ ਲਈ ਫਰਜ਼ ਜਾਂ ਵਾਜਿਬ ਹੋ ਜਾਂਦਾ ਹੈ, ਭਾਵ ਅਜਿਹੇ ਰੱਜੇ-ਪੁੱਜੇ ਸਾਹਿਬ ਏ ਦੌਲਤ ਵਿਅਕਤੀ ਲਈ ਜ਼ਰੂਰੀ ਹੈ ਕਿ ਉਹ ਸਾਲ ਗੁਜ਼ਰਨ ਉਪਰੰਤ ਆਪਣੀ ਇਸ ਰਕਮ ’ਚੋਂ ਢਾਈ ਫ਼ੀਸਦੀ ਦੇ ਹਿਸਾਬ ਨਾਲ ਬਣਦੀ ਜ਼ਕਾਤ ਗਰੀਬਾਂ ’ਚ ਵੰਡੇ। ਇਹ ਵੀ ਲਾਜ਼ਮੀ ਹੈ ਕਿ ਜਦ ਕਿਸੇ ਗਰੀਬ ਲੋੜਵੰਦ ਨੂੰ ਜ਼ਕਾਤ ਦਿੱਤੀ ਜਾਵੇ ਤਾਂ ਇਸ ਦਾ ਵਿਖਾਵਾ ਨਾ ਕੀਤਾ ਜਾਵੇ। ਭਾਵ ਜੇਕਰ ਸੱਜੇ ਹੱਥ ਨਾਲ ਦਿੰਦਾ ਹੈ ਤਾਂ ਖੱਬੇ ਹੱਥ ਨੂੰ ਵੀ ਪਤਾ ਨਾ ਲੱਗਣ ਦਿੱਤਾ ਜਾਵੇ।

**ਹੱਜ:**-ਇਸੇ ਪ੍ਰਕਾਰ ਹਰ ਸਾਹਿਬ-ਏ-ਦੌਲਤ ਮੁਸਲਮਾਨ ’ਤੇ, ਭਾਵ ਹੱਜ ਦੇ ਸਫ਼ਰ ਦਾ ਖ਼ਰਚਾ ਚੁੱਕਣ ਵਾਲੇ ਉਪਰ ਪੂਰੀ ਉਮਰ ਵਿਚ ਇਕ ਵਾਰ ‘ਹੱਜ’ ਕਰਨਾ ਵੀ ਵਾਜਬ ਤੇ ਲਾਜ਼ਮੀ ਹੈ।

ਆਓ ਹੁਣ ਆਪਾਂ ਰੋਜ਼ਾ ਦੇ ਸੰਦਰਭ ਵਿਚ ਕੁੱਝ ਮੁੱਖ ਜਾਣਕਾਰੀਆਂ ਸਾਂਝੀਆਂ ਕਰਦੇ ਹਾਂ ਰੋਜ਼ਾ ਸੂਰਜ ਨਿਕਲਣ ਤੋਂ ਕੋਈ ਸਵਾ-ਡੇਢ ਘੰਟਾ ਪਹਿਲਾਂ ਰੱਖਿਆ ਜਾਂਦਾ ਹੈ। ਪਹੁ-ਫੁੱਟਣ ਤੋਂ ਪਹਿਲਾਂ-ਪਹਿਲਾਂ ਇਕ ਰੋਜ਼ੇਦਾਰ ਨੂੰ ਆਪਣੀ ਜ਼ਰੂਰਤ ਅਨੁਸਾਰ ਖਾ-ਪੀ ਲੈਣਾ ਚਾਹੀਦਾ ਹੈ। ਸਰਘੀ ਵੇਲੇ ਦੇ ਇਸ ਖਾਣੇ ਨੂੰ ‘ਸਿਹਰੀ’ ਆਖਦੇ ਹਨ। ਸਿਹਰੀ ਕਰਨਾ ਸੁੰਨਤ ਹੈ (ਸੁੰਨਤ ਉਸ ਕੰਮ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਹਜ਼ਰਤ ਮੁਹੰਮਦ ਸੱਲੱਲਾ ਹੋ ਅਲੈਹਵ ਸੱਲਮ ਨੇ ਆਪਣੇ ਜੀਵਨ ’ਚ ਕੀਤਾ ਹੋਵੇ)। ਸਿਹਰੀ ਦਾ ਖਾਣਾ ਬਹੁਤ ਸਾਰੀਆਂ ਬਰਕਤਾਂ ਨਾਲ ਭਰਪੂਰ ਹੁੰਦਾ ਹੈ। ਸਿਹਰੀ ਕਰਨ ਉਪਰੰਤ ਇੱਕ ਰੋਜ਼ੇਦਾਰ ਪੂਰਾ ਦਿਨ ਨਾ ਹੀ ਕੁਝ ਖਾਂਦਾ ਹੈ ਅਤੇ ਨਾ ਹੀ ਪੀਂਦਾ ਹੈ।

ਜਦੋਂਕਿ ਸੂਰਜ ਛਿਪਣ ਨਾਲ ਰੋਜ਼ਾ ਅਫ਼ਤਾਰ ਕੀਤਾ ਜਾਂਦਾ ਹੈ ਭਾਵ ਰੋਜ਼ਾ ਖੋਲ੍ਹਿਆ ਜਾਂਦਾ ਹੈ। ਰੋਜ਼ੇ ਨੂੰ ਖਜੂਰ ਨਾਲ ਖੋਲ੍ਹਣਾ ਸੁੰਨਤ ਤੇ ਅਫਜ਼ਲ ਸਮਝਿਆ ਜਾਂਦਾ ਹੈ। ਖਜੂਰ ਕਾਰਬੋਹਾਈਡਰੇਟਸ ਨਾਲ ਭਰਪੂਰ ਗਿਜ਼ਾ ਹੈ। ਇਹ ਖਾਲੀ ਪੇਟ ਨੂੰ ਦੂਜੇ ਖਾਣੇ ਹਜ਼ਮ ਕਰਨ ਤੇ ਮਿਹਦੇ ਨੂੰ ਤਾਕਤ ਬਖ਼ਸ਼ਣ ਦੇ ਨਾਲ-ਨਾਲ ਭੋਜਨ ਕਰਨ ਦੇ ਯੋਗ ਬਣਾਉਂਦੀ ਹੈ।

ਰੋਜ਼ਿਆਂ ਦੌਰਾਨ ਪੰਜ ਫਰਜ਼ ਨਮਾਜ਼ਾਂ ਤੋਂ ਇਲਾਵਾ ਇਸ਼ਾ ਦੀ ਨਮਾਜ਼ ਤੋਂ ਬਾਅਦ ਵਿਸ਼ੇਸ਼ ਤੌਰ ’ਤੇ ਮਸਜਿਦ ਵਿਚ ਤਰਾਵੀਹ ਦੀ ਨਮਾਜ਼ ਅਦਾ ਕਰਨ ਦਾ ਅਹਿਤਮਾਮ ਕੀਤਾ ਜਾਂਦਾ ਹੈ (ਪਰ ਵਿਸ਼ੇਸ਼ ਕਿਸਮ ਦੇ ਹਾਲਾਤ ਜਿਵੇਂ ਕਿ ਕਿਸੇ ਮਹਾਮਾਰੀ ਦੇ ਚਲਦਿਆਂ ਇਸ ਇਬਾਦਤ ਦਾ ਅਹਿਤਮਾਮ ਰੋਜ਼ੇਦਾਰ ਆਪਣੇ ਘਰਾਂ ਵਿਚ ਵੀ ਕਰ ਸਕਦੇ ਹਨ)। ਇਥੇ ਜ਼ਿਕਰਯੋਗ ਹੈ ਕਿ ਤਰਾਵੀਹ ਦੀ ਨਮਾਜ਼ ਦੌਰਾਨ ਮੁਸਲਿਮ ਪੂਰਾ ਕੁਰਾਨ ਸੁਣਦੇ ਹਨ ਪਰ ਜੇਕਰ ਕੋਈ ਹਾਫਿਜ਼ (ਜਿਸ ਦੇ ਕੁਰਾਨ ਜ਼ੁਬਾਨੀ ਯਾਦ ਹੋਵੇ) ਨਾ ਹੋਵੇ ਤਾਂ ਤਰਾਵੀਹ ਦੀ ਨਮਾਜ਼ ਸੂਰਤਾਂ ਨਾਲ ਵੀ ਕਰਵਾਈ ਜਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਰੋਜ਼ਾ ਕੇਵਲ ਪੂਰਾ ਦਿਨ ਭੁੱਖੇ ਪਿਆਸੇ ਰਹਿਣ ਦਾ ਨਾਂ ਨਹੀਂ ਹੈ। ਸਗੋਂ ਰੋਜ਼ੇ ਦੌਰਾਨ ਸਾਡੇ ਸਰੀਰ, ਦਿਲ-ਓ-ਦਿਮਾਗ਼ ਅਤੇ ਇਖ਼ਲਾਕ ’ਚੋਂ ਰੋਜ਼ੇ ਦੀ ਝਲਕ ਪ੍ਰਤੱਖ ਵਿਖਾਈ ਦੇਣੀ ਚਾਹੀਦੀ ਹੈ। ਰੋਜ਼ੇ ਦੌਰਾਨ ਜਿੱਥੇ ਖਾਣ-ਪੀਣ ਦੀ ਮਨਾਹੀ ਹੈ, ਉੱਥੇ ਆਪਣੀ ਦੇਹ ਨੂੰ ਵੀ ਪਵਿੱਤਰ ਰੱਖਣਾ ਹੁੰਦਾ ਹੈ। ਅੱਖਾਂ ਦਾ ਵੀ ਰੋਜ਼ਾ ਹੁੰਦਾ ਹੈ ਤੇ ਅਸੀਂ ਕੋਈ ਮੰਦੀ ਚੀਜ਼ ਨਾ ਵੇਖੀਏ। ਕੰਨਾਂ ਦਾ ਰੋਜ਼ਾ ਇਹ ਹੈ ਕਿਸੇ ਦੀ ਚੁਗਲੀ-ਨਿੰਦਿਆ ਨਹੀਂ ਸੁਣਨੀ ਤੇ ਨਾ ਹੀ ਕਿਸੇ ਨੂੰ ਕੁਰਾਹੇ ਪਾਉਣ ਵਾਲੀਆਂ ਆਵਾਜ਼ਾਂ ਸੁਣਨੀਆਂ ਹਨ। ਇਸੇ ਪ੍ਰਕਾਰ ਜ਼ਬਾਨ ਦਾ ਰੋਜ਼ਾ ਇਹ ਹੈ ਕਿ ਕਿਸੇ ਨਾਲ ਮੰਦਾ ਨਾ ਬੋਲਿਆ ਜਾਵੇ, ਜ਼ਬਾਨ ਤੋਂ ਉਸ ਅੱਲ੍ਹਾ ਪਾਕ ਦੀ ਸਿਫ਼ਤ ਹੀ ਨਿਕਲੇ ਜਿਸ ਨੇ ਇਸ ਸਾਰੀ ਸ੍ਰਿਸ਼ਟੀ ਨੂੰ ਬਹੁਤ ਸਲੀਕੇ ਨਾਲ ਸਾਜਿਆ ਹੈ। ਇਸੇ ਤਰ੍ਹਾਂ ਹੱਥਾਂ ਤੇ ਪੈਰਾਂ ਦਾ ਵੀ ਰੋਜ਼ਾ ਹੈ ਕਿ ਇਨ੍ਹਾਂ ਹੱਥਾਂ ਨਾਲ ਅਸੀਂ ਕੋਈ ਮਾੜਾ ਕਾਰਜ ਨਹੀਂ ਕਰਨਾ ਅਤੇ ਪੈਰਾਂ ਨਾਲ ਕਿਸੇ ਮਾੜੀ ਥਾਂ ਚੱਲ ਕੇ ਨਹੀਂ ਜਾਣਾ, ਜਿੱਥੇ ਕਿ ਪਾਪ ਹੁੰਦੇ ਹੋਣ। ਕਿਸੇ ਨਾਲ ਬੇਈਮਾਨੀ ਜਾਂ ਠੱਗੀ ਨਹੀਂ ਮਾਰਨੀ। ਕਿਸੇ ਨਾਲ ਲੜਨਾ ਨਹੀਂ, ਜੇ ਕੋਈ ਲੜੇ ਤਾਂ ਉਸ ਨੂੰ ਇਹੋ ਕਹਿਣਾ ਹੈ ਕਿ ਮੈਂ ਤਾਂ ਰੋਜ਼ੇ ਨਾਲ ਹਾਂ।

ਰੋਜ਼ੇ ਦੇ ਜਿਸਮਾਨੀ ਫ਼ਾਇਦੇ: ਰੋਜ਼ੇ ਰੱਖਣ ਦੇ ਜਿੱਥੇ ਬਹੁਤ ਸਾਰੇ ਰੂਹਾਨੀ ਫ਼ਾਇਦੇ ਹਨ ਉੱਥੇ ਹੀ ਇਨ੍ਹਾਂ ਤੋਂ ਇਕ ਮੁਸਲਮਾਨ ਨੂੰ ਸੱਚੇ-ਸੁੱਚੇ ਰਹਿਣ, ਨੇਕ ਕੰਮ ਕਰਨ ਤੇ ਬੁਰੇ ਕੰਮਾਂ ਤੋਂ ਬਚਣ ਦੀ ਪ੍ਰੇਰਣਾ ਮਿਲਦੀ ਹੈ। ਇਸ ਦੇ ਨਾਲ-ਨਾਲ ਰੋਜ਼ਿਆਂ ਦੇ ਬਹੁਤ ਸਾਰੇ ਜਿਸਮਾਨੀ ਫ਼ਾਇਦੇ ਵੀ ਹਨ। ਅਸੀਂ ਜਾਣਦੇ ਹਾਂ ਕਿ ਸਾਡਾ ਸਰੀਰ ਇਕ ਮਸ਼ੀਨ ਵਾਂਗ ਹੈ। ਜਿਵੇਂ ਮਸ਼ੀਨਾਂ ਅਕਸਰ ਲਗਾਤਾਰ ਕੰਮ ਕਰਦਿਆਂ ਗਰਮ ਹੋ ਜਾਂਦੀਆਂ ਹਨ ਤਾਂ ਅਸੀਂ ਮਸ਼ੀਨਾਂ ਨੂੰ ਕੁਝ ਸਮੇਂ ਲਈ ਰੋਕ ਦਿੰਦੇ ਹਾਂ ਤਾਂ ਕਿ ਉਹ ਮੁੜ ਵਧੀਆ ਢੰਗ ਨਾਲ ਕੰਮ ਕਰਨ ਦੇ ਸਮਰੱਥ ਹੋ ਸਕਣ। ਮਸ਼ੀਨ ਵਾਂਗ ਸਾਡਾ ਸਰੀਰ ਵੀ ਬਾਰਾਂ ਮਹੀਨੇ ਚੌਵੀ ਘੰਟੇ ਨਿਰੰਤਰ ਕੰਮ ਕਰਦਾ ਰਹਿੰਦਾ ਹੈ, ਜਿਸ ਕਾਰਨ ਇਸ ਵਿਚ ਕਈ ਤਰ੍ਹਾਂ ਦੇ ਵਿਕਾਰ ਪੈਦਾ ਹੋਣ ਜਾਂ ਸਿਹਤ ਦੇ ਖ਼ਰਾਬ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਜਦੋਂ ਅਸੀਂ ਰਮਜ਼ਾਨ ਦੇ ਮਹੀਨੇ ਵਿਚ ਰੋਜ਼ੇ ਰੱਖਦੇ ਹਾਂ ਤਾਂ ਸਾਡੇ ਮਿਹਦੇ ਸਮੇਤ ਜਿਸਮ ਦੇ ਸਮੁੱਚੇ ਅੰਗਾਂ ਨੂੰ ਬਹੁਤ ਸਾਰਾ ਆਰਾਮ ਮਿਲਦਾ ਹੈ। ਜਿਸ ਦੇ ਫਲਸਰੂਪ ਸਾਡੇ ਸਰੀਰ ਦੇ ਵੱਖ-ਵੱਖ ਅੰਗ ਸਕੂਨ ਤੇ ਤਰੋ-ਤਾਜ਼ਗੀ ਮਹਿਸੂਸ ਕਰਦੇ ਹਨ।

ਰੋਜ਼ਾ ਰੱਖਣ ਨਾਲ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਕਾਫ਼ੀ ਹੱਦ ਤੱਕ ਰਾਹਤ ਮਿਲਦੀ ਹੈ। ਕਿਉਂਕਿ ਰੋਜ਼ੇ ਦੌਰਾਨ ਖ਼ੂਨ ਦਾ ਵਹਾਅ ਅਤੇ ਰਫ਼ਤਾਰ ਮੁਨਾਸਿਬ ਹੋ ਜਾਂਦੀ ਹੈ। ਰੋਜ਼ਾ ਰੱਖਣ ਨਾਲ ਹੱਡੀਆਂ ਦੇ ਗੁੱਦੇ ਵਿਚ ਸਰੀਰ ਦੀ ਲੋੜ ਅਨੁਸਾਰ ਖ਼ੂਨ ਦੇ ਨਵੇਂ ਖ਼ਲੀਏ ਬਣਦੇ ਹਨ। ਰੋਜ਼ੇ ਵਧਦੇ ਹੋਏ ਵਜ਼ਨ ਨੂੰ ਵੀ ਸਹੀ ਕਰਨ ਵਿਚ ਲਾਭਦਾਇਕ ਹਨ। ਰੋਜ਼ਾ ਬਲੱਡ ਪ੍ਰੈਸ਼ਰ ਦੇ ਨਾਲ-ਨਾਲ ਵਧੇਰੇ ਕੋਲੈਸਟ੍ਰੋਲ ਤੋਂ ਪੀੜਤ ਮਰੀਜ਼ਾਂ ਨੂੰ ਵੀ ਰਾਹਤ ਦਿੰਦਾ ਹੈ।

ਕੁੱਲ ਮਿਲਾ ਕੇ ਰੋਜ਼ਾ ਇਕ ਅਜਿਹਾ ਅਭਿਆਸ ਹੈ, ਜੋ ਮਨੁੱਖ ਨੂੰ ਸਬਰ, ਸੰਤੋਖ, ਸੁਹਿਰਦਤਾ, ਦਿਆਲਤਾ, ਸਹਿਜਤਾ, ਸੰਜਮਤਾ ਅਤੇ ਨੇਕੀ ਆਦਿ ਵਡਮੁੱਲੇ ਗੁਣਾਂ ਦਾ ਧਾਰਨੀ ਬਣਾਉਂਦਾ ਹੈ। ਯਕੀਨਨ ਰੋਜ਼ਾ ਇਕ ਅਜਿਹੀ ਇਬਾਦਤ, ਅਰਾਧਨਾ ਜਾਂ ਭਗਤੀ ਹੈ, ਜੋ ਮਨੁੱਖ ਨੂੰ ਹਕੀਕੀ ਅਰਥਾਂ ਵਿਚ ਇਨਸਾਨੀਅਤ ਦਾ ਦਰਸ ਦਿੰਦਿਆਂ ਉਸ ਨੂੰ ਰੱਬ ਦੇ ਨੇੜੇ ਲੈ ਜਾਂਦੀ ਹੈ।

# ਖੇਤੀ ਲਾਗਤਾਂ, ਸਮਰਥਨ ਮੁੱਲ ਤੇ ਸਵਾਮੀਨਾਥਨ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਕਿਸਾਨੀ ਦਾ ਮਸਲਾ ਕਿਸੇ ਤਣ ਪੱਤਣ ਨਹੀਂ ਲੱਗ ਰਿਹਾ। ਵਰਤਮਾਨ ਸਰਕਾਰ ਵਲੋਂ ਕਾਰਪੋਰੇਟ ਸੰਸਥਾਵਾਂ ਨੂੰ ਦਿੱਤੀ ਹੱਲਾਸ਼ੇਰੀ ਨੇ ਇਸਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਖਰੀਦਣ ਵਾਲਿਆਂ ਦੀ ਬਦਨੀਤੀ ਤੇ ਦਖਲ ਅੰਦਾਜ਼ੀ ਘੱਟੋ-ਘੱਟ ਸਮਰਥਨ ਮੁੱਲ ਨੂੰ ਗਾਰੰਟੀਸ਼ੁਦਾ ਬਣ ਕੇ ਰਾਹ ਵਿਚ ਅੜਿੱਕਾ ਬਣੀ ਬੈਠੀ ਹੈ।

ਕਿਸਾਨਾਂ ਸਿਰ ਕਰਜ਼ਾ ਤੇਜ਼ੀ ਨਾਲ ਵਧ ਰਿਹਾ ਹੈ ਜਿਹੜਾ ਸਤੰਬਰ 2016 ਤੱਕ 1260 ਲੱਖ ਕਰੋੜ ਰੁਪਏ ਹੋ ਚੁੱਕਾ ਸੀ। 1996 ਤੋਂ 2013 ਤੱਕ ਤਿੰਨ ਲੱਖ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਸਨ। ਦੁਨੀਆ ਦੇ ਹਜ਼ਾਰਾਂ ਸਾਲਾਂ ਦੇ ਖੇਤੀਬਾੜੀ ਦੇ ਇਤਿਹਾਸ ਵਿਚ ਮਹਾਮਾਰੀਆਂ ਜਾਂ ਕਾਲਾਂ ਨਾਲ ਕਿਸਾਨ ਮਰਦੇ ਤਾਂ ਸੁਣੇ ਸਨ ਪਰ ਇੰਨੀ ਵੱਡੀ ਪੱਧਰ 'ਤੇ ਖੁਦਕੁਸ਼ੀਆਂ ਨਾਲ ਮਰਦੇ ਨਹੀਂ।

ਕੇਂਦਰ ਦੀ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ ਨਿਸ਼ਚਿਤ ਕਰਨ ਲਈ ਖੇਤੀਬਾੜੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਵੀ ਬਣਾਇਆ ਹੋਇਆ ਹੈ ਪਰ ਇਸਦੀ ਵੀ ਪੇਸ਼ ਨਹੀਂ ਜਾਂਦੀ। ਸ਼ੁਰੂ ਸ਼ੁਰੂ ਵਿਚ ਇਸਨੂੰ ਕਾਨੂੰਨੀ ਰੂਪ ਦੇਣ ਵਾਸਤੇ ਵੱਡੇ ਪੱਧਰ 'ਤੇ ਰਾਜਨੀਤਕ ਸਮਰਥਨ ਮਿਲਿਆ ਸੀ, ਪ੍ਰੰਤੂ ਮਗਰੋਂ ਦੀਆਂ ਸਰਕਾਰਾਂ ਇਸ ਨੂੰ ਇਹ ਰੂਪ ਦੇਣ 'ਚ ਨਾਕਾਮਯਾਬ ਰਹੀਆਂ ਹਨ ਅਤੇ ਇਸੇ ਕਾਰਨ ਖੇਤੀਬਾੜੀ ਖੇਤਰ ਅੱਜ ਵੀ ਸ਼ਸ਼ੋਪੰਜ ਵਾਲੇ ਹਾਲਾਤ 'ਚੋਂ ਗੁਜ਼ਰ ਰਿਹਾ ਹੈ। ਨਿਸ਼ਚੇ ਹੀ ਹੁਣ ਦਹਾਕਿਆਂ ਪੁਰਾਣੀ ਐੱਮ.ਐਸ.ਪੀ. ਦੀ ਨੀਤੀ ਨੂੰ ਕਮਜ਼ੋਰ ਕਰਨ ਵਾਲੇ ਕਾਰਨਾਂ ਨੂੰ ਦੂਰ ਕਰਨ, ਇਸ ਦੇ ਕਾਨੂੰਨ ਦੀਆਂ ਜਟਿਲਤਾਵਾਂ ਨੂੰ ਹਟਾਉਣ ਅਤੇ ਦੇਸ਼ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਲੋੜ ਹੈ, ਵਿਚ ਆ ਰਹੀ ਰੁਕਾਵਟ ਨੂੰ ਸਮਝਣਾ ਜ਼ਰੂਰੀ ਹੈ। ਉਹ ਇਹ ਹੈ ਕਿ ਘੱਟੋ-ਘੱਟ ਸਮਰਥਨ ਮੁੱਲ 23 ਫਸਲਾਂ ਦਾ ਅਜਿਹਾ ਮੁੱਲ ਹੈ ਜਿਹੜਾ ਪ੍ਰਸ਼ਾਸਨ ਦੀ ਸਲਾਹ ਨਾਲ ਤੈਅ ਕੀਤਾ ਜਾਂਦਾ ਹੈ। ਇਹ ਕੰਮ ਖੇਤੀ ਲਾਗਤਾਂ ਤੇ ਮੁੱਲ ਕਮਿਸ਼ਨ ਨੇ ਕਰਨਾ ਹੁੰਦਾ ਹੈ ਜਿਹੜਾ ਹਰ ਸਾਲ ਬਦਲਦਾ ਰਹਿੰਦਾ ਹੈ। ਹੁੰਦਾ ਇਹ ਹੈ ਕਿ ਬਾਜ਼ਾਰ ਵਿਚ ਅਨਾਜ ਦੀਆਂ ਕੀਮਤਾਂ ਥੱਲੇ ਡਿੱਗਦੇ ਸਾਰ ਘੱਟੋ ਘੱਟ ਸਮਰਥਨ ਮੁੱਲ ਥੱਲੇ ਚਲਾ ਜਾਂਦਾ ਹੈ। ਨੀਤੀ ਆਯੋਗ ਦੇ ਤਾਜ਼ਾ ਅੰਕੜੇ ਦੱਸਦੇ ਹਨ ਕਿ ਇਸਦਾ ਲਾਭ ਕੇਵਲ 6 ਪ੍ਰਤੀਸ਼ਤ ਕਿਸਾਨਾਂ ਨੂੰ ਹੀ ਮਿਲਦਾ ਹੈ। ਸਰਕਾਰ ਖੇਤੀ ਉਪਜ ਦਾ ਕੇਵਲ 11 ਪ੍ਰਤੀਸ਼ਤ ਕਿਸਾਨਾ ਤੋਂ ਖਰੀਦਣ ਦੇ ਯੋਗ ਹੁੰਦੀ ਹੈ। ਨਤੀਜੇ ਵਜੋਂ 90 ਫ਼ੀਸਦੀ ਤੋਂ ਜ਼ਿਆਦਾ ਫ਼ਸਲਾਂ ਤੈਅਸ਼ੁਦਾ ਐੱਮ.ਐੱਸ.ਪੀ. ਤੋਂ 20 ਤੋਂ 30 ਫ਼ੀਸਦੀ ਘੱਟ ਕੀਮਤਾਂ 'ਤੇ ਵੇਚੀਆਂ ਜਾਂਦੀਆਂ ਹਨ। ਕਿਸਾਨਾਂ ਨੂੰ ਇਕ ਏਕੜ ਖੇਤ ਦੀ ਪੈਦਾਵਾਰ 'ਤੇ ਕਰੀਬ 20 ਹਜ਼ਾਰ ਰੁਪਏ ਦਾ ਨੁਕਸਾਨ ਹੁੰਦਾ ਹੈ, ਜਿਸ ਦੀ ਸਾਲਾਨਾ ਗਿਣਤੀ-ਮਿਣਤੀ ਕਰੀਏ ਤਾਂ ਇਹ ਨੁਕਸਾਨ ਕਰੀਬ 10 ਲੱਖ ਕਰੋੜ ਦਾ ਹੋ ਜਾਂਦਾ ਹੈ।



ਭਾਰਤੀ ਅੰਤਰਰਾਸ਼ਟਰੀ ਆਰਥਿਕ ਸੰਬੰਧ ਖੋਜ ਕੌਂਸਲ (ਸੀ.ਆਰ.ਆਈ.ਈ.) ਅਤੇ ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ ਵਲੋਂ ਕੀਤੇ ਗਏ ਇਕ ਅਧਿਐਨ ਤੋਂ ਵੀ ਇਹੀ ਪਤਾ ਲੱਗਿਆ ਹੈ ਕਿ ਬੇਅਸਰ ਨੀਤੀਆਂ ਕਾਰਨ ਭਾਰਤੀ ਕਿਸਾਨਾਂ ਨੂੰ ਸੰਨ 2000 ਤੋਂ ਲਗਾਤਾਰ ਨੁਕਸਾਨ ਹੋ ਰਿਹਾ ਹੈ। ਚੇਤੇ ਰਹੇ ਕਿ 2017-18 ਵਿਚ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੇ ਐਲਾਨ ਅਨੁਸਾਰ ਨਰਮੇ ਦਾ ਲਾਗਤ ਖ਼ਰਚਾ 43% ਰੁਪਏ ਪ੍ਰਤੀ ਕੁਇੰਟਲ, ਰਾਗੀ ਦਾ 2001 ਰੁਪਏ ਅਤੇ ਜਵਾਰ ਦਾ 2000 ਰੁਪਏ ਪ੍ਰਤੀ ਕੁਇੰਟਲ ਗਿਣਿਆ ਸੀ। ਇਸ ਦੇ ਬਾਵਜੂਦ ਨਰਮੇ ਦਾ ਘੱਟੋ-ਘੱਟ ਸਮਰਥਨ ਮੁੱਲ 4020 ਰੁਪਏ, ਰਾਗੀ ਦਾ 1900 ਰੁਪਏ ਅਤੇ ਜਵਾਰ ਦਾ 1700 ਰੁਪਏ ਪ੍ਰਤੀ ਕੁਇੰਟਲ ਐਲਾਨ ਕੀਤਾ ਗਿਆ। ਇਉਂ ਕਿਸਾਨਾਂ ਦੀ ਫ਼ਸਲ ਘੱਟੋ-ਘੱਟ ਸਮਰਥਨ ਮੁੱਲ ਉੱਪਰ ਵਿਕਣ ਉੱਤੇ ਵੀ ਨਰਮੇ 'ਤੇ 306 ਰੁਪਏ, ਰਾਗੀ 'ਤੇ 451 ਰੁਪਏ ਅਤੇ ਜਵਾਰ 'ਤੇ 300 ਰੁਪਏ ਕੁਇੰਟਲ ਦਾ ਘਾਟਾ ਪਿਆ। ਇਹ ਵਰਤਾਰਾ 2017-18 ਤੱਕ ਹੀ ਸੀਮਤ ਨਹੀਂ। ਡਾ. ਐੱਮ.ਐੱਸ. ਸਵਾਮੀਨਾਥਨ ਨੇ ਫ਼ਸਲਾਂ ਦੇ ਲਾਗਤ ਖਰਚੇ 'ਤੇ 50 ਪ੍ਰਤੀਸ਼ਤ ਮੁਨਾਫ਼ੇ ਦੀ ਸਿਫ਼ਾਰਸ਼ ਕੀਤੀ ਸੀ। ਯੂਪੀਏ ਸਰਕਾਰ ਨੇ ਖ਼ੁਦ ਸਵਾਮੀਨਾਥਨ ਕਮਿਸ਼ਨ ਬਣਾ ਕੇ ਇਸ ਦੀਆਂ ਸਿਫ਼ਾਰਸ਼ਾਂ ਲਾਗੂ ਨਹੀਂ ਕੀਤੀਆਂ। ਉਦੋਂ ਸਵਾਮੀਨਾਥਨ ਨੇ ਖੇਤੀ ਵਸਤਾਂ ਦੀਆਂ ਜ਼ਿਆਦਾ ਕੀਮਤਾਂ ਮਿਲਣ ਦੀਆਂ ਸਿਫਾਰਸ਼ਾਂ ਬਾਰੇ ਪੁੱਛਣ 'ਤੇ ਕਿਹਾ ਸੀ, ਮੈਂ ਕੇਵਲ 50% ਦੀ ਹੀ ਸਿਫਾਰਿਸ਼ ਕੀਤੀ ਹੈ ਪਰ ਦਵਾਈ ਕੰਪਨੀਆਂ 500% ਤੋਂ ਵੱਧ ਮੁਨਾਫ਼ੇ ਲੈਂਦੀਆਂ ਹਨ। ਕੋਈ ਵੀ ਕਾਰੋਬਾਰ 50% ਮੁਨਾਫ਼ੇ ਤੋਂ ਘੱਟ 'ਤੇ ਚੱਲ ਨਹੀਂ ਸਕਦਾ। ਇਸ ਲਈ ਸਾਰਾ ਕਸ਼ਟ ਕਿਸਾਨ ਕਿਉਂ ਝੱਲਣ।'

ਕਿਸਾਨ ਪਰਿਵਾਰਾਂ ਨੂੰ ਮਹਿੰਗਾਈ ਦੇ ਦੌਰ ਅੰਦਰ ਭੋਜਨ, ਕੱਪੜੇ, ਘਰ, ਘਰਾਂ, ਦੀ ਮੁਰੰਮਤ, ਖੇਤੀ ਧੰਦਾ ਵਿਕਸਤ ਕਰਨ ਤੇ ਸਮਾਜਿਕ ਜ਼ਿੰਦਗੀ ਜਿਉਣ ਲਈ ਫ਼ਸਲਾਂ ਦੀ ਲਾਭਕਾਰੀ ਕੀਮਤ ਚਾਹੀਦੀ ਹੈ। ਇਨ੍ਹਾਂ ਸਾਰੇ ਖ਼ਰਚਿਆਂ ਲਈ ਕਿਸਾਨਾਂ ਲਈ 50% ਆਮਦਨ ਵਿਚ ਵਾਧਾ ਵਾਜਿਬ ਹੈ ਪਰ ਬਦਲ ਬਦਲ ਕੇ ਬਣ ਰਹੀਆਂ ਸਰਕਾਰਾਂ ਕਾਰਪੋਰੇਟ ਪੱਖੀ ਨੀਤੀਆਂ 'ਤੇ ਚੱਲ ਰਹੀਆਂ ਹਨ। ਇਨ੍ਹਾਂ ਨੀਤੀਆਂ 'ਤੇ ਚੱਲ ਕੇ ਇਹ ਮੁਲਕ ਦੇ ਕਾਰਪੋਰੇਟ ਪੱਖੀ ਨੀਤੀਆਂ ਅਪਣਾ ਰਹੀਆਂ ਹਨ। ਇਹ ਨੀਤੀਆਂ ਕਿਸਾਨਾਂ ਦੇ ਉਲਟ ਭੁਗਤ ਰਹੀਆਂ ਹਨ।

ਹਾਲਾਂਕਿ ਸਰਕਾਰ ਨੇ ਕਿਸਾਨਾਂ ਸਾਹਮਣੇ ਕਪਾਹ, ਮੱਕੀ, ਤੂਰ, ਮਾਂਹ ਅਤੇ ਮਸਰੀ ਦੀਆਂ ਫ਼ਸਲਾਂ ਪੰਜ ਸਾਲ ਲਈ ਉਨ੍ਹਾਂ ਤੋਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਣ ਦਾ ਪ੍ਰਸਤਾਵ ਪੇਸ਼ ਕੀਤਾ ਹੈ ਪਰ ਉਸ ਦੀ ਮਾਤਰਾ ਤੈਅ ਨਹੀਂ ਕੀਤੀ ਗਈ। ਖ਼ਾਸ ਗੱਲ ਇਹ ਵੀ ਹੈ ਕਿ ਇਹ ਸਾਰੀਆਂ ਫ਼ਸਲਾਂ ਪੰਜਾਬ ਅਤੇ ਹਰਿਆਣਾ ਦੇ ਸੂਬਿਆਂ ਤੋਂ ਬਾਹਰ ਪੈਦਾ ਹੁੰਦੀਆਂ ਹਨ। ਫੇਰ ਵੀ ਇਨ੍ਹਾਂ ਦੀ ਐੱਮ.ਐੱਸ.ਪੀ. ਲਈ ਪੰਜਾਬ ਤੇ ਹਰਿਆਣਾ ਦੇ ਕਿਸਾਨ ਹੀ ਘਰੋਂ ਬਾਹਰ ਨਿਕਲ ਕੇ ਸੜਕਾਂ 'ਤੇ ਬੈਠੇ ਹੋਏ ਹਨ। ਏਸ ਲਈ ਕਿ ਵੱਖ-ਵੱਖ ਕਿਸਮਾਂ ਦੀਆਂ ਫ਼ਸਲਾਂ 'ਤੇ ਐੱਮ.ਐੱਸ.ਪੀ. ਨੂੰ ਕਾਨੂੰਨੀ ਰੂਪ ਦੇਣ ਨਾਲ ਕੀਮਤਾਂ ਦੀ ਸਥਿਰਤਾ ਦਾ ਲਾਭ ਕਿਸੇ ਖ਼ਾਸ ਕਿਸਾਨ ਤਬਕੇ ਤੱਕ ਹੀ ਸੀਮਿਤ ਨਹੀਂ ਰਹੇਗਾ।

ਵਿਧਾਨਕਾਰ, ਕਿਸਾਨਾਂ ਦੀਆਂ ਗਲਤਫਹਿਮੀਆਂ ਅਤੇ ਚਿੰਤਾਵਾਂ ਨੂੰ ਦੂਰ ਕਰ ਕੇ ਉਨ੍ਹਾਂ ਲਈ ਜ਼ਿਆਦਾ ਸੁਰੱਖਿਅਤ ਅਤੇ ਖੁਸ਼ਹਾਲੀ ਵਾਲੇ ਭਵਿੱਖ ਦਾ ਰਾਹ ਪੱਧਰਾ ਕਰ ਸਕਦੇ ਹਨ। ਬੇਅਸਰ ਐੱਮ.ਐੱਸ.ਪੀ. ਨੀਤੀ ਨੂੰ ਕਾਨੂੰਨੀ ਗਰੰਟੀ ਦੇਣ ਨਾਲ ਖੇਤੀ ਖੇਤਰ ਨੂੰ ਦਰਪੇਸ਼ ਚੁਣੌਤੀਆਂ ਦਾ ਵੱਡੇ ਪੱਧਰ 'ਤੇ ਹੱਲ ਲੱਭੇਗਾ ਅਤੇ ਇਸ ਨਾਲ ਨਾ ਸਿਰਫ਼ ਕਿਸਾਨਾਂ ਦੀਆਂ ਉਲਝਣਾਂ ਨੂੰ ਦੂਰ ਕੀਤਾ ਜਾ ਸਕੇਗਾ, ਬਲਕਿ ਇਹ ਫ਼ਸਲੀ ਵਿਭਿੰਨਤਾ ਦੇ ਨਾਲ-ਨਾਲ ਵਿੱਤੀ ਲਚੀਲੇਪਣ ਨੂੰ ਵੀ ਉਤਸ਼ਾਹਿਤ ਕਰ ਸਕਦਾ ਹੈ ਅਤੇ ਇਸ ਨਾਲ ਉਨ੍ਹਾਂ ਕਿਸਾਨਾਂ ਦੀ ਭਲਾਈ ਹੋ ਸਕੇਗੀ, ਜੋ ਪੇਂਡੂ ਆਰਥਿਕਤਾ ਦੀ ਖੁਸ਼ਹਾਲੀ 'ਚ ਆਪਣਾ ਅਹਿਮ ਹਿੱਸਾ ਪਾਉਂਦੇ ਹਨ।

2023 ਦੇ ਕਿਸਾਨ ਅੰਦੋਲਨ ਨੇ ਮੁਲਕ ਅੰਦਰ ਕਿਸਾਨਾਂ ਨੂੰ ਜਾਗ ਲਾ ਦਿੱਤੀ ਹੈ। ਦਿੱਲੀ ਕਿਸਾਨ ਅੰਦੋਲਨ ਸਾਰੇ ਭਾਰਤ ਦੇ ਕਿਸਾਨਾਂ ਲਈ ਆਪਣੀਆਂ ਮੰਗਾਂ ਮੰਨਵਾਉਣ ਲਈ ਮਾਡਲ ਬਣ ਚੁੱਕਿਆ ਹੈ। ਕਿਸਾਨਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਇਸੇ ਪੈਟਰਨ 'ਤੇ ਇਕੱਠੇ ਹੋਣਾ ਪਵੇਗਾ। ਇਸੇ ਅੰਦੋਲਨ ਤੋਂ ਮਾਰਗ ਦਰਸ਼ਨ ਲੈ ਕੇ ਕਿਸਾਨ ਫਿਰ ਅੰਦੋਲਨ ਕਰਨ ਲਈ ਨਿਤਰੇ ਹਨ।

### ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ 68 ਸਾਲ

3 ਮਾਰਚ ਨੂੰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀਆਂ ਚੋਣਾਂ ਨੇ ਦੂਰ ਦੁਰੇਡੀਆਂ ਥਾਵਾਂ ਤੋਂ ਪਹੁੰਚੇ ਕਵੀਆਂ, ਕਹਾਣੀਕਾਰਾਂ, ਤੇ ਬੁੱਧੀਜੀਵੀਆਂ ਦਾ ਮੇਲ ਹੀ ਨਹੀਂ ਕਰਾਇਆ ਇਸਨੂੰ ਸਥਾਪਤ ਕਰਨ ਵਾਲੀਆਂ ਸਿਰਮੌਰ ਹਸਤੀਆਂ ਵੀ ਚੇਤੇ ਕਰਾ ਦਿੱਤੀਆਂ। ਡਾ. ਭਾਈ ਜੋਧ ਸਿੰਘ, ਡਾ. ਮਹਿੰਦਰ ਸਿੰਘ ਰੰਧਾਵਾ, ਪ੍ਰੋ. ਮੋਹਨ ਸਿੰਘ ਤੇ ਗਿਆਨੀ ਲਾਲ ਸਿੰਘ, ਡਾ. ਦਲੀਪ ਕੌਰ ਟਿਵਾਣਾ ਆਦਿ। ਸੱਤ ਦਹਾਕੇ ਦੀ ਉਮਰ ਭੋਗਣ ਵਾਲੀ ਇਹ ਸੰਸਥਾ ਨੌਂ ਬਰ ਨੌਂ ਹੈ ਤੇ ਇਸ ਦੇ ਸ਼ੁਭ ਚਿੰਤਕਾਂ ਵਿਚ ਲੁਧਿਆਣਾ ਨਿਵਾਸੀ ਡਾ. ਸਰਦਾਰਾ ਸਿੰਘ ਜੌਹਲ ਹੀ ਨਹੀਂ ਸੱਤ ਸਮੁੰਦਰ ਪਾਰ ਦੇ ਸੁਰਿੰਦਰ ਸਿੰਘ ਸੁੰਨੜਾ ਅਤੇ ਅਨੇਕਾਂ ਸਿਰਕੱਢ ਪ੍ਰਕਾਸ਼ਕ ਵੀ ਸ਼ਾਮਲ ਹਨ। ਗੁਰਦਾਸਪੁਰ, ਅੰਮ੍ਰਿਤਸਰ, ਦਿੱਲੀ, ਸਿਰਸਾ ਤੇ ਅਲੀਗੜ੍ਹ ਤੱਕ ਦੇ ਸਹਿ ਕਰਮੀ ਹੁੰਮ ਹੁਮਾ ਕੇ ਪਹੁੰਚੇ ਹੋਏ ਸਨ। ਇਸਦੀ ਵਾਗਡੋਰ ਦਾ ਡਾ. ਸਰਬਜੀਤ ਸਿੰਘ ਵਰਗੇ ਉੱਦਮੀ ਜੀਉੜਿਆਂ ਦੇ ਹੱਥ ਚਲੇ ਜਾਣਾ ਲੋੜੀਂਦੇ ਬਦਲਾਓ ਤੇ ਉੱਜਲ ਭਵਿੱਖ ਦਾ ਵੀ ਲਖਾਇਕ ਹੈ।

**ਅੰਤਿਕਾ**

—ਸਰਸਾ ਨਿਵਾਸੀ ਕਰਨੈਲ ਸਿੰਘ ਅਸਪਾਲ ਦੀ ਪੈਂਤੀ ਅੱਖਰੀ 'ਚੋਂ—

ਘੱਗਾ ਘੋਗਿਆਂ ਪਿੱਛੇ। ਫਿਰਦੈਂ ਛੱਡ ਕੇ ਮੋਤੀ ਸੁੱਚੇ
ਇਹ ਮਾਂ ਬੋਲੀ ਪੜ੍ਹ ਕੇ ਐਸ ਕਵੀ ਜੋ ਬਣੇ ਪਹੁੰਚੇ
ਹਾਸ਼ਮ, ਪੀਲੂ, ਬਾਹੂ, ਬੁਲ੍ਹੇ ਅਖਰਾਂ ਹਾਰ ਪਰੋਏ
ਵਾਰਿਸ ਅਤੇ ਹੁਸੈਨ ਜੋ ਹੈਦਰ ਫਰੀਦ ਜੀ ਸਭ ਤੋਂ ਉੱਚੇ।

# ਓਸ਼ੋ ਗਿਆਨ

ਸਾਰੀ ਉਮਰ ਮੈਨੂੰ ਅਦਾਲਤਾਂ ਵਿਚੋਂ ਸੰਮਨ ਮਿਲਦੇ ਰਹੇ। ਅਕਸਰ ਕੋਈ ਸ਼ਿਕਾਇਤ ਕਰ ਦਿੰਦਾ ਕਿ ਮੈਂ ਕੁੱਝ ਅਜਿਹਾ ਕਿਹਾ ਹੈ, ਜਿਸ ਨਾਲ ਉਸਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਬੜੇ ਮਜ਼ੇ ਦੀ ਗੱਲ ਹੈ, ਤੁਹਾਡਾ ਧਾਰਮਿਕ ਭਾਵ ਇੰਨਾ ਲੱਚਰ ਤੇ ਇੰਨਾ ਕਮਜ਼ੋਰ ਹੈ ਕਿ ਕੋਈ ਦੋ ਸ਼ਬਦ ਵਿਰੋਧ ਵਿਚ ਕਹਿ ਦੇਵੇ, ਉਸਨੂੰ ਠੇਸ ਵੱਜ ਜਾਂਦੀ ਹੈ। ਇਨ੍ਹਾਂ ਭਾਵਨਾਵਾਂ ਨੂੰ ਕੂੜੇਦਾਨ 'ਚ ਸੁੱਟੋ। ਧਰਮ ਨੂੰ ਤਾਂ ਸਗੋਂ ਮਜ਼ਬੂਤ ਹੋਣਾ ਚਾਹੀਦਾ ਹੈ। ਇਹ ਕਿਹੋ ਜਿਹੀਆਂ ਸੜੀਆਂ-ਗਲੀਆਂ ਭਾਵਨਾਵਾਂ ਨੂੰ ਇਕੱਠਾ ਕਰ ਰੱਖਿਆ ਹੈ ਤੁਸੀਂ! ਮੈਂ ਤਾਂ ਕਦੇ ਨਹੀਂ ਕਿਹਾ ਕਿ ਕਿਸੇ ਨੇ ਮੇਰੀਆਂ ਭਾਵਨਾਵਾਂ ਭੜਕਾ ਦਿੱਤੀਆਂ। ਚਾਹੇ ਤੁਸੀਂ ਕਿੰਨਾ ਵੀ ਖੇਹ-ਸੁਆਹ ਬੋਲੀ ਜਾਵੋ ਮੇਰੇ ਬਾਰੇ। ਮੈਂ ਤਾਂ ਪੂਰੀ ਦੁਨੀਆ ਘੁੰਮ ਕੇ ਲੱਭ ਚੁੱਕਾ ਹਾਂ ਇਹੋ ਜਿਹਾ ਬੰਦਾ, ਜੋ ਮੇਰੀਆਂ ਭਾਵਨਾਵਾਂ ਭੜਕਾ ਦਵੇ ਪਰ ਨਹੀਂ ਮਿਲਿਆ। ਧਰਮ ਮੇਰਾ ਅਨੁਭਵ ਹੈ। ਤੁਸੀਂ ਉਸਨੂੰ ਠੇਸ ਪਹੁੰਚਾ ਵੀ ਕਿਵੇਂ ਸਕੋਗੇ! ਉਸਨੂੰ ਭੜਕਾ ਵੀ ਕਿਵੇਂ ਸਕਦੇ ਹੋ!

ਅਸਲ ਵਿਚ ਤੁਹਾਡੇ ਧਾਰਮਿਕ ਭਾਵ ਤੁਹਾਡੇ ਹੈ ਹੀ ਨਹੀਂ। ਉਧਾਰੇ ਲਏ ਹੋਏ ਨੇ। ਕਿਸੇ ਨੇ ਗੁਰੂ ਤੋਂ ਨਾਮਦਾਨ ਲੈ ਲਿਆ, ਹੁਣ ਢੋਈ ਜਾਂਦਾ ਹੈ ਉਸਨੂੰ। ਕਿਸੇ ਨੇ ਕਿਸੇ ਗ੍ਰੰਥ ਵਿਚ ਕੁੱਝ ਪੜ੍ਹ ਲਿਆ, ਹੁਣ ਜਪੀ ਜਾਂਦਾ ਹੈ ਉਸਨੂੰ। ਕੀ ਤੁਸੀਂ ਆਪਣੀ ਹਿੱਕ 'ਤੇ ਹੱਥ ਰੱਖ ਕੇ ਕਹਿ ਸਕਦੇ ਹੋ ਕਿ ਧਰਮ ਦੀ ਜੋ ਰੱਟਣ ਤੁਸੀਂ ਲਾਈ ਹੈ, ਉਸਦਾ ਭੋਰਾ ਜਿਹਾ ਵੀ ਅਨੁਭਵ ਹੈ ਤੁਹਾਨੂੰ? ਧਰਮ ਦੇ ਨਾਂ 'ਤੇ ਜੋ ਊਟ-ਪਟਾਂਗ ਤੁਸੀਂ ਸਿੱਖਿਆ ਹੈ, ਜੇ ਕਦੇ ਉਸਨੂੰ ਛੱਡ ਕੇ ਸੱਚੇ ਦਿਲੋਂ ਸੋਚੋਗੇ ਤਾਂ ਜਾਣੋਗੇ ਕਿ ਧਰਮ ਦਾ ਤੁਹਾਨੂੰ ਰੱਤੀ ਭਰ ਵੀ ਪਤਾ ਨਹੀਂ। ਜੇ ਕਿਸੇ ਧਰਮ ਬਾਰੇ, ਕਿਸੇ ਚਿੰਤਨ ਦੇ ਵਿਰੋਧ 'ਚ ਬੋਲਣਾ ਗਲਤ ਹੈ ਤਾਂ ਕ੍ਰਿਸ਼ਨ ਵੀ ਅਪਰਾਧੀ ਹੈ। ਬੁੱਧ ਪਾਪੀ ਹੈ। ਨਾਨਕ ਨੂੰ ਵੀ ਲਿਆਓ ਕਟਹਿਰੇ ਵਿਚ ਫੇਰ। ਫੇਰ ਤਾਂ ਜੀਸਸ ਨੂੰ ਸੂਲੀ ਵੀ ਸਹੀ ਦਿੱਤੀ ਗਈ ਸੀ। ਮਤਲਬ , ਫੇਰ ਤਾਂ ਸੰਸਾਰ ਦੇ ਸਾਰੇ ਵਿਚਾਰਕ ਅਪਰਾਧੀ ਨੇ। ਕਿਉਂਕਿ ਉਨ੍ਹਾਂ ਨੇ ਖੰਡਣ ਕੀਤਾ ਤੁਹਾਡੀਆਂ ਭਾਵਨਾਵਾਂ ਦਾ।

ਜੇ ਅੱਜ-ਕਲ ਕਬੀਰ, ਬੁੱਧ, ਕ੍ਰਿਸ਼ਨ ਤੇ



ਨਾਨਕ ਪੈਦਾ ਨਹੀਂ ਹੁੰਦੇ ਤਾਂ ਇਸ ਲਈ ਤੁਹਾਡਾ ਅਖੌਤੀ ਲੋਕਤੰਤਰ ਵੀ ਜ਼ਿੰਮੇਵਾਰ ਹੈ। ਅਜੀਬ ਗੱਲ ਹੈ। ਲੋਕਤੰਤਰ 'ਚ ਤਾਂ ਪਿੰਡ-ਪਿੰਡ ਗਲੀ-ਗਲੀ ਕਬੀਰ ਹੋਣਾ ਚਾਹੀਦਾ ਸੀ। ਘਰ-ਘਰ ਨਾਨਕ ਹੋਣਾ ਚਾਹੀਦਾ ਸੀ। ਹਰੇਕ ਗਲੀ-ਮੁਹੱਲੇ ਮਨਸੂਰ ਦਾ ਜਨਮ ਹੋਣਾ ਚਾਹੀਦਾ ਸੀ। ਕਿਉਂਕਿ ਲੋਕਤੰਤਰ ਦਾ ਆਧਾਰ ਹੈ: ਵਿਚਾਰ ਦੀ ਆਜ਼ਾਦੀ। ਜਦ ਲੋਕਤੰਤਰ ਨਹੀਂ ਸੀ , ਇੰਨੀ ਆਜ਼ਾਦੀ ਨਹੀਂ ਸੀ ਤਾਂ ਵਿਚਾਰਾਂ ਨੇ ਬੜੀ ਉਡਾਨ ਭਰੀ। ਵੱਡੇ ਵਿਚਾਰਕ ਹੋਏ। ਤੇ ਹੁਣ ! ਹੁਣ ਤਾਂ ਵਿਚਾਰ ਕਰਨਾ ਪਾਪ ਹੈ। ਜੇ ਕਰੋਗੇ, ਤੁਹਾਡੇ ਖੰਭ ਕੁਤਰ ਦਿੱਤੇ ਜਾਣਗੇ। ਕਿਉਂਕਿ ਜੋ ਲੋਕ ਥੱਲੇ ਧਸੇ ਨੇ, ਉਨ੍ਹਾਂ ਨੂੰ ਹੋਰਾਂ ਦਾ ਉਡਣਾ ਪਸੰਦ ਨਹੀਂ। ਅਸਲ ਵਿਚ ਤਾਂ ਉਨ੍ਹਾਂ ਨੂੰ ਇਸ ਗੱਲੋਂ ਠੇਸ ਵੱਜਦੀ ਹੈ।

# "ਕੁਝ ਜ਼ਿਆਦਾ ਹੀ ਬੇਸਿਰ ਮਾਡਰਨ ਸੋਚ ਵਾਲਿਆਂ ਲਈ"

## ਸੱਚੀ ਕਹਾਣੀ

(ਸਈਅਦ ਜਾਫਰੀ ਮਸ਼ਹੂਰ ਫਿਲਮੀ ਕਲਾਕਾਰ ਹੋਇਆ ਹੈ। ਉਸਦੀ ਡਾਇਰੀ ਦਾ ਇਹ ਪੰਨਾ ਤੁਹਾਡੀ ਜ਼ਿੰਦਗੀ ਬਦਲ ਦੇਵੇਗਾ। )

ਮੇਰਾ ਜਦੋਂ ਵਿਆਹ ਮੇਹਰੂਨੀਆ ਨਾਲ ਵਿਆਹ ਹੋਇਆ ਉਦੋਂ ਉਹ 17 ਤੇ ਮੈਂ 19 ਸਾਲ ਦਾ ਸੀ। ਬਚਪਨ ਤੋਂ ਹੀ ਮੈਨੂੰ ਅੰਗਰੇਜ਼ੀ ਸੱਭਿਆਚਾਰ ਨੇ ਬਹੁਤ ਪ੍ਰਭਾਵਿਤ ਕੀਤਾ ਸੀ। ਇਸ ਲਈ ਉਦੋਂ ਤੋਂ ਹੀ ਮੈਂ ਅੰਗਰੇਜ਼ੀ ਭਾਸ਼ਾ ,ਅੰਗਰੇਜ਼ੀ ਤੌਰ ਤਰੀਕੇ ਰਹਿਣ ਸਹਿਣ ਦੇ ਢੰਗ ਸਿੱਖ ਲਏ ਸੀ। ਦੂਜੇ ਪਾਸੇ ਮੇਰੀ ਪਤਨੀ ਮੇਹਰੂਨੀਆ ਮੇਰੇ ਬਿਲਕੁਲ ਉਲਟ ਇੱਕ ਘਰੇਲੂ ਔਰਤ ਸੀ। ਮੇਰੀਆਂ ਸਾਰੀਆਂ ਸਲਾਹਾਂ ਸਾਰੇ ਸਿਖਾਉਣ ਦੇ ਤਰੀਕੇ ਉਸਦੇ ਮੂਲ ਵਿਵਹਾਰ ਨਾ ਬਦਲ ਸਕੇ। ਭਾਂਵੇ ਉਹ ਇੱਕ ਆਗਿਆਕਾਰੀ ਘਰਵਾਲੀ ਸੀ ਇੱਕ ਚੰਗੀ ਮਾਂ ਸੀ , ਤੇ ਇੱਕ ਵਧੀਆ ਖਾਣਾ ਪਕਾਉਣ ਵਾਲੀ ਸੀ। ਪਰ ਉਹ ਉਹ ਨਹੀਂ ਸੀ ਜੋ ਮੈਂ ਚਾਹੁੰਦਾ ਸੀ।

ਮੈਂ ਜਿੰਨਾ ਉਸਨੂੰ ਆਪਣੇ ਤੌਰ ਤਰੀਕਿਆਂ ਨਾਲ ਬਦਲਣ ਦੀ ਕੋਸ਼ਿਸ਼ ਕਰਦਾ ਉਹ ਹੋਰ ਵੀ ਅੰਦਰੋਂ ਅੰਦਰੀ ਘੁੱਟੀ ਜਾਣ ਲੱਗੀ ਤੇ ਇੱਕ ਹਾਸ ਰਾਸ ਨਾਲ ਭਰਪੂਰ ਤੇ ਪਿਆਰ ਕਰਨ ਵਾਲੀ ਕੁੜੀ ਤੋਂ ਚੁਪਚਾਪ ਰਹਿਣ ਵਾਲੀ ਔਰਤ ਚ ਬਦਲ ਗਈ।

ਉਨੀ ਦਿਨੀ ਮੈਂ ਆਪਣੀ ਇੱਕ ਸਾਥੀ ਫ਼ਿਲਮੀ ਕਲਾਕਾਰ ਕੁੜੀ ਵੱਲ ਆਕਰਸ਼ਿਤ ਹੋ ਗਿਆ ਜੋ ਮੇਰੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ।

ਅਖੀਰ ਦਸ ਸਾਲਾਂ ਦੇ ਸਾਥ ਮਗਰੋਂ ਮੈਂ ਮੇਹਰੂਨੀਆ ਨੂੰ ਤਲਾਕ ਦੇ ਕੇ ਆਪਣਾ ਘਰ ਛੱਡਕੇ ਸਾਥੀ ਫ਼ਿਲਮੀ ਕਲਾਕਾਰ ਨਾਲ ਵਿਆਹ ਕਰਵਾ ਲਿਆ। ਜਾਣ ਤੋਂ ਪਹਿਲਾ ਮੈਂ ਇਹ ਨਿਸ਼ਚਿਤ ਕੀਤਾ ਕਿ ਮੇਹਰੂਨੀਆ ਜਾਂ ਮੇਰੇ ਬੱਚਿਆਂ ਨੂੰ ਪੈਸੇ ਵੱਲੋਂ ਕਦੇ ਕੋਈ ਤੰਗੀ ਨਾ ਰਹੇ। ਮੁੜਕੇ ਮੈਂ ਕਦੇ ਉਸਦੀ ਖ਼ਬਰ ਨਾ ਲਈ।

ਪਰ 6-7 ਮਹੀਨਿਆਂ ਮਗਰੋਂ ਹੀ ਮੈਨੂੰ ਅਹਿਸਾਸ ਹੋਇਆ ਕਿ ਮੇਰੀ ਨਵੀਂ ਪਤਨੀ ਨੂੰ ਮੇਰੀ ਬਿਲਕੁਲ ਪ੍ਰਵਾਹ ਨਹੀਂ ਉਸਨੂੰ ਹਮੇਸ਼ਾ ਫ਼ਿਕਰ ਸੀ ਆਪਣੀ ਸੁੰਦਰਤਾ ਦੀ ਆਪਣੀ ਦਿੱਖ ਦੀ ਆਪਣੇ ਕੈਰੀਅਰ ਤੇ ਰੁਤਬੇ ਦੀ। ਉਦੋਂ ਮੈਨੂੰ ਮੇਹਰੂਨੀਆ ਦੇ ਪਿਆਰ ਸਨੇਹ ਤੇ ਲਗਾਵ ਦੀ ਕਮੀ ਮਹਿਸੂਸ ਹੋਈ। ਪਰ ਮੈਂ ਮੁੜਨ ਦਾ ਯਤਨ ਨਾ ਕੀਤਾ।

ਜ਼ਿੰਦਗੀ ਲੰਘਦੀ ਗਈ ਮੈਂ ਤੇ ਮੇਰੀ ਪਤਨੀ ਇੱਕੋ ਘਰ ਵਿੱਚ ਦੋ ਅਜਨਬੀ ਲੋਕਾਂ ਵਾਂਗ ਰਹਿ ਰਹੇ ਸੀ। 6-7 ਸਾਲ ਇੱਕ ਆਰਟੀਕਲ ਵਿੱਚ






ਮੈਂ ਇੱਕ ਮਧੁਰ ਜਾਫਰੀ ਬਾਰੇ ਪੜਿਆ ਜੋ ਇੱਕ ਬੜੀ ਛੇਤੀ ਮਸ਼ਹੂਰ ਹੋਈ ਸ਼ੈਫ਼ ( ਖਾਣਾ ਬਣਾਉਣ ਵਾਲੀ ਪ੍ਰੋਫੈਸ਼ਨਲ) ਸੀ ਜਿਸਨੇ ਹੁਣੇ ਹੁਣੇ ਨਵੇਂ ਖਾਣਿਆਂ ਦੀ ਆਪਣੀਆਂ ਰੈਸੀਪੀਆਂ ਦੀ ਕਿਤਾਬ ਲਾਂਚ ਕੀਤੀ ਸੀ। ਜਿਵੇਂ ਹੀ ਮੈਂ ਫੋਟੋ ਵੇਖੀ ਮੈਂ ਹੈਰਾਨ ਰਹਿ ਗਿਆ। ਇਹ ਤਾਂ ਮੇਹਰੂਨੀਆ ਸੀ। ਪਰ ਇਹ ਕਿਵੇਂ ਹੋ ਸਕਦਾ ਸੀ ?

ਉਸਨੇ ਨਵਾਂ ਵਿਆਹ ਕਰਵਾ ਲਿਆ ਸੀ ਤੇ ਆਪਣਾ ਨਾਮ ਵੀ ਬਦਲ ਲਿਆ ਸੀ। ਉਦੋਂ ਮੈਂ ਫਲਾਈਟ ਰਾਹੀਂ ਕਿਤੇ ਜਾਣ ਵਾਲਾ ਸੀ। ਉਦੋਂ ਉਹ ਅਮਰੀਕਾ ਰਹਿੰਦੀ ਸੀ। ਮੈਂ ਆਪਣੀ ਉਸ ਫਲਾਈਟ ਨੂੰ ਛੱਡਕੇ ਮੈਂ ਤੁਰੰਤ ਇੱਕ ਟਿਕਟ ਅਮਰੀਕਾ ਦੀ ਖਰੀਦੀ ਤੇ "ਝੱਟ ਪਹੁੰਚ ਗਿਆ। ਉਸਦਾ ਪਤਾ ਟਿਕਾਣਾ ਫੋਨ ਵਗੈਰਾ ਲੱਭ ਕੇ ਮੈਂ ਉਸਨੂੰ ਮਿਲਣ ਲਈ ਪੁੱਛਿਆ। ਉਸਨੇ ਤੁਰੰਤ ਸਾਫ ਨਾ ਕਰ ਦਿੱਤੀ ਪਰ ਮੇਰੇ ਬੱਚਿਆਂ ਜੋ ਉਦੋਂ 14 ਤੇ 12 ਸਾਲ ਦੇ ਸੀ ਨੇ ਉਸਨੂੰ ਮਨਾ ਲਿਆ ਜੋ ਘੱਟੋ ਘੱਟ ਇੱਕ ਵਾਰ ਮਿਲਣਾ ਚਾਹੁੰਦੇ ਸੀ ਜਿਹਨਾਂ ਦੀ ਪਿਛਲੇ 7 ਸਾਲਾਂ ਚ ਮੈਂ ਸ਼ਕਲ ਵੀ ਨਹੀਂ ਸੀ ਵੇਖੀ। ਉਸਦਾ ਪਤੀ ਉਸਦੇ ਨਾਲ ਸੀ ਜੋ ਕਿ ਹੁਣ ਮੇਰੇ ਬੱਚਿਆਂ ਦਾ ਵੀ ਪਿਤਾ ਸੀ। ਬੱਚਿਆਂ ਨੇ ਜੋ ਜੋ ਮੈਨੂੰ ਦੱਸਿਆ ਉਹ ਮੈਂ ਅੱਜ ਤੱਕ ਨਹੀਂ ਭੁੱਲ ਸਕਿਆ।

ਬੱਚਿਆਂ ਨੇ ਦੱਸਿਆ ਕਿ ਉਸਦੇ ਨਵੇਂ ਪਤੀ ਨੇ ਮੇਹਰੂਨੀਆ ਦੇ ਸੱਚੇ ਪਿਆਰ ਨੂੰ ਸਮਝਿਆ ਉਸਨੂੰ ਉਵੇਂ ਸਵੀਕਾਰ ਕੀਤਾ ਜਿਵੇਂ ਉਹ ਸੀ। ਖੁਦ ਨੂੰ ਉਸ ਉੱਤੇ ਥੋਪਿਆ ਨਹੀਂ। ਸਗੋਂ ਉਸਨੂੰ ਜਿਵੇਂ ਸੀ ਉਵੇਂ ਹੀ ਖੁਦ ਨੂੰ ਉੱਚਾ ਚੁੱਕਣ ਦਾ ਮੌਕਾ ਦਿੱਤਾ। ਉਸਦੇ ਆਤਮ ਵਿਸ਼ਵਾਸ ਨੂੰ ਵਧਾਇਆ ਤੇ ਇਸ ਤਰਾਂ ਉਹ ਔਰਤ ਇੱਕ ਆਤਮ ਨਿਰਭਰ ਔਰਤ ਚ ਬਦਲ ਗਈ। ਜਿਸਨੂੰ ਅੱਜ ਪੂਰੀ ਦੁਨੀਆਂ ਜਾਣਦੀ ਹੈ। ਇਹ ਸਭ ਉਸਦੇ ਪਤੀ ਦੇ ਪਿਆਰ ਤੇ ਉਸਨੂੰ ਜਿਵੇਂ ਹੈ ਉਵੇਂ ਸਵੀਕਾਰਨ ਕਰਕੇ ਹੀ ਸੰਭਵ ਹੋਇਆ ਹੈ।

-ਗੁਰਚਰਨ






ਅਨੁਸ਼ਕਾ ਅਗਰਵਾਲ ਅਤੇ (ਸੱਜੇ) ਫਿਲਮ 'ਪਲੀਟਸ' ਦਾ ਪੋਸਟਰ।

# ਅਮਰੀਕਾ ਵਿਚ ਅਨੁਸ਼ਕਾ ਅਗਰਵਾਲ ਦੀਆਂ ਧੁੰਮਾਂ

**ਕੁਦਰਤ ਕੌਰ**

ਮੁੰਬਈ ਦੀ ਜੰਮੀ-ਪਲੀ ਅਤੇ ਅੱਜ ਕੱਲ੍ਹ ਨਿਊ ਯਾਰਕ ਵਿਚ ਰਹਿੰਦੀ ਅਨੂਸ਼ਕਾ ਅਗਰਵਾਲ ਆਪਣੀ ਲਘੂ ਫਿਲਮ 'ਪਲੀਟਸ' ਨਾਲ ਚਰਚਾ ਵਿਚ ਹੈ। ਇਸ ਲਘੂ ਫਿਲਮ ਨਾਲ ਅਨੂਸ਼ਕਾ ਅਗਰਵਾਲ ਨੇ ਫਿਲਮ ਸੰਸਾਰ ਅੰਦਰ ਭਰਵੀਂ ਹਾਜ਼ਰੀ ਲੁਆਈ ਹੈ।

ਫਿਲਮ 'ਪਲੀਟਸ' ਦੀ ਕਹਾਣੀ 70 ਸਾਲਾ ਸੁਆਣੀ ਗਾਇਤਰੀ ਦੁਆਲੇ ਘੁੰਮਦੀ ਹੈ ਜੋ ਆਪਣੀ ਮੁਹੱਬਤ ਦਾ ਇਜ਼ਹਾਰ ਕਰਦੀ ਹੈ। ਇਕ ਅਜਿਹੇ ਮੋੜ 'ਤੇ ਆਣ ਕੇ ਜਦੋਂ ਟੱਬਰ ਦੇ ਸਾਰੇ ਜੀਅ ਉਸ ਦਾ ਸਾਥ ਛੱਡ ਦਿੰਦੇ ਹਨ ਤਾਂ ਇਸ ਟੱਬਰ ਦਾ ਸਿਰਫ ਇਕ ਜੀਅ, ਉਸ ਦੀ ਪੋਤੀ ਮੀਰਾ ਉਸ ਦਾ ਸਾਥ ਦਿੰਦੀ ਹੈ ਅਤੇ ਉਸ ਨੂੰ ਡਾਵਾਂਡੋਲ ਹੋਈ ਨੂੰ ਸੰਭਾਲਦੀ ਹੈ। ਅਸਲ ਵਿਚ ਮੀਰਾ ਦਾ ਵੀ ਆਪਣੀ ਦਾਦੀ ਵਾਲਾ ਹੀ ਕਿੱਸਾ ਸਾਹਮਣੇ ਆਉਂਦਾ ਹੈ। ਇਓਂ ਇਕੋ ਜਿਹੇ ਹਾਲਾਤ ਨਾਲ ਦੋ-ਚਾਰ ਹੋ ਰਹੀਆਂ ਦੋ ਵੱਖ-ਵੱਖ ਉਮਰ ਦੀ ਔਰਤਾਂ ਇਕ-ਦੂਜੇ ਦੇ ਨੇੜੇ ਆਉਂਦੀਆਂ ਹਨ ਅਤੇ ਇਕ-ਦੂਜੀ ਨੂੰ ਢਾਰਸ ਬੰਨ੍ਹਾਉਂਦੀਆਂ ਹਨ।

ਜਦੋਂ ਤੋਂ ਇਸ ਫਿਲਮ ਦਾ ਪ੍ਰੀਮੀਅਰ ਹੋਇਆ ਹੈ, ਇਸ ਫਿਲਮ ਅਤੇ ਇਸ ਦੀ ਕਰਤਾ-ਧਰਤਾ ਬਾਰੇ ਲਗਾਤਾਰ ਚਰਚਾ ਚੱਲ ਰਹੀ ਹੈ। ਇਹ ਫਿਲਮ ਦੋ ਅਹਿਮ ਕੌਮਾਂਤਰੀ ਫਿਲਮ ਮੇਲਿਆਂ (ਬੋਸਟਨ ਕੌਮਾਂਤਰੀ ਫਿਲਮ ਮੇਲਾ ਤੇ ਬੈਨਸੈਨਵਿਲੇ ਲਘੂ ਫਿਲਮ ਮੇਲਾ) ਲਈ ਚੁਣੀ ਜਾ ਚੁੱਕੀ ਹੈ। ਇਸ ਫਿਲਮ ਦੀ ਕਹਾਣੀ, ਡਾਇਲਾਗ, ਅਦਾਕਾਰੀ ਨੇ ਸਭ ਦਾ ਧਿਆਨ ਖਿੱਚਿਆ ਹੈ। ਸਭ ਤੋਂ ਵੱਧ ਚਰਚਾ ਅਨੂਸ਼ਕਾ ਅਗਰਵਾਲ ਦੀ ਹੋ ਰਹੀ ਹੈ ਜਿਸ ਨੇ ਇੰਨੇ ਵਧੀਆ ਢੰਗ ਨਾਲ ਇਸ ਮਸਲੇ ਨੂੰ ਪੇਸ਼ ਕੀਤਾ ਹੈ।

ਅਨੂਸ਼ਕਾ ਅਗਰਵਾਲ ਦਾ ਫਿਲਮਾਂ ਬਣਾਉਣ ਦਾ ਸਫਰ ਬੜਾ ਦਿਲਚਸਪ ਹੈ। ਫਿਲਮ 'ਪਲੀਟਸ' ਤੋਂ ਪਹਿਲਾਂ ਉਹ 12 ਦਸਤਾਵੇਜ਼ੀ ਫਿਲਮਾਂ ਲਈ ਕੰਮ ਕਰ ਚੁੱਕੀ ਹੈ ਅਤੇ ਨਾਮਣਾ ਖੱਟ ਚੁੱਕੀ ਹੈ।

ਅਨੂਸ਼ਕਾ ਅਗਰਵਾਲ 'ਪਲੀਟਸ' ਦੀ ਸਫਲਤਾ 'ਤੇ ਬਹੁਤ ਖੁਸ਼ ਹੈ। ਉਹ ਦੱਸਦੀ ਹੈ, "ਪਲੀਟਸ ਨੂੰ ਮਿਲਿਆ ਹੁੰਗਾਰਾ ਦੰਗ ਕਰਨ ਵਾਲਾ ਹੈ। ਹੁਣ ਮੈਂ ਆਪਣੇ ਅਗਲੇ ਪ੍ਰੋਜੈਕਟਾਂ ਲਈ ਹੋਰ ਵੱਧ ਉਤਸ਼ਾਹ ਨਾਲ ਕੰਮ ਕਰ ਸਕਾਂਗੀ। ਮੇਰੇ ਲਈ ਫਿਲਮ ਦੀ ਕਹਾਣੀ ਬਹੁਤ ਮਹੱਤਵਪੂਰਨ ਹੁੰਦੀ ਹੈ ਅਤੇ ਅਗਾਂਹ ਇਸ ਨੂੰ ਪੇਸ਼ ਕਰਨ ਦੀ ਚੁਣੌਤੀ ਵੀ ਓਨੀ ਹੀ ਵੱਡੀ ਹੁੰਦੀ ਹੈ। ਮੈਂ ਚਾਹੁੰਦੀ ਹਾਂ ਕਿ ਅਜਿਹੀਆਂ ਕਹਾਣੀਆਂ ਦਰਸ਼ਕਾਂ ਅੱਗੇ ਲੈ ਕੇ ਆਵਾਂ ਜਿਨ੍ਹਾਂ ਨਾਲ ਭਾਰਤ ਤੇ ਅਮਰੀਕਾ ਨੇੜੇ-ਨੇੜੇ ਆਉਣ। ਮੇਰਾ ਮੰਨਣਾ ਹੈ ਕਿ ਫਿਲਮਾਂ ਲੋਕਾਂ ਨੂੰ ਨੇੜੇ ਲਿਆ ਸਕਦੀਆਂ ਹਨ। ਫਿਲਮਸਾਜ਼ਾਂ ਨੂੰ ਇਹ ਵੰਗਾਰ ਓਟਣੀ ਚਾਹੀਦੀ ਹੈ ਅਤੇ ਅਜਿਹੀਆਂ ਫਿਲਮਾਂ ਬਣਾਉਣੀਆਂ ਚਾਹੀਦੀਆਂ ਹਨ।"

ਵਾਕਈ, ਫਿਲਮ 'ਪਲੀਟਸ' ਨਾਲ ਅਨੂਸ਼ਕਾ ਅਗਰਵਾਲ ਦੀ ਪ੍ਰਤਿਭਾ ਨਿੱਖਰ ਕੇ ਸਾਹਮਣੇ ਆਈ ਹੈ।

# ਜ਼ੋਇਆ ਅਖ਼ਤਰ ਦੀ ਹੋਈ ਚੜ੍ਹਤ



ਫਿਲਮਸਾਜ਼ ਜ਼ੋਇਆ ਅਖ਼ਤਰ ਅਤੇ ਬ੍ਰਿਟਿਸ਼-ਭਾਰਤੀ ਸ਼ੈੱਫ ਅਸਮਾ ਖ਼ਾਨ ਲੰਡਨ 'ਚ ਸਾਲਾਨਾ ਇੰਡੀਆ-ਯੂ.ਕੇ. ਅਚੀਵਰਜ਼ ਆਨਰਜ਼ ਦੇ ਜੇਤੂਆਂ 'ਚ ਸ਼ਾਮਲ ਹਨ। ਅਧਿਐਨ ਨਾਲ ਜੁੜੇ ਕੌਮਾਂਤਰੀ ਪ੍ਰੋਗਰਾਮ ਦਾ ਹਿੱਸਾ ਬਣਨ ਵਾਲੇ ਭਾਰਤੀ ਵਿਦਿਆਰਥੀਆਂ ਅਤੇ ਅਲੂਮਨੀ ਨੂੰ ਇਸ ਪੁਰਸਕਾਰ ਨਾਲ ਨਿਵਾਜਿਆ ਜਾਂਦਾ ਹੈ। ਪ੍ਰੋਗਰਾਮ 'ਕਲਾਸ ਆਫ 2024' ਦੌਰਾਨ ਕਲਾ, ਖੇਡਾਂ, ਕਾਰੋਬਾਰ ਅਤੇ ਮੈਡੀਸਨ 'ਚ ਪ੍ਰਾਪਤੀਆਂ ਹਾਸਲ ਕਰਨ ਵਾਲਿਆਂ ਨੂੰ ਇਹ ਪੁਰਸਕਾਰ ਦਿੱਤੇ ਗਏ। ਉਥੇ ਸ਼ਾਇਰ ਜਾਵੇਦ ਅਖ਼ਤਰ ਅਤੇ ਹਨੀ ਇਰਾਨੀ ਦੀ ਧੀ ਜ਼ੋਇਆ ਅਖ਼ਤਰ ਨੇ ਕਿਹਾ ਕਿ ਸਾਹਿਤ ਅਤੇ ਸਮਾਜ ਵਿਗਿਆਨ ਨੇ ਉਸ ਨੂੰ ਫਿਲਮਾਂ ਬਣਾਉਣ, ਲੇਖਨ ਅਤੇ ਦਾਸਤਾਨਗੋਈ 'ਚ ਵੱਡੀ ਸਹਾਇਤਾ ਕੀਤੀ ਹੈ।

# ਅਦਾਕਾਰ ਰਜਨੀ ਕਾਂਤ ਦਾ ਫੰਡਾ




ਫਿਲਮਸਾਜ਼ ਸਾਜਿਦ ਨਾਡਿਆਡਵਾਲਾ ਨੇ ਦੱਖਣੀ ਫਿਲਮਾਂ ਦੇ ਸੁਪਰਸਟਾਰ ਰਜਨੀ ਕਾਂਤ ਨਾਲ ਫਿਲਮ ਬਣਾਉਣ ਦਾ ਐਲਾਨ ਕੀਤਾ ਹੈ ਪਰ ਇਸ ਫਿਲਮ ਦੇ ਵੇਰਵੇ ਨਸ਼ਰ ਅਜੇ ਨਹੀਂ ਕੀਤੇ ਗਏ। ਰਜਨੀ ਕਾਂਤ ਦਾ ਕਹਿਣਾ ਹੈ ਕਿ ਉਹ ਨਵੇਂ ਵਿਸ਼ਿਆਂ ਬਾਰੇ ਲੋਕ ਚੇਤਨਾ ਲਈ ਫਿਲਮਾਂ ਬਣਾਉਂਦਾ ਹੈ। 'ਛਿਛੋਰੇ', '83', 'ਬਵਾਲ' ਤੇ 'ਹਾਊਸਫੁੱਲ' ਵਰਗੀਆਂ ਫਿਲਮਾਂ ਬਣਾ ਚੁੱਕੇ ਸਾਜਿਦ ਨਾਡਿਆਡਵਾਲਾ ਨੇ ਰਜਨੀ ਕਾਂਤ ਨਾਲ ਖਿਚਵਾਈ ਤਸਵੀਰ ਸਾਂਝੀ ਕੀਤੀ, ਨਾਲ ਹੀ ਫੋਟੋ ਦੀ ਕੈਪਸ਼ਨ ਵਿਚ ਲਿਖਿਆ- 'ਮਹਾਨ ਰਜਨੀ ਕਾਂਤ ਸਰ ਨਾਲ ਸਹਿਯੋਗ ਕਰਨਾ ਸੱਚਾ ਸਨਮਾਨ ਹੈ! ਜਦੋਂ ਅਸੀਂ ਇਕੱਠੇ ਕੰਮ ਕਰਨ ਦੀ ਤਿਆਰੀ ਕਰਦੇ ਹਾਂ ਤਾਂ ਉਮੀਦ ਹੋਰ ਵਧ ਜਾਂਦੀ ਹੈ!' ਯਾਦ ਰਹੇ ਕਿ ਰਜਨੀ ਕਾਂਤ ਦੀ ਹਾਲ ਹੀ ਵਿਚ ਫਿਲਮ 'ਲਾਲ ਸਲਾਮ' ਰਿਲੀਜ਼ ਹੋਈ ਸੀ ਜੋ ਤਾਮਿਲ ਐਕਸ਼ਨ ਫਿਲਮ ਹੈ। ਇਸ ਦਾ ਨਿਰਦੇਸ਼ਨ ਉਸ ਦੀ ਬੇਟੀ ਐਸ਼ਵਰਿਆ ਰਜਨੀਕਾਂਤ ਨੇ ਕੀਤਾ ਹੈ।

# ਹੰਸਲ ਮਹਿਤਾ ਦੇ 'ਲੁਟੇਰੇ'

**ਆਮਨਾ ਕੌਰ**

ਉਘੇ ਫਿਲਮਸਾਜ਼ ਹੰਸਲ ਮਹਿਤਾ ਨੇ ਆਪਣੀ ਨਵੀਂ ਸੀਰੀਜ਼ 'ਲੁਟੇਰੇ' ਦਾ ਟ੍ਰੇਲਰ ਜਾਰੀ ਕਰ ਦਿੱਤਾ ਹੈ। ਇਸ ਸੀਰੀਜ਼ ਵਿਚ ਰਜਤ ਕਪੂਰ, ਵਿਵੇਕ ਗੋਂਬਰ, ਅੰਮ੍ਰਿਤਾ ਖਾਨਵਿਲਕਰ ਅਤੇ ਆਮਿਰ ਅਲੀ ਅਹਿਮ ਕਿਰਦਾਰ ਨਿਭਾਅ ਰਹੇ ਹਨ। ਇਸ ਸੀਰੀਜ਼ ਵਿਚ ਰਜਤ ਕਪੂਰ ਸਮੁੰਦਰੀ ਜਹਾਜ਼ ਦਾ ਕੈਪਟਨ ਹੈ। ਸੀਰੀਜ਼ ਵਿਚ ਮਸੁੰਦਰੀ ਲੁਟੇਰਿਆਂ ਦੀ ਅਜਿਹੀ ਕਹਾਣੀ ਬੁਣੀ ਗਈ ਹੈ ਜੋ ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾ ਲੈਂਦੀ ਹੈ।

ਹੰਸਲ ਮਹਿਤਾ ਇਸ ਤੋਂ ਪਹਿਲਾਂ 'ਸਕੈਮ 1992', 'ਸਕੂਪ', 'ਮੌਡਰਨ ਲਵ: ਮੁੰਬਈ' ਵਰਗੀਆਂ ਸੀਰੀਜ਼ ਬਣਾ ਚੁੱਕਾ ਹੈ। ਉਹਨੇ ਆਪਣੇ ਕਰੀਅਰ ਦੀ ਸ਼ੁਰੂਆਤ ਖਾਣਿਆਂ ਬਾਰੇ ਟੈਲੀਵਿਜ਼ਨ ਸ਼ੋਅ 'ਖਾਨਾ ਖਜ਼ਾਨਾ' ਨਾਲ ਕੀਤੀ ਸੀ। ਇਹ ਸ਼ੋਅ 1993 ਤੋਂ 2000 ਤੱਕ ਚੱਲਿਆ ਸੀ। ਇਸ ਤੋਂ ਬਆਦ ਉਸ ਨੇ ਫਿਲਮਾਂ 'ਦਿਲ ਪੇ ਮਤ ਲੇ ਯਾਰ!!' (2000), 'ਯੇ ਕਯਾ ਹੋ ਰਹਾ ਹੈ?' (2002) ਅਤੇ 'ਵੁੱਡਸਟਾਕ ਵਿਲਾ' (2008) ਬਣਾਈਆਂ। 2013 ਵਿਚ ਉਸ ਦੀ ਫਿਲਮ 'ਸ਼ਾਹਿਦ' ਆਈ ਤਾਂ ਸਭ ਦਾ ਧਿਆਨ ਹੰਸਲ ਮਹਿਤਾ ਵੱਲ ਗਿਆ। ਇਸ ਫਿਲਮ ਲਈ ਉਸ ਨੂੰ ਸਰਵੋਤਮ ਨਿਰਦੇਸ਼ਕ ਦਾ ਕੌਮੀ ਇਨਾਮ ਵੀ ਮਿਲਿਆ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਉਸ ਨੇ ਫਿਲਮ ਜਗਤ ਨੂੰ ਬਹੁਤ ਹੀ ਅਹਿਮ ਫਿਲਮਾਂ ਦਿੱਤੀਆਂ ਜਿਨ੍ਹਾਂ ਵਿਚ 'ਸਿਟੀਲਾਈਟਸ', 'ਅਲੀਗੜ੍ਹ', 'ਸਿਮਰਨ', 'ਛਲਾਂਗ', 'ਫਰਾਜ਼' ਆਦਿ ਸ਼ਮਿਲ ਹਨ। ਹੰਸਲ ਮਹਿਤਾ ਦਾ ਜਨਮ 29 ਅਪਰੈਲ 1968 ਨੂੰ ਹੋਇਆ। ਉਦੋਂ ਉਸ ਦਾ ਗੁਜਰਾਤੀ ਪਰਿਵਾਰ ਮੁੰਬਈ ਰਹਿੰਦਾ ਸੀ। ਆਪਣੀ ਮੌਲਦੀ ਉਮਰ ਵੇਲੇ ਉਹਨੇ ਕਲਾਸੀਕਲ ਸੰਗੀਤ ਦੀ ਸਿਖਲਾਈ ਲਈ। ਉਂਝ, ਉਸ ਨੇ ਪੜ੍ਹਾਈ ਕੰਪਿਊਟਰ ਇੰਜਨੀਅਰਿੰਗ ਦੀ ਕੀਤੀ। ਫਿਰ ਉਹ ਫਿਜੀ ਚਲਾ ਗਿਆ ਪਰ ਫਿਲਮੀ ਦੁਨੀਆ ਵਿਚ ਆਪਣਾ ਕਰੀਅਰ ਬਣਾਉਣ ਲਈ ਭਾਰਤ ਮੁੜ ਆਇਆ। ਉਸ ਨੇ 1993 ਵਿਚ 'ਖਾਨਾ ਖਜ਼ਾਨਾ' ਦੇ ਨਾਲ-ਨਾਲ 'ਅੰਮ੍ਰਿਤਾ' (1994), 'ਹਾਈਵੇਅ' (1995), 'ਯਾਦੇਂ' (1995), 'ਲਕਸ਼ੈ' (1998), 'ਨੀਤੀ' (1998) ਅਤੇ ਕਈ ਹੋਰ ਟੈਲੀਵਿਜ਼ਨ ਸੀਰੀਜ਼ ਕੀਤੀਆਂ। ਬਤੌਰ ਫਿਲਮ ਡਾਇਰੈਕਟਰ ਉਸ ਨੇ ਫਿਲਮ 'ਜਯਤੇ' ਫਿਲਮ ਬਣਾਈ ਜੋ ਹੈਦਰਾਬਾਦ ਵਿਚ ਭਾਰਤ ਦੇ ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਈ ਗਈ।





ਫਿਲਮਸਾਜ਼ ਹੰਸਲ ਮਹਿਤਾ ਅਤੇ (ਸੱਜੇ) ਫਿਲਮ 'ਲੁਟੇਰੇ' ਦਾ ਪੋਸਟਰ।

# Noblesville

## *Trucks & Trailer Repair Shop*

**15203 Stony Creek Way,
Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road
Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,
Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976




**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020